Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Buy/Sell Real Estate
in Bay Area
Call: Jaideep Singh
Ph: 510-565-5250
Email: jaideeprealtor@gmail.com
DRE#02021283
I can help you every step of the way.
No Pressure, No Obligation.
Fluent in Punjabi and Hindi.

Twentieth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 23, June 8, 2019
20451 N. Plum Grove Rd., Palatine, IL 60074
Ph:847-359-0746, Fax:847-705-9388

# ਬੇਅਦਬੀ ਕਾਂਡ: ਕੈਪਟਨ ਦੀ 'ਸਿੱਟ' ਦੇ ਵੀ ਹੱਥ ਖੜ੍ਹੇ?

**ਚੰਡੀਗੜ੍ਹ:** ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੇ ਬਹਿਬਲ-ਬਰਗਾੜੀ ਗੋਲੀਕਾਂਡ ਦੀ ਜਾਂਚ ਇਕ ਵਾਰ ਮੁੜ ਲੀਹੋਂ ਲੱਥਦੀ ਜਾਪ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਸਰਕਾਰ ਇਸ ਮਾਮਲੇ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਸਿੱਟ) ਆਪਸ ਵਿਚ ਹੀ ਉਲਝ ਪਈ ਹੈ।

ਇਹ ਉਸ ਸਮੇਂ ਹੋਇਆ ਜਦੋਂ ਇਹ ਟੀਮ ਅਸਲ ਦੋਸ਼ੀਆਂ ਦੇ ਐਨ ਨੇੜੇ ਪੁੱਜਣ ਦੇ ਦਾਅਵੇ ਕਰ ਰਹੀ ਸੀ। ਇਸ ਟੀਮ ਨੇ ਇਸੇ ਹਫਤੇ ਕੋਟਕਪੂਰਾ ਗੋਲੀ ਕਾਂਡ ਵਿਚ ਅਦਾਲਤ ਵਿਚ ਇਕ ਅਕਾਲੀ ਆਗੂ ਸਮੇਤ ਛੇ ਪੁਲਿਸ ਅਧਿਕਾਰੀਆਂ ਖਿਲਾਫ ਦੋਸ਼ ਪੱਤਰ ਦਾਇਰ ਕੀਤੇ ਸਨ ਤੇ ਦਾਅਵਾ ਕੀਤਾ ਸੀ ਕਿ ਚਾਰਜਸ਼ੀਟ ਵਿਚ ਬਾਦਲਾਂ ਤੇ ਤਤਕਾਲੀ ਪੁਲਿਸ ਮੁਖੀ ਸੁਮੇਧ ਸੈਣੀ ਦਾ ਵੀ ਨਾਂ ਹੈ ਤੇ ਅਗਲਾ ਨੰਬਰ ਇਨ੍ਹਾਂ ਦਾ ਹੀ ਹੈ।

ਇਸ ਦਾਅਵੇ ਤੋਂ ਇਕ ਦਿਨ ਬਾਅਦ ਹੀ 'ਸਿੱਟ' ਦੇ ਮੈਂਬਰ ਆਪਸ ਵਿਚ ਉਲਝ ਪਏ। 'ਸਿੱਟ' ਦੇ ਮੁਖੀ ਅਤੇ 3 ਹੋਰ ਪੁਲਿਸ ਅਧਿਕਾਰੀਆਂ ਵਲੋਂ ਆਪਣੇ ਸਾਥੀ ਮੈਂਬਰ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਖਿਲਾਫ ਮੋਰਚਾ ਖੋਲ ਦਿੱਤਾ। ਕੁੰਵਰ ਵਿਜੇ ਪ੍ਰਤਾਪ ਉਹੀ ਅਧਿਕਾਰੀ ਹੈ ਜਿਸ ਨੇ ਇਸ ਟੀਮ ਵਿਚ ਨਿੱਠ ਕੇ ਕੰਮ ਕੀਤਾ ਤੇ ਇਸ ਮਾਮਲੇ ਵਿਚ ਕਈ ਸੀਨੀਅਰ ਅਧਿਕਾਰੀਆਂ ਨੂੰ ਜੇਲ੍ਹ ਡੱਕ ਦਿੱਤਾ। ਉਮੀਦ ਕੀਤੀ ਜਾ ਰਹੀ ਸੀ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਬਾਦਲਾਂ ਦੀ ਵਾਰੀ ਆਉਣ ਵਾਲੀ ਹੈ ਪਰ ਉਸੇ ਸਮੇਂ ਅਕਾਲੀ ਦਲ ਨੇ ਭੱਜ ਨੱਠ ਕਰ ਕੇ ਇਸ ਅਧਿਕਾਰੀ ਦਾ ਤਬਾਦਲਾ ਕਰਵਾ ਲਿਆ ਜਿਸ ਦਾ ਸਿੱਖ ਜਥੇਬੰਦੀਆਂ ਨੇ ਵੀ ਡਟਵਾਂ ਵਿਰੋਧ ਕੀਤਾ ਸੀ।

## ਸਿਰੇ 'ਤੇ ਪਹੁੰਚੀ ਜਾਂਚ ਪਿਛੋਂ ਮੱਤਭੇਦ ਉਭਰੇ

ਇਸੇ ਲਈ ਚੋਣ ਜ਼ਾਬਤਾ ਹਟਦੇ ਹੀ ਇਸ ਅਧਿਕਾਰੀ ਦੀ ਟੀਮ ਵਿਚ ਮੁੜ ਵਾਪਸੀ ਹੋ ਗਈ। ਵਾਪਸੀ ਦੇ ਅਗਲੇ ਹੀ ਦਿਨ 'ਸਿੱਟ' ਨੇ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਤੇ ਦਾਅਵਾ ਕੀਤਾ ਕਿ ਬਾਦਲਾਂ ਦੀ ਹੁਣ ਵਾਰੀ ਨੇੜੇ ਹੈ। ਅਸਲ ਵਿਚ, ਇਸੇ ਚਲਾਨ ਤੋਂ ਸਾਰਾ ਵਿਵਾਦ ਖੜ੍ਹਾ ਹੋਇਆ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਨੇ 5 ਅਪਰੈਲ ਨੂੰ ਹੁਕਮ ਜਾਰੀ ਕਰਕੇ ਕੁੰਵਰ ਵਿਜੇ ਪ੍ਰਤਾਪ ਨੂੰ ਪੜਤਾਲ ਤੋਂ ਲਾਂਭੇ ਕਰ ਦਿੱਤਾ ਸੀ। ਚੋਣ ਜ਼ਾਬਤਾ ਖਤਮ ਹੋਣ ਤੋਂ ਬਾਅਦ ਆਈ.ਜੀ. ਨੂੰ ਪੰਜਾਬ ਸਰਕਾਰ ਨੇ 27 ਮਈ ਨੂੰ ਬਹਾਲ ਕਰ ਦਿੱਤਾ ਪਰ ਅਦਾਲਤ ਵਿਚ ਪੇਸ਼ ਚਲਾਨ ਤੋਂ ਸਾਬਤ ਹੁੰਦਾ ਹੈ ਕਿ ਉਹ 23 ਮਈ ਨੂੰ ਵੀ ਪੜਤਾਲ ਵਿਚ ਰੁੱਝੇ ਸਨ। ਇਸ ਤੋਂ ਪਹਿਲਾਂ ਉਨ੍ਹਾਂ ਚੋਣ ਕਮਿਸ਼ਨ ਦੀ ਰੋਕ ਦੇ ਬਾਵਜੂਦ ਤਿੰਨ ਪੁਲਿਸ ਅਧਿਕਾਰੀਆਂ ਤੋਂ ਪੁੱਛ ਪੜਤਾਲ ਕੀਤੀ ਸੀ ਅਤੇ ਬਿਆਨ ਲਿਖੇ ਸਨ। ਇਸੇ ਤੱਥ ਨੂੰ ਲੈ ਕੇ ਹੁਣ ਅਕਾਲੀ ਦਲ ਨੇ ਚੋਣ ਕਮਿਸ਼ਨ ਕੋਲ ਪਹੁੰਚ ਕੀਤੀ ਹੈ।

ਜਾਂਚ ਟੀਮ ਵਲੋਂ ਅਦਾਲਤ ਵਿਚ ਪੇਸ਼ 56 ਸਫਿਆਂ ਦੀ ਪੜਤਾਲ ਰਿਪੋਰਟ ਵਿਚ ਕੋਟਕਪੂਰਾ ਗੋਲੀ ਕਾਂਡ ਤੋਂ ਇਲਾਵਾ 2007 ਤੋਂ ਲੈ ਕੇ 2015 ਤੱਕ ਦੀਆਂ ਘਟਨਾਵਾਂ ਦੇ ਵੇਰਵੇ ਦਿੱਤੇ ਗਏ ਹਨ।

(ਬਾਕੀ ਸਫਾ 6 ਉਤੇ)

## ਬਾਦਲਾਂ ਨੂੰ ਹੱਥ ਪਾਉਣ ਤੋਂ ਟਾਲਾ


ਜਾਂਚ ਟੀਮ ਵਲੋਂ ਅਦਾਲਤ ਵਿਚ ਪੇਸ਼ ਕੀਤੇ ਤਕਰੀਬਨ 2 ਹਜ਼ਾਰ ਪੰਨਿਆਂ ਦੇ ਚਲਾਨ 61 ਸਫਿਆਂ ਦੀ ਸੰਖੇਪ ਰਿਪੋਰਟ ਵਿਚ ਬੇਅਦਬੀ ਘਟਨਾਵਾਂ ਬਾਰੇ ਇਹ ਨਿਚੋੜ ਤਾਂ ਕੱਢਿਆ ਹੈ ਕਿ ਬਰਗਾੜੀ ਤੇ ਹੋਰ ਥਾਂਵਾਂ ਉਪਰ ਅਕਤੂਬਰ 2015 'ਚ ਵਾਪਰੀਆਂ ਘਟਨਾਵਾਂ ਸੁਖਬੀਰ ਸਿੰਘ ਬਾਦਲ, ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਪਹਿਲੋਂ ਘੜੀ ਯੋਜਨਾ ਦਾ ਨਤੀਜਾ ਸਨ ਪਰ ਤੱਥ ਤੇ ਗਵਾਹੀਆਂ ਦੇ ਆਧਾਰ ਉਪਰ ਕੋਟਕਪੂਰਾ ਥਾਣੇ ਵਿਚ ਦਰਜ ਇਸ ਕੇਸ ਵਿਚ ਸਥਾਪਤ ਕੀਤੇ ਦੋਸ਼ੀਆਂ ਦੀ ਸੂਚੀ ਵਿਚ ਕਿਸੇ ਦਾ ਵੀ ਨਾਂ ਸ਼ਾਮਲ ਨਹੀਂ।

ਆਈ.ਜੀ. ਕੁੰਵਰ ਵਿਜੈ ਪ੍ਰਤਾਪ ਵਲੋਂ ਪੇਸ਼ ਚਲਾਨ ਵਿਚ ਮੁਅੱਤਲ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ, ਡੀ.ਐਸ.ਪੀ. ਕੋਟਕਪੂਰਾ ਬਲਜੀਤ ਸਿੰਘ, ਐਸ.ਐਚ.ਓ. ਗੁਰਦੀਪ ਸਿੰਘ ਅਤੇ ਏ.ਡੀ.ਸੀ.ਪੀ. ਪਰਮਜੀਤ ਸਿੰਘ ਪੰਨੂ ਤੋਂ ਇਲਾਵਾ ਤਤਕਾਲੀ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਦੋਸ਼ੀ ਠਹਿਰਾਇਆ ਗਿਆ ਹੈ।

-ਸਾਕਾ ਨੀਲਾ ਤਾਰਾ-

# ਸਾਢੇ ਤਿੰਨ ਦਹਾਕਿਆਂ ਪਿਛੋਂ ਵੀ ਸਵਾਲਾਂ ਦੇ ਜਵਾਬ ਨਹੀਂ ਮਿਲੇ

**ਅੰਮ੍ਰਿਤਸਰ:** ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਫੌਜੀ ਹਮਲੇ (ਸਾਕਾ ਨੀਲਾ ਤਾਰਾ) ਦੀ 35**ਵੀਂ** ਵਰ੍ਹੇਗੰਢ ਮੌਕੇ ਵੀ ਉਸ ਸਮੇਂ ਦੀ ਸਰਕਾਰ ਦੀ ਨੀਤੀ ਤੇ ਨੀਅਤ ਉਤੇ ਉਹੀ ਸਵਾਲ ਖੜ੍ਹੇ ਹਨ, ਜਿਨ੍ਹਾਂ ਦਾ ਜਵਾਬ ਦੇਣ ਤੋਂ ਹਮੇਸ਼ਾ ਟਾਲਾ ਵੱਟਿਆ ਗਿਆ। ਇਸ ਹਮਲੇ ਤੋਂ ਬਾਅਦ ਇਕ ਤੋਂ ਬਾਅਦ ਇਕ ਖੁਲਾਸੇ ਹੁੰਦੇ ਰਹੇ ਹਨ ਪਰ ਸਰਕਾਰੀ ਪੱਖੋਂ ਅੱਜ ਤੱਕ ਇਨ੍ਹਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਨਹੀਂ ਹੋਈ।



ਹੁਣ ਤੱਕ ਜੋ ਤੱਥ ਸਾਹਮਣੇ ਆਏ ਹਨ, ਉਨ੍ਹਾਂ ਤੋਂ ਇਹ ਤੈਅ ਹੋ ਗਿਆ ਹੈ ਕਿ ਉਸ ਵੇਲੇ ਦੀ ਹਾਕਮ ਧਿਰ ਨੇ ਇਸ ਹਮਲੇ ਦਾ ਮਨ ਕਾਫੀ ਪਹਿਲਾਂ ਬਣਾ ਲਿਆ ਸੀ। ਸਿੱਖ ਹਮਲੇ ਤੋਂ ਬਾਅਦ ਲਗਾਤਾਰ ਇਸ ਦਾ ਜਵਾਬ ਮੰਗ ਰਹੇ ਹਨ। ਇਸ ਵਾਰ ਵੀ ਸ਼੍ਰੋਮਣੀ ਕਮੇਟੀ ਦਿੱਲੀ ਸਮੇਤ ਹੋਰ ਸਿੱਖ ਜਥੇਬੰਦੀਆਂ ਇਹ ਮੰਗ ਲੈ ਕੇ ਤੁਰੀਆਂ ਹਨ ਕਿ ਦਰਬਾਰ ਸਾਹਿਬ ਉਤੇ ਫੌਜੀ ਹਮਲੇ ਦੇ ਦਸਤਾਵੇਜ਼ ਜਨਤਕ ਕੀਤੇ ਜਾਣ। ਦੱਸਿਆ ਜਾਵੇ ਕਿ ਇਸ ਹਮਲੇ ਵਿਚ ਬਰਤਾਨੀਆ ਸਰਕਾਰ ਤੋਂ ਕਿਸ ਆਧਾਰ ਉਤੇ ਮਦਦ ਮੰਗੀ ਗਈ। ਬਰਤਾਨੀਆ ਸਰਕਾਰ ਦਾ ਇਸ ਹਮਲੇ ਵਿਚ ਕੀ ਰੋਲ ਸੀ? ਇਹ ਸਵਾਲ ਸਿੱਖ ਕੌਮ ਦੇ ਮਨਾਂ 'ਚ ਇਸ ਹਮਲੇ ਦੀ ਵਰ੍ਹੇਗੰਢ ਸਮੇਂ ਹਰ ਸਾਲ ਖੜ੍ਹੇ ਹੁੰਦੇ ਹਨ ਪਰ ਇਸ ਸਬੰਧੀ ਸਰਕਾਰੀ ਫਾਈਲਾਂ ਦਾ ਸੱਚ ਸਾਹਮਣੇ ਲਿਆਉਣ ਤੋਂ ਹਰ ਸਰਕਾਰ

(ਬਾਕੀ ਸਫਾ 6 ਉਤੇ)

100 SPIRITUAL
PATHS AND SHABAD KIRTANS INSIDE
GURBANI | ਗੁਰਬਾਣੀ
FM/AM RADIO
BLUETOOTH USB AUX IN AUX OUT
SAREGAMA CARVAAN mini
AVAILABLE AT SELECT INDIAN STORES NEAR YOU
CONTACT: MR SINGH @ +1 518 502 6005 OR +1 859 490 0156

Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਗਾਖਲ ਭਰਾਵਾਂ ਦੀ ਅਗਲੀ ਪੰਜਾਬੀ ਫਿਲਮ ਇਸ ਸਾਲ ਦੇ ਅੰਤ ਤੱਕ ਹੋਵੇਗੀ ਰਿਲੀਜ਼

**ਵਾਟਸਨਵਿਲ, ਕੈਲੀਫੋਰਨੀਆ (ਬਿਊਰੋ):** ਅਮਰੀਕੀ ਵਪਾਰਕ ਖੇਤਰ ਵਿਚ ਕਾਮਯਾਬੀ ਦਾ ਝੰਡਾ ਬੁਲੰਦ ਕਰਨ ਵਾਲੇ ਗਾਖਲ ਭਰਾ ਵੱਡੇ ਬਜਟ ਦੀ ਪੰਜਾਬੀ ਫਿਲਮ ਬਣਾ ਰਹੇ ਹਨ। ਸ. ਅਮੋਲਕ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਦੱਸਿਆ ਕਿ ਉਹ ਹਿੰਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਅਤੇ ਪੰਜਾਬੀ ਫਿਲਮ 'ਵਿਸਾਖੀ ਲਿਸਟ' ਦੇ ਨਿਰਮਾਣ ਤੋਂ ਬਾਅਦ ਆਪਣੇ ਹੋਰ ਕਾਰੋਬਾਰਾਂ ਵਿਚ ਮਸ਼ਰੂਫ ਹੋਣ ਕਾਰਨ ਪਿਛਲੇ ਦੋ ਸਾਲਾਂ ਤੋਂ ਫਿਲਮ ਜਗਤ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈ ਸਕੇ, ਪਰ ਉਹ ਹੁਣ ਫਿਲਮੀ ਦੁਨੀਆਂ ਵਿਚ ਸਰਗਰਮੀ ਨਾਲ ਚੰਗੀਆਂ ਫਿਲਮਾਂ ਬਣਾਉਣ ਦੇ ਟੀਚੇ ਨਾਲ ਫਿਰ ਪਰਤੇ ਹਨ।



*ਗਾਖਲ ਭਰਾ-ਇਕਬਾਲ ਸਿੰਘ ਗਾਖਲ ਤੇ ਅਮੋਲਕ ਸਿੰਘ ਗਾਖਲ ਫਿਲਮ ਨਿਰਦੇਸ਼ਕ ਸਮੀਮ ਕੰਗ ਦਾ ਅਮਰੀਕਾ ਪੁੱਜਣ 'ਤੇ ਸਵਾਗਤ ਕਰਦੇ ਹੋਏ*

'ਕੈਰੀ ਆਨ ਜੱਟਾ' ਵਰਗੀਆਂ ਦਰਜਨ ਦੇ ਕਰੀਬ ਹਿੱਟ ਅਤੇ ਮਨੋਰੰਜਕ ਫਿਲਮਾਂ ਦੇਣ ਵਾਲੇ ਫਿਲਮ ਨਿਰਦੇਸ਼ਕ ਸਮੀਪ ਕੰਗ ਗਾਖਲ ਭਰਾਵਾਂ ਦੇ ਇਸੇ ਪ੍ਰਾਜੈਕਟ ਦਾ ਬਲਿਊ ਪ੍ਰਿੰਟ ਤਿਆਰ ਕਰਨ ਲਈ ਉਚੇਚੇ ਤੌਰ 'ਤੇ ਮੁੰਬਈ ਤੋਂ ਅਮਰੀਕਾ ਪਹੁੰਚੇ। ਵੱਖ ਵੱਖ ਕਹਾਣੀਆਂ ਬਾਰੇ ਫਿਲਮ ਨਿਰਮਾਣ ਲਈ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਨਿਰਦੇਸ਼ਕ ਸਮੀਪ ਕੰਗ ਨੇ ਕਿਹਾ ਕਿ ਗਾਖਲ ਭਰਾਵਾਂ ਦੀ ਪਿਛਲੀ ਪੰਜਾਬੀ ਫਿਲਮ 'ਵਿਸਾਖੀ ਲਿਸਟ' ਦਾ ਨਿਰਦੇਸ਼ਨ ਵੀ ਉਸ ਨੇ ਹੀ ਕੀਤਾ ਸੀ ਅਤੇ ਉਹ ਇਨ੍ਹਾਂ ਭਰਾਵਾਂ ਨਾਲ ਕੰਮ ਕਰਕੇ ਬੇਹੱਦ ਖੁਸ਼ ਹੈ ਕਿਉਂਕਿ ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਨਾ ਸਿਰਫ ਉਤਰੀ ਅਮਰੀਕਾ ਵਿਚ ਵੱਡੇ ਕਾਰੋਬਾਰੀ ਹਨ, ਪੰਜਾਬੀ ਭਾਈਚਾਰੇ ਲਈ ਵੀ ਉਹ ਅੱਗੇ ਹੋ ਕੇ ਕੰਮ ਕਰਦੇ ਹਨ, ਖੇਤਰ ਚਾਹੇ ਖੇਡਾਂ ਦਾ ਹੋਵੇ ਜਾਂ ਹੋਰ ਸਮਾਜਿਕ ਸਰੋਕਾਰਾਂ ਦਾ। ਉਨ੍ਹਾਂ ਦੇ ਜੀ.ਬੀ. ਐਂਟਰਟੇਨਮੈਂਟ ਦੇ ਬੈਨਰ ਹੇਠ ਧਰਮਿੰਦਰ ਤੇ ਗਿੱਪੀ ਗਰੇਵਾਲ ਨਾਲ ਬਣਾਈ ਫਿਲਮ 'ਸੈਕੰਡ ਹੈਂਡ ਹਸਬੈਂਡ' ਅਤੇ ਜਿੰਮੀ ਸ਼ੇਰਗਿੱਲ ਨੂੰ ਲੈ ਕੇ ਬਣੀ 'ਵਿਸਾਖੀ ਲਿਸਟ' ਭਾਵੇਂ ਬਹੁਤਾ ਕਾਰੋਬਾਰ ਨਾ ਕਰ ਸਕੀਆਂ ਹੋਣ ਪਰ ਗਾਖਲ ਭਰਾਵਾਂ ਦਾ ਫਿਲਮ ਜਗਤ ਨਾਲ ਰਿਸ਼ਤਾ ਗੂੜ੍ਹਾ ਕਰ ਗਈਆਂ।

ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਨਾਮੀ ਗਾਇਕ ਅਤੇ ਅਦਾਕਾਰ ਅਮਰਿੰਦਰ ਗਿੱਲ ਨਾਲ ਇਕ ਫਿਲਮ ਬਣਾਉਣ ਦਾ ਨਿਰਣਾ ਹੋ ਚੁਕਾ ਹੈ ਅਤੇ ਸੋਨਮ ਬਾਜਵਾ ਨੂੰ ਹੀਰੋਇਨ ਵਜੋਂ ਲੈਣ ਦਾ ਵਿਚਾਰ ਹੈ। ਪੰਜਾਬੀ ਲੇਖਕ ਐਸ. ਅਸ਼ੋਕ ਭੌਰਾ ਪਿਛਲੇ ਦੋ ਸਾਲਾਂ ਤੋਂ ਇਸ ਫਿਲਮ ਦੀ ਕਹਾਣੀ ਅਤੇ ਹੋਰ ਪੱਖਾਂ 'ਤੇ ਕੰਮ ਕਰ ਰਹੇ ਹਨ ਅਤੇ ਹੁਣ ਉਹ ਨਵੇਂ ਸੰਵਾਦ ਅਤੇ ਨਵੀਂ ਸ਼ੈਲੀ 'ਚ ਪਰੋਅ ਕੇ ਪੇਸ਼ ਕਰਨ ਵਿਚ ਸਫਲ ਹੋਣਗੇ। ਅਮਰੀਕੀ ਜਨ ਜੀਵਨ ਨਾਲ ਜੁੜੀ ਇਸ ਕਹਾਣੀ 'ਤੇ ਆਧਾਰਿਤ ਫਿਲਮ ਦਾ ਕੁਝ ਹਿੱਸਾ ਅਮਰੀਕਾ ਵਿਚ ਵੀ ਫਿਲਮਾਇਆ ਜਾਵੇਗਾ।

ਅਮੋਲਕ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਨੇ ਕਿਹਾ ਕਿ ਇਸ ਸਾਲ ਦੇ ਅੰਤ ਤੱਕ ਨਵੀਂ ਫਿਲਮ ਰਿਲੀਜ਼ ਕਰਨ ਜਾ ਰਹੇ ਹਨ ਇਸ ਆਸ ਨਾਲ ਕਿ ਉਹ ਕਾਰੋਬਾਰ ਦੇ ਹੋਰ ਖੇਤਰਾਂ ਦੇ ਨਾਲ ਫਿਲਮੀ ਖੇਤਰ ਵਿਚ ਨਿਵੇਕਲੀ ਤੇ ਸਫਲ ਪੈੜ ਪਾਉਣਗੇ।

## ਸੋਨੀਆ ਗਾਂਧੀ ਕਾਂਗਰਸ ਸੰਸਦੀ ਦਲ ਦੀ ਨੇਤਾ ਬਣੀ

**ਨਵੀਂ ਦਿੱਲੀ:** ਕਾਂਗਰਸ ਸੰਸਦ ਮੈਂਬਰਾਂ ਦੀ ਬੈਠਕ ਦੌਰਾਨ ਸੋਨੀਆ ਗਾਂਧੀ ਨੂੰ ਕਾਂਗਰਸ ਸੰਸਦੀ ਦਲ (ਸੀ.ਪੀ.ਪੀ.) ਦੀ ਦੁਬਾਰਾ ਤੋਂ ਆਗੂ ਚੁਣ ਲਿਆ ਗਿਆ। ਉਨ੍ਹਾਂ ਦੇ ਨਾਮ ਦੀ ਤਜਵੀਜ਼ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪੇਸ਼ ਕੀਤੀ ਜਦੋਂ ਕਿ ਝਾਰਖੰਡ ਦੇ ਸੰਸਦ ਮੈਂਬਰ ਜੋਤੀਮਣੀ ਐਸ ਅਤੇ ਕੇਰਲ ਦੇ ਸੰਸਦ ਮੈਂਬਰ ਕੇ ਸੁਧਾਕਰਨ ਨੇ ਇਸ ਦੀ ਤਾਈਦ ਕੀਤੀ।

ਸ੍ਰੀਮਤੀ ਗਾਂਧੀ ਨੇ ਕਿਹਾ ਕਿ ਪਾਰਟੀ ਨੂੰ ਮਜ਼ਬੂਤ ਕਰਨ ਲਈ ਕਈ 'ਫੈਸਲਾਕੁਨ ਕਦਮ' ਉਠਾਉਣ ਬਾਰੇ ਵਿਚਾਰਾਂ ਹੋ ਰਹੀਆਂ ਹਨ। ਸੀ.ਪੀ.ਪੀ. ਆਗੂ ਚੁਣੇ ਜਾਣ ਮਗਰੋਂ ਆਪਣੇ ਭਾਸ਼ਣ 'ਚ ਸੋਨੀਆ ਗਾਂਧੀ ਨੇ ਪਾਰਟੀ ਦੇ ਸੰਸਦ ਮੈਂਬਰਾਂ ਨੂੰ ਸੱਦਾ ਦਿੱਤਾ ਕਿ ਉਹ ਹੌਸਲਾ ਨਾ ਛੱਡਣ ਅਤੇ ਵਿਰੋਧੀ ਧਿਰ ਵਜੋਂ ਭੂਮਿਕਾ ਨੂੰ ਅਸਰਦਾਰ ਢੰਗ ਨਾਲ ਨਿਭਾਉਣ। ਉਨ੍ਹਾਂ ਇਹ ਅਪੀਲ ਵੀ ਕੀਤੀ ਕਿ ਕਾਂਗਰਸ ਆਗੂ ਰਾਜ ਸਭਾ 'ਚ ਸਮਾਨ ਵਿਚਾਰਾਂ ਵਾਲੀਆਂ ਪਾਰਟੀਆਂ ਨਾਲ ਤਾਲਮੇਲ ਅਤੇ ਸਹਿਯੋਗ ਨੂੰ ਯਕੀਨੀ ਬਣਾਉਣ। ਸੰਸਦ ਮੈਂਬਰਾਂ ਨੂੰ ਉਨ੍ਹਾਂ ਕਿਹਾ ਕਿ ਸੰਸਦ 'ਚ ਜਿਹੜੇ ਮੁੱਦੇ ਉਹ ਉਠਾਉਣ, ਉਹ ਪਾਰਟੀ ਵਰਕਰਾਂ ਅਤੇ ਲੋਕਾਂ ਦੇ ਮਨਾਂ 'ਤੇ ਅਸਰ ਪਾਉਣੇ ਚਾਹੀਦੇ ਹਨ।

## ਦਿੱਲੀ ਮੈਟਰੋ ਤੇ ਬੱਸਾਂ ਵਿਚ ਔਰਤਾਂ ਲਈ ਮੁਫਤ ਸਫਰ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਐਲਾਨ ਕੀਤਾ ਹੈ ਕਿ ਦਿੱਲੀ ਮੈਟਰੋ ਤੇ ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ (ਡੀ.ਟੀ.ਸੀ.) ਦੀਆਂ ਬੱਸਾਂ ਵਿਚ ਔਰਤਾਂ ਨੂੰ ਮੁਫਤ ਸਫਰ ਕਰਨ ਦੀ ਸਹੂਲਤ ਦਿੱਤੀ ਜਾਵੇਗੀ।

ਇਸ ਨੂੰ ਅਗਲੇ 2-3 ਮਹੀਨਿਆਂ ਦੌਰਾਨ ਸ਼ੁਰੂ ਕਰ ਦਿੱਤਾ ਜਾਵੇਗਾ। ਕੇਜਰੀਵਾਲ ਨੇ ਕਿਹਾ ਕਿ ਔਰਤਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਇਹ ਫੈਸਲਾ ਲਿਆ ਗਿਆ ਹੈ। ਇਸ ਤਹਿਤ ਸਾਰੀਆਂ ਡੀ.ਟੀ.ਸੀ., ਕਲੱਸਟਰ ਬੱਸਾਂ (ਸੰਤਰੀ ਰੰਗ ਵਾਲੀਆਂ) ਤੇ ਦਿੱਲੀ ਮੈਟਰੋ ਵਿਚ ਔਰਤਾਂ ਮੁਫਤ ਸਫਰ ਕਰ ਸਕਣਗੀਆਂ। ਉਨ੍ਹਾਂ ਅਧਿਕਾਰੀਆਂ ਨੂੰ ਵੇਰਵੇ ਸਮੇਤ ਯੋਜਨਾ ਉਲੀਕਣ ਲਈ ਇਕ ਹਫਤੇ ਦਾ ਸਮਾਂ ਦਿੱਤਾ ਹੈ। ਉਨ੍ਹਾਂ ਇਸ ਬਾਰੇ ਲੋਕਾਂ ਤੋਂ ਵੀ ਸੁਝਾਅ ਮੰਗੇ ਹਨ।

ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਕੇਂਦਰ ਸਰਕਾਰ ਨੂੰ ਕਿਰਾਇਆ ਨਾ ਵਧਾਉਣ ਦੀ ਅਪੀਲ ਕੀਤੀ ਸੀ। ਇਸ ਤੋਂ ਬਾਅਦ 50-50 ਦੀ ਹਿੱਸੇਦਾਰ ਨਾਲ ਸਬਸਿਡੀ ਦਾ ਖਰਚਾ ਚੁੱਕਣ ਦੀ ਅਪੀਲ ਵੀ ਕੇਂਦਰ ਨੂੰ ਕੀਤੀ ਗਈ ਸੀ ਜੋ ਨਹੀਂ ਮੰਨੀ ਗਈ। ਇਸ ਲਈ ਹੁਣ ਸਾਰਾ ਖਰਚਾ ਦਿੱਲੀ ਸਰਕਾਰ ਚੁੱਕਣ ਜਾ ਰਹੀ ਹੈ ਤੇ ਕੇਂਦਰ ਦੀ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੈ।

## ਅਮਰੀਕਾ ਵਲੋਂ ਮੋਦੀ ਸਰਕਾਰ ਨੂੰ ਵੱਡਾ ਝਟਕਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਾਰੋਬਾਰ ਵਿਚ ਆਮ ਤਰਜੀਹੀ ਪ੍ਰਬੰਧ (ਜੀ.ਐਸ.ਪੀ.) ਤਹਿਤ ਭਾਰਤ ਨੂੰ ਵਿਕਾਸਸ਼ੀਲ ਦੇਸ਼ ਵਜੋਂ ਟੈਕਸ ਵਿਚ ਛੋਟ ਦਾ ਲਾਭ ਖਤਮ ਕਰ ਦਿੱਤਾ ਹੈ। ਇਸ ਫੈਸਲੇ ਨਾਲ ਭਾਰਤ ਦੇ ਕੁਝ ਉਤਪਾਦ ਅਮਰੀਕਾ ਵਿਚ ਟੈਕਸ ਲੱਗਣ ਨਾਲ ਮਹਿੰਗੇ ਹੋ ਜਾਣਗੇ।


ਜੀ.ਐਸ.ਪੀ. ਅਮਰੀਕਾ ਦਾ ਸਭ ਤੋਂ ਵੱਡਾ ਤੇ ਪੁਰਾਣਾ ਕਾਰੋਬਾਰ ਤਰਜੀਹੀ ਪ੍ਰੋਗਰਾਮ ਹੈ। ਇਹ ਪ੍ਰੋਗਰਾਮ ਚੋਣਵੇਂ ਲਾਭਪਾਤਰੀ ਦੇਸ਼ਾਂ ਦੇ ਹਜ਼ਾਰਾਂ ਉਤਪਾਦਾਂ ਨੂੰ ਟੈਕਸ ਦੀ ਛੋਟ ਦੇ ਕੇ ਉਨ੍ਹਾਂ ਨੂੰ ਵਿੱਤੀ ਵਿਕਾਸ ਨੂੰ ਹੁਲਾਰਾ ਦੇਣ ਲਈ ਸ਼ੁਰੂ ਕੀਤਾ ਗਿਆ ਸੀ। ਟਰੰਪ ਨੇ ਕਈ ਸੰਸਦ ਮੈਂਬਰਾਂ ਦੀ ਅਪੀਲ ਨੂੰ ਨਜ਼ਰਅੰਦਾਜ਼ ਕਰਦਿਆਂ ਐਲਾਨ ਕੀਤਾ, 'ਭਾਰਤ ਨੇ ਅਮਰੀਕਾ ਨੂੰ ਆਪਣੇ ਬਾਜ਼ਾਰ ਤੱਕ ਬਰਾਬਰ ਤੇ ਤਰਕ ਆਧਾਰ ਪਹੁੰਚ ਮੁਹੱਈਆ ਕਰਾਉਣ ਦਾ ਭਰੋਸਾ ਨਹੀਂ ਦਿੱਤਾ ਹੈ। ਇਸ ਲਈ ਮੈਂ ਤੈਅ ਕੀਤਾ ਹੈ ਕਿ ਪੰਜ ਜੂਨ 20019 ਤੋਂ ਭਾਰਤ ਦਾ ਲਾਭਪਾਤਰੀ ਵਿਕਾਸਸ਼ੀਲ ਦੇਸ਼ ਦਾ ਦਰਜਾ ਖਤਮ ਕਰਨਾ ਬਿਲਕੁਲ ਠੀਕ ਰਹੇਗਾ।' ਜ਼ਿਕਰਯੋਗ ਹੈ ਕਿ ਟਰੰਪ ਨੇ 4 ਮਾਰਚ ਨੂੰ ਐਲਾਨ ਕੀਤਾ ਸੀ ਕਿ ਅਮਰੀਕਾ ਜੀ.ਐਸ.ਪੀ. ਤਹਿਤ ਭਾਰਤ ਦਾ ਤਰਜੀਹੀ ਵਿਕਾਸਸ਼ੀਲ ਮੁਲਕ ਦਾ ਦਰਜਾ ਖਤਮ ਕਰਨਾ ਚਾਹੁੰਦਾ ਹੈ।


US Business Brokers Inc.
American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ






Financing - Loans

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

Contact us for any Financing Need Nationwide.

• FAST APPROVAL • QUICK CLOSINGS • SBA 504 & 7A
• CONVENTIONAL LOANS • HOTELS, MOTELS
• GAS STATIONS, TRUCK STOPS • INDUSTRIAL CLIENT
• SUBWAY, DUNKIN DONUTS
• LIQUOR STORES, C-STORES, CAR WASH

*Contact us Buy or Sell business*


AJ Sandhu (MBA)
*Managing Broker/Realtor/Consultant*
*Licensed in IL, IN, WA*
916-995-0783 (Cell)
425-529-6283 (Cell)
*630-206-2467 (Fax)*
www.ubbchicago.com aj@ubbchicago.com

# ਪੰਜ ਵਰ੍ਹਿਆਂ 'ਚ ਭਾਰਤ ਦੀ ਜੀ.ਡੀ.ਪੀ. ਪਈ ਮੂੱਧੇ ਮੂੰਹ

**ਨਵੀਂ ਦਿੱਲੀ:** ਖੇਤੀਬਾੜੀ ਤੇ ਨਿਰਮਾਣ ਸੈਕਟਰ ਦੀ ਮਾੜੀ ਕਾਰਗੁਜ਼ਾਰੀ ਕਾਰਨ ਚਾਲੂ ਵਿੱਤੀ ਵਰ੍ਹੇ 2018-19 ਦੀ ਚੌਥੀ ਤਿਮਾਹੀ 'ਚ ਦੇਸ਼ ਦੀ ਆਰਥਿਕ ਵਿਕਾਸ ਦਰ (ਜੀ. ਡੀ. ਪੀ.) ਧੀਮੀ ਹੋ ਕੇ ਪੰਜ ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 5.8 ਫੀਸਦ 'ਤੇ ਪਹੁੰਚ ਗਈ ਹੈ। ਇਸ ਤੋਂ ਪਹਿਲਾਂ ਵਿੱਤੀ ਵਰ੍ਹੇ 2017-18 ਦੀ ਚੌਥੀ ਤਿਮਾਹੀ ਵਿਚ ਜੀ.ਡੀ.ਪੀ. ਵਾਧਾ ਦਰ 7.2 ਫੀਸਦ ਰਹੀ ਸੀ। ਸਰਕਾਰ ਦਾ ਕਹਿਣਾ ਹੈ ਕਿ ਚੌਥੀ ਤਿਮਾਹੀ ਦੌਰਾਨ ਜੀ.ਡੀ.ਪੀ. ਦੀ ਸਥਿਤੀ ਆਰਜ਼ੀ ਹੈ।

ਕੇਂਦਰੀ ਅੰਕੜਾ ਦਫ਼ਤਰ (ਸੀ.ਐਸ.ਓ.) ਨੇ ਨਾਲ ਹੀ ਕਿਹਾ ਕਿ ਵਿੱਤੀ ਵਰ੍ਹੇ 2018-19 ਦੌਰਾਨ ਕੁੱਲ ਘਰੇਲੂ ਉਤਪਾਦ ਦੀ ਵਾਧਾ ਦਰ ਘੱਟ ਕੇ 6.8 ਫ਼ੀਸਦ ਰਹੀ ਹੈ। ਜੀ.ਡੀ.ਪੀ. ਦੀ ਇਹ ਦਰ 2014-15 ਤੋਂ ਬਾਅਦ ਸਭ ਤੋਂ ਧੀਮੀ ਹੈ। ਇਸ ਤੋਂ ਪਹਿਲਾਂ 2013-14 ਵਿਚ ਇਹ 6.4 ਫੀਸਦ ਰਹੀ ਸੀ। ਇਸ ਦੇ ਨਾਲ ਹੀ ਮੁਲਕ ਦਾ ਵਿੱਤੀ ਘਾਟਾ 2018-19 ਲਈ ਜੀ.ਡੀ.ਪੀ. ਦਾ 3.39 ਫੀਸਦ ਰਿਹਾ ਹੈ। ਇਹ ਬਜਟ ਦੇ 3.40 ਫੀਸਦ ਦੇ ਸੋਧੇ ਅੰਦਾਜ਼ੇ ਮੁਕਾਬਲੇ ਘੱਟ ਹੈ। ਵਿੱਤੀ ਘਾਟੇ ਦੇ ਬਜਟ ਵਿਚ ਸੋਧੇ ਅੰਦਾਜ਼ੇ ਤੋਂ ਘੱਟ ਰਹਿਣ ਦਾ ਮੁੱਖ ਕਾਰਨ ਟੈਕਸ ਤੋਂ ਇਲਾਵਾ ਹੋਰ ਸਰੋਤਾਂ ਤੋਂ ਪ੍ਰਾਪਤ ਹੋਣ ਵਾਲੇ ਮਾਲੀਏ ਵਿਚ ਵਾਧਾ ਤੇ ਖਰਚ ਦਾ ਘੱਟ ਰਹਿਣਾ ਹੈ। ਅੰਕੜਿਆਂ ਦੇ ਸੰਦਰਭ ਵਿਚ ਕਿਹਾ ਜਾਵੇ ਤਾਂ 31 ਮਾਰਚ 2019 ਦੇ ਅੰਤ ਵਿਚ ਵਿੱਤੀ ਘਾਟਾ 6.45 ਲੱਖ ਕਰੋੜ ਰੁਪਏ ਰਿਹਾ ਹੈ ਜਦਕਿ ਬਜਟ ਵਿਚ ਵਿੱਤੀ ਘਾਟੇ ਦੇ 6.34 ਲੱਖ ਕਰੋੜ ਰਹਿਣ ਦਾ ਸੋਧਿਆ ਹੋਇਆ ਅਗਾਊਂ ਅੰਦਾਜਾ ਲਾਇਆ ਗਿਆ ਸੀ। ਵਿੱਤੀ ਘਾਟੇ ਦੇ ਅੰਕੜੇ ਹਾਲਾਂਕਿ ਵਧੇ ਹਨ ਪਰ ਜੀ.ਡੀ.ਪੀ. ਦੇ ਵਧੇ ਅੰਕੜਿਆਂ ਨਾਲ ਇਸ ਦੀ ਤੁਲਨਾ ਕਰਨ 'ਤੇ ਇਹ 3.39 ਫੀਸਦ ਰਿਹਾ ਹੈ।

Homeopathicvibes
Harminder Singh Gill
Homeopathic Consultant and Practitioner
D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
www.homeopathicvibes.com
Ph: (408) 737-7100
Fax: (408)737-7102
39210 State St., Suite 111, Fremont, CA 94538
We sell and ship homeopathic remedies through out North America.



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
1480 N. State Road 1, Cambridge City, IN 47327
ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ
ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ
ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...
■ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
Realtor/Broker
Cell: 317-750-1900
6979 Hillsdale Court
Indianapolis, Indiana 46250
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ



Gurdeep (Garry) Chhokar
Realtor/Broker
Cell: 317-500-1247
Star Alliance BROKERAGE



We do all type of Home and Commercial Loan. Same day loan approval...

# ਪਿੰਡਾਂ 'ਚ ਵੋਟਾਂ ਨੂੰ ਲੱਗੇ ਖੋਰੇ ਤੋਂ ਅਕਾਲੀ ਫਿਕਰਮੰਦ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬੇ ਦੇ ਦਿਹਾਤੀ ਖੇਤਰ ਵਿਚ ਵੋਟ ਬੈਂਕ ਨੂੰ ਖੋਰਾ ਲੱਗਣ ਦੇ ਮਾਮਲੇ ਨੂੰ ਖਤਰੇ ਦੀ ਘੰਟੀ ਮੰਨਿਆ ਜਾ ਰਿਹਾ ਹੈ। ਇਹ ਮੁੱਦਾ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਭਾਰੂ ਰਿਹਾ ਤੇ ਪਾਰਟੀ ਦੇ ਸੀਨੀਅਰ ਆਗੂਆਂ ਨੇ ਦਿਹਾਤੀ ਖੇਤਰ ਵਿਚ ਅਧਾਰ ਮਜ਼ਬੂਤ ਕਰਨ ਲਈ ਕਦਮ ਚੁੱਕਣ 'ਤੇ ਜ਼ੋਰ ਦਿੱਤਾ। ਅਕਾਲੀ ਦਲ ਵੱਲੋਂ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਅਕਾਲੀ-ਭਾਜਪਾ ਗੱਠਜੋੜ ਵੱਲੋਂ ਸੰਸਦੀ ਚੋਣਾਂ ਦੌਰਾਨ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਦਿਖਾਈ ਗਈ ਹੈ ਤੇ 35 ਵਿਧਾਨ ਸਭਾ ਹਲਕਿਆਂ ਵਿਚ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਪਛਾੜ ਦਿੱਤਾ ਗਿਆ ਜਦਕਿ 2017 ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਗੱਠਜੋੜ ਪਾਰਟੀਆਂ ਨੇ 18 ਹਲਕਿਆਂ 'ਚ ਜਿੱਤ ਹਾਸਲ ਕੀਤੀ ਸੀ। ਪਾਰਟੀ ਦੇ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਦਿਹਾਤੀ ਖੇਤਰ ਵਿਚੋਂ ਵੋਟ ਬੈਂਕ ਨੂੰ ਖੋਰਾ ਲੱਗਣ ਦਾ ਮਾਮਲਾ ਚਿੰਤਾਜਨਕ ਹੈ।

ਪਾਰਟੀ ਸੂਤਰਾਂ ਮੁਤਾਬਕ ਫਤਿਹਗੜ੍ਹ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਰਹੇ ਦਰਬਾਰਾ ਸਿੰਘ ਗੁਰੂ, ਫਰੀਦਕੋਟ ਤੋਂ ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ, ਲੁਧਿਆਣਾ ਤੋਂ ਉਮੀਦਵਾਰ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਹੋਰਨਾਂ ਹਾਰੇ ਹੋਏ ਉਮੀਦਵਾਰਾਂ ਨੇ ਕਿਹਾ ਕਿ ਸੰਸਦੀ ਚੋਣਾਂ ਦੇ ਨਤੀਜਿਆਂ ਨੇ ਸਪਸ਼ਟ ਕੀਤਾ ਹੈ ਕਿ ਪਾਰਟੀ ਨੂੰ ਪੰਜਾਬ ਦੇ ਪਿੰਡਾਂ ਵਿਚੋਂ ਵੋਟ ਸ਼ਹਿਰਾਂ ਦੇ ਮੁਕਾਬਲੇ ਘੱਟ ਪਈ ਹੈ। ਮੀਟਿੰਗ ਦੌਰਾਨ ਕੁਝ ਆਗੂਆਂ ਨੇ ਇਹ ਵੀ ਕਿਹਾ ਕਿ ਸ਼ਹਿਰਾਂ ਵਿਚੋਂ ਗੱਠਜੋੜ ਪਾਰਟੀਆਂ ਦੇ ਉਮੀਦਵਾਰਾਂ ਨੂੰ ਜੋ ਵੋਟ ਮਿਲੀ ਹੈ, ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 'ਤੇ ਹੀ ਪਈ ਹੈ। ਇਸ ਲਈ ਦਿਹਾਤੀ ਖੇਤਰ ਵਿਚੋਂ ਵੋਟ ਘਟਣਾ ਚਿੰਤਾ ਦਾ ਵਿਸ਼ਾ ਹੈ। ਅਕਾਲੀ ਆਗੂਆਂ ਦਾ ਇਹ ਵੀ ਕਹਿਣਾ ਹੈ ਕਿ ਪਾਰਟੀ ਦਾ ਮੁੱਖ ਅਧਾਰ ਸਿੱਖ ਤੇ ਕਿਸਾਨੀ ਵੋਟ ਰਿਹਾ ਹੈ ਤੇ ਇਹ ਵੋਟ ਮੁੱਖ ਤੌਰ 'ਤੇ ਪਿੰਡਾਂ ਵਿਚ ਹੀ ਹੈ। ਸੂਤਰਾਂ ਦਾ ਦੱਸਣਾ ਹੈ ਕਿ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਉਤੇ ਲੱਗੇ ਕਰੋੜਾਂ ਰੁਪਏ ਦੇ ਘਪਲੇ ਤੇ ਬੇਨੇਮੀਆਂ ਦੇ ਦੋਸ਼ਾਂ ਸਬੰਧੀ ਵੀ ਚਰਚਾ ਹੋਈ। ਅਕਾਲੀ ਦਲ ਦੀ ਕੋਰ ਕਮੇਟੀ ਵਿਚ ਗੱਠਜੋੜ ਪਾਰਟੀਆਂ ਦੀ ਵੋਟ ਫੀਸਦੀ ਵਧਣ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ।

ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ, ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਤੇ ਆਪ ਦੇ ਬਾਗੀ ਵਿਧਾਇਕ ਸੁਖਪਾਲ ਸਿੰਘ ਖਹਿਰਾ, ਸਿਮਰਨਜੀਤ ਸਿੰਘ ਮਾਨ ਅਤੇ ਪਾਰਟੀ ਨਾਲੋਂ ਅਲਿਹਦਾ ਹੋਏ 'ਟਕਸਾਲੀ' ਆਗੂਆਂ 'ਤੇ ਗੁਰੂ ਗ੍ਰੰਥ ਸਾਹਿਬ ਦੇ ਸਿਆਸੀਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਨ੍ਹਾਂ ਆਗੂਆਂ ਨੂੰ 'ਸਿਆਸੀ' ਸਜ਼ਾ ਇਸੇ ਕਰ ਕੇ ਮਿਲੀ ਹੈ। ਪਾਰਟੀ ਦੀ ਕੋਰ ਕਮੇਟੀ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਤਾਰੀਫਾਂ ਦੇ ਪੁਲ ਬੰਨ੍ਹੇ ਅਤੇ ਛੋਟੇ ਬਾਦਲ ਨੂੰ ਅਣਥੱਕ ਮਿਹਨਤ ਕਰਨ ਤੇ ਚੋਣਾਂ ਦੌਰਾਨ ਪ੍ਰਭਾਵਸ਼ਾਲੀ ਅਗਵਾਈ ਦੇਣ ਦੀ ਪ੍ਰਸ਼ੰਸਾ ਕੀਤੀ। ਪਾਰਟੀ ਨੇ ਕਿਹਾ ਕਿ ਕਾਂਗਰਸ ਸਣੇ ਹੋਰ ਵਿਰੋਧੀ ਪਾਰਟੀਆਂ ਵੱਲੋਂ ਵਿਰੋਧ ਦੇ ਬਾਵਜੂਦ ਸੁਖਬੀਰ ਸਿੰਘ ਬਾਦਲ ਨੇ ਵੱਡੇ ਫਰਕ ਨਾਲ ਫਿਰੋਜ਼ਪੁਰ ਤੋਂ ਜਿੱਤ ਹਾਸਲ ਕੀਤੀ ਹੈ। ਇਸੇ ਤਰ੍ਹਾਂ ਬਠਿੰਡਾ ਤੋਂ ਵੀ ਹਰਸਿਮਰਤ ਕੌਰ ਬਾਦਲ ਤੀਜੀ ਵਾਰੀ ਜਿੱਤ ਹਾਸਲ ਕਰਨ ਵਿਚ ਕਾਮਯਾਬ ਹੋਏ ਹਨ। ਕੋਰ ਕਮੇਟੀ ਨੇ ਕਿਹਾ ਕਿ ਜਿਨ੍ਹਾਂ ਸਿਆਸੀ ਆਗੂਆਂ ਨੇ ਗੁਰੂ ਗ੍ਰੰਥ ਸਾਹਿਬ ਆਸਰੇ ਅਕਾਲੀ ਦਲ ਦੇ ਆਗੂਆਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕੀਤਾ, ਉਨ੍ਹਾਂ ਨੂੰ ਵੋਟਰਾਂ ਨੇ ਨਕਾਰ ਦਿੱਤਾ ਹੈ।




### ਪੰਥਕ ਤੇ ਕਿਸਾਨ ਵੋਟਾਂ ਖਿੱਚਣ ਲਈ ਰਣਨੀਤੀ

**ਚੰਡੀਗੜ੍ਹ:** ਪੰਜਾਬ ਦੇ ਦਿਹਾਤੀ ਖੇਤਰ ਵਿਚੋਂ ਪੰਥਕ ਅਤੇ ਕਿਸਾਨੀ ਵੋਟ ਦੇ ਅਕਾਲੀ ਦਲ ਤੋਂ ਦੂਰ ਹੋਣ ਮਗਰੋਂ ਪਾਰਟੀ ਨੇ ਆਪਣੇ ਇਸ ਪੱਕੇ ਵੋਟ ਬੈਂਕ ਨੂੰ ਬਚਾਉਣ ਲਈ ਰਣਨੀਤੀ ਘੜਨੀ ਸ਼ੁਰੂ ਕਰ ਦਿੱਤੀ ਹੈ। ਕੋਰ ਕਮੇਟੀ ਦੀ ਮੀਟਿੰਗ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਕਿ ਦਿਹਾਤੀ ਖੇਤਰ ਵਿਚਲਾ ਨੌਜਵਾਨ ਤਬਕਾ ਅਕਾਲੀ ਦਲ ਤੋਂ ਦੂਰ ਜਾ ਚੁੱਕਾ ਹੈ। ਇਸ ਲਈ ਪਾਰਟੀ ਦੀ ਪੰਥਕ ਤੇ ਪੁਰਾਣੀ ਦਿੱਖ ਲੋਕਾਂ ਦੇ ਸਾਹਮਣੇ ਲਿਆਉਣ ਲਈ ਜਥੇਬੰਦਕ ਫਰਕ ਨਾਲ ਢਾਂਚੇ ਦੇ ਗਠਨ ਦੀ ਰਣਨੀਤੀ ਉਲੀਕੀ ਜਾਵੇ। ਕੋਰ ਕਮੇਟੀ ਵਿਚ ਉਠੇ ਇਸ ਮੁੱਦੇ ਤੋਂ ਬਾਅਦ ਅਕਾਲੀ ਦਲ ਦੇ ਜਥੇਬੰਦਕ ਢਾਂਚੇ ਦੇ ਪੁਨਰਗਠਨ ਲਈ ਪਾਰਟੀ ਦੇ ਸੀਨੀਅਰ ਆਗੂਆਂ 'ਤੇ ਆਧਾਰਿਤ ਇਕ ਕਮੇਟੀ ਬਣਾਈ ਗਈ ਹੈ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਕਮੇਟੀ ਦੇ ਗਠਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਵਿਸ਼ੇਸ਼ ਕਮੇਟੀ ਦੇ ਗਠਨ ਦਾ ਇਹ ਫੈਸਲਾ ਕੋਰ ਕਮੇਟੀ ਵੱਲੋਂ ਅੰਦਰੂਨੀ ਤੇ ਜਥੇਬੰਦਕ ਮਾਮਲੇ ਵਿਚਾਰਨ ਲਈ ਕੀਤਾ ਗਿਆ ਹੈ। ਇਸ ਗੱਲ 'ਤੇ ਵੀ ਵਿਚਾਰ ਕੀਤਾ ਗਿਆ ਕਿ ਅਕਾਲੀ ਦਲ ਦਾ ਜਥੇਬੰਦਕ ਸਰੂਪ ਪਾਰਟੀ ਦੇ ਸੰਵਿਧਾਨ ਮੁਤਾਬਕ ਹੀ ਹੋਣਾ ਚਾਹੀਦਾ ਹੈ।

# ਅਜੇ ਏਕਤਾ ਵਾਲੇ ਰਾਹ ਪੈਣ ਲਈ ਤਿਆਰ ਨਹੀਂ ਆਮ ਆਦਮੀ ਪਾਰਟੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਵਿਚ ਏਕਤਾ ਹੋਣੀ ਦੂਰ ਦੀ ਗੱਲ ਜਾਪਦੀ ਹੈ। ਬਾਗੀ ਧੜੇ ਦੇ ਆਗੂਆਂ ਵੱਲੋਂ ਝਾੜੂ ਦੇ ਤੀਲਿਆਂ ਨੂੰ ਇਕੱਠਾ ਕਰਨ ਲਈ ਲਾਈਆਂ ਜਾ ਰਹੀਆਂ ਸ਼ਰਤਾਂ ਪਾਰਟੀ ਵੱਲੋਂ ਮੰਨਣੀਆਂ ਸੰਭਵ ਨਹੀਂ ਜਾਪਦੀਆਂ। ਉਂਜ ਪਾਰਟੀ ਤੋਂ ਬਾਗੀ ਹੋਏ ਤਿੰਨ ਵਿਧਾਇਕ ਜਗਦੇਵ ਸਿੰਘ ਕਮਾਲੂ, ਜਗਤਾਰ ਸਿੰਘ ਜੱਗਾ ਅਤੇ ਪਿਰਮਲ ਸਿੰਘ ਖਾਲਸਾ ਪੰਜਾਬ ਦੇ ਹਿੱਤਾਂ ਲਈ ਪਾਰਟੀ ਦੀ ਇਕਜੁੱਟਤਾ ਦੇ ਹਾਮੀ ਹਨ ਪਰ ਉਨ੍ਹਾਂ ਦੀਆਂ ਡੋਰਾਂ ਸੁਖਪਾਲ ਸਿੰਘ ਖਹਿਰਾ ਅਤੇ ਕੰਵਰ ਸੰਧੂ ਦੇ ਹੱਥ ਵਿਚ ਹਨ।

ਦੱਸਣਯੋਗ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਚਰਚਾ ਚੱਲ ਰਹੀ ਹੈ ਕਿ 'ਆਪ' ਦੀ ਲੀਡਰਸ਼ਿਪ ਮੁੜ ਇਕੱਠੀ ਹੋ ਰਹੀ ਹੈ ਪਰ ਸੂਤਰਾਂ ਅਨੁਸਾਰ ਫਿਲਹਾਲ ਉਚ ਪੱਧਰ 'ਤੇ ਅਜਿਹੀ ਕੋਈ ਗੱਲ ਨਹੀਂ ਚੱਲੀ। 'ਆਪ' ਦੇ ਸਮੂਹ ਬਾਗੀ ਵਿਧਾਇਕਾਂ ਤੇ ਆਗੂਆਂ ਨਾਲ ਗੱਲਬਾਤ ਕਰਨ ਉਪਰੰਤ ਖੁਲਾਸਾ ਹੋਇਆ ਹੈ ਕਿ ਭਾਵੇਂ ਇਨ੍ਹਾਂ ਚੋਣਾਂ ਵਿਚ ਪਾਰਟੀ ਅਤੇ ਬਾਗੀ ਧਿਰ ਦੋਵਾਂ ਨੂੰ ਨਮੋਸ਼ੀ ਭਰੀ ਹਾਰ ਹੋਣ ਕਾਰਨ ਏਕਤਾ ਦੀ ਲੋੜ ਮਹਿਸੂਸ ਹੋ ਰਹੀ ਹੈ ਪਰ ਇਸ ਦੌਰਾਨ ਲਾਈਆਂ ਜਾ ਰਹੀਆਂ ਸ਼ਰਤਾਂ ਝਾੜੂ ਨੂੰ ਇਕ ਮੁੱਠੀ ਵਿਚ ਲਿਆਉਣ ਵਿਚ ਰੁਕਾਵਟ ਬਣ ਸਕਦੀਆਂ ਹਨ। ਪਾਰਟੀ ਵਿਚੋਂ ਮੁਅੱਤਲ ਕੀਤੇ ਬਾਗੀ ਧਿਰ ਦੇ ਵਿਧਾਇਕ ਕੰਵਰ ਸੰਧੂ ਦਾ ਕਹਿਣਾ ਹੈ ਕਿ ਪਾਰਟੀ ਨੂੰ ਏਕਤਾ ਵਿਚ ਪਰੋਣਾ ਸਮੇਂ ਦੀ ਮੰਗ ਹੈ ਕਿਉਂਕਿ ਪੰਜਾਬ ਵਿਚ ਜਿੰਨਾ ਚਿਰ ਇਕ ਠੋਸ ਤੀਸਰਾ ਸਿਆਸੀ ਫਰੰਟ ਨਹੀਂ ਬਣਦਾ ਉਦੋਂ ਤੱਕ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾਉਣਾ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਦੋਵਾਂ ਧਿਰਾਂ ਵੱਲੋਂ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਲੈ ਕੇ ਹੁਣ ਤੱਕ ਕੀਤੀਆਂ ਗਲਤੀਆਂ ਦੀ ਪੜਚੋਲ ਕਰਨ ਦੀ ਲੋੜ ਹੈ ਅਤੇ ਆਪੋ-ਆਪਣੀਆਂ ਗਲਤੀਆਂ ਮੰਨ ਕੇ ਅੱਗੇ ਚਲਣਾ ਪਵੇਗਾ। ਉਨ੍ਹਾਂ ਕਿਹਾ ਕਿ ਬਾਗੀ ਧਿਰ ਵੱਲੋਂ ਕੀਤੀ ਬਠਿੰਡਾ ਕਨਵੈਨਸ਼ਨ ਵਿਚ ਕਈ ਮਤੇ ਪਾਸ ਹੋਏ ਸਨ ਪਰ ਮੌਜੂਦਾ 'ਆਪ' ਦਾ ਜਥੇਬੰਦਕ ਢਾਂਚਾ ਭੰਗ ਕਰਕੇ ਨਵੀਂ ਟੀਮ ਬਣਾਉਣ, ਦਿੱਲੀ ਦੀ ਅਧੀਨਗੀ ਛੱਡ ਕੇ ਪਾਰਟੀ ਦਾ ਪੰਜਾਬ ਵਿਚ ਆਪਣਾ ਖੁਦਮੁਖਤਿਆਰ ਢਾਂਚਾ ਬਣਾਉਣ ਅਤੇ ਪੰਜਾਬ ਦੀ ਵੱਖਰੀ ਸਿਆਸੀ ਮਾਮਲਿਆਂ ਦੀ ਕਮੇਟੀ (ਪੀ.ਏ.ਸੀ.) ਬਣਾਉਣ ਦੇ 3 ਮਤਿਆਂ ਨੂੰ ਲਾਗੂ ਕਰਕੇ ਹੀ ਏਕਤਾ ਸੰਭਵ ਹੈ।

ਸ੍ਰੀ ਸੰਧੂ ਨੇ ਕਿਹਾ ਕਿ ਸ੍ਰੀ ਮਾਨ ਵੱਲੋਂ ਪਿਛਲੇ ਦਿਨੀਂ ਉਨ੍ਹਾਂ ਨੂੰ ਕੀਤਾ ਫੋਨ ਇਕ ਰਸਮੀ ਕਾਰਵਾਈ ਸੀ ਕਿਉਂਕਿ ਉਨ੍ਹਾਂ ਏਕਤਾ ਦੀ ਕੋਈ ਗੱਲ ਨਹੀਂ ਕੀਤੀ ਸੀ। ਪਾਰਟੀ ਦੇ ਭਦੌੜ ਤੋਂ ਬਾਗੀ ਵਿਧਾਇਕ ਪਿਰਮਲ ਸਿੰਘ ਖਾਲਸਾ ਨੇ ਕਿਹਾ ਕਿ ਅੱਜ ਇਕੱਠੇ ਹੋਣ ਦਾ ਸਮਾਂ ਹੈ ਅਤੇ ਪਹਿਲਾਂ ਵੀ ਏਕਤਾ ਕਰਨ ਲਈ ਦੋਵੇਂ ਧਿਰਾਂ ਦੇ 5-5 ਆਗੂਆਂ ਦੇ ਅਧਾਰਤ ਕਮੇਟੀ ਬਣਾਈ ਸੀ ਪਰ ਪਾਰਟੀ ਵਾਲਿਆਂ (ਭਗਵੰਤ ਮਾਨ) ਨੇ ਗੰਭੀਰਤਾ ਨਹੀਂ ਦਿਖਾਈ ਸੀ। ਉਨ੍ਹਾਂ ਕਿਹਾ ਕਿ ਹੁਣ ਪਾਰਟੀ ਸੂਬੇ ਵਿਚ 36 ਲੱਖਾਂ ਵੋਟਾਂ ਤੋਂ 10 ਲੱਖ ਵੋਟਾਂ 'ਤੇ ਸਿਮਟ ਕੇ ਰਹਿ ਗਈ ਹੈ। ਜਿਸ ਕਾਰਨ ਅਕਾਲੀ ਦਲ ਤੋਂ ਖਹਿੜਾ ਛੁਡਾਉਣ ਲਈ ਜਿਥੇ ਪਾਰਟੀ ਨੂੰ ਇਕ ਹੋਣ ਦੀ ਲੋੜ ਹੈ, ਉਥੇ ਸੁਖਪਾਲ ਖਹਿਰਾ ਸਮੇਤ ਡਾ. ਧਰਮਵੀਰ ਗਾਂਧੀ ਅਤੇ ਸਿਮਰਜੀਤ ਸਿੰਘ ਬੈਂਸ ਨੂੰ ਵੀ ਨਾਲ ਜੋੜਨਾ ਚਾਹੀਦਾ ਹੈ। ਰਾਏਕੋਟ ਤੋਂ ਪਾਰਟੀ ਦੇ ਬਾਗੀ ਵਿਧਾਇਕ ਜਗਤਾਰ ਸਿੰਘ ਜੱਗਾ ਨੇ ਕਿਹਾ ਕਿ ਪਾਰਟੀ ਵਿਚ ਏਕਤਾ ਕਰਨਾ ਸਮੇਂ ਦੀ ਵੱਡੀ ਲੋੜ ਹੈ, ਇਸ ਲਈ ਹਰੇਕ ਨੂੰ ਆਪੋ-ਆਪਣੀ ਹਉਮੈ ਛੱਡ ਕੇ ਸੁਹਿਰਦਤਾ ਨਾਲ ਅੱਗੇ ਵਧਣ ਦੀ ਲੋੜ ਹੈ ਅਤੇ ਉਹ ਇਸ ਸਬੰਧੀ ਸ੍ਰੀ ਖਹਿਰਾ ਨਾਲ ਚਰਚਾ ਕਰਨਗੇ। ਹਲਕਾ ਮੌੜ ਤੋਂ ਪਾਰਟੀ ਦੇ ਬਾਗੀ ਵਿਧਾਇਕ ਜਗਦੇਵ ਸਿੰਘ ਕਮਾਲੂ ਨੇ ਕਿਹਾ ਕਿ ਉਹ ਅੱਜ ਵੀ 'ਆਪ' ਦੇ ਵਿਧਾਇਕ ਹਨ ਅਤੇ ਇਸ ਵਿਚ ਕੋਈ ਦੋ ਰਾਏ ਨਹੀਂ ਹੈ ਕਿ ਏਕਤਾ ਹੋਣੀ ਚਾਹੀਦੀ ਹੈ।

# 'ਆਪ' ਨੇ ਬਾਦਲਾਂ ਅਤੇ ਕੈਪਟਨ ਦੀ ਮਿਲੀਭੁਗਤ ਨੂੰ ਦੱਸਿਆ ਹਾਰ ਦਾ ਕਾਰਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਚ ਪੰਜਾਬ ਦੇ ਵਿਧਾਇਕ ਦਲ ਨਾਲ ਕੀਤੀ ਮੀਟਿੰਗ ਵਿਚ ਪਾਰਟੀ ਦੀ ਹਾਰ ਦਾ ਮੁੱਖ ਕਾਰਨ ਲੋਕ ਸਭਾ ਚੋਣਾਂ ਵਿਚ ਅਕਾਲੀ



ਦਲ-ਭਾਜਪਾ ਗੱਠਜੋੜ ਅਤੇ ਕਾਂਗਰਸ ਵੱਲੋਂ ਤੀਸਰੀਆਂ ਧਿਰਾਂ ਨੂੰ ਹਰਾਉਣ ਲਈ ਖੇਡੇ ਦੋਸਤਾਨਾ ਮੈਚ ਨੂੰ ਦੱਸਿਆ ਹੈ।

ਮੀਟਿੰਗ ਵਿਚ 'ਆਪ' ਦੇ ਪਾਰਟੀ ਨਾਲ ਜੁੜੇ 11 ਵਿਧਾਇਕਾਂ ਵਿਚੋਂ 9 ਵਿਧਾਇਕ ਸ਼ਾਮਲ ਹੋਏ। ਕੋਟਕਪੂਰਾ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਅਤੇ ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ। ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਵੀ ਆਪਣੇ ਸੰਸਦੀ ਰੁਝੇਵਿਆਂ ਕਾਰਨ ਮੀਟਿੰਗ ਵਿਚ ਨਹੀਂ ਪੁੱਜ ਸਕੇ। ਮੀਟਿੰਗ ਵਿਚ ਦਿੱਲੀ ਦੇ ਉਪ ਮੁੱਖ ਮੰਤਰੀ ਤੇ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਵੀ ਮੌਜੂਦ ਸਨ। ਮੀਟਿੰਗ ਵਿਚ ਇਹ ਸਿੱਟਾ ਕੱਢਿਆ ਗਿਆ ਹੈ ਕਿ ਬਾਦਲ ਅਤੇ ਕੈਪਟਨ ਪੰਜਾਬ ਵਿਚ ਕਿਸੇ ਤੀਸਰੀ ਧਿਰ ਦੇ ਉਭਾਰ ਨੂੰ ਰੋਕਣ ਲਈ ਹਮੇਸ਼ਾ ਇਕ ਹੋ ਜਾਂਦੇ ਹਨ ਅਤੇ ਇਨ੍ਹਾਂ ਚੋਣਾਂ ਵਿਚ ਵੀ ਇਨ੍ਹਾਂ ਦੋਵਾਂ ਨੇ ਕਈ ਹਲਕਿਆਂ ਵਿਚ ਦੋਸਤਾਨਾ ਮੈਚ ਖੇਡਿਆ ਹੈ। ਮੀਟਿੰਗ ਵਿਚ ਸ਼ਾਮਲ ਵਿਧਾਇਕ ਤੇ ਲੋਕ ਸਭਾ ਚੋਣਾਂ ਲਈ ਚੋਣ ਕਮੇਟੀ ਦੇ ਚੇਅਰਮੈਨ ਅਮਨ ਅਰੋੜਾ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਪਾਰਟੀ ਨੇ ਵਿਚਾਰ ਚਰਚਾ ਤੋਂ ਬਾਅਦ ਇਹ ਸਿੱਟਾ ਕੱਢਿਆ ਹੈ ਕਿ ਬਾਦਲ ਅਤੇ ਕੈਪਟਨ ਪਰਿਵਾਰ ਸੂਬੇ ਵਿਚ ਪੂਰੀ ਤਰ੍ਹਾਂ ਮਿਲ ਕੇ ਸਿਆਸਤ ਕਰਦੇ ਹਨ।

ਉਨ੍ਹਾਂ ਦੱਸਿਆ ਕਿ ਸ੍ਰੀ ਕੇਜਰੀਵਾਲ ਨੇ ਵਿਧਾਇਕਾਂ ਨੂੰ ਲੋਕ ਮੁੱਦਿਆਂ ਨੂੰ ਉਭਾਰਨ ਅਤੇ ਆਮ ਜਨਤਾ ਵਿਚ ਸਰਗਰਮ ਹੋਣ ਦੀ ਸਲਾਹ ਦਿੱਤੀ ਹੈ। ਇਸ ਤਹਿਤ ਪੰਜਾਬ ਇਕਾਈ ਨੇ ਕੈਪਟਨ ਸਰਕਾਰ ਵੱਲੋਂ ਚੋਣ ਜ਼ਾਬਤੇ ਤੋਂ ਤੁਰਤ ਬਾਅਦ ਬਿਜਲੀ ਦੀਆਂ ਦਰਾਂ ਵਿਚ ਕੀਤੇ ਵਾਧੇ ਵਿਰੁੱਧ ਸੰਘਰਸ਼ ਕਰਨ ਦਾ ਫੈਸਲਾ ਕੀਤਾ ਹੈ। ਬਿਜਲੀ ਦਰਾਂ ਦੇ ਵਿਚ ਵਾਧੇ ਦੇ ਮੁੱਦੇ ਉਤੇ ਪਹਿਲਾਂ ਪਾਰਟੀ ਦੇ ਵਿਧਾਇਕ ਦਲ ਦਾ ਵਫਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲ ਕੇ ਬਿਜਲੀ ਦਰਾਂ ਵਿਚ ਵਾਧਾ ਵਾਪਸ ਲੈਣ ਦੀ ਮੰਗ ਕਰੇਗਾ ਅਤੇ ਇਸ ਤੋਂ ਬਾਅਦ ਅਗਲੀ ਰਣਨੀਤੀ ਐਲਾਨੀ ਜਾਵੇਗੀ। ਸ੍ਰੀ ਅਰੋੜਾ ਨੇ ਦੱਸਿਆ ਕਿ ਹੁਣ ਅਗਲੇ ਪੜਾਅ ਵਿਚ ਸ੍ਰੀ ਕੇਜਰੀਵਾਲ ਪਾਰਟੀ ਦੇ ਹਾਰੇ 12 ਉਮੀਦਵਾਰਾਂ ਨਾਲ ਵੀ ਮੀਟਿੰਗ ਕਰਨਗੇ।

# ਪੰਜਾਬ ਵਿਚ ਤੀਜੇ ਬਦਲ ਲਈ ਮੁੜ ਭੱਜ-ਨੱਠ

**ਚੰਡੀਗੜ੍ਹ:** ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ, ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਅਤੇ ਨਵਾਂ ਪੰਜਾਬ ਪਾਰਟੀ ਦੇ ਮੋਢੀ ਡਾਕਟਰ ਧਰਮਵੀਰ ਗਾਂਧੀ ਆਪੋ-ਆਪਣੀਆਂ ਪਾਰਟੀਆਂ ਚਲਾਉਣ ਦੀ ਥਾਂ ਇਕੋ ਸਾਂਝੀ ਪਾਰਟੀ ਦੇ ਝੰਡੇ ਹੇਠ ਇਕੱਠੇ ਹੋ ਕੇ ਸੂਬੇ ਵਿਚ ਤੀਸਰਾ ਫਰੰਟ ਬਣਾਉਣ ਦੀ ਤਿਆਰੀ ਵਿਚ ਹਨ। ਇਨ੍ਹਾਂ ਆਗੂਆਂ ਦਾ ਨਿਸ਼ਾਨਾ ਸਾਲ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਦੀਆਂ ਤਿੰਨ ਰਵਾਇਤੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ ਦੇ ਬਰਾਬਰ ਤੀਸਰਾ ਸਿਆਸੀ ਬਦਲ ਉਸਾਰ ਕੇ ਪੰਜਾਬੀਆਂ ਨੂੰ ਪਰਿਵਾਰਵਾਦ ਅਤੇ ਰਜਵਾੜਿਆਂ ਦੇ ਗਲਬੇ ਵਿਚੋਂ ਬਾਹਰ ਕੱਢਣਾ ਹੈ।

ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਤੇ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਦੇ ਮੁੱਖ ਆਗੂ ਸੁਖਪਾਲ ਸਿੰਘ ਖਹਿਰਾ ਨੇ ਇਸ ਤਜਵੀਜ਼ ਦਾ ਖੁਲਾਸਾ ਕਰਦਿਆਂ ਕਿਹਾ ਕਿ ਡਾ. ਗਾਂਧੀ ਅਤੇ ਸ੍ਰੀ ਬੈਂਸ ਸਮੇਤ ਉਨ੍ਹਾਂ (ਖਹਿਰਾ) ਦੀ ਸਿਆਸੀ ਸੋਚ ਤਕਰੀਬਨ ਇਕੋ ਜਿਹੀ ਹੈ, ਜਿਸ ਕਾਰਨ ਉਨ੍ਹਾਂ ਵੱਲੋਂ ਇਕੋ ਪਾਰਟੀ ਦੇ ਝੰਡੇ ਹੇਠ ਲੜਨ ਦੀ ਰਣਨੀਤੀ ਬਣਾਈ ਜਾ ਰਹੀ ਹੈ। ਪਾਰਟੀ ਦਾ ਇਕ ਨਿਸ਼ਾਨ, ਇਕ ਵਿਧਾਨ ਅਤੇ ਇਕ ਪ੍ਰਧਾਨ ਹੋਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਤਿੰਨਾਂ ਧਿਰਾਂ ਦੀ ਇਕ ਪਾਰਟੀ ਬਣਾ ਕੇ ਬਹੁਜਨ ਸਮਾਜ ਪਾਰਟੀ (ਬਸਪਾ), ਸੀ.ਪੀ.ਆਈ. ਅਤੇ ਆਰ.ਐਮ.ਪੀ.ਆਈ. ਆਦਿ ਨਾਲ ਗੱਠਜੋੜ ਕੀਤਾ ਜਾ ਸਕਦਾ ਹੈ। ਸ੍ਰੀ ਖਹਿਰਾ ਨੇ ਐਲਾਨ ਕੀਤਾ ਕਿ ਤਿੰਨਾਂ ਧਿਰਾਂ ਦੀ ਬਣਾਈ ਜਾਣ ਵਾਲੀ ਇਕੋ ਸਾਂਝੀ ਪਾਰਟੀ ਵਿਚ ਉਹ ਕੋਈ ਅਹੁਦਾ ਨਹੀਂ ਲੈਣਗੇ ਅਤੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਰਵਾਇਤੀ ਪਾਰਟੀਆਂ ਨੂੰ ਟੱਕਰ ਦੇਣ ਲਈ ਤੀਸਰਾ ਸਿਆਸੀ ਬਦਲ ਉਸਾਰਿਆ ਜਾਵੇਗਾ।

ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਸੰਪਰਕ ਕਰਨ 'ਤੇ ਕਿਹਾ ਕਿ ਉਹ ਤਾਂ ਚੋਣਾਂ ਤੋਂ ਪਹਿਲਾਂ ਹੀ ਇਕ ਪਾਰਟੀ ਵੱਲੋਂ ਚੋਣ ਲੜਨ ਦੇ ਹਾਮੀ ਸਨ ਪਰ ਹੁਣ 2022 ਦੀਆਂ ਚੋਣਾਂ ਤੋਂ ਪਹਿਲਾਂ ਉਹ ਤਿੰਨੇ ਧਿਰਾਂ ਇਕ ਪਾਰਟੀ ਬਣਾ ਕੇ ਪੰਜਾਬੀਆਂ ਨੂੰ ਤੀਸਰਾ ਸਿਆਸੀ ਬਦਲ ਦੇਣਗੀਆਂ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਉਸਾਰੀ ਜਾ ਰਹੀ ਪਾਰਟੀ ਪੰਜਾਬ ਵਿਚੋਂ ਨੋਟ ਤੇ ਧੌਂਸ ਦੀ ਰਾਜਨੀਤੀ ਦਾ ਖਾਤਮਾ ਕਰੇਗੀ। ਨਵਾਂ ਪੰਜਾਬ ਪਾਰਟੀ ਦੇ ਮੋਢੀ ਡਾਕਟਰ ਧਰਮਵੀਰ ਗਾਂਧੀ ਨੇ ਕਿਹਾ ਕਿ ਬਾਦਲ ਦਲ ਆਪਣੇ ਅਸੂਲ ਤੇ ਸਿਧਾਂਤ ਤਿਆਗ ਕੇ ਨਰਿੰਦਰ ਮੋਦੀ ਦੀ ਉਪਮਾ ਕਰਨ ਤਕ ਸੀਮਤ ਰਹਿ ਗਿਆ ਹੈ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਜਿਥੇ ਸ੍ਰੀ ਮੋਦੀ ਦੇ ਏਜੰਡਿਆਂ ਨੂੰ ਪੱਠੇ ਪਾ ਰਹੇ ਹਨ, ਉਥੇ ਹੀ ਬਾਦਲਾਂ ਨਾਲ ਗੁਪਤ ਸਿਆਸੀ ਯਾਰੀ ਪਾ ਕੇ ਸੂਬੇ ਨੂੰ ਗੁਮਰਾਹ ਕਰ ਰਹੇ ਹਨ। ਇਸ ਕਾਰਨ ਪੰਜਾਬੀਆਂ ਨੂੰ ਖੁਦਮੁਖਤਿਆਰੀ ਦਿਵਾਉਣ, ਜਮਹੂਰੀ ਪੰਜਾਬ ਸਿਰਜਣ, 21ਵੀਂ ਸਦੀ ਦਾ ਨਵਾਂ ਪੰਜਾਬ ਉਸਾਰਨ ਲਈ ਖੇਤਰੀ ਪੱਧਰ ਦਾ ਤੀਸਰਾ ਸਿਆਸੀ ਫਰੰਟ ਸਮੇਂ ਦੀ ਮੰਗ ਹੈ। ਉਹ ਸ੍ਰੀ ਖਹਿਰਾ ਤੇ ਸ੍ਰੀ ਬੈਂਸ ਨਾਲ ਮਿਲ ਕੇ ਆਪੋ-ਆਪਣੀਆਂ ਪਾਰਟੀਆਂ ਦੀ ਥਾਂ ਇਕ ਪਾਰਟੀ ਬਣਾ ਕੇ ਲਾਵਾਰਸ ਹੋ ਰਹੇ ਪੰਜਾਬ ਦੀ ਬਾਂਹ ਫੜਨ ਲਈ ਹਰੇਕ ਕੁਰਬਾਨੀ ਦੇਣ ਲਈ ਤਿਆਰ ਹਨ।

### 'ਆਪ' ਨਾਲ ਏਕਤਾ ਦਾ ਵਰਕਾ ਪਾੜ ਦਿੱਤਾ: ਖਹਿਰਾ

**ਚੰਡੀਗੜ੍ਹ:** ਸੁਖਪਾਲ ਖਹਿਰਾ ਨੇ ਕਿਹਾ ਕਿ ਉਨ੍ਹਾਂ ਆਮ ਆਦਮੀ ਪਾਰਟੀ (ਆਪ) ਨਾਲ ਏਕਤਾ ਕਰਨ ਦਾ ਵਰਕਾ ਹੀ ਪਾੜ ਦਿੱਤਾ ਹੈ ਕਿਉਂਕਿ ਹੁਣ ਸਿਧਾਂਤਕ ਤੌਰ ਉਤੇ 'ਆਪ' ਨਾਲ ਹੱਥ ਮਿਲਾਉਣੇ ਸੰਭਵ ਨਹੀਂ ਹਨ। ਸ੍ਰੀ ਖਹਿਰਾ ਨੇ ਦੱਸਿਆ ਕਿ 'ਆਪ' ਦੇ ਪ੍ਰਧਾਨ ਭਗਵੰਤ ਮਾਨ ਨੇ ਚੋਣ ਜਿੱਤਣ ਤੋਂ ਬਾਅਦ ਉਨ੍ਹਾਂ ਸਮੇਤ ਵਿਧਾਇਕ ਕੰਵਰ ਸੰਧੂ ਨੂੰ ਫੋਨ ਕਰ ਕੇ ਏਕਤਾ ਕਰਨ ਦੀ ਗੱਲ ਨਹੀਂ ਕੀਤੀ ਸੀ, ਸਗੋਂ ਰਸਮੀ ਫੋਨ ਹੀ ਕੀਤਾ ਸੀ। ਉਨ੍ਹਾਂ ਕਿਹਾ ਕਿ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਇਕ ਪਾਸੇ ਕਾਂਗਰਸ ਨਾਲ ਗੱਠਜੋੜ ਕਰਨ ਲਈ ਤਰਲੇ ਮਾਰਦੇ ਰਹੇ ਹਨ ਅਤੇ ਦੂਸਰੇ ਪਾਸੇ ਉਹ ਅਕਾਲੀ ਦਲ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਡਰੱਗ ਦੇ ਮਾਮਲੇ 'ਤੇ ਅਦਾਲਤ ਵਿਚ ਮੁਆਫੀ ਮੰਗ ਕੇ ਪੰਜਾਬੀਆਂ ਨਾਲ ਵਿਸ਼ਵਾਸਘਾਤ ਕਰ ਚੁੱਕੇ ਹਨ। ਇਸ ਕਾਰਨ 'ਆਪ' ਨਾਲ ਹੁਣ ਏਕਤਾ ਨਹੀਂ ਹੋ ਸਕਦੀ।



# ਮੋਦੀ ਨੇ ਦੂਜੀ ਵਾਰ ਸੰਭਾਲੀ ਦੇਸ਼ ਦੀ ਕਮਾਨ



**ਨਵੀਂ ਦਿੱਲੀ:** ਦੇਸ਼ ਵਿਦੇਸ਼ ਦੇ ਤਕਰੀਬਨ 8 ਹਜ਼ਾਰ ਮਹਿਮਾਨਾਂ ਦੀ ਹਾਜ਼ਰੀ 'ਚ ਨਰਿੰਦਰ ਮੋਦੀ ਨੇ ਲਗਾਤਾਰ ਦੂਜੀ ਵਾਰ ਪ੍ਰਧਾਨ ਮੰਤਰੀ ਵਜੋਂ ਮੁਲਕ ਦੀ ਕਮਾਨ ਸੰਭਾਲ ਲਈ ਹੈ। ਹਲਫਦਾਰੀ ਸਮਾਗਮ 'ਚ ਉਨ੍ਹਾਂ ਨਾਲ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ, ਰਾਜਨਾਥ ਸਿੰਘ, ਨਿਤਿਨ ਗਡਕਰੀ ਅਤੇ ਸਾਬਕਾ ਵਿਦੇਸ਼ ਸਕੱਤਰ ਐਸ ਜੈਸ਼ੰਕਰ ਨੇ ਵੀ ਸਹੁੰ ਚੁੱਕੀ। ਉਂਜ ਮੰਤਰੀ ਮੰਡਲ 'ਚ 24 ਆਗੂਆਂ ਨੂੰ ਕੈਬਨਿਟ ਮੰਤਰੀ ਬਣਾਇਆ ਗਿਆ ਹੈ ਜਦਕਿ 24 ਹੋਰਨਾਂ ਨੂੰ ਰਾਜ ਮੰਤਰੀ ਦਾ ਦਰਜਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ 9 ਆਗੂਆਂ ਨੂੰ ਸੁਤੰਤਰ ਚਾਰਜ ਦਿੱਤਾ ਗਿਆ ਹੈ। ਮੰਤਰੀ ਮੰਡਲ 'ਚ 6 ਮਹਿਲਾਵਾਂ ਨੂੰ ਵੀ ਥਾਂ ਮਿਲੀ ਹੈ।

ਭਾਜਪਾ ਪ੍ਰਧਾਨ ਤੇ ਪਾਰਟੀ ਦੀ ਜਿੱਤ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਅਮਿਤ ਸ਼ਾਹ ਦੇਸ਼ ਦੇ ਨਵੇਂ ਗ੍ਰਹਿ ਮੰਤਰੀ ਹੋਣਗੇ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ 'ਚ ਰਾਜਨਾਥ ਸਿੰਘ ਨੂੰ ਰੱਖਿਆ ਮੰਤਰਾਲੇ, ਨਿਰਮਲਾ ਸੀਤਾਰਾਮਨ ਨੂੰ ਵਿੱਤ ਤੇ ਕਾਰਪੋਰੇਟ ਮਾਮਲਿਆਂ ਬਾਰੇ ਮੰਤਰਾਲੇ, ਸਾਬਕਾ ਵਿਦੇਸ਼ ਸਕੱਤਰ ਐੱਸ. ਜੈਸ਼ੰਕਰ ਨੂੰ ਵਿਦੇਸ਼ ਮੰਤਰਾਲੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਰਾਜਨਾਥ ਸਿੰਘ ਗ੍ਰਹਿ ਮੰਤਰੀ ਜਦਕਿ ਨਿਰਮਲਾ ਸੀਤਾਰਾਮਨ ਰੱਖਿਆ ਮੰਤਰੀ ਸਨ। ਪੰਜਾਬ ਦੇ ਬਠਿੰਡਾ ਤੋਂ ਐਨ.ਡੀ.ਏ. ਦੇ ਸਹਿਯੋਗੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਫੂਡ ਪ੍ਰੋਸੈਸਿੰਗ ਮੰਤਰੀ ਬਣੀ ਰਹੇਗੀ। ਅੰਮ੍ਰਿਤਸਰ ਤੋਂ ਚੋਣ ਹਾਰੇ ਸਾਬਕਾ ਕੂਟਨੀਤਕ ਹਰਦੀਪ ਪੁਰੀ ਨੂੰ ਨਾਗਰਿਕ ਹਵਾਬਾਜ਼ੀ ਬਾਰੇ ਰਾਜ ਮੰਤਰੀ ਬਣਾਇਆ ਗਿਆ ਹੈ। ਥਾਵਰ ਚੰਦ ਗਹਿਲੋਤ ਨੂੰ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਮੰਤਰੀ ਬਣਾਇਆ ਗਿਆ ਹੈ। ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਸੰਸਦ ਮੈਂਬਰ ਬਣੇ ਸਾਬਕਾ ਆਈ.ਏ.ਐਸ. ਅਧਿਕਾਰੀ ਸੋਮ ਪ੍ਰਕਾਸ਼ ਨੂੰ ਉਦਯੋਗ ਤੇ ਵਣਜ ਰਾਜ ਮੰਤਰੀ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪ੍ਰਧਾਨ ਮੰਤਰੀ ਮੋਦੀ ਕੋਲ ਪ੍ਰਸੋਨਲ ਤੇ ਸਿਖਲਾਈ, ਪਰਮਾਣੂ ਊਰਜਾ, ਪੁਲਾੜ ਤੇ ਅਹਿਮ ਨੀਤੀ ਨਿਰਧਾਰਨ ਨਾਲ ਜੁੜੇ ਮੁੱਦਿਆਂ ਵਾਲੇ ਅਤੇ ਬਿਨਾਂ ਵੰਡੇ ਵਿਭਾਗ ਰਹਿਣਗੇ।

ਅਮੇਠੀ ਦੀ ਸੰਸਦ ਮੈਂਬਰ ਸਮ੍ਰਿਤੀ ਇਰਾਨੀ ਨੂੰ ਮਹਿਲਾ ਤੇ ਬਾਲ ਵਿਕਾਸ ਵਿਭਾਗ ਅਤੇ ਕੱਪੜਾ ਮੰਤਰਾਲਾ ਮਿਲਿਆ ਹੈ। ਪਿਊਸ਼ ਗੋਇਲ ਨੂੰ ਮੁੜ ਰੇਲ ਮੰਤਰਾਲੇ ਦੇ ਨਾਲ ਵਣਜ ਤੇ ਉਦਯੋਗ ਵਿਭਾਗ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। ਪ੍ਰਕਾਸ਼ ਜਾਵਡੇਕਰ ਨੂੰ ਸੂਚਨਾ ਤੇ ਪ੍ਰਸਾਰਨ ਅਤੇ ਜੰਗਲਾਤ ਤੇ ਵਾਤਾਵਰਨ ਮਹਿਕਮਾ ਦਿੱਤਾ ਗਿਆ ਹੈ। ਨਿਤਿਨ ਗਡਕਰੀ ਸੜਕੀ ਆਵਾਜਾਈ ਤੇ ਰਾਜ ਮਾਰਗ ਮੰਤਰੀ ਬਣੇ ਰਹਿਣਗੇ। ਉਨ੍ਹਾਂ ਕੋਲ ਛੋਟੀਆਂ ਤੇ ਦਰਮਿਆਨੀ ਸਨਅਤਾਂ ਦਾ ਮਹਿਕਮਾ ਵੀ ਹੋਵੇਗਾ। ਇਸੇ ਤਰ੍ਹਾਂ ਧਰਮੇਂਦਰ ਪ੍ਰਧਾਨ ਕੋਲ ਵੀ ਪੈਟਰੋਲੀਅਮ ਤੇ ਇਸਪਾਤ ਮੰਤਰਾਲਾ ਬਣਿਆ ਰਹੇਗਾ। ਮੁਖ਼ਤਾਰ ਅੱਬਾਸ ਨਕਵੀ ਘੱਟ ਗਿਣਤੀਆਂ ਬਾਰੇ ਮੰਤਰੀ ਹੋਣਗੇ। ਗਜੇਂਦਰ ਸਿੰਘ ਸ਼ੇਖਾਵਤ ਨੂੰ ਨਵੇਂ 'ਜਲ ਸ਼ਕਤੀ' ਮੰਤਰਾਲੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਰਾਮ ਵਿਲਾਸ ਪਾਸਵਾਨ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਬਣੇ ਰਹਿਣਗੇ। ਨਰੇਂਦਰ ਸਿੰਘ ਤੋਮਰ ਨਵੇਂ ਖੇਤੀਬਾੜੀ ਮੰਤਰੀ ਹੋਣਗੇ, ਉਨ੍ਹਾਂ ਕੋਲ ਪੇਂਡੂ ਵਿਕਾਸ ਮੰਤਰਾਲਾ ਵੀ ਰਹੇਗਾ। ਡਾ. ਹਰਸ਼ਵਰਧਨ ਨੂੰ ਸਿਹਤ, ਪਰਿਵਾਰ ਭਲਾਈ, ਵਿਗਿਆਨ ਤੇ ਤਕਨਾਲੋਜੀ ਅਤੇ ਭੂ ਵਿਗਿਆਨ ਮੰਤਰਾਲਾ ਦਿੱਤਾ ਗਿਆ ਹੈ। ਰਵੀਸ਼ੰਕਰ ਪ੍ਰਸਾਦ ਦੂਰਸੰਚਾਰ ਤੋਂ ਇਲਾਵਾ ਕਾਨੂੰਨ ਤੇ ਸੂਚਨਾ ਤਕਨੀਕ ਮੰਤਰੀ ਵੀ ਹੋਣਗੇ ਜਦਕਿ ਰਮੇਸ਼ ਪੋਖਰਿਆਲ ਨਿਸ਼ੰਕ ਨਵੇਂ ਮਨੁੱਖੀ ਸਰੋਤ ਵਿਕਾਸ ਮੰਤਰੀ ਬਣਾਏ ਗਏ ਹਨ। ਡੀ.ਵੀ. ਸਦਾਨੰਦ ਗੌੜਾ ਰਸਾਇਣ ਤੇ ਖਾਦ ਮੰਤਰੀ ਬਣਾਏ ਗਏ ਹਨ। ਪ੍ਰਹਿਲਾਦ ਜੋਸ਼ੀ ਸੰਸਦੀ ਮਾਮਲਿਆਂ ਬਾਰੇ ਤੇ ਕੋਲਾ ਮੰਤਰੀ ਹੋਣਗੇ। ਕੇਂਦਰੀ ਕੈਬਨਿਟ ਵਿਚ ਕੁੱਲ 58 ਮੰਤਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

# ਸਹੁੰ ਚੁੱਕ ਸਮਾਗਮ ਵਿਚ ਪੰਜਾਬੀ ਭੁੱਲੇ ਪੰਜਾਬ ਦੇ ਜਾਏ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੈਬਨਿਟ ਦੇ ਰਾਸ਼ਟਰਪਤੀ ਭਵਨ ਵਿਚ ਹੋਏ ਸਹੁੰ ਚੁੱਕ ਸਮਾਗਮ ਦੌਰਾਨ ਤਿੰਨ ਪੰਜਾਬੀ ਮੈਂਬਰਾਂ ਨੇ ਅੰਗਰੇਜ਼ੀ ਵਿਚ ਸਹੁੰ ਚੁੱਕ ਕੇ ਆਪਣੀ ਮਾਂ ਬੋਲੀ ਨੂੰ ਵਿਸਾਰ ਦਿੱਤਾ। ਹਲਕਾ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ, ਹੁਸ਼ਿਆਰਪੁਰ ਤੋਂ





ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਸੋਮ ਪ੍ਰਕਾਸ਼ ਅਤੇ ਅੰਮ੍ਰਿਤਸਰ ਤੋਂ ਭਾਜਪਾ ਦੀ ਟਿਕਟ ਤੋਂ ਹਾਰੇ ਤੇ ਰਾਜ ਸਭਾ ਮੈਂਬਰ ਹਰਦੀਪ ਸਿੰਘ ਪੁਰੀ ਨੇ ਅਹੁਦੇ ਦੀ ਸਹੁੰ ਅੰਗਰੇਜ਼ੀ ਵਿਚ ਚੁੱਕ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਇਨ੍ਹਾਂ ਵੱਲੋਂ ਆਪਣੀ ਸ਼ੁਰੂਆਤ ਹੀ ਪੰਜਾਬੀਅਤ ਨੂੰ ਭੁੱਲ ਕੇ ਕਰਨ ਕਾਰਨ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋ ਗਏ ਹਨ। ਹੁਣ ਇਹ ਸਵਾਲ ਵੀ ਖੜ੍ਹੇ ਹੋ ਗਏ ਹਨ ਕਿ ਕੀ ਇਹ ਮੈਂਬਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਆਵਾਜ਼ ਪਾਰਲੀਮੈਂਟ ਵਿਚ ਬੁਲੰਦ ਕਰਨ ਦੇ ਸਮਰੱਥ ਹੋਣਗੇ। ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਮੁੱਖ ਮੰਤਰੀ ਦੇ ਕਾਰਜਕਾਲ ਵਿਚ ਪੰਜਾਬੀ ਭਾਸ਼ਾ ਨੂੰ ਬਣਦਾ ਸਥਾਨ ਦਿਵਾਉਣ ਲਈ ਕਾਫੀ ਯਤਨ ਕੀਤੇ ਸੀ। ਹੁਣ ਜਾਪ ਰਿਹਾ ਹੈ ਕਿ ਬਾਦਲ ਪਰਿਵਾਰ ਵਿਚ ਵੀ ਪੰਜਾਬੀ ਭਾਸ਼ਾ ਨੂੰ ਮਾਨਤਾ ਨਹੀਂ ਮਿਲੀ ਜਾਪਦੀ।

ਇਸੇ ਤਰ੍ਹਾਂ ਪਿੰਡ ਦੌਲਤਪੁਰ (ਨਵਾਂ ਸ਼ਹਿਰ) ਵਿਚ ਜੰਮੇ ਅਤੇ ਹੁਸ਼ਿਆਰਪੁਰ ਦੀ ਰਾਖਵੀਂ ਸੀਟ ਤੋਂ ਜਿੱਤੇ ਭਾਜਪਾ ਦੇ ਸੰਸਦ ਮੈਂਬਰ ਤੇ ਸਾਬਕਾ ਆਈ.ਏ.ਐਸ. ਅਧਿਕਾਰੀ ਸੋਮ ਪ੍ਰਕਾਸ਼ ਨੇ ਵੀ ਅੰਗਰੇਜ਼ੀ ਵਿਚ ਸਹੁੰ ਚੁੱਕ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਦੱਸਣਯੋਗ ਹੈ ਕਿ ਸੋਮ ਪ੍ਰਕਾਸ਼ ਪੰਜਾਬ ਵਿਧਾਨ ਸਭਾ ਵਿਚ ਆਪਣੀ ਗੱਲ ਪੰਜਾਬੀ ਵਿਚ ਰੱਖ ਕੇ ਸਾਰਿਆਂ ਨੂੰ ਕੀਲ ਲੈਂਦੇ ਸਨ। ਸਾਬਕਾ ਅਧਿਕਾਰੀ ਹਰਦੀਪ ਪੁਰੀ ਨੇ ਵੀ ਪੰਜਾਬੀ ਨੂੰ ਵਿਸਾਰ ਕੇ ਅੰਗਰੇਜ਼ੀ ਵਿਚ ਸਹੁੰ ਚੁੱਕ ਕੇ ਨਵੇਂ ਸ਼ੰਕੇ ਪੈਦਾ ਕਰ ਦਿੱਤੇ ਹਨ।

## -ਬੇਰੁਜ਼ਗਾਰੀ ਅਰਸ਼ ਉਤੇ-

# ਮੋਦੀ ਸਰਕਾਰ ਨੇ ਪਿਛਲੀ ਪਾਰੀ ਦੀਆਂ ਨਾਕਾਮੀਆਂ ਕਬੂਲੀਆਂ

**ਨਵੀਂ ਦਿੱਲੀ:** ਭਾਰਤ ਦਾ ਵਿਕਾਸ ਮਾਡਲ ਬੇਰੁਜ਼ਗਾਰਾਂ ਨੂੰ ਆਸ ਅਨੁਸਾਰ ਨੌਕਰੀਆਂ ਮੁਹੱਈਆ ਕਰਵਾਉਣ ਵਿਚ ਅਸਫਲ ਰਿਹਾ ਹੈ। ਹੁਣ ਇਸ ਸਚਾਈ ਨੂੰ ਸਰਕਾਰੀ ਤੌਰ ਉਤੇ ਵੀ ਮੰਨ ਲਿਆ ਗਿਆ ਹੈ ਤੇ ਦੇਸ਼ ਇਸ ਤੱਥ ਦਾ ਗਵਾਹ ਬਣ ਗਿਆ ਹੈ। ਕੁਝ ਮਹੀਨੇ ਪਹਿਲਾਂ ਇਕ ਲੀਕ ਹੋਈ ਰਿਪੋਰਟ ਦੇ ਹਵਾਲੇ ਨਾਲ ਇਹ ਦਾਅਵਾ ਕੀਤਾ ਗਿਆ ਸੀ ਕਿ ਭਾਰਤ ਵਿਚ ਬੇਰੁਜ਼ਗਾਰੀ ਦੀ ਦਰ ਪਿਛਲੇ 45 ਸਾਲ ਵਿਚ ਸਭ ਤੋਂ ਵੱਧ ਹੋ ਗਈ ਹੈ। ਉਦੋਂ ਸਰਕਾਰ ਨੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਸੀ ਪਰ ਹੁਣ ਸਵੀਕਾਰ ਕਰ ਲਿਆ ਹੈ। ਹੁਣ ਸਰਕਾਰੀ ਤੌਰ ਉਤੇ ਜਾਰੀ ਅੰਕੜਿਆਂ ਅਨੁਸਾਰ ਜੁਲਾਈ 2017 ਤੋਂ ਜੂਨ 2018 ਤੱਕ ਦੇ 12 ਮਹੀਨੇ ਦੇ ਸਮੇਂ ਵਿਚ ਬੇਰੁਜ਼ਗਾਰੀ ਦਰ 6.1 ਫੀਸਦੀ ਨੂੰ ਛੂਹ ਗਈ ਹੈ।

ਇਸ ਤੋਂ ਪਹਿਲਾਂ ਸਰਕਾਰ ਨੇ ਲੀਕ ਹੋਈ ਰਿਪੋਰਟ ਦੇ ਦਾਅਵੇ ਨੂੰ ਇਸ ਆਧਾਰ ਉੱਤੇ ਰੱਦ ਕਰ ਦਿੱਤਾ ਸੀ ਕਿ ਬੇਰੁਜ਼ਗਾਰੀ ਦੇ ਅੰਕੜੇ ਅਜੇ ਫਾਈਨਲ ਕੀਤੇ ਜਾਣੇ ਬਾਕੀ ਹਨ। ਸਰਕਾਰ ਵੱਲੋਂ ਅੰਕੜੇ ਲੁਕਾਉਣ ਦੀ ਕਾਰਵਾਈ ਦਾ ਵਿਰੋਧੀ ਧਿਰਾਂ ਨੇ ਜ਼ਬਰਦਸਤ ਵਿਰੋਧ ਕੀਤਾ ਸੀ ਅਤੇ ਦੋਸ਼ ਲਾਇਆ ਸੀ ਕਿ ਸਰਕਾਰ ਜਾਣਬੁੱਝ ਕੇ ਆਪਣੀ ਨਿਕੰਮੀ ਕਾਰਗੁਜ਼ਾਰੀ ਨੂੰ ਛੁਪਾ ਰਹੀ ਹੈ। ਅੰਕੜੇ ਜਾਰੀ ਕਰਨ ਦੇ ਉੱਤੇ ਸਰਕਾਰ ਵੱਲੋਂ ਲਾਈ ਰੋਕ ਦੇ ਰੋਸ ਵਜੋਂ ਅੰਕੜਾ ਕਮਿਸ਼ਨ ਦੇ ਕਈ ਮੈਂਬਰ, ਮੈਂਬਰੀ ਵੀ ਛੱਡ ਗਏ ਸਨ।

ਨਵੇਂ ਅੰਕੜੇ ਨਰਿੰਦਰ ਮੋਦੀ ਦੇ ਦੂਜੀ ਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਅਗਲੇ ਦਿਨ ਜਾਰੀ ਕੀਤੇ ਗਏ ਹਨ। ਇਕ ਸਾਲ ਦੇ ਸਰਵੇਖਣ ਦੇ ਤਾਜ਼ਾ ਅੰਕੜਿਆਂ ਅਨੁਸਾਰ ਸ਼ਹਿਰੀ ਖੇਤਰ ਵਿਚ 7.8 ਫੀਸਦੀ ਅਜਿਹੇ ਨੌਜਵਾਨ ਹਨ, ਜੋ ਨੌਕਰੀ ਦੇ ਯੋਗ ਹਨ ਪਰ ਨੌਕਰੀਆਂ ਤੋਂ ਵਿਰਵੇ ਹਨ। ਪੇਂਡੂ ਖੇਤਰ ਦੇ ਵਿਚ ਇਹ ਦਰ 5.3 ਫੀਸਦੀ ਹੈ।

# ਪਹਿਲੀ ਮਹਿਲਾ ਖਜਾਨਾ ਮੰਤਰੀ ਸੀਤਾਰਾਮਨ ਨੇ ਸੰਭਾਲਿਆ ਅਹੁਦਾ

**ਨਵੀਂ ਦਿੱਲੀ:** ਨਿਰਮਲਾ ਸੀਤਾਰਾਮਨ ਨੇ ਦੇਸ਼ ਦੀ ਪਹਿਲੀ ਮਹਿਲਾ ਖਜਾਨਾ ਮੰਤਰੀ ਬਣ ਕੇ ਮੁੜ ਇਤਿਹਾਸ ਰਚ ਦਿੱਤਾ ਹੈ। ਖਜਾਨਾ ਮੰਤਰੀ ਵਜੋਂ ਉਨ੍ਹਾਂ ਨੂੰ ਆਰਥਿਕ ਨਰਮੀ, ਰੁਜ਼ਗਾਰ ਪੈਦਾ ਕਰਨ, ਕਰਜ਼ਿਆਂ ਨੂੰ ਕਾਬੂ ਹੇਠ ਲਿਆਉਣ ਤੇ ਨਿਵੇਸ਼ ਵਧਾਉਣ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਉਸ ਸਮੇਂ ਇਤਿਹਾਸ ਰਚਿਆ ਸੀ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਪਿਛਲੀ ਕੇਂਦਰ ਸਰਕਾਰ ਵਿਚ ਉਨ੍ਹਾਂ ਨੂੰ ਰੱਖਿਆ ਮੰਤਰੀ ਦਾ ਅਹੁਦਾ ਦਿੱਤਾ ਗਿਆ ਸੀ। ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਦੌਰਾਨ ਹੁਣ ਉਨ੍ਹਾਂ ਨੂੰ ਖਜਾਨਾ ਮੰਤਰੀ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਇਹ ਪਹਿਲਾ ਅਜਿਹਾ ਮੌਕਾ ਹੈ ਜਦੋਂ ਇਕ ਮਹਿਲਾ ਨੂੰ ਦੇਸ਼ ਦਾ ਖਜਾਨਾ ਮੰਤਰੀ ਬਣਾਇਆ ਗਿਆ ਹੈ।

# ਜਗਨਮੋਹਨ ਰੈਡੀ ਨੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

**ਅਮਰਾਵਤੀ (ਆਂਧਰਾ ਪ੍ਰਦੇਸ਼):** ਆਂਧਰਾ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਵਾਈ.ਐਸ.ਆਰ. ਕਾਂਗਰਸ ਨੂੰ ਬਹੁਮਤ ਨਾਲ ਜਿੱਤ ਦਿਵਾਉਣ ਵਾਲੇ ਵਾਈ. ਐਸ. ਜਗਨਮੋਹਨ



ਰੈਡੀ ਨੇ ਸੂਬੇ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਰਾਜਪਾਲ ਈ.ਐਸ.ਐਲ. ਨਰਸਿਮਹਾ ਨੇ 46 ਸਾਲਾ ਆਗੂ ਸ੍ਰੀ ਰੈਡੀ ਨੂੰ ਅਹੁਦੇ ਅਤੇ ਅਹੁਦੇ ਦੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਸ੍ਰੀ ਰੈਡੀ ਦੀ ਪਾਰਟੀ ਨੂੰ ਵਿਧਾਨ ਸਭਾ ਦੀਆਂ 175 ਸੀਟਾਂ ਵਿਚੋਂ 151 ਸੀਟਾਂ ਮਿਲੀਆਂ ਹਨ। ਵਾਈ. ਐਸ. ਆਰ. ਕਾਂਗਰਸ ਨੇ ਪੰਜ ਸਾਲ ਪਹਿਲਾਂ ਤਿਲੰਗਾਨਾ ਦੇ ਗਠਨ ਤੋਂ ਬਾਅਦ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਬਣੇ ਐੱਨ ਚੰਦਰਬਾਬੂ ਨਾਇਡੂ ਦੀ ਤੇਲਗੂ ਦੇਸਮ ਪਾਰਟੀ ਨੂੰ ਬੁਰੀ ਤਰ੍ਹਾਂ ਹਰਾਇਆ ਹੈ। ਇਸ ਦੇ ਨਾਲ ਹੀ ਵਾਈ.ਐਸ.ਆਰ. ਕਾਂਗਰਸ ਨੇ ਸੂਬੇ ਦੀਆਂ 25 ਲੋਕ ਸਭਾ ਸੀਟਾਂ ਵਿਚੋਂ 22 'ਤੇ ਜਿੱਤ ਦਰਜ ਕੀਤੀ ਹੈ।

ਸ੍ਰੀ ਰੈਡੀ ਨੇ ਵਿਜੈਵਾੜਾ ਦੇ ਆਈ. ਜੀ. ਐਮ. ਸੀ. ਸਟੇਡੀਅਮ ਵਿਚ ਕਰਵਾਏ ਸਮਾਰੋਹ ਵਿਚ ਪਾਰਟੀ ਆਗੂਆਂ ਤੇ ਕਾਰਕੁਨਾਂ ਦੀ ਹਾਜ਼ਰੀ ਵਿਚ ਤੇਲਗੂ ਭਾਸ਼ਾ ਵਿੱਚ ਸਹੁੰ ਚੁੱਕੀ। ਉਨ੍ਹਾਂ ਦਾ ਮੰਤਰੀ ਮੰਡਲ 7 ਜੂਨ ਨੂੰ ਸਹੁੰ ਚੁੱਕੇਗਾ।

ਤਿਲੰਗਾਨਾ ਦੇ ਮੁੱਖ ਮੰਤਰੀ ਚੰਦਰਸ਼ੇਖਰ ਰਾਓ, ਡੀ. ਐਮ. ਕੇ. ਮੁਖੀ ਐਮ.ਕੇ. ਸਟਾਲਿਨ ਅਤੇ ਪੁੱਡੂਚੇਰੀ ਦੇ ਸਿਹਤ ਮੰਤਰੀ ਮਲਾਦੀ ਕ੍ਰਿਸ਼ਨ ਰਾਓ ਵਿਸ਼ੇਸ਼ ਮਹਿਮਾਨ ਸਨ। ਉਕਤ ਤੋਂ ਇਲਾਵਾ ਤਿਲੰਗਾਨਾ ਦੇ ਉਪ ਮੁੱਖ ਮੰਤਰੀ ਮਹਿਮੂਦ ਅਲੀ, ਵਿਧਾਨ ਸਭਾ ਦੇ ਪ੍ਰਧਾਨ ਪੋਚਾਰਾਮ ਸ੍ਰੀਨਿਵਾਸ ਰੈਡੀ, ਮੰਤਰੀ ਟੀ ਸ੍ਰੀਨਿਵਾਸ ਯਾਦਵ ਵੀ ਸਹੁੰ ਚੁੱਕ ਸਮਾਗਮ 'ਚ ਸ਼ਾਮਲ ਸਨ।

# ਮੋਦੀ ਸਰਕਾਰ ਵੱਲੋਂ ਕਿਸਾਨਾਂ ਨੂੰ ਵੱਡੇ ਤੋਹਫੇ ਨਾਲ ਨਵੀਂ ਪਾਰੀ ਦੀ ਸ਼ੁਰੂਆਤ

**ਨਵੀਂ ਦਿੱਲੀ:** ਆਪਣੇ ਦੂਸਰੇ ਕਾਰਜਕਾਲ ਦੀ ਪਹਿਲੀ ਕੈਬਨਿਟ ਦੀ ਬੈਠਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਰਕਾਰ ਨੇ ਪਹਿਲੀ ਮੀਟਿੰਗ ਵਿਚ ਚਾਰ ਫੈਸਲੇ ਲਏ ਹਨ। ਇਨ੍ਹਾਂ ਵਿਚ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਯੋਜਨਾ ਜੋ ਪਹਿਲਾਂ ਸਿਰਫ ਦੋ ਏਕੜ ਜ਼ਮੀਨ ਵਾਲੇ ਕਿਸਾਨਾਂ ਲਈ ਹੀ ਸੀ, ਹੁਣ ਇਸ ਯੋਜਨਾ ਵਿਚ ਤਿੰਨ ਕਰੋੜ ਹੋਰ ਕਿਸਾਨ ਸ਼ਾਮਲ ਹੋਣਗੇ।

ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਅਨੁਸਾਰ ਹੁਣ ਸਾਰੇ ਕਿਸਾਨਾਂ ਨੂੰ ਸਾਲਾਨਾ ਛੇ ਹਜ਼ਾਰ ਰੁਪਏ ਮਿਲਣਗੇ। ਇਸ ਤੋਂ ਇਲਾਵਾ, ਛੋਟੇ ਤੇ ਦਰਮਿਆਨੇ ਕਿਸਾਨਾਂ ਲਈ ਪੈਨਸ਼ਨ ਯੋਜਨਾ ਦਾ ਵੀ ਐਲਾਨ ਕੀਤਾ ਗਿਆ ਹੈ। ਭਾਜਪਾ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਇਸ ਯੋਜਨਾ ਵਿਚ ਸਾਰੇ ਕਿਸਾਨਾਂ ਨੂੰ ਸ਼ਾਮਲ ਕਰਨ ਦਾ ਵਾਅਦਾ ਕੀਤਾ ਸੀ, ਜਿਸ ਉਤੇ ਪਹਿਲੀ ਕੈਬਨਿਟ ਮੀਟਿੰਗ ਵਿਚ ਹੀ ਮੋਹਰ ਲਗਾ ਦਿੱਤੀ ਗਈ ਹੈ। ਇਸ ਯੋਜਨਾ ਦਾ 14.5 ਕਰੋੜ ਕਿਸਾਨਾਂ ਨੂੰ ਸਿੱਧਾ ਲਾਭ ਹੋਵੇਗਾ। ਮੋਦੀ ਸਰਕਾਰ ਨੇ ਸ਼ਹੀਦ ਜਵਾਨਾਂ ਦੇ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਵਜ਼ੀਫਾ ਰਾਸ਼ੀ ਵਧਾਉਣ ਦਾ ਫੈਸਲਾ ਵੀ ਲਿਆ ਹੈ।

ਇਸ ਨਾਲ ਖਜਾਨੇ 'ਤੇ ਸਾਲਾਨਾ 87,000 ਕਰੋੜ ਰੁਪਏ ਦਾ ਬੋਝ ਪਏਗਾ। ਪੈਨਸ਼ਨ ਸਕੀਮ ਲਈ ਵੀ 10,000 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਪਵੇਗਾ। ਇਸ ਤੋਂ ਪਹਿਲਾਂ 75,000 ਕਰੋੜ ਵਾਲੀ ਕਿਸਾਨ ਸਨਮਾਨ ਸਿੱਧੀ ਯੋਜਨਾ ਦਾ ਐਲਾਨ ਅੰਤ੍ਰਿਮ ਬਜਟ ਵਿਚ ਕੀਤਾ ਗਿਆ ਸੀ ਤੇ ਉਸ ਵੇਲੇ ਇਸ ਵਿਚ 12.5 ਕਰੋੜ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਸ਼ਾਮਲ ਕੀਤਾ ਗਿਆ ਸੀ। ਹੁਣ ਇਸ 'ਚ ਦੋ ਕਰੋੜ ਹੋਰ ਕਿਸਾਨ ਜੋੜੇ ਗਏ ਹਨ।

ਪੇਂਡੂ ਵਿਕਾਸ ਤੇ ਖੇਤੀ ਮੰਤਰੀ ਸ੍ਰੀ ਤੋਮਰ ਨੇ ਕਿਹਾ ਕਿ ਇਸ ਦੇ ਨਾਲ ਹੀ ਮੋਦੀ ਸਰਕਾਰ ਨੇ ਛੋਟੇ ਵਪਾਰੀਆਂ ਤੇ ਦੁਕਾਨਦਾਰਾਂ ਦੇ ਨਾਲ ਨਾਲ ਕਿਸਾਨਾਂ ਲਈ ਵੀ ਕਿਸਾਨ ਪੈਨਸ਼ਨ ਯੋਜਨਾ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਅਨੁਸਾਰ 60 ਸਾਲ ਦੀ ਉਮਰ ਤੋਂ ਬਾਅਦ ਤਿੰਨ ਹਜ਼ਾਰ ਰੁਪਏ ਪੈਨਸ਼ਨ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਹਰ ਮਹੀਨੇ ਮਿਲਿਆ ਕਰੇਗੀ। ਜੇਕਰ ਪੈਨਸ਼ਨ ਲੈਣ ਵਾਲੇ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਵਾਰਿਸ ਨੂੰ ਪੈਨਸ਼ਨ ਦਾ ਅੱਧਾ ਹਿੱਸਾ ਦਿੱਤਾ ਜਾਵੇਗਾ। ਇਸ ਲਈ ਜਿੰਨਾ ਪੈਸਾ ਕਿਸਾਨ ਦੇਣਗੇ, ਓਨਾ ਹੀ ਸਰਕਾਰ ਦੇਵੇਗੀ। ਇਸ ਦੇ ਨਾਲ ਹੀ ਕੈਬਨਿਟ ਨੇ ਦੇਸ਼ ਭਰ ਵਿਚ ਪਸ਼ੂਆਂ ਦਾ ਟੀਕਾਕਰਨ ਕਰਨ ਦਾ ਫੈਸਲਾ ਵੀ ਲਿਆ ਹੈ। ਇਸ ਅਨੁਸਾਰ ਗਾਵਾਂ, ਮੱਝਾਂ, ਬੱਕਰੀਆਂ, ਭੇਡਾਂ ਤੇ ਸੂਰਾਂ ਨੂੰ ਟੀਕੇ ਲਾਏ ਜਾਣਗੇ। ਇਸ ਦਾ ਪੂਰਾ ਖਰਚਾ ਕੇਂਦਰ ਸਰਕਾਰ ਹੀ ਦੇਵੇਗੀ।

ਇਸੇ ਤਰ੍ਹਾਂ ਮੋਦੀ ਸਰਕਾਰ ਨੇ ਸ਼ਹੀਦ ਜਵਾਨਾਂ ਦੇ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਵਜ਼ੀਫਾ ਰਾਸ਼ੀ ਵਧਾਉਣ ਦਾ ਫੈਸਲਾ ਵੀ ਲਿਆ ਹੈ। 'ਪ੍ਰਧਾਨ ਮੰਤਰੀ ਸਕਾਲਰਸ਼ਿਪ ਸਕੀਮ' ਤਹਿਤ ਮਿਲਣ ਵਾਲੀ ਇਹ ਰਾਸ਼ੀ ਵਧਾਈ ਜਾਵੇਗੀ। ਨੈਸ਼ਨਲ ਡਿਫੈਂਸ ਫੰਡ ਤਹਿਤ ਦਿੱਤੀ ਜਾਣ ਵਾਲੀ ਇਸ ਰਾਸ਼ੀ ਤਹਿਤ ਹੁਣ ਲੜਕਿਆਂ ਨੂੰ 2,500 ਰੁਪਏ ਪ੍ਰਤੀ ਮਹੀਨਾ ਤੇ ਲੜਕੀਆਂ ਨੂੰ 3,000 ਰੁਪਏ ਪ੍ਰਤੀ ਮਹੀਨਾ ਮਿਲਣਗੇ। ਮੌਜੂਦਾ ਸਮੇਂ ਲੜਕਿਆਂ ਨੂੰ ਦੋ ਹਜ਼ਾਰ ਰੁਪਏ ਤੇ ਲੜਕੀਆਂ ਨੂੰ 2,250 ਰੁਪਏ ਪ੍ਰਤੀ ਮਹੀਨਾ ਮਿਲਦੇ ਹਨ।

ਇਸ ਸਕੀਮ ਦਾ ਦਾਇਰਾ ਵਧਾਉਂਦਿਆਂ ਇਸ ਵਿਚ ਰਾਜ ਪੁਲਿਸ ਨੂੰ ਸ਼ਾਮਲ ਕੀਤਾ ਗਿਆ ਹੈ। ਹੁਣ ਅਤਿਵਾਦੀ ਜਾਂ ਨਕਸਲੀ ਹਮਲੇ ਵਿਚ ਸ਼ਹੀਦ ਹੋਏ ਸੂਬਾ ਪੁਲਿਸ ਦੇ ਜਵਾਨਾਂ ਤੇ ਅਫਸਰਾਂ ਦੇ ਬੱਚਿਆਂ ਨੂੰ ਵੀ ਇਹ ਵਜ਼ੀਫਾ ਮਿਲੇਗਾ। ਉਨ੍ਹਾਂ ਨੂੰ ਹੁਣ 500 ਰੁਪਏ ਪ੍ਰਤੀ ਮਹੀਨਾ ਮਿਲਣਗੇ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## 'ਟਾਈਮ' ਮੈਗਜ਼ੀਨ ਨੇ ਮੋਦੀ ਬਾਰੇ ਮਾਰੀ ਪਲਟੀ

**ਨਿਊ ਯਾਰਕ:** 'ਟਾਈਮ' ਮੈਗਜ਼ੀਨ ਜਿਸ ਨੇ ਭਾਰਤ ਵਿਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਣੀ ਕਵਰ ਸਟੋਰੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਡਿਵਾਈਡਰ ਇਨ ਚੀਫ' ਦੱਸਿਆ ਸੀ, ਨੇ ਚੋਣ ਨਤੀਜਿਆਂ ਤੋਂ ਤੁਰਤ ਬਾਅਦ ਪਲਟੀ ਮਾਰਦੇ ਹੋਏ ਇਕ ਰਿਪੋਰਟ ਜਾਰੀ ਕੀਤੀ ਹੈ, ਜਿਸ ਦਾ ਸਿਰਲੇਖ ਹੈ 'ਮੋਦੀ ਨੇ ਭਾਰਤ ਨੂੰ ਏਨਾ ਇਕਜੁੱਟ ਕੀਤਾ, ਜੋ ਕਿ ਕਈ ਦਹਾਕਿਆਂ 'ਚ ਕੋਈ ਪ੍ਰਧਾਨ ਮੰਤਰੀ ਨਹੀਂ ਕਰ ਸਕਿਆ'।

ਇਹ ਲੇਖ ਟਾਈਮ ਦੀ ਵੈਬਸਾਈਟ 'ਤੇ ਪ੍ਰਕਾਸ਼ਿਤ ਹੋਇਆ। ਇਸ 'ਚ ਇਕ ਸਵਾਲ ਪੁੱਛਿਆ ਗਿਆ ਹੈ ਕਿ ਕਿਸ ਤਰ੍ਹਾਂ ਉਹ ਕਥਿਤ ਵੰਡ ਪਾਊ ਸ਼ਖਸੀਅਤਾਂ ਨਾ ਕੇਵਲ ਸੱਤਾ 'ਚ ਕਾਇਮ ਹੋਏ ਹਨ ਸਗੋਂ ਉਨ੍ਹਾਂ ਨੂੰ ਹੋਰ ਜ਼ਿਆਦਾ ਸਮਰਥਨ ਮਿਲ ਗਿਆ ਹੈ, ਅਤੇ ਇਸ ਪ੍ਰਸ਼ਨ ਦੇ ਜਵਾਬ 'ਚ ਲੇਖ ਵਿਚ ਕਿਹਾ ਗਿਆ ਹੈ ਕਿ ਇਕ ਪ੍ਰਮੁੱਖ ਕਾਰਨ ਇਹ ਰਿਹਾ ਹੈ ਕਿ ਮੋਦੀ ਭਾਰਤ ਦੀ ਸਭ ਤੋਂ ਵੱਡੀ ਕਮੀ, ਜਾਤੀਵਾਦ, ਭੇਦਭਾਵ ਨੂੰ ਪਾਰ ਕਰਨ 'ਚ ਕਾਮਯਾਬ ਰਹੇ। ਇਸ ਦੇ ਲੇਖਕ ਮਨੋਜ ਲਾਡਵਾ ਨੇ ਮੋਦੀ ਦੇ ਇਕਜੁੱਟ ਦੇ ਸੂਤਰਧਾਰ ਦੇ ਰੂਪ 'ਚ ਉਭਾਰਨ ਦਾ ਸਿਹਰਾ ਉਨ੍ਹਾਂ ਦੇ ਪਛੜੀ ਜਾਤੀ 'ਚ ਪੈਦਾ ਹੋਣ ਨੂੰ ਦਿੱਤਾ ਹੈ।

## ਪਾਕਿਸਤਾਨ ਨੇ ਡਾ. ਮਨਮੋਹਨ ਸਿੰਘ ਨੂੰ ਦੱਸਿਆ ਮਜ਼ਬੂਤ ਪ੍ਰਧਾਨ ਮੰਤਰੀ

**ਇਸਲਾਮਾਬਾਦ:** ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਜ਼ਬੂਤ ਪ੍ਰਧਾਨ ਮੰਤਰੀ ਦੱਸਦਿਆਂ ਕਿਹਾ ਕਿ ਭਾਰਤ ਨੂੰ ਉਨ੍ਹਾਂ ਵਰਗੇ ਹੀ ਮਜਬੂਤ ਨੇਤਾ ਦੀ ਲੋੜ ਸੀ, ਪਰ ਭਾਰਤੀ ਵੋਟਰਾਂ ਨੇ ਕੁੱਝ ਹੋਰ ਹੀ ਫੈਸਲਾ ਲਿਆ।

ਕੁਰੈਸ਼ੀ ਨੇ ਪਾਕਿ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਉਨ੍ਹਾਂ ਦੇ ਭਾਰਤੀ ਹਮਰੁਤਬਾ ਸ੍ਰੀ ਨਰਿੰਦਰ ਮੋਦੀ ਵਿਚਾਲੇ ਅਜੇ ਕੋਈ ਬੈਠਕ ਤੈਅ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਇਮਰਾਨ ਖਾਨ ਨੇ ਸ੍ਰੀ ਮੋਦੀ ਦੇ ਨਾਲ ਬੈਠਕ ਦੀ ਸੰਭਾਵਨਾ ਨੂੰ ਖਾਰਜ ਨਹੀਂ ਕੀਤਾ ਹੈ ਅਤੇ ਜੇਕਰ ਦੋਵੇਂ ਨੇਤਾ ਕਿਸੇ ਬੈਠਕ ਜਾਂ ਸਮਾਰੋਹ ਮੌਕੇ ਮਿਲਦੇ ਹਨ ਤਾਂ ਇਹ ਦੋਵੇਂ ਮੁਲਕਾਂ ਲਈ ਸ਼ੁੱਭ ਸ਼ੁਰੂਆਤ ਦਾ ਸੰਕੇਤ ਹੋਵੇਗਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਹਮੇਸ਼ਾ ਭਾਰਤ ਨਾਲ ਗੱਲਬਾਤ 'ਤੇ ਜ਼ੋਰ ਦਿੱਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਮੋਦੀ ਦੇ ਸਹੁੰ ਚੁੱਕ ਸਮਾਰੋਹ 'ਚ ਇਮਰਾਨ ਖਾਨ ਨੂੰ ਨਾ ਬੁਲਾਏ ਜਾਣ 'ਤੇ ਤਿੱਖੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਭਾਰਤੀ ਪ੍ਰਧਾਨ ਮੰਤਰੀ ਦੀ ਅੰਦਰੂਨੀ ਰਾਜਨੀਤੀ ਉਨ੍ਹਾਂ ਨੂੰ ਆਪਣੇ ਪਾਕਿਸਤਾਨੀ ਹਮਰੁਤਬਾ ਨੂੰ ਸੱਦਾ ਦੇਣ ਦੀ ਆਗਿਆ ਨਹੀਂ ਦਿੰਦੀ।

## ਪੰਜਾਬ 'ਚ ਖਾੜਕੂਵਾਦ ਦੀ ਸੁਰਜੀਤੀ ਲਈ ਕੋਸ਼ਿਸ਼ਾਂ ਬਾਰੇ ਦਾਅਵਾ

**ਨਵੀਂ ਦਿੱਲੀ:** ਗ੍ਰਹਿ ਮੰਤਰਾਲੇ ਨੂੰ ਸੌਂਪੀ ਇਕ ਰਿਪੋਰਟ ਵਿਚ ਭਾਰਤੀ ਖੁਫੀਆ ਏਜੰਸੀਆਂ ਨੇ ਖੁਲਾਸਾ ਕੀਤਾ ਹੈ ਕਿ ਪੰਜਾਬ ਵਿਚ ਖਾੜਕੂਵਾਦ ਨੂੰ ਸੁਰਜੀਤ ਕਰਨ ਲਈ ਪਾਕਿਸਤਾਨ ਇਕ 'ਬੇਹੱਦ ਖੁਫੀਆ ਯੋਜਨਾ' ਉਤੇ ਕੰਮ ਕਰ ਰਿਹਾ ਹੈ।

ਗ੍ਰਹਿ ਮੰਤਰਾਲੇ ਵਿਚਲੇ ਸੂਤਰਾਂ ਦਾ ਕਹਿਣਾ ਹੈ ਕਿ ਖੁਫੀਆ ਰਿਪੋਰਟ ਵਿਚ ਇਸ ਯੋਜਨਾ ਦਾ ਨਾਂ 'ਪ੍ਰੋਜੈਕਟ ਹਾਰਵੈਸਟਿੰਗ ਕੈਨੇਡਾ' ਦੱਸਿਆ ਗਿਆ ਹੈ। ਇਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਅਤਿਵਾਦ ਦੀ ਸੁਰਜੀਤੀ ਦੀ ਜ਼ਿੰਮੇਵਾਰੀ ਕੈਨੇਡਾ ਵਿਚ ਰਹਿ ਰਹੇ ਖਾਲਿਸਤਾਨੀਆਂ ਨੂੰ ਸੌਂਪੀ ਗਈ ਹੈ। ਯੋਜਨਾ ਮੁਤਾਬਕ ਕੁਝ ਖਾਸ ਅਤਿਵਾਦੀਆਂ ਨੂੰ ਭਾਰਤ 'ਚ ਕਈ ਸੇਵਾ ਮੁਕਤ ਪੁਲਿਸ ਤੇ ਫੌਜੀ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਣ ਲਈ ਕਿਹਾ ਗਿਆ ਹੈ ਤਾਂ ਕਿ ਪੰਜਾਬ ਦਾ ਮਾਹੌਲ ਵਿਗਾੜਿਆ ਜਾ ਸਕੇ ਤੇ ਹਿੰਸਾ ਨੂੰ ਸ਼ਹਿ ਮਿਲੇ। ਗ੍ਰਹਿ ਮੰਤਰਾਲਾ ਇਸ ਰਿਪੋਰਟ ਨੂੰ ਬੇਹੱਦ ਗੰਭੀਰਤਾ ਨਾਲ ਲੈ ਰਿਹਾ ਹੈ।

## ਸਾਲ 'ਚ 71500 ਕਰੋੜ ਦੇ ਬੈਂਕ ਘੁਟਾਲੇ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਕਿਹਾ ਹੈ ਕਿ ਵਿੱਤੀ ਵਰ੍ਹੇ 2018-19 'ਚ ਬੈਂਕਾਂ ਨਾਲ ਜੁੜੇ ਧੋਖਾਧੜੀ ਦੇ 71500 ਕਰੋੜ ਰੁਪਏ ਦੇ 6800 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। ਇਸ ਤੋਂ ਪਹਿਲਾਂ ਵਿੱਤੀ ਵਰ੍ਹੇ 2017-18 'ਚ 41167.03 ਕਰੋੜ ਰੁਪਏ ਦੇ ਅਜਿਹੇ 5916 ਮਾਮਲੇ ਉਜਾਗਰ ਹੋਏ ਸਨ।

ਸੂਚਨਾ ਅਧਿਕਾਰ ਤਹਿਤ ਮੰਗੀ ਜਾਣਕਾਰੀ ਦੇ ਜਵਾਬ 'ਚ ਭਾਰਤੀ ਰਿਜ਼ਰਵ ਬੈਂਕ ਨੇ ਦੱਸਿਆ ਕਿ ਕਮਰਸ਼ੀਅਲ ਬੈਂਕਾਂ ਅਤੇ ਚੋਣਵੇਂ ਵਿੱਤੀ ਸੰਸਥਾਨਾਂ ਨੇ 71542.93 ਕਰੋੜ ਰੁਪਏ ਦੀ ਧੋਖਾਧੜੀ ਦੇ 6801 ਮਾਮਲਿਆਂ ਦੀ ਸੂਚਨਾ ਦਿੱਤੀ ਹੈ। ਕੇਂਦਰੀ ਬੈਂਕ ਨੇ ਦੱਸਿਆ ਕਿ ਧੋਖਾਧੜੀ ਵਾਲੀ ਰਕਮ 'ਚ 73 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਆਰ.ਬੀ.ਆਈ. ਦੇ ਅੰਕੜਿਆਂ ਮੁਤਾਬਕ ਪਿਛਲੇ 11 ਵਿੱਤੀ ਵਰ੍ਹਿਆਂ 'ਚ 2.05 ਲੱਖ ਕਰੋੜ ਰੁਪਏ ਦੀ ਮੋਟੀ ਰਕਮ ਦੇ ਘੁਟਾਲੇ 'ਚ ਕੁੱਲ 53334 ਮਾਮਲੇ ਹਨ। ਇਸ ਤੋਂ ਪਹਿਲਾਂ 2008-09 'ਚ 1860.09 ਕਰੋੜ ਰੁਪਏ ਦੇ 4372 ਮਾਮਲੇ ਸਾਹਮਣੇ ਆਏ ਸਨ। ਇਸ ਤੋਂ ਬਾਅਦ 2009-2010 ਵਿਚ 1998.94 ਕਰੋੜ ਰੁਪਏ ਦੇ 4669 ਕੇਸ ਮਿਲੇ ਸਨ। ਇਸੇ ਤਰ੍ਹਾਂ 2015-16 ਅਤੇ 2016-17 'ਚ ਕ੍ਰਮਵਾਰ 18698.82 ਕਰੋੜ ਰੁਪਏ ਅਤੇ 23933.85 ਕਰੋੜ ਰੁਪਏ ਮੁੱਲ ਦੇ 4693 ਅਤੇ 5076 ਮਾਮਲੇ ਸਾਹਮਣੇ ਆਏ ਸਨ। ਕੇਂਦਰੀ ਬੈਂਕ ਨੇ ਕਿਹਾ ਕਿ ਆਰ.ਬੀ.ਆਈ. ਨੂੰ ਧੋਖਾਧੜੀ ਬਾਰੇ ਜਾਣਕਾਰੀ ਦਿੱਤੇ ਜਾਣ ਦੇ ਨਾਲ ਬੈਂਕਾਂ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਕੋਲ ਅਪਰਾਧਿਕ ਸ਼ਿਕਾਇਤਾਂ ਦਰਜ ਕਰਾਉਣੀਆਂ ਹੁੰਦੀਆਂ ਹਨ।

## ਸਾਕਾ ਨੀਲਾ ਤਾਰਾ

***(ਸਫਾ ਇਕ ਦੀ ਬਾਕੀ)***

ਟਲਦੀ ਰਹੀ ਹੈ।

ਇਹ ਗੱਲ ਹੁਣ ਕਾਫੀ ਹੱਦ ਤੱਕ ਸਾਫ ਹੋ ਚੁੱਕੀ ਹੈ ਕਿ ਇਸ ਤਤਕਾਲੀਨ ਪ੍ਰਧਾਨ ਮੰਤਰੀ ਅਤੇ ਇਸ ਹਮਲੇ ਦੀ ਸੂਤਰਧਾਰ ਇੰਦਰਾ ਗਾਂਧੀ ਨੇ ਚਿਰ ਪਹਿਲਾਂ ਹੀ ਆਪਣੇ ਨਜ਼ਦੀਕੀ ਸਲਾਹਕਾਰਾਂ ਨਾਲ ਰਾਇ-ਮਸ਼ਵਰਾ ਕਰਕੇ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਕਰਨ ਦਾ ਫੈਸਲਾ ਕਰ ਲਿਆ ਸੀ। ਉਸ ਨੇ ਭਾਰਤੀ ਫੌਜ ਦੇ ਤਤਕਾਲੀਨ ਮੁਖੀ ਜਨਰਲ ਏ.ਐਸ. ਵੈਦਿਆ ਨੂੰ ਕੋਈ ਸਾਢੇ ਪੰਜ ਮਹੀਨੇ ਪਹਿਲਾਂ, 15 ਜਨਵਰੀ 1984 ਨੂੰ ਸੈਨਾ ਦਿਵਸ ਦੇ ਮੌਕੇ ਆਪਣੇ ਇਸ ਫੈਸਲੇ ਦੀ ਸੂਹ ਦੇ ਦਿੱਤੀ ਸੀ। ਉਸ ਤੋਂ ਝੱਟ ਹੀ ਬਾਅਦ ਪੱਛਮੀ ਕਮਾਨ ਦੀ ਪੈਰਾ ਬ੍ਰਿਗੇਡ ਡਿਵੀਜ਼ਨ ਦੀ ਫਸਟ ਬਟਾਲੀਅਨ ਦੇ ਕਮਾਂਡੋਆਂ ਨੂੰ ਚਕਰਾਤਾ (ਦੇਹਰਾਦੂਨ ਨੇੜੇ) ਤੇ ਸਰਸਾਵਾ (ਸਹਾਰਨਪੁਰ) ਵਿਖੇ ਵਿਸ਼ੇਸ਼ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਗਈ ਸੀ।ਉਨ੍ਹਾਂ ਨੂੰ ਦਰਬਾਰ ਸਾਹਿਬ ਸਮੂਹ ਨਾਲ ਮਿਲਦੀ-ਜੁਲਦੀ ਨਕਲੀ ਇਮਾਰਤ ਤਿਆਰ ਕਰਕੇ ਇਸ ਉਤੇ ਧਾਵਾ ਬੋਲਣ ਦਾ ਉਚੇਚਾ ਅਭਿਆਸ ਕਰਵਾਇਆ ਗਿਆ ਸੀ।

ਹਮਲੇ ਦੀ ਮਿਥੀ ਹੋਈ ਤਰੀਕ ਨੇੜੇ ਢੁਕਦਿਆਂ ਹੀ ਜਨਰਲ ਏ.ਐਸ. ਵੈਦਿਆ, ਜੋ ਉਸ ਵੇਲੇ ਕਸ਼ਮੀਰ ਅੰਦਰ ਛੁੱਟੀਆਂ ਮਨਾ ਰਿਹਾ ਸੀ, ਨੂੰ ਫੌਰਨ ਦਿਲੀ ਸੱਦ ਲਿਆ ਗਿਆ। ਮਈ ਦੇ ਆਖਰੀ ਦਿਨਾਂ 'ਚ ਭਾਰਤੀ ਫੌਜ ਦੀਆਂ ਚੁਣਵੀਆਂ ਟੁਕੜੀਆਂ ਇਕ-ਇਕ ਕਰਕੇ ਅੰਮ੍ਰਿਤਸਰ ਪਹੁੰਚਣੀਆਂ ਸ਼ੁਰੂ ਹੋ ਗਈਆਂ। ਪੰਜਾਬ ਅੰਦਰ ਫੌਜ ਭੇਜਣ ਦੇ ਅਸਲੀ ਮੰਤਵ ਨੂੰ ਛੁਪਾਉਣ ਲਈ ਬਾਹਰੀ ਪ੍ਰਭਾਵ ਇਹ ਦਿੱਤਾ ਗਿਆ ਕਿ ਸਰਹੱਦੋਂ ਪਾਰ ਘੁਸਪੈਠ ਬੰਦ ਕਰਨ ਲਈ ਫੌਜ ਸਰਹੱਦ ਉਤੇ ਤਾਇਨਾਤ ਕਰਨ ਲਈ ਭੇਜੀ ਜਾ ਰਹੀ ਸੀ।

ਪੱਛਮੀ ਕਮਾਨ ਦੀ ਆਹਲਾ ਦਰਜੇ ਦੀ ਤੋਪਖਾਨਾ ਡਵੀਜ਼ਨ 30 ਮਈ ਨੂੰ ਹੀ ਸੜਕ ਰਸਤੇ ਅੰਮ੍ਰਿਤਸਰ ਪਹੁੰਚ ਗਈ ਸੀ। ਹੈਦਰਾਬਾਦ ਤੇ ਰਾਂਚੀ ਤੋਂ ਚੋਣਵੇਂ ਫੌਜੀ ਦਸਤਿਆਂ ਨੂੰ ਹਵਾਈ ਜਹਾਜ਼ਾਂ ਦੇ ਜ਼ਰੀਏ ਅੰਮ੍ਰਿਤਸਰ ਢੋਇਆ ਗਿਆ। ਸਮੁੰਦਰੀ ਫੌਜ ਦੇ ਅੱਵਲ ਦਰਜੇ ਦੇ ਗੋਤਾਖੋਰ ਹਵਾਈ ਜਹਾਜ਼ ਰਾਹੀਂ ਬੰਬਈ ਤੋਂ ਅੰਮ੍ਰਿਤਸਰ ਪਹੁੰਚਾਏ ਗਏ। ਇਹ ਤਿਆਰੀਆਂ ਇਹੀ ਸੰਕੇਤ ਦਿੰਦੀਆਂ ਹਨ ਕਿ ਸਰਕਾਰ ਦੇ ਇਰਾਦਿਆਂ ਪਿੱਛੇ ਕੋਈ ਸਿਆਸੀ ਇੱਛਾ ਵੀ ਕੰਮ ਕਰ ਰਹੀ ਸੀ।

## ਕੈਪਟਨ ਸਰਕਾਰ ਨੂੰ 'ਆਪ' ਦੇ ਬਾਗੀ ਵਿਧਾਇਕਾਂ ਦਾ ਹੇਜ!

**ਚੰਡੀਗੜ੍ਹ:** ਇੰਜ ਜਾਪਦਾ ਹੈ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਦਲਬਦਲੀ ਵਿਰੋਧੀ ਕਾਨੂੰਨ ਤਹਿਤ ਆਮ ਆਦਮੀ ਪਾਰਟੀ (ਆਪ) ਛੱਡ ਚੁੱਕੇ ਵਿਧਾਇਕਾਂ ਖਿਲਾਫ ਕਾਰਵਾਈ ਕਰਨ ਦੇ ਰੌਅ 'ਚ ਨਹੀਂ ਹਨ। ਪਿਛਲੇ ਛੇ ਮਹੀਨਿਆਂ 'ਚ ਆਮ ਆਦਮੀ ਪਾਰਟੀ ਦੇ ਚਾਰ ਵਿਧਾਇਕ ਹੋਰ ਪਾਰਟੀਆਂ 'ਚ ਸ਼ਾਮਲ ਹੋ ਚੁੱਕੇ ਹਨ ਪਰ ਇਕ ਵੀ ਮਾਮਲੇ 'ਚ ਕਾਰਵਾਈ ਨਹੀਂ ਹੋਈ। 'ਆਪ' ਦਾ ਰੋਪੜ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਤਾਂ ਸਪੀਕਰ ਦੀ ਹਾਜ਼ਰੀ 'ਚ ਹੀ ਕਾਂਗਰਸ ਵਿਚ ਸ਼ਾਮਲ ਹੋਇਆ ਸੀ।

ਕਾਨੂੰਨ ਮੁਤਾਬਕ ਜੇਕਰ ਕਿਸੇ ਵਿਧਾਇਕ ਦੀ ਦਲਬਦਲੀ ਸਬੰਧੀ ਜਾਣਕਾਰੀ ਸਪੀਕਰ ਨੂੰ ਦਿੱਤੀ ਜਾਂਦੀ ਹੈ ਤਾਂ ਉਸ ਕੋਲ ਅਜਿਹੇ ਮੈਂਬਰ ਨੂੰ ਅਯੋਗ ਠਹਿਰਾਉਣ ਦੇ ਪੂਰੇ ਅਖਤਿਆਰ ਹੁੰਦੇ ਹਨ। ਸੁਖਪਾਲ ਖਹਿਰਾ ਅਤੇ ਮਾਸਟਰ ਬਲਦੇਵ ਸਿੰਘ ਨੇ ਜਨਵਰੀ 'ਚ 'ਆਪ' ਤੋਂ ਅਸਤੀਫਾ ਦੇ ਕੇ ਨਵੀਂ ਸਿਆਸੀ ਪਾਰਟੀ ਬਣਾ ਲਈ ਸੀ। ਦੋਵੇਂ ਆਗੂਆਂ ਨੇ ਤਾਂ ਪੰਜਾਬ ਏਕਤਾ ਪਾਰਟੀ ਬਣਾ ਲਈ ਸੀ ਅਤੇ ਲੋਕ ਸਭਾ ਚੋਣ ਵੀ ਲੜੀ ਸੀ ਪਰ ਉਨ੍ਹਾਂ ਦੀ ਵਿਧਾਇਕੀ ਅਜੇ ਵੀ ਕਾਇਮ ਹੈ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਹਰਪਾਲ ਚੀਮਾ ਨੇ ਸ੍ਰੀ ਖਹਿਰਾ ਨੂੰ ਅਯੋਗ ਠਹਿਰਾਉਣ ਲਈ ਸਪੀਕਰ ਨਾਲ ਮੁਲਾਕਾਤ ਵੀ ਕੀਤੀ ਸੀ। ਸੰਦੋਆ ਦੇ ਮਾਮਲੇ 'ਚ ਵੀ 'ਆਪ' ਆਗੂ ਦਿਨੇਸ਼ ਚੱਢਾ ਨੇ ਸਪੀਕਰ ਨੂੰ ਪੱਤਰ ਲਿਖ ਕੇ ਉਸ ਨੂੰ ਅਯੋਗ ਠਹਿਰਾਉਣ ਸਬੰਧੀ ਕਾਰਵਾਈ ਕਰਨ ਲਈ ਕਿਹਾ ਸੀ। ਇਸੇ ਤਰ੍ਹਾਂ ਮਾਨਸਾ ਤੋਂ 'ਆਪ' ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਅਪਰੈਲ 'ਚ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਹਾਜ਼ਰੀ 'ਚ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ ਅਤੇ ਉਨ੍ਹਾਂ ਤੈਅ ਨੇਮਾਂ ਮੁਤਾਬਕ ਅਸਤੀਫਾ ਵੀ ਦੇ ਦਿੱਤਾ ਸੀ ਪਰ ਉਹ ਵੀ ਅਜੇ ਵਿਧਾਇਕ ਬਣੇ ਹੋਏ ਹਨ।

## ਕੈਪਟਨ ਦੀ 'ਸਿੱਟ' ਦੇ ਵੀ ਹੱਥ ਖੜ੍ਹੇ?

***(ਸਫਾ ਇਕ ਦੀ ਬਾਕੀ)***

ਦਿਲਚਸਪ ਤੱਥ ਇਹ ਹੈ ਕਿ ਇਨ੍ਹਾਂ ਘਟਨਾਵਾਂ ਦਾ ਦੋ ਹਜ਼ਾਰ ਸਫਿਆਂ ਦੀ ਚਾਰਜਸ਼ੀਟ ਵਿਚ ਕੋਈ ਸਬੂਤ ਨੱਥੀ ਨਹੀਂ ਕੀਤਾ ਗਿਆ ਹੈ ਅਤੇ ਨਾ ਹੀ 2007 ਤੋਂ ਲੈ ਕੇ 2015 ਤੱਕ ਡੇਰਾ ਸਿਰਸਾ ਅਤੇ ਸਿੱਖ ਸੰਗਤਾਂ ਦਰਮਿਆਨ ਪੈਦਾ ਹੋਏ ਟਕਰਾਅ ਤੋਂ ਬਾਅਦ ਵਾਪਰੀਆਂ ਘਟਨਾਵਾਂ ਬਾਰੇ ਕਿਸੇ ਗਵਾਹ ਦਾ ਬਿਆਨ ਦਰਜ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਵਿਸ਼ੇਸ਼ ਜਾਂਚ ਟੀਮ ਨੇ 13 ਅਕਤੂਬਰ 2015 ਦੀ ਰਾਤ ਨੂੰ ਕੋਟਕਪੂਰਾ 'ਚ ਵਾਪਰੇ ਗੋਲੀ ਕਾਂਡ ਤੇ 14 ਅਕਤੂਬਰ 2015 ਨੂੰ ਵਾਪਰੇ ਬਹਿਬਲ ਕਾਂਡ ਬਾਰੇ ਹੀ ਜਾਂਚ ਕਰਨੀ ਸੀ। ਸੂਤਰਾਂ ਅਨੁਸਾਰ ਚਲਾਨ ਬਾਰੇ ਜਾਂਚ ਟੀਮ ਦੇ ਮੈਂਬਰ ਅਤੇ ਮੁਖੀ ਦੀ ਆਪਸ ਵਿਚ ਸਹਿਮਤੀ ਅਤੇ ਇਕ ਰਾਏ ਨਹੀਂ ਸੀ।

ਜਾਂਚ ਟੀਮ ਦੇ ਚਾਰ ਮੈਂਬਰਾਂ ਨੇ ਡੀ.ਜੀ.ਪੀ. ਨੂੰ ਪੱਤਰ ਲਿਖ ਕੇ ਸਪਸ਼ਟ ਕੀਤਾ ਕਿ ਕੋਟਕਪੂਰਾ ਗੋਲੀ ਕਾਂਡ ਵਿਚ ਪੇਸ਼ ਕੀਤੇ ਗਏ ਚਲਾਨ ਦੇ ਜੋ ਵੀ ਸਿੱਟੇ ਨਿਕਲਣਗੇ, ਉਸ ਲਈ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਹੀ ਜ਼ਿੰਮੇਵਾਰ ਹੋਣਗੇ। ਇਹ ਵੀ ਕਿਹਾ ਜਾ ਰਿਹਾ ਹੈ ਕਿ ਪੁਲਿਸ ਅਧਿਕਾਰੀਆਂ ਖਿਲਾਫ ਅਦਾਲਤ ਵਿਚ ਦੋਸ਼ ਪੱਤਰ ਪੇਸ਼ ਕਰਨ ਤੋਂ ਪਹਿਲਾਂ ਚਲਾਨ ਦੀ ਫਾਈਲ ਗ੍ਰਹਿ ਵਿਭਾਗ ਕੋਲ ਮਨਜ਼ੂਰੀ ਲਈ ਜਾਣੀ ਜ਼ਰੂਰੀ ਸੀ ਪਰ ਜਾਂਚ ਟੀਮ ਨੇ ਗ੍ਰਹਿ ਵਿਭਾਗ ਦੀ ਮਨਜ਼ੂਰੀ ਤੋਂ ਬਿਨਾ ਹੀ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ ਜਿਸ ਦਾ ਪੁਲਿਸ ਅਧਿਕਾਰੀਆਂ ਨੂੰ ਸਿੱਧਾ ਲਾਭ ਮਿਲਣ ਦੀ ਸੰਭਾਵਨਾ ਹੈ।

## ਵਰਜੀਨੀਆ ਗੋਲੀਬਾਰੀ 'ਚ 12 ਮੌਤਾਂ

**ਵਾਸ਼ਿੰਗਟਨ:** ਵਰਜੀਨੀਆ ਸੂਬੇ ਵਿਚ ਇਕ ਮੁਲਾਜ਼ਮ ਨੇ ਸਰਕਾਰੀ ਇਮਾਰਤ 'ਚ ਦਾਖਲ ਹੋ ਕੇ ਇਸ ਦੀਆਂ ਵੱਖ ਵੱਖ ਮੰਜ਼ਲਾਂ 'ਤੇ ਆਪਣੇ ਸਾਥੀ ਮੁਲਾਜ਼ਮਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਜਿਸ 'ਚ ਘੱਟੋ ਘੱਟ 12 ਵਿਅਕਤੀਆਂ ਦੀ ਮੌਤ ਹੋ ਗਈ ਤੇ ਛੇ ਹੋਰ ਜਖਮੀ ਹੋ ਗਏ। ਵਰਜੀਨੀਆ ਬੀਚ ਨੇੜੇ ਹੋਈ ਇਸ ਗੋਲੀਬਾਰੀ ਪਿਛੋਂ ਪੁਲਿਸ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ 'ਚ ਹਮਲਾਵਰ ਵੀ ਮਾਰਿਆ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਇਹ ਵਿਅਕਤੀ ਵਰਜੀਨੀਆ ਬੀਚ ਸਿਟੀ ਦਾ ਮੁਲਾਜ਼ਮ ਸੀ। ਉਸ ਨੇ ਬਿਨਾਂ ਸੋਚੇ ਸਮਝੇ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਪੁਲਿਸ ਮੁਖੀ ਜੇਮਸ ਕਰਵੇਰਾ ਨੇ ਦੱਸਿਆ ਕਿ ਪੁਲਿਸ ਨੇ ਵੀ ਜਵਾਬੀ ਕਾਰਵਾਈ ਕੀਤੀ ਹੈ। ਇਸ ਦੌਰਾਨ ਇਕ ਪੁਲਿਸ ਮੁਲਾਜ਼ਮ ਨੂੰ ਵੀ ਗੋਲੀ ਵੱਜੀ, ਪਰ ਬੁਲੇਟ ਪਰੂਫ ਜੈਕਟ ਪਾਈ ਹੋਣ ਕਾਰਨ ਉਸ ਨੂੰ ਗੰਭੀਰ ਸੱਟ ਨਹੀਂ ਵੱਜੀ। ਮੀਡੀਆ ਨੇ ਵਰਜੀਨੀਆ ਸਰਕਾਰ ਦੇ ਸੂਤਰਾਂ ਤੇ ਕਾਨੂੰਨ ਐਨਫੋਰਸਮੈਂਟ ਦੇ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਕਿ ਸ਼ੱਕੀ ਵਿਅਕਤੀ ਦੀ ਪਛਾਣ 40 ਸਾਲ ਡੇਵਾਇਨ ਕਰੈਡਕ ਵਜੋਂ ਹੋਈ ਹੈ ਤੇ ਉਹ ਵਰਜੀਨੀਆ ਬੀਚ ਸਿਟੀ ਦੇ ਪਬਲਿਕ ਯੂਟੀਲਿਟੀਜ਼ ਵਿਭਾਗ 'ਚ ਇੰਜੀਨੀਅਰ ਸੀ। ਮੇਅਰ ਬੌਬੀ ਡੇਰ ਨੇ ਕਿਹਾ ਕਿ ਵਰਜੀਨੀਆ ਬੀਚ ਦੇ ਇਤਿਹਾਸ 'ਚ ਇਹ ਸਭ ਤੋਂ ਦੁੱਖ ਭਰਿਆ ਦਿਨ ਹੈ। ਇਸ ਤੋਂ ਪ੍ਰਭਾਵਿਤ ਲੋਕਾਂ 'ਚ ਉਨ੍ਹਾਂ ਦੇ ਦੋਸਤ, ਸਹਿਕਰਮੀ ਤੇ ਗੁਆਂਢੀ ਸ਼ਾਮਲ ਹਨ। ਵਰਜੀਨੀਆ ਸਰਕਾਰ ਦੇ ਸੂਤਰਾਂ ਨੇ ਦੱਸਿਆ ਕਿ ਗੋਲੀ ਚਲਾਉਣ ਵਾਲਾ ਵਿਅਕਤੀ ਅਸੰਤੁਸ਼ਟ ਸਰਕਾਰੀ ਕਰਮਚਾਰੀ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਐਡਮਿਰਲ ਕਰਮਬੀਰ ਸਿੰਘ ਨੇ ਜਲ ਸੈਨਾ ਮੁਖੀ ਦਾ ਅਹੁਦਾ ਸੰਭਾਲਿਆ

**ਨਵੀਂ ਦਿੱਲੀ:** ਐਡਮਿਰਲ ਕਰਮਬੀਰ ਸਿੰਘ ਨੇ ਭਾਰਤੀ ਜਲ ਸੈਨਾ ਦੇ 24ਵੇਂ ਮੁਖੀ ਦਾ ਕਾਰਜਭਾਰ ਸੰਭਾਲ ਲਿਆ ਹੈ। ਉਹ ਪਹਿਲੇ ਹੈਲੀਕਾਪਟਰ ਪਾਇਲਟ ਹਨ, ਜੋ ਜਲ ਸੈਨਾ ਦੀ ਅਗਵਾਈ ਕਰਨਗੇ। ਉਨ੍ਹਾਂ ਨੇ ਐਡਮਿਰਲ ਸੁਨੀਲ ਲਾਂਬਾ ਦੀ ਥਾਂ ਕਾਰਜਭਾਰ ਸੰਭਾਲਿਆ ਹੈ ਜੋ ਕਰੀਬ ਚਾਰ ਦਹਾਕੇ ਪਿਛੋਂ ਸੇਵਾਮੁਕਤ ਹੋਏ ਹਨ।

ਇਸ ਤੋਂ ਪਹਿਲਾਂ ਕਰਮਬੀਰ ਸਿੰਘ ਵਿਸ਼ਾਖਾਪਟਨਮ 'ਚ ਪੂਰਬੀ ਜਲ ਸੈਨਾ ਕਮਾਨ ਦੇ ਫਲੈਗ ਆਫਿਸਰ ਕਮਾਂਡਿੰਗ ਇਨ ਚੀਫ ਸਨ। ਐਡਮਿਰਲ ਕਰਮਬੀਰ ਸਿੰਘ ਦੀ ਪਹਿਲ ਨਵੇਂ ਜੰਗੀ ਜਹਾਜ਼ਾਂ, ਪਣਡੁੱਬੀਆਂ ਤੇ ਜਹਾਜ਼ਾਂ ਨੂੰ ਸ਼ਾਮਲ ਕਰਕੇ ਭਾਰਤੀ ਜਲ ਸੈਨਾ ਦੇ ਆਧੁਨਿਕੀਕਰਨ ਲਈ ਲੰਮੇ ਸਮੇਂ ਤੋਂ ਬਣੀ ਘਾਟ ਨੂੰ ਪੂਰਾ ਕਰਨਾ ਹੈ। ਫਿਲਹਾਲ ਜਲ ਸੈਨਾ 'ਚ ਕਰੀਬ 132 ਬੇੜੇ, 220 ਹਵਾਈ ਜਹਾਜ਼ ਅਤੇ 15 ਪਣਡੁੱਬੀਆਂ ਹਨ। ਕਰਮਬੀਰ ਸਿੰਘ ਵੱਲੋਂ ਹਿੰਦ ਮਹਾਂਸਾਗਰ ਖੇਤਰ 'ਚ ਭਾਰਤ ਦੀ ਮੌਜੂਦਗੀ 'ਚ ਵਾਧਾ ਕਰਨ ਦੀ ਸੰਭਾਵਨਾ ਹੈ।

ਐਡਮਿਰਲ ਸਿੰਘ ਦੀ ਤਰੱਕੀ ਨੂੰ ਅੰਡੇਮਾਨ ਨਿਕੋਬਾਰ ਕਮਾਨ ਦੇ ਕਮਾਂਡਰ ਇਨ ਚੀਫ ਵਾਈਸ ਐਡਮਿਰਲ ਵਰਮਾ ਨੇ ਸੀਨੀਅਰਤਾ ਦੇ ਆਧਾਰ ਚੁਣੌਤੀ ਦਿੱਤੀ ਸੀ ਜਿਸ ਨੂੰ ਰੱਖਿਆ ਮੰਤਰਾਲੇ ਨੇ ਖਾਰਜ ਕਰ ਦਿੱਤਾ ਸੀ। ਕਰਮਬੀਰ ਸਿੰਘ ਦੇ ਇਸ ਅਹੁਦੇ 'ਤੇ ਨਵੰਬਰ 2021 ਤੱਕ ਬਣੇ ਰਹਿਣ ਦੀ ਸੰਭਾਵਨਾ ਹੈ।

# ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਮਾਨਤਾ ਨੂੰ ਖਤਰਾ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ 'ਚ ਸਿਰਫ ਦੋ ਸੀਟਾਂ ਲੈਣ ਪਿਛੋਂ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦੀ ਕੌਮੀ ਮਾਨਤਾ ਖਤਮ ਹੋਣ ਕਿਨਾਰੇ ਪਹੁੰਚ ਗਈ ਹੈ।

ਸੀ.ਪੀ.ਆਈ. ਵਾਂਗ 2014 ਦੀਆਂ ਲੋਕ ਸਭਾ ਚੋਣਾਂ 'ਚ ਬਹੁਜਨ ਸਮਾਜ ਪਾਰਟੀ (ਬਸਪਾ) ਅਤੇ ਨੈਸ਼ਨਲ ਕਾਂਗਰਸ ਪਾਰਟੀ (ਐਨ.ਸੀ.ਪੀ.) ਦੀ ਕੌਮੀ ਮਾਨਤਾ ਖਤਮ ਹੋਣ ਦੇ ਆਸਾਰ ਬਣ ਗਏ ਸਨ ਪਰ 2016 'ਚ ਚੋਣ ਕਮਿਸ਼ਨ ਵੱਲੋਂ ਪਾਰਟੀ ਦੀ ਮਾਨਤਾ ਸਬੰਧੀ ਨਿਯਮਾਂ 'ਚ ਸੋਧ ਕਾਰਨ ਨਾਲ ਇਨ੍ਹਾਂ ਪਾਰਟੀਆਂ ਦਾ ਸਿਆਸੀ ਜੀਵਨ ਕਾਇਮ ਰਿਹਾ ਸੀ।

ਸੀ.ਪੀ.ਆਈ. ਦੇ ਜਨਰਲ ਸਕੱਤਰ ਐਸ ਸੁਧਾਕਰ ਰੈਡੀ ਨੇ ਕਿਹਾ, 'ਚੋਣ ਕਮਿਸ਼ਨ ਦੇ ਮੌਜੂਦਾ ਨਿਯਮਾਂ ਅਨੁਸਾਰ ਸਾਡੀ ਪਾਰਟੀ ਦੀ ਕੌਮੀ ਮਾਨਤਾ ਖਤਰੇ 'ਚ ਹੈ। ਉਹ ਤੈਅ ਕਰਨਗੇ ਕਿ ਪਾਰਟੀ ਦੀ ਕੌਮੀ ਮਾਨਤਾ ਕਾਇਮ ਰਹੇ ਜਾਂ ਨਾ। ਮੈਨੂੰ ਆਸ ਹੈ ਕਿ ਚੋਣ ਸੰਸਥਾ ਸਾਕਾਰਾਤਮਕ ਫੈਸਲਾ ਹੀ ਲਵੇਗੀ।' ਉਨ੍ਹਾਂ ਕਿਹਾ ਕਿ ਹਾਲਾਂਕਿ ਪਾਰਟੀ ਦੀ ਕੌਮੀ ਮਾਨਤਾ ਨਾਲ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕੰਮਾਂ 'ਤੇ ਕੋਈ ਫਰਕ ਨਹੀਂ ਪਵੇਗਾ।

ਚੋਣ ਕਮਿਸ਼ਨ ਦੇ 1968 ਦੇ ਹੁਕਮਾਂ ਅਨੁਸਾਰ ਕੋਈ ਵੀ ਸਿਆਸੀ ਪਾਰਟੀ ਤਾਂ ਹੀ ਕੌਮੀ ਮੰਨੀ ਜਾ ਸਕਦੀ ਹੈ ਜੇ ਇਸ ਦੇ ਉਮੀਦਵਾਰਾਂ ਨੇ 4 ਜਾਂ ਵੱਧ ਸੂਬਿਆਂ ਦੀਆਂ ਘੱਟੋ ਘੱਟ 6% ਵੋਟਾਂ ਹਾਸਲ ਕੀਤੀਆਂ ਹੋਣ ਜਾਂ ਉਸ ਦੇ ਘੱਟੋ ਘੱਟ 4 ਲੋਕ ਸਭਾ ਮੈਂਬਰ ਹੋਣ। ਚੋਣ ਕਮਿਸ਼ਨ ਦੀ ਸੂਚੀ ਅਨੁਸਾਰ ਸੱਤ ਪਾਰਟੀਆਂ-ਇੰਡੀਅਨ ਨੈਸ਼ਨਲ ਕਾਂਗਰਸ, ਆਲ ਇੰਡੀਆ ਤ੍ਰਿਣਾਮੂਲ ਕਾਂਗਰਸ, ਭਾਜਪਾ, ਬਸਪਾ, ਸੀ.ਪੀ.ਆਈ., ਸੀ.ਪੀ.ਆਈ. (ਐਮ) ਅਤੇ ਨੈਸ਼ਨਲ ਕਾਂਗਰਸ ਪਾਰਟੀ ਨੂੰ ਕੌਮੀ ਮਾਨਤਾ ਹਾਸਲ ਹੈ।

# ਬੱਚੀ ਨਾਲ ਜਬਰ ਜਨਾਹ ਦੇ ਦੋਸ਼ੀ ਨੂੰ ਕੁੱਟ ਕੁੱਟ ਕੇ ਮਾਰਿਆ

**ਜਲੰਧਰ:** ਰਾਮਾ ਮੰਡੀ ਥਾਣੇ ਅਧੀਨ ਪੈਂਦੇ ਦਿਨੇਸ਼ ਨਗਰ ਇਲਾਕੇ 'ਚ 39 ਵਰ੍ਹਿਆਂ ਦੇ ਨਸ਼ੇੜੀ ਨੇ 9 ਸਾਲ ਦੀ ਪਰਵਾਸੀ ਬੱਚੀ ਨਾਲ ਜਬਰ ਜਨਾਹ ਕੀਤਾ। ਮੁਲਜ਼ਮ ਨੂੰ ਬਾਅਦ 'ਚ ਲੋਕਾਂ ਨੇ ਕੁੱਟ ਕੁੱਟ ਕੇ ਮਾਰ ਦਿੱਤਾ। ਪੁਲਿਸ ਮੁਤਾਬਕ ਬੱਚੀ ਨਾਲ ਘਰ ਵਿਚ ਜਬਰ ਜਨਾਹ ਕਰਨ ਪਿਛੋਂ ਮੁਲਜ਼ਮ ਨਸ਼ੇ ਦੀ ਹਾਲਤ 'ਚ ਸੌਂ ਗਿਆ।

ਕੁਝ ਲੋਕਾਂ ਨੇ ਬੱਚੀ ਨੂੰ ਚੀਕਦੇ ਹੋਏ ਦੇਖਿਆ ਜਿਥੇ ਉਨ੍ਹਾਂ ਨੂੰ ਖੂਨ ਦੇ ਨਿਸ਼ਾਨ ਵੀ ਮਿਲੇ। ਇਸ ਮਗਰੋਂ ਉਨ੍ਹਾਂ ਨਸ਼ੇੜੀ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਜਦੋਂ ਉਸ ਨੂੰ ਜਖਮੀ ਹਾਲਤ ਵਿਚ ਸਿਵਲ ਹਸਪਤਾਲ ਪਹੁੰਚਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਦੋਸ਼ੀ ਦੀ ਪਛਾਣ ਬਿਹਾਰ ਦੇ ਪੱਪੂ ਕੁਮਾਰ ਵਜੋਂ ਹੋਈ ਹੈ ਜੋ ਮਜ਼ਦੂਰੀ ਕਰਦਾ ਸੀ ਅਤੇ ਇਸੇ ਮੁਹੱਲੇ ਵਿਚ ਰਹਿੰਦਾ ਸੀ।

ਸਹਾਇਕ ਪੁਲਿਸ ਕਮਿਸ਼ਨਰ (ਕੇਂਦਰੀ) ਹਰਸਿਮਰਤ ਸਿੰਘ ਨੇ ਦੱਸਿਆ ਕਿ ਬੱਚੀ ਦੇ ਮਾਤਾ-ਪਿਤਾ ਝਾਰਖੰਡ ਦੇ ਰਹਿਣ ਵਾਲੇ ਹਨ। ਜਦੋਂ ਉਹ ਆਪਣੇ ਭੈਣ-ਭਰਾ ਨਾਲ ਖੇਡ ਰਹੀ ਸੀ ਤਾਂ ਦੋਸ਼ੀ ਨੇ ਵਾਰਦਾਤ ਨੂੰ ਅੰਜਾਮ ਦਿੱਤਾ। ਪੁਲਿਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੀੜਤ ਲੜਕੀ ਦੀ ਹਾਲਤ ਵੀ ਨਾਜ਼ੁਕ ਦੱਸੀ ਜਾ ਰਹੀ ਹੈ ਅਤੇ ਸਿਵਲ ਹਸਪਤਾਲ ਦੇ ਡਾਕਟਰ ਉਸ ਦਾ ਇਲਾਜ ਕਰ ਰਹੇ ਹਨ। ਲੜਕੀ ਦੇ ਪਿਤਾ ਨੇ ਦੱਸਿਆ ਕਿ ਉਹ ਪਤਨੀ ਨਾਲ ਬਾਜ਼ਾਰ ਗਏ ਹੋਏ ਸਨ ਤਾਂ ਪਿੱਛੋਂ ਇਹ ਘਟਨਾ ਵਾਪਰ ਗਈ।

# ਬੱਬਰ ਖਾਲਸਾ ਦੇ 2 ਮੈਂਬਰ ਫੜਨ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਖੁਫੀਆ ਵਿੰਗ ਨੇ ਘੱਲੂਘਾਰਾ ਹਫਤੇ ਦੌਰਾਨ ਬੱਬਰ ਖਾਲਸਾ ਇੰਟਰਨੈਸ਼ਨਲ ਸੰਗਠਨ ਦੇ 2 ਮੈਂਬਰਾਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਬੁਲਾਰੇ ਅਨੁਸਾਰ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜਗਦੇਵ ਸਿੰਘ ਤੇ ਰਵਿੰਦਰਪਾਲ ਸਿੰਘ ਵਜੋਂ ਹੋਈ ਹੈ, ਜੋ ਇਸ ਸਮੇਂ ਮਲੇਸ਼ੀਆ 'ਚ ਰਹਿ ਰਹੇ ਕੁਲਵਿੰਦਰ ਸਿੰਘ ਉਰਫ ਖਾਨਪੁਰੀਆ ਦੇ ਨਿਰਦੇਸ਼ਾਂ 'ਤੇ ਸਲੀਪਰ ਸੈਲਜ਼ ਲਈ ਫੰਡ ਤੇ ਹਥਿਆਰ ਮੁਹੱਈਆ ਕਰਵਾਉਣ ਦਾ ਪ੍ਰਬੰਧ ਕਰ ਰਹੇ ਸਨ।

ਬੁਲਾਰੇ ਅਨੁਸਾਰ ਸਟੇਟ ਸਪੈਸ਼ਲ ਆਪਰੇਸ਼ਨ ਸੈੱਲ, ਅੰਮ੍ਰਿਤਸਰ ਨੂੰ ਵਿਸ਼ੇਸ਼ ਸੂਚਨਾ ਮਿਲੀ ਸੀ ਕਿ ਬੱਬਰ ਖਾਲਸਾ ਦੇ ਕਾਰਕੁੰਨ ਕੁਲਵਿੰਦਰ ਸਿੰਘ ਉਰਫ ਖਾਨਪੁਰੀਆ ਨੇ ਸੂਬੇ 'ਚ ਅਤਿਵਾਦ ਫੈਲਾਉਣ ਲਈ ਆਪਣੇ ਸਾਥੀਆਂ ਨਾਲ ਮਿਲ ਕੇ ਵਿਸ਼ੇਸ਼ ਭਾਈਚਾਰੇ ਦੇ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾਈ ਹੈ। ਜ਼ਿਕਰਯੋਗ ਹੈ ਕਿ ਮੁੱਖ ਸਾਜਿਸ਼ਕਰਤਾ ਖਾਨਪੁਰੀਆ ਪਹਿਲਾਂ ਵੀ ਕਈ ਅਤਿਵਾਦੀ ਸਰਗਰਮੀਆਂ 'ਚ ਸ਼ਾਮਲ ਰਿਹਾ ਹੈ। ਉਹ ਜਨਵਰੀ 2019 'ਚ ਪਰਿਵਾਰ ਸਮੇਤ ਟੂਰਿਸਟ ਵੀਜ਼ੇ ਉਤੇ ਮਲੇਸ਼ੀਆ ਚਲਾ ਗਿਆ ਸੀ ਤੇ ਜਾਣਬੁੱਝ ਕੇ ਵਿਦੇਸ਼ਾਂ ਤੇ ਭਾਰਤ 'ਚ ਰਹਿੰਦੇ ਆਪਣੇ ਸਾਥੀਆਂ ਨਾਲ ਤਾਲਮੇਲ ਰਾਹੀਂ ਅਤਿਵਾਦੀ ਗਤੀਵਿਧੀਆਂ ਦੀ ਯੋਜਨਾ ਬਣਾਉਣ 'ਚ ਸਰਗਰਮ ਹੋਇਆ।

# ਕਿਮ ਜੋਂਗ ਨੇ 5 ਅਧਿਕਾਰੀਆਂ ਨੂੰ ਮੌਤ ਦੇ ਘਾਟ ਉਤਾਰਿਆ

**ਸਿਓਲ:** ਉੱਤਰੀ ਕੋਰੀਆ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਪਰਮਾਣੂ ਪ੍ਰੋਗਰਾਮ 'ਤੇ ਅਸਫਲ ਰਹੀ ਗੱਲਬਾਤ ਤੋਂ ਬਾਅਦ ਇਕ ਕੂਟਨੀਤਿਕ ਸਮੇਤ 5 ਅਧਿਕਾਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਮੌਤ ਦੀ ਸਜ਼ਾ ਪਾਉਣ ਵਾਲਿਆਂ ਵਿਚ ਅਮਰੀਕਾ ਨਾਲ ਗੱਲਬਾਤ ਦਾ ਰਸਤਾ ਕੱਢਣ ਵਾਲੇ ਯੂ.ਐਸ. ਲਈ ਉੱਤਰ ਕੋਰੀਆ ਦੇ ਵਿਸ਼ੇਸ਼ ਦੂਤ ਵੀ ਸ਼ਾਮਿਲ ਹੈ। ਦੱਖਣੀ ਕੋਰੀਆ ਦੇ ਅਖਬਾਰ ਵਿਚ ਦਾਅਵਾ ਕੀਤਾ ਗਿਆ ਹੈ ਕਿ ਉੱਤਰ ਕੋਰੀਆ ਪ੍ਰਮੁੱਖ ਕਿਮ ਜੋਂਗ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਕਾਰ ਗੱਲਬਾਤ ਅਸਫਲ ਰਹਿਣ ਤੋਂ ਬਾਅਦ ਕੂਟਨੀਤਕ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ।

**Matrimonials**

**ਲੜਕੇ ਦੀ ਲੋੜ ਹੈ**

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com

ਗਿੱਲ ਜੱਟ ਸਿੱਖ, ਉਮਰ 23 ਸਾਲ, ਕੱਦ 5'-4", ਬੀ. ਏ. ਕੰਪਿਊਟਰ ਡਿਪੋਲਮਾ, ਸੁਸੀਲ, ਸੁੰਦਰ ਲੜਕੀ, ਜੋ ਇਸ ਸਮੇਂ ਅਮਰੀਕਾ ਵਿਚ ਵਿਜ਼ਿਟਰ/ਬਿਜਨਸ ਵੀਜ਼ੇ 'ਤੇ ਪਿਛਲੇ ਕਰੀਬ ਦੋ ਮਹੀਨੇ ਤੋਂ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: mank86575@gmail.com ਜਾਂ ਫੋਨ: 765-212-9289 *20-23*

**ਲੜਕੀ ਦੀ ਲੋੜ ਹੈ**

Well established, educated small Jatt Sikh, Sekhon Family seeks a US born, or Green Card holder match for their well educated, hard worker, 23 years old son, 6'-1", currently doing Business Administration in a Private University, on F1 visa. He is in the United States since 2015. Clean record. Contact, Ph: 561-221-7559, 815-276-3557 or e-mail: sherisekhon88@gmail.com

*punjabtimesusa.com*

**Wanted Workers**

**Need workers for Restaurant and Gas stations In Eureka, CA.**

***Housing and food provide.***

**ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ**

***ਰਿਹਾਇਸ਼ ਅਤੇ ਖਾਣਾ ਮੁਫਤ***

**Call, Gurpreet Singh Sohal**

**Ph: 707-498-9325**

redwoodpetroleum@gmail.com

23-26

**Prince's Barber Shop**

**37477 Fremont Blvd, suite C, Fremont, CA 94536**

***Men & Children's Hair Cut***

*Threading
*Custom Text
*Men's Facials
*Hair Coler
*Custom Designing
*Shave & Mundan
*Line-ups
*Head Massage

**ਫੁੱਲ ਟਾਈਮ ਬਾਰਬਰ ਦੀ ਲੋੜ ਹੈ**

*ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



**Cell: (510)-677-9942**
**Shop: (510)-505-9605**

*www.princebarbershop.com*

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

***National Truck Driving School***

**1816 Main Ave., Secramento CA, 95838**

**ਸੈਕਰਾਮੈਂਟੋ, ਕੈਲੀਫੋਰਨੀਆ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**

# ਹੁਣ ਜ਼ਿਮਨੀ ਚੋਣਾਂ ਲਾਉਣਗੀਆਂ ਸਿਆਸੀ ਰੌਣਕਾਂ

**ਚੰਡੀਗੜ੍ਹ:** ਸੂਬੇ ਵਿਚ ਹਾਲ ਦੀ ਘੜੀ ਜਲਾਲਾਬਾਦ ਅਤੇ ਫਗਵਾੜਾ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਹੋਣ ਦੇ ਹੀ ਆਸਾਰ ਹਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਜਲਾਲਾਬਾਦ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਵਜੋਂ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ। ਵਿਧਾਨ ਸਭਾ ਵੱਲੋਂ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਚੁਣੇ ਗਏ ਤੇ ਮੋਦੀ ਸਰਕਾਰ ਵਿਚ ਰਾਜ ਮੰਤਰੀ ਬਣੇ ਸੋਮ ਪ੍ਰਕਾਸ਼ ਨੇ ਹਾਲ ਦੀ ਘੜੀ ਵਿਧਾਇਕ ਵਜੋਂ ਅਸਤੀਫਾ ਨਹੀਂ ਦਿੱਤਾ। ਉਹ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਫਗਵਾੜਾ ਵਿਧਾਨ ਸਭਾ ਹਲਕੇ ਤੋਂ ਚੁਣੇ ਗਏ ਸਨ।



ਵਿਧਾਨ ਸਭਾ ਸਕੱਤਰੇਤ ਦੇ ਸੂਤਰਾਂ ਅਨੁਸਾਰ ਜਲਾਲਾਬਾਦ ਅਤੇ ਫਗਵਾੜਾ ਦੋਵਾਂ ਵਿਧਾਨ ਸਭਾ ਹਲਕਿਆਂ ਦੇ ਵਿਧਾਇਕਾਂ ਵੱਲੋਂ ਅਸਤੀਫਾ ਦੇਣ ਸਬੰਧੀ ਇਕੱਠੀ ਰਿਪੋਰਟ ਹੀ ਚੋਣ ਕਮਿਸ਼ਨ ਨੂੰ ਭੇਜੀ ਜਾਵੇਗੀ ਤੇ ਜ਼ਿਮਨੀ ਚੋਣਾਂ ਦਾ ਐਲਾਨ ਕਮਿਸ਼ਨ ਵੱਲੋਂ ਕੀਤਾ ਜਾਵੇਗਾ। ਕਮਿਸ਼ਨ ਛੇ ਮਹੀਨਿਆਂ ਦੇ ਅੰਦਰ ਜ਼ਿਮਨੀ ਚੋਣ ਕਰਾਉਣ ਲਈ ਸੰਵਿਧਾਨਿਕ ਤੌਰ 'ਤੇ ਪਾਬੰਦ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਫਿਰੋਜਪੁਰ ਹਲਕੇ ਤੋਂ ਸੰਸਦ ਮੈਂਬਰ ਚੁਣੇ ਗਏ ਹਨ।

ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਆਮ ਆਦਮੀ ਪਾਰਟੀ ਦੇ ਬਾਗੀ ਵਿਧਾਇਕਾਂ ਦੇ ਅਸਤੀਫਿਆਂ ਸਬੰਧੀ ਫੈਸਲਾ ਲਟਕ ਗਿਆ ਹੈ। ਸੂਤਰਾਂ ਮੁਤਾਬਕ ਸਪੀਕਰ ਵੱਲੋਂ ਸੁਖਪਾਲ ਸਿੰਘ ਖਹਿਰਾ, ਨਾਜਰ ਸਿੰਘ ਮਾਨਸ਼ਾਹੀਆ ਅਤੇ ਅਮਰਜੀਤ ਸਿੰਘ ਸੰਦੋਆ ਨੂੰ ਅਸਤੀਫੇ ਸਬੰਧੀ ਸਥਿਤੀ ਸਪੱਸ਼ਟ ਕਰਨ ਲਈ 30 ਜੁਲਾਈ ਨੂੰ ਸੱਦਿਆ ਗਿਆ ਹੈ। ਇਸੇ ਤਰ੍ਹਾਂ 'ਆਪ' ਦੇ ਇਕ ਹੋਰ ਬਾਗੀ ਵਿਧਾਇਕ ਮਾਸਟਰ ਬਲਦੇਵ ਸਿੰਘ ਖਿਲਾਫ ਦਾਇਰ ਹੋਈ ਪਟੀਸ਼ਨ 'ਤੇ ਸੁਣਵਾਈ 20 ਅਗਸਤ ਨੂੰ ਹੋਵੇਗੀ। ਇਸ ਤਰ੍ਹਾਂ ਸੂਬੇ ਵਿਚ ਹਾਲ ਦੀ ਘੜੀ ਜਲਾਲਾਬਾਦ ਅਤੇ ਫਗਵਾੜਾ ਵਿਧਾਨ ਸਭਾ ਹਲਕਿਆਂ ਦੀਆਂ ਜਿਮਨੀ ਚੋਣਾਂ ਹੋਣ ਦੇ ਹੀ ਆਸਾਰ ਹਨ।

## ਮੁੜ ਚੋਣ ਮੈਦਾਨ 'ਚ ਉਤਰਨਗੇ ਸੁਨੀਲ ਜਾਖੜ

**ਚੰਡੀਗੜ੍ਹ:** ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੂੰ ਇਕ ਵਾਰ ਫਿਰ ਚੋਣ ਮੈਦਾਨ 'ਚ ਉਤਾਰਿਆ ਜਾ ਸਕਦਾ ਹੈ। ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ 'ਚ ਹਲਕਾ ਗੁਰਦਾਸਪੁਰ ਤੋਂ ਭਾਜਪਾ ਉਮੀਦਵਾਰ ਸੰਨੀ ਦਿਓਲ ਤੋਂ ਹਾਰਨ ਮਗਰੋਂ ਜਾਖੜ ਵੱਲੋਂ ਪੰਜਾਬ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਸੀ, ਜਿਸ ਨੂੰ ਅਜੇ ਤੱਕ ਕਾਂਗਰਸ ਹਾਈ ਕਮਾਨ ਨੇ ਪ੍ਰਵਾਨ ਨਹੀਂ ਕੀਤਾ ਹੈ। ਪਿਛਲੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਪਾਰਟੀ ਦੇ ਵਿਧਾਇਕਾਂ ਨੇ ਸਰਬਸੰਮਤੀ ਨਾਲ ਮਤਾ ਵੀ ਪਾਸ ਕੀਤਾ ਸੀ ਕਿ ਜਾਖੜ ਦਾ ਅਸਤੀਫਾ ਸਵੀਕਾਰ ਨਾ ਕੀਤਾ ਜਾਵੇ। ਉਚ ਪੱਧਰੀ ਸੂਤਰਾਂ ਅਨੁਸਾਰ ਹੁਣ ਸੂਬਾ ਕਾਂਗਰਸ ਪ੍ਰਧਾਨ ਨੂੰ ਵਿਧਾਨ ਸਭਾ ਜ਼ਿਮਨੀ ਚੋਣ ਲੜਾ ਕੇ ਮੰਤਰੀ ਮੰਡਲ 'ਚ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸੂਬੇ 'ਚ ਆਮ ਆਦਮੀ ਪਾਰਟੀ ਦੇ ਕਈ ਵਿਧਾਇਕਾਂ ਨੇ ਅਸਤੀਫਾ ਦਿੱਤਾ ਹੋਇਆ ਹੈ।

# ਜੀ.ਡੀ. ਫੂਡਜ਼ ਮਾਝੇ 'ਚ ਪੰਜ ਹਜ਼ਾਰ ਏਕੜ 'ਚ ਕਰੇਗੀ ਖੇਤੀ

**ਅੰਮ੍ਰਿਤਸਰ:** ਫੂਡ ਪ੍ਰੋਸੈਸਿੰਗ ਸਬੰਧੀ ਕੰਪਨੀ ਜੀ.ਡੀ. ਫੂਡਜ਼ ਐਫ.ਐਮ.ਜੀ. ਇੰਡੀਆ ਵੱਲੋਂ ਇਥੇ ਮਾਝਾ ਖੇਤਰ ਵਿਚ ਕਿਸਾਨਾਂ ਨਾਲ ਸਾਂਝੇਦਾਰੀ ਹੇਠ ਪੰਜ ਹਜ਼ਾਰ ਏਕੜ ਜ਼ਮੀਨ ਵਿਚ ਆਪਣੇ ਬੂਟੇ ਦੇ ਕੇ ਟਮਾਟਰ, ਹਰੀ ਮਿਰਚ, ਨਿੰਬੂ, ਲਾਲ ਮਿਰਚ, ਸਰ੍ਹੋਂ ਤੇ ਸੇਬ ਦੀ ਖੇਤੀ ਕਰਾਈ ਜਾਵੇਗੀ। 'ਟਾਪਸ' ਨਾਂ ਹੇਠ ਦੇਸ਼ ਭਰ ਵਿਚ ਅਤੇ ਕਈ ਹੋਰ ਮੁਲਕਾਂ ਵਿਚ ਚਟਣੀਆਂ, ਮਸਾਲੇ, ਆਚਾਰ ਤੇ ਹੋਰ ਵਸਤਾਂ ਵੇਚ ਰਹੀ ਜੀ.ਡੀ. ਫੂਡਜ਼ ਵੱਲੋਂ ਇਥੇ ਖਡੂਰ ਸਾਹਿਬ ਨੇੜੇ ਪੰਜ ਸਾਲ ਪਹਿਲਾਂ ਆਪਣਾ ਪ੍ਰੋਸੈਸਿੰਗ ਯੂਨਿਟ ਸਥਾਪਤ ਕੀਤਾ ਗਿਆ ਸੀ। ਇਹ ਕੰਪਨੀ ਇਸ ਵੇਲੇ ਦੇਸ਼ ਵਿਚ ਸੱਤ ਉਤਪਾਦਨ ਯੂਨਿਟ ਚਲਾ ਰਹੀ ਹੈ।

ਕੰਪਨੀ ਦੇ ਮੀਤ ਚੇਅਰਮੈਨ ਨਿਤਿਨ ਸੇਠ ਨੇ ਦੱਸਿਆ ਕਿ ਲਗਭਗ 34 ਸਾਲ ਪਹਿਲਾਂ ਕੰਪਨੀ ਨੇ ਪ੍ਰੋਸੈਸਿੰਗ ਯੂਨਿਟ ਲਾਇਆ ਸੀ। ਉਨ੍ਹਾਂ ਦੱਸਿਆ ਕਿ ਖਡੂਰ ਸਾਹਿਬ ਵਿਚ ਸਿਰਫ ਟਮਾਟਰ ਤੇ ਹਰੀ ਮਿਰਚ ਦੀ ਚਟਣੀ ਤਿਆਰ ਕੀਤੀ ਜਾ ਰਹੀ ਹੈ, ਜਦਕਿ ਅਦਰਕ ਤੇ ਲਸਣ ਦਾ ਪੇਸਟ ਵੀ ਹੁਣ ਇਥੇ ਤਿਆਰ ਕਰਨਾ ਸ਼ੁਰੂ ਕੀਤਾ ਹੈ। ਕੰਪਨੀ ਭਵਿੱਖ ਵਿਚ ਇਥੇ ਫਲਾਂ ਦਾ ਜੈਮ ਵੀ ਤਿਆਰ ਕਰਨ ਦੀ ਇਛੁੱਕ ਹੈ। ਕੰਪਨੀ ਨੇ ਦੋ ਏਕੜ ਜ਼ਮੀਨ ਤੋਂ ਕੰਮ ਸ਼ੁਰੂ ਕੀਤਾ ਸੀ ਤੇ ਹੁਣ 3 ਏਕੜ ਹੋਰ ਜ਼ਮੀਨ 'ਚ ਯੂਨਿਟ ਦਾ ਵਿਸਥਾਰ ਕੀਤਾ ਹੈ।

ਇਸੇ ਤਰ੍ਹਾਂ ਕਿਸਾਨਾਂ ਦੀ ਸਾਂਝੇਦਾਰੀ ਨਾਲ ਪੰਜ ਹਜ਼ਾਰ ਏਕੜ ਰਕਬੇ ਵਿਚ ਕੰਪਨੀ ਨੇ ਠੇਕਾ ਆਧਾਰਿਤ ਖੇਤੀ ਸ਼ੁਰੂ ਕੀਤੀ ਹੈ। ਹੁਣ ਸੇਬ ਦੀ ਵੀ ਕਾਸ਼ਤ ਸ਼ੁਰੂ ਕਰਾਈ ਗਈ ਹੈ। ਕੰਪਨੀ ਵੱਲੋਂ ਜਿਨ੍ਹਾਂ ਕਿਸਾਨਾਂ ਨਾਲ ਸਮਝੌਤਾ ਕੀਤਾ ਗਿਆ ਹੈ, ਉਨ੍ਹਾਂ ਦੀ ਸਾਰੀ ਫਸਲ ਵੀ ਉਚਿਤ ਭਾਅ 'ਤੇ ਖਰੀਦਣ ਦਾ ਵਾਅਦਾ ਕੀਤਾ ਗਿਆ ਹੈ। ਫਲਾਂ ਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਕਰਕੇ ਵੱਖ ਵੱਖ ਵਸਤਾਂ ਤਿਆਰ ਕਰਕੇ ਦੇਸ਼ ਦੇ ਵੱਖ ਵੱਖ ਬਾਜ਼ਾਰਾਂ ਤੇ ਕਈ ਹੋਰ ਮੁਲਕਾਂ ਵਿਚ ਭੇਜ ਰਹੇ ਹਨ। ਉਨ੍ਹਾਂ ਆਖਿਆ ਕਿ ਪੰਜਾਬ ਵਿਚ ਇਹ ਕੰਪਨੀ ਦਾ ਪਹਿਲਾ



ਯੂਨਿਟ ਹੈ ਤੇ ਇਸ ਇਕਾਈ ਨਾਲ ਲਗਭਗ 2500 ਕਿਸਾਨ ਤੇ ਉਨ੍ਹਾਂ ਦੇ ਪਰਿਵਾਰ ਜੁੜ ਗਏ ਹਨ। ਸ੍ਰੀ ਸੇਠ ਨੇ ਦੱਸਿਆ ਕਿ ਭਾਰਤ ਵਿਚ ਸਿਰਫ ਅੱਠ ਫੀਸਦ ਪ੍ਰੋਸੈਸਿੰਗ ਹੋ ਰਹੀ ਹੈ, ਜਦਕਿ ਹੋਰ ਮੁਲਕਾਂ ਵਿਚ ਫਲਾਂ ਤੇ ਸਬਜ਼ੀਆਂ ਦੀ ਪ੍ਰੋਸੈਸਿੰਗ 70 ਤੋਂ 80 ਫੀਸਦ ਤਕ ਹੋ ਰਹੀ ਹੈ। ਇਸ ਲਈ ਭਾਰਤ ਵਿਚ ਇਸ ਕਿੱਤੇ ਨੂੰ ਉਤਸ਼ਾਹਿਤ ਕਰਨ ਲਈ ਵੱਡੇ ਮੌਕੇ ਹਨ ਅਤੇ ਇਸ ਤਹਿਤ ਰੁਜ਼ਗਾਰ ਦੇ ਵੀ ਵੱਡੇ ਮੌਕੇ ਪੈਦਾ ਹੋਣਗੇ।

# ਰਸੂਖਵਾਨਾਂ ਦੇ ਵੀ.ਵੀ.ਆਈ.ਪੀ. ਰੁਤਬੇ ਖੋਹਣ ਤੋਂ ਟਲਣ ਲੱਗੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਾਂਗਰਸੀ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਅਤੇ ਅਕਾਲੀ ਨੇਤਾ ਰਵੀਕਰਨ ਸਿੰਘ ਕਾਹਲੋਂ ਦੀ ਸੁਰੱਖਿਆ ਵਧਾ ਦਿੱਤੀ ਹੈ। ਵਿਧਾਇਕ ਪਿੰਕੀ ਨੂੰ 'ਜ਼ੈੱਡ ਸ਼੍ਰੇਣੀ' ਦੇ ਸੁਰੱਖਿਆ ਘੇਰੇ ਵਿਚ ਲਿਆਂਦਾ ਗਿਆ ਹੈ। ਸੂਤਰਾਂ ਅਨੁਸਾਰ ਇਨ੍ਹਾਂ ਦੋਹਾਂ ਸਿਆਸੀ ਆਗੂਆਂ ਦੀ ਸੁਰੱਖਿਆ ਅਤਿਵਾਦੀਆਂ ਅਤੇ ਗੈਂਗਸਟਰਾਂ ਤੋਂ ਖਤਰੇ ਕਾਰਨ ਵਧਾਈ ਗਈ ਹੈ। ਕਾਂਗਰਸ ਸਰਕਾਰ ਦੇ ਗਠਨ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸੁਰੱਖਿਆ ਘਟਾਉਣ ਦਾ ਐਲਾਨ ਕੀਤਾ ਸੀ ਤੇ ਕੁਝ ਸੁਰੱਖਿਆ ਕਰਮਚਾਰੀ ਮੁੱਖ ਮੰਤਰੀ ਦੀ ਸੁਰੱਖਿਆ ਵਿਚੋਂ ਹਟਾ ਵੀ ਦਿੱਤੇ ਗਏ ਸਨ ਪਰ ਦੇਖਿਆ ਜਾਵੇ ਤਾਂ ਸੁਰੱਖਿਆ ਲੈਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ।

ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ 'ਚ ਚੋਣ ਪ੍ਰਚਾਰ ਕਰਨ ਤੋਂ ਬਾਅਦ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੰਘ ਸਿੱਧੂ ਨੂੰ ਬੂਲੇਟ ਪਰੂਫ ਗੱਡੀ ਅਤੇ 'ਜ਼ੈੱਡ ਪਲੱਸ' ਸੁਰੱਖਿਆ ਸ਼੍ਰੇਣੀ ਵਿਚ ਲਿਆਂਦਾ ਗਿਆ। ਇਸੇ ਤਰ੍ਹਾਂ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਧਮਕੀਆਂ ਮਿਲਣ ਤੋਂ ਬਾਅਦ ਜੇਲ੍ਹ ਮੰਤਰੀ ਦੀ ਸੁਰੱਖਿਆ ਵੀ ਵਧਾ ਦਿੱਤੀ ਗਈ। ਬਾਦਲ ਪਰਿਵਾਰ ਦੇ ਤਿੰਨਾਂ ਮੈਂਬਰਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਸਮੇਤ ਬਿਕਰਮ ਸਿੰਘ ਮਜੀਠੀਆ ਨੂੰ ਵੀ 'ਜ਼ੈੱਡ ਪਲੱਸ' ਸੁਰੱਖਿਆ ਹੀ ਦਿੱਤੀ ਹੋਈ ਹੈ। ਪੰਜਾਬ ਵਿਚ ਸੇਵਾਮੁਕਤ ਪੁਲਿਸ ਤੇ ਸਿਵਲ ਅਫਸਰਾਂ, ਡੇਰਿਆਂ ਵਾਲਿਆਂ ਅਤੇ ਸਿਆਸਤਦਾਨਾਂ ਨੂੰ ਵੱਡੀ ਪੱਧਰ 'ਤੇ ਸੁਰੱਖਿਆ ਹੀ ਨਹੀਂ ਦਿੱਤੀ ਹੋਈ, ਸਗੋਂ ਸਰਕਾਰ ਵੱਲੋਂ ਕਾਰਾਂ ਵੀ ਮੁਹੱਈਆ ਕਰਾਈਆਂ ਗਈਆਂ ਹਨ ਤੇ ਇਨ੍ਹਾਂ ਸਰਕਾਰੀ ਗੱਡੀਆਂ ਵਿਚ ਤੇਲ ਫੂਕਣ ਲਈ ਪੈਸੇ ਵੀ ਸਰਕਾਰੀ ਖਜ਼ਾਨੇ ਵਿਚੋਂ ਹੀ ਦਿੱਤੇ ਜਾਂਦੇ ਹਨ।

ਫਿਰੋਜ਼ਪੁਰ (ਸ਼ਹਿਰੀ) ਹਲਕੇ ਤੋਂ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਨੂੰ ਸਰਕਾਰ ਵੱਲੋਂ ਪਹਿਲਾਂ ਵੀ ਸੁਰੱਖਿਆ ਦਿੱਤੀ ਗਈ ਸੀ ਪਰ ਪਿਛਲੇ ਦਿਨਾਂ ਦੌਰਾਨ ਸਮੀਖਿਆ ਤੋਂ ਬਾਅਦ 19 ਸੁਰੱਖਿਆ ਕਰਮਚਾਰੀ ਇਸ ਵਿਧਾਇਕ ਨਾਲ ਤਾਇਨਾਤ ਕਰ ਦਿੱਤੇ ਗਏ ਹਨ। ਇਸੇ ਤਰ੍ਹਾਂ ਅਕਾਲੀ ਦਲ ਦੇ ਮੰਤਰੀ ਰਹੇ ਨਿਰਮਲ ਸਿੰਘ ਕਾਹਲੋਂ ਦੇ ਪੁੱਤਰ ਤੇ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਅਕਾਲੀ ਆਗੂ ਰਵੀਕਰਨ ਸਿੰਘ ਕਾਹਲੋਂ ਦੁਆਲੇ ਵੀ ਸੁਰੱਖਿਆ ਦਾ ਪਹਿਰਾ ਸਖਤ ਕੀਤਾ ਗਿਆ ਹੈ।

ਸੂਤਰਾਂ ਅਨੁਸਾਰ ਰਵੀ ਕਾਹਲੋਂ ਦੀ ਸੁਰੱਖਿਆ ਵਧਾਉਣ ਦੇ ਮਾਮਲੇ 'ਤੇ ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸ਼ਿਕਾਇਤ ਕਰਦਿਆਂ ਰਵੀ ਕਾਹਲੋਂ ਨੂੰ ਬੇਲੋੜੀ ਸੁਰੱਖਿਆ ਦੇਣ ਦੀ ਗੱਲ ਕਹੀ। ਮੁੱਖ ਮੰਤਰੀ ਨੇ ਆਪਣੇ ਸਾਥੀ ਮੰਤਰੀ ਦੀ ਸ਼ਿਕਾਇਤ ਸਬੰਧੀ ਇਹੀ ਤਰਕ ਦਿੱਤਾ ਕਿ ਇਸ ਅਕਾਲੀ ਨੇਤਾ ਦੀ ਸੁਰੱਖਿਆ ਕੇਂਦਰੀ ਅਤੇ ਸੂਬਾਈ ਖੁਫੀਆ ਏਜੰਸੀਆਂ ਦੀ ਸਿਫਾਰਸ਼ 'ਤੇ ਵਧਾਈ ਗਈ ਹੈ। ਅਕਾਲੀ ਨੇਤਾਵਾਂ ਨੂੰ ਜ਼ਿਆਦਾ ਸੁਰੱਖਿਆ ਦੇਣ ਦਾ ਮਾਮਲਾ ਕਾਂਗਰਸ ਦੇ ਕਈ ਮੰਤਰੀਆਂ ਵੱਲੋਂ ਵਜ਼ਾਰਤੀ ਮੀਟਿੰਗਾਂ ਦੌਰਾਨ ਵੀ ਉਠਾਇਆ ਜਾਂਦਾ ਰਿਹਾ ਹੈ।

# ਅਫਸਰਸ਼ਾਹੀ ਦੀ ਚੌਧਰ ਤੋਂ ਕਾਂਗਰਸੀ ਖਫਾ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਮੰਤਰੀਆਂ ਤੇ ਵਿਧਾਇਕਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਲਾਹ ਦਿੱਤੀ ਹੈ ਕਿ ਸੂਬੇ ਵਿਚ ਅਫਸਰਸ਼ਾਹੀ ਭਾਰੂ ਹੈ ਤੇ ਇਸ ਨੂੰ ਨੱਥ ਪਾਉਣ ਦੀ ਲੋੜ ਹੈ। ਵਿਧਾਇਕਾਂ ਨੇ ਕਿਹਾ ਕਿ ਅਜੇ ਤੱਕ ਬਿਜਲੀ ਦੇ ਦੋ ਸੌ ਯੂਨਿਟ ਮੁਆਫ ਕਰਨ ਦਾ ਫੈਸਲਾ ਲਾਗੂ ਨਹੀਂ ਹੋ ਸਕਿਆ ਤੇ ਕਰਜ਼ਾ ਮੁਆਫੀ ਅਫਸਰਸ਼ਾਹੀ ਰਾਹੀਂ ਲਾਗੂ ਕਰਨ ਦਾ ਫਾਇਦਾ ਅਕਾਲੀਆਂ ਨੂੰ ਵੱਧ ਮਿਲਿਆ। ਮੁੱਖ ਮੰਤਰੀ ਵੱਲੋਂ ਨਵੇਂ ਲੋਕ ਸਭਾ ਮੈਂਬਰਾਂ ਨੂੰ ਚਾਹ ਪਾਰਟੀ ਦੇਣ ਮੌਕੇ ਕੁਝ ਮੰਤਰੀਆਂ ਤੇ ਵਿਧਾਇਕਾਂ ਨੇ ਆਪਣੀ ਸਰਕਾਰ ਪ੍ਰਤੀ ਵਿਰੋਧ ਦਰਜ ਕਰਵਾਇਆ।

ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਅਫਸਰਸ਼ਾਹੀ ਨੂੰ ਨੱਥ ਪਾਉਣ ਦੀ ਲੋੜ ਹੈ ਤੇ ਇਸ ਨੂੰ ਠੀਕ ਕੀਤੇ ਬਿਨਾਂ ਗੱਲ ਨਹੀਂ ਬਣਨੀ। ਉਨ੍ਹਾਂ ਨੇ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਜਲਦੀ ਸਜ਼ਾਵਾਂ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ। ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਆਪਣੇ ਸ਼ਹਿਰ ਦੀ ਮਿਸਾਲ ਦਿੰਦਿਆਂ ਕਿਹਾ ਕਿ ਅਫਸਰਸ਼ਾਹੀ ਨੇ ਸ਼ਹਿਰ ਵਿਚ ਬੁਲਡੋਜ਼ਰ ਚਲਾ ਦਿੱਤੇ ਸਨ, ਜਿਨ੍ਹਾਂ ਨੂੰ ਮੁੱਖ ਮੰਤਰੀ ਦੇ ਦਖਲ



ਦੇਣ ਮਗਰੋਂ ਹੀ ਰੋਕਿਆ ਗਿਆ। ਜਿਹੜੀਆਂ ਥਾਵਾਂ 'ਤੇ ਬੁਲਡੋਜ਼ਰ ਚੱਲੇ, ਉਥੇ ਕਾਂਗਰਸ ਨੂੰ ਨੁਕਸਾਨ ਝੱਲਣਾ ਪਿਆ।

ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਕਰਜ਼ਾ ਮੁਆਫੀ ਦਾ ਫਾਇਦਾ ਕਿਸਾਨਾਂ ਦੀ ਥਾਂ ਅਕਾਲੀਆਂ ਨੂੰ ਹੋਇਆ ਹੈ। ਰਾਜਪੁਰਾ ਤੋਂ ਕਾਂਗਰਸੀ ਵਿਧਾਇਕ ਹਰਦਿਆਲ ਕੰਬੋਜ, ਲੁਧਿਆਣਾ ਤੋਂ ਸੁਰਿੰਦਰ ਡਾਵਰ ਤੇ ਮਦਨ ਲਾਲ ਜਲਾਲਪੁਰ ਨੇ ਕਿਹਾ ਕਿ ਸ਼ਹਿਰਾਂ ਦੇ ਸੀਵਰੇਜ ਪੁੱਟੇ ਹੋਏ ਹਨ ਤੇ ਪੈਸਾ ਨਾ ਪਹੁੰਚਣ ਕਰਕੇ ਸੀਵਰੇਜ ਦੇ ਕੰਮ ਮੁਕੰਮਲ ਨਹੀਂ ਹੋ ਸਕੇ ਤੇ ਲੋਕਾਂ ਨੇ ਚੋਣਾਂ ਵਿਚ ਕਾਂਗਰਸ ਖਿਲਾਫ ਗੁੱਸਾ ਕੱਢਿਆ। ਕੁਝ ਵਿਧਾਇਕਾਂ ਨੇ ਕਿਹਾ ਕਿ ਚੋਣਾਂ ਸਮੇਂ ਲੋਕਾਂ ਵੱਲੋਂ ਦੋ ਸੌ ਯੂਨਿਟਾਂ ਮੁਆਫ ਨਾ ਕੀਤੇ ਜਾਣ ਦੀ ਸ਼ਿਕਾਇਤ ਕੀਤੀ ਗਈ। ਇਸ ਦੇ ਜਵਾਬ ਵਿਚ ਬਿਜਲੀ ਮੰਤਰੀ ਗੁਰਪ੍ਰੀਤ ਕਾਂਗੜ ਨੇ ਮੰਨਿਆ ਕਿ ਸਰਕਾਰ ਨੇ ਫੈਸਲਾ ਤਾਂ ਲਿਆ ਸੀ ਪਰ ਬਿਜਲੀ ਨਿਗਮ ਨੇ ਲਾਗੂ ਨਹੀਂ ਕੀਤਾ। ਸ੍ਰੀ ਆਨੰਦਪੁਰ ਤੋਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੇ ਬਸਪਾ ਦੇ ਵਾਧੇ ਦੇ ਰੁਝਾਨ 'ਤੇ ਚਿੰਤਾ ਜ਼ਾਹਰ ਕਰਦਿਆਂ ਜਾਗਰੂਕ ਹੋਣ ਦਾ ਸੱਦਾ ਦਿੱਤਾ। ਗਿੱਦੜਬਾਹਾ ਤੋਂ ਵਿਧਾਇਕ ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਦੇ ਸ਼ਹਿਰ ਵਿਚ ਵੀ ਸਾਫ-ਸਫਾਈ ਅਤੇ ਸੀਵਰੇਜ ਦੀ ਹਾਲਤ ਮਾੜੀ ਹੈ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਹਰੇਕ ਲੋਕ ਸਭਾ ਹਲਕੇ ਦੀ ਮੀਟਿੰਗ ਕਰਕੇ ਜਿੱਤ ਹਾਰ ਦੇ ਕਾਰਨਾਂ ਦਾ ਜਾਇਜ਼ਾ ਲਿਆ ਜਾਵੇ।

# ਨਵਜੋਤ ਸਿੱਧੂ ਨੇ ਖਾਮੋਸ਼ੀ ਤੋੜ ਕੇ ਦਾਗੇ ਸੁਆਲ

**ਚੰਡੀਗੜ੍ਹ:** ਸਥਾਨਕ ਸਰਕਾਰਾਂ ਬਾਰੇ ਮੰਤਰੀ ਅਤੇ ਕਾਂਗਰਸ ਦੇ ਸਟਾਰ ਪ੍ਰਚਾਰਕ ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੁਆਲ ਕੀਤਾ ਹੈ ਕਿ ਸੂਬੇ ਵਿਚ ਹੋਰ ਪੰਜਾਹ ਮਹਿਕਮੇ ਹਨ ਪਰ ਉਨ੍ਹਾਂ ਦੇ ਮਹਿਕਮੇ ਦੀ ਕਾਰਗੁਜ਼ਾਰੀ 'ਤੇ ਹੀ ਸਵਾਲ ਕਿਉਂ ਉਠਾਏ ਜਾ ਰਹੇ ਹਨ। ਸਿੱਧੂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਸ਼ਹਿਰਾਂ ਦੇ ਵਿਕਾਸ ਲਈ ਕਾਫੀ ਪੈਸਾ ਖਰਚਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਈ ਵਿਕਾਸ ਪ੍ਰੋਜੈਕਟ ਜਲਦੀ ਸ਼ੁਰੂ ਹੋਣ ਵਾਲੇ ਹਨ ਤੇ ਵਿਭਾਗ ਦੀ ਆਮਦਨ ਕਾਫੀ ਵਧੀ ਹੈ।

ਕੁਝ ਦਿਨਾਂ ਦੀ ਖਾਮੋਸ਼ੀ ਮਗਰੋਂ ਸਿੱਧੂ ਨੇ ਕਿਹਾ ਕਿ ਚੋਣ ਨਤੀਜਿਆਂ ਦੀ ਵਿਅਕਤੀਗਤ ਦੀ ਥਾਂ ਸਮੂਹਿਕ ਜ਼ਿੰਮੇਵਾਰੀ ਹੁੰਦੀ ਹੈ ਪਰ ਸਿਰਫ ਉਨ੍ਹਾਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ 'ਤੇ ਦੋਸ਼ ਲਾਏ ਜਾ ਰਹੇ ਹਨ ਕਿ ਸ਼ਹਿਰਾਂ ਵਿਚ ਵਿਕਾਸ ਦੇ ਕੰਮ ਨਹੀਂ ਹੋਏ ਜਿਸ ਕਰਕੇ ਕਾਂਗਰਸ ਦੇ ਉਮੀਦਵਾਰਾਂ ਨੂੰ ਸ਼ਹਿਰਾਂ ਵਿਚੋਂ ਵੋਟਾਂ ਘੱਟ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਪਾਰਟੀ ਨੇ ਅੱਠ ਸੀਟਾਂ ਜਿੱਤੀਆਂ ਹਨ ਜਿਨ੍ਹਾਂ ਵਿਚ ਪਟਿਆਲਾ, ਅੰਮ੍ਰਿਤਸਰ, ਲੁਧਿਆਣਾ, ਜਲੰਧਰ ਸ਼ਹਿਰ ਵੀ ਸ਼ਾਮਲ ਹਨ। ਬਠਿੰਡਾ ਸ਼ਹਿਰ ਵਿਚ ਘੱਟ ਵੋਟਾਂ ਮਿਲਣ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਹੈ। ਫਰੈਂਡਲੀ ਮੈਚ ਬਾਰੇ ਸੁਆਲ ਦੇ ਜੁਆਬ 'ਚ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੇ ਕਿਸੇ ਦਾ ਨਾਂ ਨਹੀਂ ਸੀ ਲਿਆ ਅਤੇ ਇੰਨਾ ਹੀ ਕਿਹਾ ਸੀ ਕਿ ਜਿਹੜੇ



ਕਾਂਗਰਸ ਦੇ ਹਿੱਤਾਂ ਦੇ ਖਿਲਾਫ ਕੰਮ ਕਰਦੇ ਹਨ, ਉਨ੍ਹਾਂ ਨੂੰ ਸਬਕ ਸਿਖਾਇਆ ਜਾਵੇ।

ਵਿਭਾਗ ਬਦਲਣ ਦੀ ਚਰਚਾ ਬਾਰੇ ਉਨ੍ਹਾਂ ਕਿਹਾ ਕਿ ਉਹ ਕਦੇ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਨਹੀਂ ਬੋਲੇ ਹਨ ਅਤੇ ਉਹ ਜੋ ਵੀ ਫੈਸਲੇ ਕਰਦੇ ਹਨ, ਉਸ 'ਤੇ ਵੀ ਕਦੇ ਸੁਆਲ ਨਹੀਂ ਉਠਾਏ। ਬਠਿੰਡਾ ਲੋਕ ਸਭਾ ਹਲਕੇ 'ਚ ਕਾਂਗਰਸ ਦੀ ਹਾਰ ਬਾਰੇ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਪਿਛਲੇ 40 ਸਾਲਾਂ ਵਿਚ ਕਾਂਗਰਸ ਨੇ ਇਹ ਸੀਟ ਨਹੀਂ ਜਿੱਤੀ ਹੈ। ਇਸ ਹਲਕੇ ਤੋਂ ਕੈਪਟਨ ਸਾਹਿਬ ਦੇ ਲੜਕੇ ਰਣਇੰਦਰ ਸਿੰਘ ਵੀ ਚੋਣ ਹਾਰ ਚੁੱਕੇ ਹਨ। ਹਲਕੇ 'ਚ ਪੈਂਦੀ ਲੰਬੀ ਵਿਧਾਨ ਸਭਾ ਸੀਟ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ 22,000 ਵੋਟਾਂ ਦੇ ਫਰਕ ਨਾਲ ਚੋਣ ਹਾਰੇ ਸਨ ਜਦਕਿ ਇਸ ਵਾਰ ਰਾਜਾ ਵੜਿੰਗ ਬਠਿੰਡਾ ਤੋਂ ਕੇਵਲ 21 ਹਜ਼ਾਰ ਵੋਟਾਂ ਦੇ ਫਰਕ ਨਾਲ ਹਾਰਿਆ ਹੈ।

ਕੈਬਨਿਟ ਸਾਥੀਆਂ ਵੱਲੋਂ ਉਨ੍ਹਾਂ ਖਿਲਾਫ ਬਿਆਨਬਾਜ਼ੀ ਬਾਰੇ ਸਿੱਧੂ ਨੇ ਕਿਹਾ ਕਿ ਸੱਤਵੀਂ ਵਾਰ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਵਾਰ ਮਾਮਲਾ ਕੁਝ ਜ਼ਿਆਦਾ ਹੀ ਵਧ ਗਿਆ ਜਿਸ ਕਰਕੇ ਉਨ੍ਹਾਂ ਨੂੰ ਆਪਣੀ ਸਥਿਤੀ ਸਪੱਸ਼ਟ ਕਰਨੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਨਗਰ ਨਿਗਮਾਂ ਦੇ ਮੇਅਰ ਲਾਉਣ ਸਮੇਂ ਉਨ੍ਹਾਂ ਨੂੰ ਨਹੀਂ ਪੁੱਛਿਆ ਗਿਆ ਸੀ ਪਰ ਉਨ੍ਹਾਂ ਕੋਈ ਸੁਆਲ ਵੀ ਨਹੀਂ ਕੀਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਵਿਭਾਗ ਦੇ ਅਧਿਕਾਰੀ ਵੀ ਮੁੱਖ ਮੰਤਰੀ ਵੱਲੋਂ ਲਾਏ ਜਾਂਦੇ ਹਨ ਜਿਸ 'ਤੇ ਉਨ੍ਹਾਂ ਕਦੇ ਵੀ ਸੁਆਲ ਨਹੀਂ ਉਠਾਏ।

## ਕਿਸਾਨ ਦੀ ਜ਼ਮੀਨ ਨੀਲਾਮ ਕਰਨ ਗਿਆ ਸਰਕਾਰੀ ਅਮਲਾ ਬੇਰੰਗ ਪਰਤਿਆ

**ਲੰਬੀ:** ਅਦਾਲਤੀ ਹੁਕਮਾਂ 'ਤੇ ਸਿੰਘੇਵਾਲਾ ਦੇ ਕਰੀਬ 3.56 ਲੱਖ ਰੁਪਏ ਦੇ ਕਰਜਦਾਰ ਕਿਸਾਨ ਦੀ ਜ਼ਮੀਨ ਦੀ ਨੀਲਾਮੀ ਆੜ੍ਹਤੀਏ ਦੇ ਨਾ ਪੁੱਜਣ ਕਰਕੇ ਨਾ ਹੋ ਸਕੀ। ਨੀਲਾਮੀ ਦੇ ਵਿਰੋਧ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਧਰਨਾ ਲਗਾਇਆ। ਨੀਲਾਮੀ ਪ੍ਰਕਿਰਿਆ ਨੇਪਰੇ ਚਾੜ੍ਹਨ ਲਈ ਲੰਬੀ ਦੇ ਨਾਇਬ ਤਹਿਸੀਲਦਾਰ ਹੀਰਾਵੰਤੀ ਵੀ ਮੌਕੇ 'ਤੇ ਪੁੱਜੇ ਹੋਏ ਸਨ। ਆੜ੍ਹਤੀਏ ਨੂੰ ਉਡੀਕ-ਉਡੀਕ ਕੇ ਸਰਕਾਰੀ ਅਮਲਾ ਵੀ ਬੇਰੰਗ ਪਰਤ ਗਿਆ।

ਜਾਣਕਾਰੀ ਅਨੁਸਾਰ ਡੱਬਵਾਲੀ ਦੇ ਇਕ ਆੜ੍ਹਤੀਏ ਦੀ ਕਿਸਾਨ ਦਰਸ਼ਨ ਸਿੰਘ ਪੁੱਤਰ ਸੋਹਣ ਸਿੰਘ ਤੋਂ ਲੈਣਦਾਰੀ ਸਬੰਧੀ ਏ.ਸੀ.ਜੇ. (ਸੀਨੀਅਰ ਡਿਵੀਜ਼ਨ) ਸ਼ਿਲਪੀ ਗੁਪਤਾ ਦੀ ਅਦਾਲਤ ਵੱਲੋਂ ਨੀਲਾਮੀ ਵਾਰੰਟ ਜਾਰੀ ਕੀਤੇ ਗਏ ਸਨ। ਨਾਇਬ ਤਹਿਸੀਲਦਾਰ ਹੀਰਾਵੰਤੀ ਦਾ ਕਹਿਣਾ ਸੀ ਕਿ ਉਹ ਅਦਾਲਤ ਦੇ ਹੁਕਮਾਂ 'ਤੇ ਸਿੰਘੇਵਾਲਾ ਵਿਚ ਨੀਲਾਮੀ ਕਰਵਾਉਣ ਪੁੱਜੇ ਸਨ। ਕਾਫੀ ਉਡੀਕ ਦੇ ਬਾਅਦ ਵੀ ਆੜ੍ਹਤੀਆ ਮੌਕੇ 'ਤੇ ਨਾ ਪੁੱਜਣ ਕਰਕੇ ਨੀਲਾਮੀ ਨਹੀਂ ਹੋ ਸਕੀ।

# ਤਾਮਿਲਨਾਡੂ 'ਚ ਹਿੰਦੀ ਭਾਸ਼ਾ ਨੂੰ ਲੈ ਕੇ ਫਿਰ ਵਿਵਾਦ

## ਭਖਦੇ ਮਸਲੇ

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਇਕ ਮਸ਼ਹੂਰ ਕਹਾਵਤ 'ਸਿਰ ਮੁੰਡਵਾਉਂਦਿਆਂ ਹੀ ਪਏ ਔਲੇ' ਇਸ ਸਮੇਂ ਕੇਂਦਰ ਦੀ ਨਵੀਂ ਬਣੀ ਸਰਕਾਰ 'ਤੇ ਸੱਚੀ ਸਾਬਤ ਹੁੰਦੀ ਪ੍ਰਤੀਤ ਹੋ ਰਹੀ ਹੈ। ਦਰਅਸਲ ਹੋਇਆ ਇੰਜ ਕਿ ਨਰਿੰਦਰ ਮੋਦੀ ਦੇ ਦੂਜੀ ਵਾਰ ਪ੍ਰਧਾਨ ਮੰਤਰੀ ਬਣਦੇ ਹੀ ਹਿੰਦੀ ਭਾਸ਼ਾ ਨੂੰ ਲੈ ਕੇ ਕੇਂਦਰ ਸਰਕਾਰ ਦੀ ਪ੍ਰਸਤਾਵਿਤ ਕੌਮੀ ਸਿੱਖਿਆ ਨੀਤੀ ਦਾ ਦੇਸ਼ ਦੇ ਦੱਖਣੀ ਸੂਬੇ ਭਾਵ ਤਾਮਿਲਨਾਡੂ ਵਿਚ ਜ਼ਬਰਦਸਤ ਵਿਰੋਧ ਸ਼ੁਰੂ ਹੋ ਗਿਆ ਹੈ।

ਇਹ ਵਿਰੋਧ ਉਸ ਸਮੇਂ ਉਭਰ ਕੇ ਸਾਹਮਣੇ ਆਇਆ, ਜਦੋਂ ਨਵੀਂ ਨੀਤੀ ਦਾ ਇਕ ਖਰੜਾ, ਜੋ ਹਾਲੇ ਸ਼ੁੱਕਰਵਾਰ ਹੀ ਸਰਕਾਰ ਨੂੰ ਸੌਂਪਿਆ ਗਿਆ ਸੀ, ਜਿਸ ਵਿਚ ਤ੍ਰੈਭਾਸ਼ੀ ਫਾਰਮੂਲਾ ਲਾਗੂ ਕਰਨ ਦੀ ਗੱਲ ਆਖੀ ਗਈ ਹੈ, ਦੇ ਸੰਦਰਭ ਵਿਚ ਤਾਮਿਲਨਾਡੂ ਸੂਬੇ ਦੀਆਂ ਵੱਖ ਵੱਖ ਪਾਰਟੀਆਂ ਨਾਲ ਸਬੰਧਿਤ ਸਿਆਸਤਦਾਨਾਂ ਸਮੇਤ ਤਮਾਮ ਵਰਗਾਂ ਦੇ ਲੋਕਾਂ ਨੇ ਕਿਹਾ ਕਿ ਉਹ ਉਨ੍ਹਾਂ 'ਤੇ ਹਿੰਦੀ ਭਾਸ਼ਾ ਨੂੰ ਹਰਗਿਜ਼ ਨਹੀਂ ਮੜ੍ਹਨ ਦੇਣਗੇ।

ਇਸ ਤੋਂ ਪਹਿਲਾਂ ਇਸਰੋ ਦੇ ਸਾਬਕਾ ਮੁਖੀ ਕ੍ਰਿਸ਼ਨਾਸਵਾਮੀ ਕਸਤੂਰੀਰੰਗਨ ਦੀ ਅਗਵਾਈ ਹੇਠਲੇ ਮਾਹਿਰਾਂ ਦੇ ਪੈਨਲ ਵਲੋਂ ਆਪਣੇ ਖਰੜੇ ਵਿਚ ਹਿੰਦੀ ਸਬੰਧੀ ਕੀਤੀਆਂ ਗਈਆਂ ਸਿਫਾਰਸ਼ਾਂ ਤੋਂ ਤਾਮਿਲਨਾਡੂ ਦੇ ਸਿਆਸਤਦਾਨ ਭੜਕ ਗਏ ਹਨ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਤਾਮਿਲਨਾਡੂ ਵਿਚ ਪਹਿਲੀ ਘੜੀ ਤੋਂ ਹੀ ਹਿੰਦੀ ਨੂੰ ਲਾਜ਼ਮੀ ਕਰਨ ਦਾ ਵਿਰੋਧ ਹੁੰਦਾ ਆਇਆ ਹੈ। ਜਦੋਂ ਕਿ ਉਕਤ ਖਰੜੇ ਵਿਚ ਕਿਹਾ ਗਿਆ ਹੈ ਕਿ ਤ੍ਰੈਭਾਸ਼ੀ ਫਾਰਮੂਲਾ ਕੁਝ ਸਕੂਲਾਂ ਵਿਚ 1968 ਤੋਂ ਲਾਗੂ ਹੈ ਤੇ ਇਸ ਨੂੰ ਜਾਰੀ ਰੱਖਿਆ ਜਾਣਾ ਚਾਹੀਦਾ ਹੈ। ਸਕੂਲਾਂ ਵਿਚ ਸ਼ੁਰੂ ਤੋਂ ਹੀ ਹਿੰਦੀ ਪੜ੍ਹਾਈ ਜਾਣੀ ਚਾਹੀਦੀ ਹੈ। ਤਾਮਿਲਨਾਡੂ ਦੇ ਸਿਆਸਤਦਾਨ ਇਸ ਨੂੰ 8ਵੀਂ ਤੱਕ ਹਿੰਦੀ ਲਾਜ਼ਮੀ ਕਰਨਾ ਮੰਨ ਰਹੇ ਹਨ। ਟਵਿੱਟਰ 'ਤੇ ਵੀ ਇਸ ਦਾ ਵਿਰੋਧ ਹੋ ਰਿਹਾ ਹੈ। ਇਥੋਂ ਤਕ ਕਿ ਭਾਜਪਾ ਹਮਾਇਤੀ ਸੂਬਾ ਸਰਕਾਰ ਦੇ ਸਿੱਖਿਆ ਮੰਤਰੀ ਕੇ. ਏ. ਸੇਂਗੋਤਯਨ ਨੇ ਕਿਹਾ ਹੈ ਕਿ ਤਾਮਿਲਨਾਡੂ ਨਵੀਂ ਨੀਤੀ ਨੂੰ ਨਹੀਂ ਮੰਨੇਗਾ। ਉਹ ਤਾਮਿਲ ਤੇ ਅੰਗਰੇਜ਼ੀ ਦੇ ਦੋ ਭਾਸ਼ੀ ਫਾਰਮੂਲੇ ਮੁਤਾਬਕ ਹੀ ਚਲਣਗੇ।

ਵਿਰੋਧੀ ਧਿਰ ਡੀ. ਐਮ. ਕੇ. ਦੇ ਆਗੂ ਐਮ. ਕੇ. ਸਟਾਲਿਨ ਨੇ ਤਾਂ ਇਥੋਂ ਤੱਕ ਚਿਤਾਵਨੀ ਦਿੱਤੀ ਹੈ ਕਿ ਇਹ ਚਾਲ ਭਾਜਪਾ ਲਈ ਬਹੁਤ ਤਬਾਹਕੁਨ ਸਾਬਤ ਹੋਵੇਗੀ। ਉਨ੍ਹਾਂ ਬਹੁਤ ਸਖਤ ਸ਼ਬਦਾਂ ਵਿਚ ਕਿਹਾ ਹੈ ਕਿ ਤਾਮਿਲਾਂ ਦੇ ਖੂਨ ਵਿਚ ਹਿੰਦੀ ਲਈ ਕੋਈ ਥਾਂ ਨਹੀਂ, ਜੇ ਸਾਡੇ ਸੂਬੇ ਦੇ ਲੋਕਾਂ 'ਤੇ ਇਸ ਨੂੰ ਮੜ੍ਹਨ ਦੀ ਕੋਸ਼ਿਸ਼ ਕੀਤੀ ਗਈ ਤਾਂ ਡੀ. ਐਮ. ਕੇ. ਇਸ ਨੂੰ ਰੋਕਣ ਲਈ ਯੁੱਧ ਕਰਨ ਨੂੰ ਵੀ ਤਿਆਰ ਹੈ। ਇਸ ਸੰਦਰਭ ਵਿਚ ਐਮ. ਡੀ. ਐਮ. ਕੇ. ਦੇ ਵਾਇਕੋ ਨੇ ਭਾਸ਼ਾ ਦੀ ਜੰਗ ਦੀ ਚਿਤਾਵਨੀ ਦਿੱਤੀ ਹੈ। ਏ. ਐਮ. ਐਮ. ਕੇ. ਦੇ ਦਿਨਾਕਰਨ ਨੇ ਕਿਹਾ ਹੈ ਕਿ ਗੈਰ ਹਿੰਦੀ ਰਾਜਾਂ 'ਤੇ ਹਿੰਦੀ ਮੜ੍ਹਨੀ ਹਿੰਦੀ ਨਾ ਬੋਲਣ ਵਾਲਿਆਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਬਣਾਉਣ ਦੇ ਬਰਾਬਰ ਹੋਵੇਗਾ। ਇਸ ਦੇ ਨਾਲ ਹੀ ਪ੍ਰਸਿਧ ਅਦਾਕਾਰ ਕਮਲ ਹਾਸਨ ਨੇ ਕਿਹਾ ਹੈ ਕਿ ਉਨ੍ਹਾਂ ਕਈ ਹਿੰਦੀ ਫਿਲਮਾਂ ਵਿਚ ਕੰਮ ਕੀਤਾ ਹੈ, ਪਰ ਕਿਸੇ ਨੂੰ ਕਿਸੇ 'ਤੇ ਕੋਈ ਚੀਜ਼ ਮੜ੍ਹਨੀ ਨਹੀਂ ਚਾਹੀਦੀ। ਇਹ ਹਰ ਕਿਸੇ ਦੀ ਆਪਣੀ ਪਸੰਦ ਹੈ ਕਿ ਉਹ ਕਿਹੜੀ ਭਾਸ਼ਾ ਵਿਚ ਪੜ੍ਹਨਾ-ਲਿਖਣਾ ਚਾਹੁੰਦਾ ਹੈ।

ਇਥੇ ਇਹ ਖਾਸ ਧਿਆਨ ਦੇਣ ਯੋਗ ਹੈ ਕਿ ਹੋਰਨਾਂ ਭਾਰਤੀ ਭਾਸ਼ਾਵਾਂ ਦੇ ਮੁਕਾਬਲੇ ਹਿੰਦੀ ਨੂੰ ਤਰਜੀਹ ਦੇਣ ਦੇ ਖਿਲਾਫ ਤਾਮਿਲਨਾਡੂ ਦਾ ਅੰਦੋਲਨ ਬਹੁਤ ਪੁਰਾਣਾ ਚਲਿਆ ਆ ਰਿਹਾ ਹੈ। ਇਥੋਂ ਤੱਕ ਕਿ ਆਜ਼ਾਦੀ ਤੋਂ ਪਹਿਲਾਂ ਵੀ 1937 ਤੋਂ 1940 ਤੱਕ ਹਿੰਦੀ ਵਿਰੋਧੀ ਪ੍ਰੋਟੈਸਟ ਹੋਏ ਸਨ। 1965 ਵਿਚ ਇਹ ਮੁੱਦਾ ਇਕ ਵਾਰ ਫਿਰ ਵਿਵਾਦਾਂ ਵਿਚ ਆ ਕੇ ਭੜਕ ਗਿਆ ਸੀ ਅਤੇ ਹਿੰਸਕ ਰੂਪ ਧਾਰਨ ਕਰ ਗਿਆ ਸੀ, ਜਿਸ ਕਾਰਨ ਕਰੀਬ 70 ਲੋਕ ਮਾਰੇ ਗਏ ਸਨ। ਇਥੋਂ ਤਕ ਕਿ ਉਸ ਵੇਲੇ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਭਰੋਸਾ ਦੇਣਾ ਪਿਆ ਸੀ ਕਿ ਹਿੰਦੀ ਨਾ ਬੋਲਣ ਵਾਲੇ ਰਾਜਾਂ ਦੇ ਲੋਕਾਂ 'ਤੇ ਉਦੋਂ ਤੱਕ ਹਿੰਦੀ ਮੜ੍ਹੀ ਨਹੀਂ ਜਾਵੇਗੀ, ਜਦੋਂ ਤੱਕ ਉਹ ਰਾਜ਼ੀ ਨਹੀਂ ਹੁੰਦੇ। ਉਹ ਅੰਗਰੇਜ਼ੀ ਭਾਸ਼ਾ ਨੂੰ ਸੰਪਰਕ ਭਾਸ਼ਾ ਵਜੋਂ ਪੜ੍ਹ ਸਕਦੇ ਹਨ।

ਹੁਣ ਇਸ ਸਮੇਂ ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਨਵੇਂ ਬਣੇ ਮੰਤਰੀ ਰਮੇਸ਼ ਪੋਖਰੀਆਲ ਨਿਸ਼ੰਕ ਨੂੰ ਸ਼ੁੱਕਰਵਾਰ ਜੋ ਖਰੜਾ ਪੇਸ਼ ਕੀਤਾ ਗਿਆ ਹੈ, ਉਸ ਬਾਰੇ ਇਹ ਪ੍ਰਭਾਵ ਹੈ ਕਿ ਉਸ ਵਿਚ ਪੰਡਿਤ ਨਹਿਰੂ ਦੇ ਭਰੋਸੇ ਨਾਲ ਛੇੜਛਾੜ ਕੀਤੀ ਗਈ ਹੈ। ਚਲੰਤ ਕੌਮੀ ਸਿੱਖਿਆ ਨੀਤੀ 1986 ਵਿਚ ਲਾਗੂ ਕੀਤੀ ਗਈ ਸੀ। ਇਸ ਤੋਂ ਬਾਅਦ 1992 ਵਿਚ ਸੋਧੀ ਗਈ। ਭਾਜਪਾ ਨੇ 2014 ਦੀਆਂ ਚੋਣਾਂ ਲਈ ਜਾਰੀ ਕੀਤੇ ਮੈਨੀਫੈਸਟੋ ਵਿਚ ਨਵੀਂ ਸਿੱਖਿਆ ਨੀਤੀ ਬਣਾਉਣ ਦੀ ਗੱਲ ਕਹੀ ਸੀ।

ਅਸੀਂ ਸਮਝਦੇ ਹਾਂ ਕਿ ਭਾਰਤ ਦੁਨੀਆਂ ਦਾ ਇਕੋ-ਇਕ ਅਜਿਹਾ ਦੇਸ਼ ਹੈ, ਜਿਸ ਵਿਚ ਕਰੀਬ 1600 ਭਾਸ਼ਾਵਾਂ ਜਾਂ ਉਪ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਬਾਰਾਂ ਕੋਹ 'ਤੇ ਬੋਲੀ ਆਪਣਾ ਰੰਗ ਬਦਲ ਲੈਂਦੀ ਹੈ। ਭਾਸ਼ਾ ਕੋਈ ਵੀ ਬੁਰੀ ਨਹੀਂ ਹੁੰਦੀ, ਇਹ ਤਾਂ ਲੋਕਾਂ ਦੇ ਸੰਚਾਰ ਸੰਪਰਕ ਦਾ ਮਾਧਿਅਮ ਹੈ। ਵੈਸੇ ਅਸੀਂ ਆਪਣੀ ਮਾਂ ਬੋਲੀ ਤੋਂ ਇਲਾਵਾ ਦੂਜੀ ਕਿਸੇ ਵੀ ਭਾਸ਼ਾ ਵਿਚ ਮੁਹਾਰਤ ਕਿਉਂ ਨਾ ਹਾਸਲ ਕਰ ਲਈਏ, ਪਰ ਇਸ ਸਭ ਦੇ ਬਾਵਜੂਦ ਜਿਸ ਬੇਬਾਕ ਅਤੇ ਕੁਦਰਤੀ ਰੂਪ ਵਿਚ ਅਸੀਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਜਾਂ ਅਦਾਨ ਪ੍ਰਦਾਨ ਆਪਣੀ ਮਾਂ ਬੋਲੀ ਵਿਚ ਕਰ ਸਕਦੇ ਹਾਂ, ਉਹ ਕਿਸੇ ਦੂਜੀ ਜਾਂ ਤੀਜੀ ਭਾਸ਼ਾ ਵਿਚ ਨਹੀਂ ਕਰ ਸਕਦੇ। ਭਾਰਤ ਦੀ ਖੂਬਸੂਰਤੀ ਦਾ ਰਾਜ ਇਸ ਗੱਲ 'ਚ ਹੀ ਛੁਪਿਆ ਹੈ ਕਿ ਇਥੇ ਵੱਖ ਵੱਖ ਇਲਾਕਿਆਂ ਦੇ ਲੋਕ ਅਨੇਕ ਭਾਸ਼ਾਵਾਂ ਬੋਲਦਿਆਂ ਭਾਰਤ ਨੂੰ ਏਕਤਾ ਦੇ ਸੂਤਰ ਵਿਚ ਬੰਨਦੇ ਪ੍ਰਤੀਤ ਹੁੰਦੇ ਹਨ। ਉਰਦੂ ਦੇ ਮਸ਼ਹੂਰ ਕਵੀ ਅਲਾਮਾ ਇਕਬਾਲ ਨੇ ਕਿਹਾ ਹੈ,

ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ।
ਹਮ ਬੁਲਬਲੇਂ ਹੈਂ ਇਸ ਕੀ
ਯੇ ਗੁਲਿਸਤਾਂ ਹਮਾਰਾ।

ਯਕੀਨਨ ਭਾਰਤ ਦੇਸ਼ ਇਕ ਬਾਗ ਹੈ, ਇਕ ਅਜਿਹਾ ਬਾਗ ਜਿਸ ਵਿਚ ਹਿੰਦੂ, ਮੁਸਲਿਮ, ਸਿੱਖ ਅਤੇ ਇਸਾਈ ਆਦਿ ਧਰਮਾਂ ਦੇ ਲੋਕ ਵੱਖ ਵੱਖ ਤਰ੍ਹਾਂ ਫੁੱਲਾਂ ਵਾਂਗ ਆਪਣੀਆਂ ਖੁਸ਼ਬੂਆਂ ਬਿਖੇਰ ਰਹੇ ਹਨ, ਜਦਕਿ ਦੇਸ਼ ਅੰਦਰ ਬੋਲੀਆਂ ਜਾਣ ਵਾਲੀਆਂ ਅਲੱਗ ਅਲੱਗ ਭਾਸ਼ਾਵਾਂ ਵੱਖ ਵੱਖ ਪੰਛੀਆਂ ਦੀਆਂ ਅਵਾਜ਼ਾਂ ਸਮਾਨ ਹਨ। ਜ਼ਿਕਰਯੋਗ ਹੈ ਕਿ ਕਿਸੇ ਵੀ ਬਾਗ ਦੀ ਖੂਬਸੂਰਤੀ ਅਤੇ ਸੁਹਪਣ ਦਾ ਰਾਜ ਉਸ ਅੰਦਰ ਖਿੜੇ ਵੰਨ ਸੁਵੰਨੇ ਫੁੱਲਾਂ ਦੀ ਖੁਸ਼ਬੂ ਅਤੇ ਤਰ੍ਹਾਂ ਤਰ੍ਹਾਂ ਦੇ ਪੰਛੀਆਂ ਦੀਆਂ ਅਲੱਗ ਅਲੱਗ ਅਵਾਜ਼ਾਂ ਵਿਚ ਛੁਪਿਆ ਹੁੰਦਾ ਹੈ। ਸੋ, ਵੱਖ ਵੱਖ ਭਾਸ਼ਾਵਾਂ ਦਾ ਗਿਆਨ ਦੇਣਾ ਅਤੇ ਹਾਸਲ ਕਰਨ ਦਾ ਉਪਰਾਲਾ ਕਰਨਾ ਸਾਕਾਰਾਤਮਕ ਕਦਮ ਹੈ, ਪਰ ਕਿਸੇ ਨੂੰ ਵੀ ਜਬਰਨ ਕੋਈ ਭਾਸ਼ਾ ਸਿੱਖਣ ਲਈ ਜੋਰ ਪਾਉਣਾ ਕਦਾਚਿਤ ਚੰਗੀ ਗੱਲ ਨਹੀਂ ਕਹੀ ਜਾ ਸਕਦੀ।

## ਪਾਕਿਸਤਾਨ 'ਚ ਪੋਲੀਓ ਵਿਰੋਧੀ ਪ੍ਰਚਾਰ ਕਰਨ ਵਾਲੇ 7 ਸਕੂਲ ਬੰਦ

**ਇਸਲਾਮਾਬਾਦ:** ਪਾਕਿਸਤਾਨ ਦੇ ਉਤਰ-ਪੱਛਮੀ ਖੈਬਰ ਪਖਤੂਨਖਵਾ ਸੂਬੇ ਦੇ ਸੱਤ ਨਿੱਜੀ ਸਕੂਲਾਂ ਨੂੰ ਪੋਲੀਓ ਮੁਹਿੰਮ ਖਿਲਾਫ ਸਮੂਹਿਕ ਪੱਧਰ 'ਤੇ ਪ੍ਰਚਾਰ ਕਰਨ ਅਤੇ ਟੀਕਾਕਰਨ ਟੀਮਾਂ ਦੇ ਨਾਲ ਸਹਿਯੋਗ ਨਾ ਕਰਨ 'ਤੇ ਬੰਦ ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪਾਕਿਸਤਾਨ, ਅਫਗਾਨਿਸਤਾਨ ਅਤੇ ਨਾਈਜੀਰੀਆ ਉਨ੍ਹਾਂ ਦੇਸ਼ਾਂ ਚ ਸ਼ਾਮਲ ਹਨ ਜੋ ਅਜੇ ਵੀ ਪੋਲੀਓ ਤੋਂ ਮੁਕਤ ਨਹੀਂ ਹੋਏ ਹਨ। ਉਕਤ ਸਕੂਲ ਪੋਲੀਓ ਟੀਕਾਕਰਨ ਦੇ ਲਾਭ ਤੋਂ ਅਣਜਾਣ ਮਾਪਿਆਂ ਨੂੰ ਹਿੰਸਾ ਲਈ ਭੜਕਾਉਣ ਲਈ ਜ਼ਿੰਮੇਵਾਰ ਹਨ।

ਰੈਸਟੋਰੈਂਟ ਸਟਾਫ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
22+

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

*Gurdip Singh Sandhu*
**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਅਗਵਾ ਹੋਈ ਭਾਰਤੀ ਰਾਜਨੀਤੀ

ਭਾਰਤੀ ਚੋਣ ਨਤੀਜਿਆਂ ਨੇ ਬਹੁਗਿਣਤੀ ਲੋਕਾਂ ਨੂੰ ਹੈਰਾਨ-ਪ੍ਰੇਸ਼ਾਨ ਕੀਤਾ ਹੈ। ਆਪਣੇ ਦਿਮਾਗ ਉਤੇ ਪੂਰਾ ਜੋਰ ਪਾ ਕੇ ਵੀ ਉਹ ਇਨ੍ਹਾਂ ਨਤੀਜਿਆਂ ਦੀ ਕੋਈ ਤਰਕਸ਼ੀਲ ਵਿਆਖਿਆ ਨਹੀਂ ਕਰ ਪਾ ਰਹੇ। ਇਥੋਂ ਤਕ ਕਿ ਰਾਹੁਲ ਗਾਂਧੀ ਨੂੰ ਵੀ ਕਹਿਣਾ ਪਿਆ ਹੈ ਕਿ ਉਹ ਇਨ੍ਹਾਂ ਚੋਣ ਨਤੀਜਿਆਂ ਨੂੰ ਮੰਨਦਾ ਹੋਇਆ ਵੀ ਇਨ੍ਹਾਂ ਦੀ ਕੋਈ ਵਿਆਖਿਆ ਨਹੀਂ ਕਰ ਸਕਦਾ। ਉਸ ਦਾ ਇਹ ਕਥਨ ਹੀ ਇਸ ਅਜੀਬ ਹਾਲਤ ਨੂੰ ਬਿਆਨ ਕਰ ਦਿੰਦਾ ਹੈ ਕਿ ਲੋਕਤੰਤਰ ਹਾਰ ਗਿਆ ਹੈ ਅਤੇ ਚੋਰ ਜਿੱਤ ਗਿਆ ਹੈ। ਇਨ੍ਹਾਂ ਚੋਣ ਨਤੀਜਿਆਂ ਦੀ ਕੋਈ ਰਵਾਇਤੀ ਵਿਆਖਿਆ ਨਹੀਂ ਹੋ ਸਕਦੀ, ਕਿਉਂਕਿ ਇਹ ਇਕ ਅਣਕਿਆਸਿਆ ਵਰਤਾਰਾ ਵਾਪਰਿਆ ਹੈ।

ਇਹ ਵਰਤਾਰਾ ਕੀ ਹੈ, ਇਹ ਜਾਣਨ ਲਈ ਥੋੜ੍ਹਾ ਜਿਹਾ ਪਿਛੇ ਮੁੜਨ ਦੀ ਲੋੜ ਹੈ। ਇਸ

**ਗੁਰਬਚਨ ਸਿੰਘ**
ਫੋਨ: 91-98156-98451

ਵਰਤਾਰੇ ਦਾ ਮੁਢ 2014 ਦੀਆਂ ਚੋਣਾਂ ਤੋਂ ਪਹਿਲਾਂ ਬੱਝਾ। ਇਸ ਵਰਤਾਰੇ ਦਾ ਸੂਤਰਧਾਰ ਅਜੀਤ ਡੋਵਾਲ ਹੈ। ਇਸ ਦੀ ਪੁਸ਼ਟੀ ਇਸ ਤਥ ਤੋਂ ਵੀ ਹੁੰਦੀ ਹੈ ਕਿ ਜਿਵੇਂ ਮੋਦੀ ਦੇ ਸੁਰਖਿਆ ਸਲਾਹਕਾਰ ਹੁੰਦਿਆਂ ਉਸ ਨੇ ਪ੍ਰਧਾਨ ਮੰਤਰੀ ਦਫਤਰ ਨੂੰ ਚਲਾਇਆ ਹੈ ਤੇ ਜਿਵੇਂ ਉਸ ਨੇ ਸੀ. ਬੀ. ਆਈ., ਸੁਪਰੀਮ ਕੋਰਟ, ਰਿਜ਼ਰਵ ਬੈਂਕ, ਇਨਕਮ ਟੈਕਸ ਵਿਭਾਗ ਸਮੇਤ ਹੋਰਨਾਂ ਕਈ ਸਰਕਾਰੀ ਅਦਾਰਿਆਂ ਨੂੰ ਅਗਵਾ ਕੀਤਾ ਹੈ, ਇਹ ਕਿਸੇ ਤੋਂ ਛੁਪਿਆ ਹੋਇਆ ਨਹੀਂ। ਕੈਪਟਨ ਅਮਰਿੰਦਰ ਸਿੰਘ ਤੇ ਅਜੀਤ ਡੋਵਾਲ ਦੇ ਰਿਸ਼ਤਿਆਂ ਬਾਰੇ ਸਾਰੇ ਸੀਨੀਅਰ ਪੱਤਰਕਾਰ ਚੰਗੀ ਤਰ੍ਹਾਂ ਜਾਣੂ ਹਨ।

ਅਜੀਤ ਡੋਵਾਲ ਵਰਤਾਰੇ ਬਾਰੇ ਜਾਣਨਾ ਬੜਾ ਦਿਲਚਸਪ ਹੋਵੇਗਾ। ਭਾਵੇਂ ਦੇਸ਼ ਦੇ ਸਰਕਾਰੀ ਤਾਣੇ-ਬਾਣੇ ਵਿਚ ਇਹ ਵਰਤਾਰਾ ਕੋਈ ਨਿਵੇਕਲਾ ਨਹੀਂ, ਪਰ ਫਿਰ ਵੀ ਜਿਵੇਂ ਉਸ ਨੇ ਸਮੁੱਚੇ ਸਰਕਾਰੀ ਤੇ ਰਾਜਸੀ ਤੰਤਰ ਨੂੰ ਅਗਵਾ ਕੀਤਾ ਹੈ, ਇਹ ਆਪਣੀ ਮਿਸਾਲ ਆਪ ਹੈ। ਐਮਰਜੈਂਸੀ ਤੋਂ ਬਾਅਦ 1980ਵਿਆਂ ਵਿਚ ਜਦੋਂ ਇੰਦਰਾ ਗਾਂਧੀ ਮੁੜ ਤਾਕਤ ਵਿਚ ਆਈ ਤਾਂ ਉਸ ਨੇ ਦੇਸ਼ ਭਰ ਵਿਚ ਫੈਲੇ ਆਰਥਕ-ਸਿਆਸੀ-ਸਮਾਜੀ ਸੰਕਟ ਨਾਲ ਨਜਿਠਣ ਲਈ ਕਾਨੂੰਨੀ ਘੇਰਿਆਂ ਤੋਂ ਬਾਹਰ ਵਿਚਰਦੇ ਆਪਣੇ ਭਰੋਸੇਯੋਗ ਵਿਅਕਤੀਆਂ ਉਤੇ ਆਧਾਰਤ ਇਕ ਤੀਜੀ ਏਜੰਸੀ ਬਣਾਈ, ਜਿਸ ਨੂੰ ਬੇਪਨਾਹ ਤਾਕਤ ਤੇ ਪੈਸਾ ਦਿਤਾ ਗਿਆ। ਪੰਜਾਬ ਮਸਲੇ ਨਾਲ ਨਜਿਠਣ ਲਈ ਇਸ ਏਜੰਸੀ ਨੂੰ ਪੂਰੇ ਅਧਿਕਾਰ ਦਿਤੇ ਗਏ। ਇਸ ਏਜੰਸੀ ਨੇ ਪੰਜਾਬ ਮਸਲਾ ਕਿਵੇਂ ਹਲ ਕੀਤਾ ਜਾਂ ਕਿਵੇਂ ਹਲ ਨਹੀਂ ਹੋਣ ਦਿਤਾ, ਇਸ ਦੀ ਬੜੀ ਵਿਸਤ੍ਰਿਤ ਵਿਆਖਿਆ ਉਦੋਂ ਦੇ ਅੰਗਰੇਜੀ ਟ੍ਰਿਬਿਊਨ ਦੇ ਸੀਨੀਅਰ ਪੱਤਰਕਾਰ ਸ. ਦਲਬੀਰ ਸਿੰਘ ਨੇ ਆਪਣੀਆਂ ਅਨੇਕ ਲਿਖਤਾਂ ਵਿਚ ਕੀਤੀ ਹੈ। ਇਹ ਲਿਖਤਾਂ ਅਜੇ ਵੀ ਮੌਜੂਦ ਹਨ। ਇਸੇ ਤੀਜੀ ਏਜੰਸੀ ਦਾ ਵਿਸਥਾਰ ਇਹ ਅਜੀਤ ਡੋਵਾਲ ਵਰਤਾਰਾ ਹੈ। ਇਸ ਵਰਤਾਰੇ ਦੀ ਸ਼ੁਰੂਆਤ ਇਸ ਸਦੀ ਦੇ ਪਹਿਲੇ ਦਹਾਕੇ ਵਿਚ ਹੋਈ।

2009 ਵਿਚ ਅਜੀਤ ਡੋਵਾਲ ਨੇ ਆਰ. ਐਸ. ਐਸ. ਦੀਆਂ ਹਦਾਇਤਾਂ ਤੇ ਮਦਦ ਨਾਲ ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ ਨਾਂ ਦਾ ਅਦਾਰਾ ਕਾਇਮ ਕੀਤਾ। ਇਸ ਅਦਾਰੇ ਵਿਚ ਆਰ. ਐਸ. ਐਸ. ਨਾਲ ਸਬੰਧਤ ਕੇਂਦਰੀ ਖੁਫੀਆ ਏਜੰਸੀਆਂ ਦੇ ਸਾਬਕਾ ਮੁਖੀ, ਸਾਬਕਾ ਫੌਜੀ ਜਰਨੈਲ, ਸਾਬਕਾ ਪੁਲਿਸ ਡੀ. ਜੀ. ਪੀ., ਪੁਲਿਸ ਅਫਸਰ, ਸਿਵਲ ਅਫਸਰ, ਮੀਡੀਆ ਮਾਲਕ, ਸੀਨੀਅਰ ਪੱਤਰਕਾਰ ਅਤੇ ਯੂਨੀਵਰਸਿਟੀਆਂ ਵਿਚ ਕੰਮ ਕਰਦੇ ਵਾਈਸ ਚਾਂਸਲਰ ਤੇ ਪ੍ਰੋਫੈਸਰ ਸ਼ਾਮਿਲ ਕੀਤੇ ਗਏ। ਇਸ ਅਦਾਰੇ ਕੋਲ ਕਿੰਨਾ ਕੁ ਪੈਸਾ ਹੋਵੇਗਾ, ਇਸ ਦਾ ਅੰਦਾਜ਼ਾ ਦਿੱਲੀ ਵਿਚ ਬਣੀ ਇਸ ਦੀ ਆਲੀਸ਼ਾਨ ਇਮਾਰਤ ਵੇਖ ਕੇ ਲਾਇਆ ਜਾ ਸਕਦਾ ਹੈ। ਇਨ੍ਹਾਂ ਪੰਜ-ਸੱਤ ਸੌ ਬੰਦਿਆਂ ਨੇ ਦੇਸ਼ ਦੀ ਰਾਜਸੱਤਾ ਹਥਿਆਉਣ ਲਈ ਇਕ ਖਾਕਾ (ਨੈਰੇਟਿਵ) ਤਿਆਰ ਕੀਤਾ। ਅੰਬਾਨੀ-ਅਡਾਨੀ-ਟਾਟਾ ਵਰਗੇ ਧਨਾਢਾਂ ਨਾਲ ਅਟੀ-ਸਟੀ ਲਾਈ। ਉਨ੍ਹਾਂ ਦੇ ਸਰਮਾਏ ਦੀ ਮਦਦ ਨਾਲ ਦੇਸ਼ ਦੇ ਲਗਪਗ ਸਮੁਚੇ ਮੀਡੀਏ ਉਤੇ ਕਬਜਾ ਕੀਤਾ। ਇਸ ਤਾਣੇ-ਬਾਣੇ ਤੇ ਆਰ. ਐਸ. ਐਸ. ਕਾਡਰ ਦੀ ਸਰਗਰਮ ਸ਼ਮੂਲੀਅਤ ਨਾਲ ਮੋਦੀ-ਸ਼ਾਹ ਜੋੜੀ ਨੂੰ ਲੀਡਰ ਵਜੋਂ ਉਭਾਰਿਆ ਗਿਆ ਅਤੇ 2014 ਦੀਆਂ ਲੋਕ ਸਭਾ ਚੋਣਾਂ ਵਿਚ ਦੇਸ਼ ਦੇ ਸਰਕਾਰੀ ਤੇ ਰਾਜਸੀ ਤੰਤਰ ਨੂੰ ਅਗਵਾ ਕਰਨ ਵਿਚ ਸਫਲਤਾ ਪ੍ਰਾਪਤ ਕਰ ਲਈ ਗਈ।

ਇਹ ਸਫਲਤਾ ਪ੍ਰਾਪਤ ਕਰਨ ਲਈ ਮਸ਼ੀਨਾਂ ਦੀ ਕਿੰਨੀ ਕੁ ਵਰਤੋਂ ਜਾਂ ਦੁਰਵਰਤੋਂ ਕੀਤੀ ਗਈ, ਇਹ ਇਕ ਖੁਲ੍ਹਾ ਭੇਦ ਬਣਿਆ ਰਿਹਾ। ਖੁਲ੍ਹਾ ਭੇਦ ਇਸ ਕਰਕੇ, ਕਿਉਂਕਿ ਬਾਮਸੇਫ ਦੀ ਇਕ ਧਿਰ ਦੇ ਮੁਖੀ ਵਾਮਨ ਮੇਸ਼ ਰਾਮ ਉਦੋਂ ਤੋਂ ਹੀ ਸੁਪਰੀਮ ਕੋਰਟ ਵਿਚ ਮਸ਼ੀਨਾਂ ਦੀ ਥਾਂ ਪਰਚੀਆਂ ਰਾਹੀਂ ਵੋਟ ਪਾਉਣ ਦੇ ਹੱਕ ਲਈ ਲੜ ਰਹੇ ਹਨ। ਇਸ ਲੜਾਈ ਕਰਕੇ ਹੀ ਸਾਰੀਆਂ ਵਿਰੋਧੀ ਪਾਰਟੀਆਂ ਦੇ ਮਨਾਂ ਵਿਚ ਮਸ਼ੀਨਾਂ ਪ੍ਰਤੀ ਸ਼ੰਕੇ ਪੈਦਾ ਹੋਏ।

ਦਿਲਚਸਪ ਗੱਲ ਇਹ ਹੈ ਕਿ ਚੋਣ ਮੁਹਿੰਮ ਅਰੰਭ ਹੋਣ ਤੋਂ ਪਹਿਲਾਂ ਤੋਂ ਲੈ ਕੇ ਅਖੀਰ ਤਕ ਲਗਪਗ ਸਾਰੀਆਂ ਵਿਰੋਧੀ ਪਾਰਟੀਆਂ ਚੋਣ ਕਮਿਸ਼ਨ ਨੂੰ ਮਿਲ ਕੇ ਪਰਚੀ ਰਾਹੀਂ ਵੋਟ ਪੁਆਉਣ ਦੀ ਮੰਗ ਕਰਦੀਆਂ ਰਹੀਆਂ ਹਨ। ਬੇਸ਼ਕ ਚੋਣ ਕਮਿਸ਼ਨ ਅਖੀਰ ਤਕ ਆਪਣੀ ਅੜੀ ਉਤੇ ਕਾਇਮ ਰਿਹਾ। ਇਸ ਤੋਂ ਵੀ ਦਿਲਚਸਪ ਗੱਲ ਇਹ ਹੈ ਕਿ




ਵੋਟਾਂ ਦੀ ਗਿਣਤੀ ਹੋਣ ਤੋਂ ਸਿਰਫ ਇਕ ਦਿਨ ਪਹਿਲਾਂ ਸਾਰੀਆਂ ਵਿਰੋਧੀ ਪਾਰਟੀਆਂ ਦੀ, ਘੱਟੋ ਘੱਟ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਪੰਜ ਫੀਸਦੀ ਵੀ ਵੀ ਪੈਟ ਪਰਚੀਆਂ ਗਿਣਨ ਦੀ ਕੀਤੀ ਮੰਗ ਵੀ ਮੁਖ ਚੋਣ ਕਮਿਸ਼ਨਰ ਨੇ ਬੜੀ ਹਿਕਾਰਤ ਨਾਲ ਠੁਕਰਾ ਦਿਤੀ।

ਅਰੰਭ ਤੋਂ ਲੈ ਕੇ ਚੋਣ ਨਤੀਜਿਆਂ ਤਕ ਚਲੀ ਇਸ ਸਾਰੀ ਚੋਣ ਮੁਹਿੰਮ ਨੂੰ ਵੇਖ ਕੇ ਦੁਨੀਆਂ ਭਰ ਦੇ ਲੋਕ ਮਨਾਂ ਵਿਚ ਹੁਣ ਤਕ ਬੁਝਾਰਤ ਬਣਿਆ ਹੋਇਆ ਅਜਿਹਾ ਇਕ ਹੋਰ ਵਰਤਾਰਾ ਸਪਸ਼ਟ ਹੋ ਗਿਆ ਹੈ। ਲੋਕ ਮਨਾਂ ਵਿਚ ਅਜੇ ਤਕ ਇਹ ਇਕ ਬੁਝਾਰਤ ਬਣੀ ਹੋਈ ਹੈ ਕਿ ਦੂਜੀ ਸੰਸਾਰ ਜੰਗ ਤੋਂ ਪਹਿਲਾਂ ਹਿਟਲਰ ਵਰਗਾ ਵਿਅਕਤੀ ਚੋਣਾਂ ਜਿੱਤ ਕੇ ਜਰਮਨੀ ਦਾ ਚਾਂਸਲਰ ਕਿਵੇਂ ਬਣ ਗਿਆ? ਇਹ ਬਿਲਕੁਲ ਇਸੇ ਤਰ੍ਹਾਂ ਹੀ ਵਾਪਰਿਆ ਹੋਵੇਗਾ, ਜਿਵੇਂ ਹੁਣ ਮੋਦੀ-ਸ਼ਾਹ-ਡੋਵਾਲ ਜੁੰਡਲੀ ਚੋਣਾਂ ਜਿਤਣ ਦਾ ਫਰੇਬ ਕਰਕੇ ਦੇਸ਼ ਦੇ ਸਰਕਾਰੀ ਤੇ ਰਾਜਸੀ ਤੰਤਰ ਉਤੇ ਕਾਬਜ ਹੋ ਗਈ ਹੈ।

ਹਿਟਲਰ ਦੇ ਪ੍ਰਚਾਰ ਮੰਤਰੀ ਗੋਇਬਲਜ ਦਾ ਇਹ ਕਥਨ ਹੁਣ ਤਕ ਮਸ਼ਹੂਰ ਹੈ ਕਿ ਜੇ ਝੂਠ ਨੂੰ ਸੌ ਵਾਰ ਬੋਲਿਆ ਜਾਏ ਤਾਂ ਉਹ ਸੱਚ ਬਣ ਜਾਂਦਾ ਹੈ। ਇਸ ਚੋਣ ਮੁਹਿੰਮ ਵਿਚ ਇਹ ਵਰਤਾਰਾ ਵਾਪਰਦਾ ਹਰ ਇਕ ਦੇਸ਼ ਵਾਸੀ ਨੇ ਅਨੇਕ ਵਾਰ ਵੇਖਿਆ ਤੇ ਸੁਣਿਆ। ਹੁਣ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਸਾਡੇ ਦੇਸ਼ ਵਾਂਗ ਹੀ ਉਸ ਦੌਰ ਦਾ ਜਰਮਨੀ ਮੀਡੀਆ ਵੀ ਗੋਇਬਲਜ ਦਾ ਜਰਖਰੀਦ ਹੋਵੇਗਾ, ਜਿਹੜਾ ਭਾਰਤੀ ਮੀਡੀਏ ਵਾਂਗ ਹੀ ਉਸ ਦੇ ਝੂਠ ਨੂੰ ਸੱਚ ਬਣਾਉਣ ਲਈ ਸੌ-ਸੌ ਵਾਰ ਦੁਹਰਾਉਂਦਾ ਰਿਹਾ ਹੋਵੇਗਾ।

ਬੇਸ਼ਕ ਹਿਟਲਰ ਦਾ ਅੰਤ ਕਿਵੇਂ ਹੋਇਆ, ਜੇ ਉਸ ਵਲ ਨਿਗ੍ਹਾ ਮਾਰੀ ਜਾਵੇ ਤਾਂ ਬੰਦੇ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ; ਪਰ ਇਹ ਧਿਆਨ ਵਿਚ ਰੱਖਣ ਵਾਲੀ ਗੱਲ ਹੈ ਕਿ ਹਿਟਲਰ ਕਾਰਨ ਅਰੰਭ ਹੋਈ ਦੂਜੀ ਸੰਸਾਰ ਜੰਗ ਵਿਚ ਸੱਤ ਕਰੋੜ ਲੋਕ ਮਰੇ ਤੇ ਬਾਰ੍ਹਾਂ ਕਰੋੜ ਲੋਕ ਜਖਮੀ ਹੋਏ। ਹੋਰ ਸਾਧਨਾਂ ਦੀ ਜੋ ਤਬਾਹੀ ਹੋਈ, ਉਹ ਇਸ ਤੋਂ ਵਖਰੀ ਹੈ। ਇਹ ਤਥ ਧਿਆਨ ਵਿਚ ਰੱਖਣ ਵਾਲਾ ਹੈ ਕਿ ਜਦੋਂ ਹਿਟਲਰ ਨੇ ਰਾਜ ਸੱਤਾ ਹਥਿਆਈ ਸੀ ਤਾਂ ਸੰਸਾਰ ਸਾਮਰਾਜੀ ਪ੍ਰਬੰਧ ਬਿਲਕੁਲ ਅੱਜ ਵਾਂਗ ਹੀ ਬੜੇ ਗੰਭੀਰ ਆਰਥਕ-ਸਿਆਸੀ ਤੇ ਸਮਾਜੀ ਸੰਕਟ ਵਿਚੋਂ ਲੰਘ ਰਿਹਾ ਸੀ। ਅੱਜ ਵਾਂਗ ਹੀ ਸਾਰੇ ਸਾਮਰਾਜੀ ਤੇ ਸਮਾਜੀ ਵਿਰੋਧ ਆਪਣੇ ਸਿਖਰ ਵਲ ਵਧ ਰਹੇ ਸਨ, ਜਿਸ ਦਾ ਸਿਟਾ ਦੂਜੀ ਸੰਸਾਰ ਜੰਗ ਵਿਚ ਨਿਕਲਿਆ। ਹੁਣ ਵੀ ਬਿਲਕੁਲ ਓਹੀ ਹਾਲਾਤ ਹਨ। ਜੇ ਤੁਸੀਂ ਅਮਰੀਕਾ-ਚੀਨ, ਅਮਰੀਕਾ-ਰੂਸ ਤੇ ਅਮਰੀਕਾ-ਇਰਾਨ ਦੇ ਲਗਾਤਾਰ ਵਧ ਰਹੇ ਟਕਰਾਓ ਅਤੇ ਯੂਰਪੀਨ ਦੇਸ਼ਾਂ ਵਿਚ ਲਗਾਤਾਰ ਵਧ ਰਹੇ ਸਮਾਜੀ ਤਣਾਅ ਉਤੇ ਮੋਟੀ ਜਿਹੀ ਨਜ਼ਰ ਵੀ ਮਾਰੋ ਤਾਂ ਤੁਹਾਨੂੰ ਇਹ ਵਧ ਰਹੀਆਂ ਸਾਮਰਾਜੀ ਵਿਰੋਧਤਾਈਆਂ ਸਪਸ਼ਟ ਨਜ਼ਰ ਆ ਜਾਣਗੀਆਂ। ਨਿਰੰਤਰ ਵਧ ਰਹੇ ਆਰਥਕ ਸਮਾਜੀ-ਜਮਾਤੀ ਵਿਰੋਧ ਅੱਜ ਉਸ ਪੱਧਰ ਉਤੇ ਪਹੁੰਚ ਗਏ ਹਨ, ਜਿਥੇ ਸਮੁੱਚੀ ਮਨੁਖੀ ਸੋਚ ਤੇ ਰਾਜਪ੍ਰਬੰਧ ਵਿਚ ਵੱਡੀਆਂ ਤਬਦੀਲੀਆਂ ਲਿਆਂਦੇ ਬਿਨਾ ਇਨ੍ਹਾਂ ਟਕਰਾਵਾਂ ਦਾ ਕੋਈ ਹੱਲ ਨਹੀਂ ਕੀਤਾ ਜਾ ਸਕਦਾ। ਇਸ ਦਾ ਦੂਜਾ ਪੱਖ ਲਗਾਤਾਰ ਤੀਜੀ ਸਾਮਰਾਜੀ ਸੰਸਾਰ ਜੰਗ ਵਲ ਵਧ ਰਹੇ ਹਾਲਾਤ ਹਨ।

ਸੱਚਾਈ ਇਹ ਹੈ ਕਿ ਮਨੋ-ਕਲਪਿਤ ਬ੍ਰਹਮਾ ਵਿਚ ਯਕੀਨ ਕਰਨ ਵਾਲੇ ਉਚ ਜਾਤੀ ਬ੍ਰਾਹਮਣ-ਬਾਣੀਆ ਵਰਗ ਲਈ ਇਹ ਦੇਸ਼ ਅਡ-ਅਡ ਸੈਂਕੜੇ ਕੌਮੀਅਤਾਂ, ਭਾਈਚਾਰਿਆਂ ਜਾਂ ਅਨੇਕ ਮਤਾਂ ਨੂੰ ਮੰਨਣ ਵਾਲੇ ਕਰੋੜਾਂ ਲੋਕਾਂ ਦੀ ਵਸੇਬ ਨਹੀਂ, ਸਗੋਂ ਇਕ ਇੰਡੀਅਨ ਪ੍ਰਾਜੈਕਟ ਹੈ, ਜਿਸ ਨੂੰ ਉਨ੍ਹਾਂ ਨੇ ਕੁਦਰਤੀ ਨੇਮਾਂ ਅਨੁਸਾਰ ਨਹੀਂ, ਸਗੋਂ ਆਪਣੀ ਮਨਮਰਜੀ ਨਾਲ ਚਲਾਉਣ ਦਾ ਇਰਾਦਾ ਕੀਤਾ ਹੋਇਆ ਹੈ। ਇਸ ਵਾਸਤੇ ਉਨ੍ਹਾਂ ਕੋਲ ਸਦੀਆਂ ਦੇ ਅਜਮਾਏ ਨੇਮ ਸਾਮ-ਦਾਮ-ਦੰਡ-ਭੇਦ ਮੌਜੂਦ ਹਨ। ਇਨ੍ਹਾਂ ਨੇਮਾਂ ਦੀ ਇਸ ਚੋਣ ਮੁਹਿੰਮ ਵਿਚ ਉਨ੍ਹਾਂ ਨੇ ਰੱਜ ਕੇ ਵਰਤੋਂ ਕੀਤੀ ਹੈ। ਕਸ਼ਮੀਰੀ, ਸਿੱਖ, ਦਲਿਤ ਤੇ ਆਦਿਵਾਸੀ ਇਸ ਕਲਪਿਤ ਪ੍ਰਾਜੈਕਟ ਦੀਆਂ ਸ਼ਿਕਾਰ ਹੋਈਆਂ ਸਪਸ਼ਟ ਮਿਸਾਲਾਂ ਸਾਡੇ ਸਾਹਮਣੇ ਹਨ, ਪਰ ਸਮਸਿਆ ਇਹ ਹੈ ਕਿ ਹੁਣ ਕੁਦਰਤ ਨੇ ਮਨੁਖ ਜਾਤੀ ਦੇ ਬਾਕੀ ਸਾਰੇ ਰਾਹ ਬੰਦ ਕਰ ਦਿਤੇ ਹਨ।

ਹੁਣ ਮਨੁਖ ਜਾਤੀ ਕੋਲ ਸਿਰਫ ਇਕੋ-ਇਕ ਰਾਹ ਬਚਿਆ ਹੈ ਕਿ ਉਹ ਕੁਦਰਤੀ ਨੇਮਾਂ ਅਨੁਸਾਰ ਜ਼ਿੰਦਗੀ ਜਿਉਂਦਿਆਂ ਹੀ ਦਰਪੇਸ਼ ਮੌਜੂਦਾ ਸਮੱਸਿਆਵਾਂ ਦਾ ਹਲ ਕਰ ਸਕਦਾ ਹੈ। ਪੱਛਮੀ ਦੇਸ਼ਾਂ ਵਿਚ ਗਰੀਨ ਪਾਰਟੀਆਂ ਨੂੰ ਮਿਲ ਰਿਹਾ ਹੁੰਗਾਰਾ ਇਧਰ ਹੀ ਇਸ਼ਾਰਾ ਕਰਦਾ ਹੈ, ਅਰਥਾਤ ਆਪਣੀਆਂ ਕੁਦਰਤੀ ਲੋੜਾਂ ਪਛਾਣੋ ਤੇ ਰਲ-ਮਿਲ ਕੇ ਜ਼ਿੰਦਗੀ ਦਾ ਅਨੰਦ ਮਾਣੋ। ਰਲ-ਮਿਲ ਕੇ ਕਿਰਤ ਕਰੋ-ਆਪਣੀਆਂ ਸੀਮਤ ਲੋੜਾਂ ਦੀ ਪੂਰਤੀ ਕਰਦਿਆਂ ਵੰਡ ਛਕੋ ਤੇ ਮਨੁਖੀ-ਪਰਿਵਾਰਕ ਤੇ ਸਮਾਜੀ ਰਿਸ਼ਤਿਆਂ ਨੂੰ ਅਮੀਰ ਬਣਾਉਂਦਿਆਂ ਕੁਦਰਤ ਦੇ ਕਣ-ਕਣ ਵਿਚੋਂ ਪ੍ਰਗਟ ਹੋਣ ਵਾਲੇ ਏਕੋ ਕਰਤਾ ਦੇ ਗੁਣ ਗਾਓ, ਜਿਸ ਦੀ ਸ਼ਨਾਖਤ ਕੁਦਰਤ ਵਿਚੋਂ ਹੁੰਦੀ ਹੈ। ਜਿਵੇਂ-ਜਿਵੇਂ ਇਸ ਦੇਸ਼ ਦੇ ਲੋਕ ਆਪਣੀ ਅਸਲੀ ਹੋਂਦ ਪਛਾਣਨਗੇ, ਤਿਵੇਂ-ਤਿਵੇਂ ਉਹ ਇਸ ਕਲਪਿਤ ਪ੍ਰਾਜੈਕਟ ਦਾ ਵਿਰੋਧ ਕਰਨਗੇ। ਆਲਮੀ ਰਾਜਨੀਤੀ ਇਨ੍ਹਾਂ ਵਿਰੋਧਾਂ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ, ਇਹ ਆਉਣ ਵਾਲਾ ਸਮਾਂ ਦਸੇਗਾ।

---

## ਕੌੜੀ ਕੁਸੈਲੀ

# ਅਫਕਾਰ

ਸ਼ਬਦ ਅਫਕਾਰ ਪੜ੍ਹ ਕੇ ਹੀ ਫਿਕਰ 'ਚ ਨਾ ਪੈ ਜਾਣਾ ਕਿ ਕਿਸ ਬਲਾ ਦਾ ਨਾਂ ਹੈ; ਅਫਕਾਰ ਸ਼ਬਦ ਫਿਕਰ ਦਾ ਹੀ ਬਹੁਵਚਨ ਹੈ।

ਚੋਣਾਂ ਹੋਈਆਂ ਤੇ ਉਮੀਦਵਾਰਾਂ ਦੀ ਕਿਸਮਤ ਮਸ਼ੀਨਾਂ 'ਚ ਬੰਦ ਹੋ ਗਈ। ਅਸੀਂ ਉਡੀਕਣ ਲੱਗੇ ਕਿ ਕਦੋਂ 23 ਮਈ ਆਵੇ, ਦਸ ਗਿਆਰਾਂ ਵੱਜਣ ਤੇ ਬਿੱਲੀ ਥੈਲਿਓਂ ਬਾਹਰ ਆਵੇ। ਕੀ ਹੋਇਆ, ਕੌਣ ਜਿੱਤਿਆ ਤੇ ਕੌਣ ਹਾਰਿਆ ਪਤਾ ਲੱਗੇ। ਵੋਟਾਂ ਪਾਉਣ ਵਾਲਿਆਂ ਨੂੰ, ਵੋਟਾਂ ਬਟੋਰਨ ਵਾਲਿਆਂ ਤੋਂ ਕਿਤੇ ਵੱਧ ਧੁੜਕੂ ਲੱਗ ਜਾਂਦਾ ਹੈ। ਚੋਣਾਂ ਦਾ ਮਾਮਲਾ ਹੀ ਕੁਝ ਐਸਾ ਹੈ।

ਇਸ ਵਿਚ ਕੁਝ ਗਲਤ ਵੀ ਨਹੀਂ। ਜਿਸ ਦੇ ਹੱਕ ਵਿਚ ਅਸੀਂ ਸੋਚਦੇ ਰਹੇ ਹੁੰਦੇ ਹਾਂ ਤੇ ਜਿਸ ਨੂੰ ਅਸੀਂ ਗੱਜ ਵੱਜ ਕੇ ਵੋਟ ਪਾਈ ਹੁੰਦੀ ਹੈ, ਉਸ



ਦੇ ਨਤੀਜੇ ਦਾ ਫਿਕਰ ਕਰਨਾ ਗਲਤ ਨਹੀਂ। ਪਰ, ਅਜਿਹਾ ਫਿਕਰ ਜੇ ਧੁੜਕੂ ਵਿਚ ਪਲਟ ਜਾਵੇ ਅਤੇ ਬਹੁਵਚਨ ਹੋ ਜਾਵੇ

**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਤਾਂ ਉਰਦੂ ਵਾਲੇ ਉਸ ਨੂੰ ਅਫਕਾਰ ਬੋਲਦੇ ਹਨ। ਡਾ. ਇਕਬਾਲ ਨੇ ਲਿਖਿਆ, "ਅਫਕਾਰ ਜਵਾਨੋ ਕੇ ਖਫੀ ਹੋਂ ਕਿ ਜਲੀ ਹੋਂ, ਪੋਸ਼ੀਦਾ ਨਹੀਂ ਮਰਦ-ਏ-ਕਲੰਦਰ ਕੀ ਨਿਗਾਹ ਸੇ।"

ਚੋਣਾਂ ਦੇ ਨਤੀਜਿਆਂ ਬਾਰੇ ਸਾਡੇ ਅਫਕਾਰ ਇਸ ਕਰਕੇ ਜਾਇਜ਼ ਸਨ, ਕਿਉਂਕਿ ਕਿਸੇ ਦੀ ਵੀ ਜਿੱਤ ਅਤੇ ਹਾਰ ਦਾ ਸਾਡੇ 'ਤੇ ਅਸਰ ਹੋਣਾ ਹੁੰਦਾ ਹੈ। ਅਸੀਂ ਕਿਸੇ ਦੀ ਜਿੱਤ ਵੀ ਭੁਗਤਦੇ ਹਾਂ ਤੇ ਹਾਰ ਵੀ। ਇਸ ਲਈ ਸਾਡੇ ਲਈ ਕਿਸੇ ਦਾ ਹਾਰਨਾ ਵੀ ਓਨਾ ਹੀ ਅਹਿਮ ਹੈ, ਜਿੰਨਾ ਜਿੱਤਣਾ।

ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਵੋਟਾਂ ਕਿਉਂ ਪਾਉਂਦੇ ਹਾਂ ਤੇ ਵੋਟਾਂ ਲੈਣ ਵਾਲੇ ਕਿਉਂ ਖੜ੍ਹਦੇ ਹਨ, ਕੀ ਮਿਲਦਾ ਹੈ ਉਨ੍ਹਾਂ ਨੂੰ, ਕਿਉਂ ਅੜਿੰਗ ਅੜਿੰਗ ਕੇ ਆਪਣੇ ਗਲੇ ਦੀਆਂ ਖੁੱਚਾਂ ਮਾਰ ਲੈਂਦੇ ਹਨ ਉਹ?

ਇਸ ਸਾਰੇ ਕਾਸੇ ਪਿੱਛੇ ਵੱਡਾ ਕਾਰਨ ਪਾਪੀ ਪੇਟ ਦਾ ਸਵਾਲ ਹੈ, ਜਿਸ ਖਾਤਰ ਚੋਣਾਂ ਵਾਲੇ ਲੋਕ ਆਪਣਾ ਦੀਨ, ਇਮਾਨ, ਚੈਨ ਅਤੇ ਆਪਣੀ ਇੱਜਤ ਆਬਰੂ ਤੱਕ ਦਾਅ 'ਤੇ ਲਾ ਦਿੰਦੇ ਹਨ; ਕਾਸੇ ਦੀ ਵੀ ਪ੍ਰਵਾਹ ਨਹੀਂ ਕਰਦੇ; ਆਪਣੀਆਂ ਧੀਆਂ-ਭੈਣਾਂ ਤੇ ਪਤਨੀਆਂ ਨੂੰ ਚੋਣ ਅਖਾੜੇ ਵਿਚ ਝੋਕ ਦਿੰਦੇ ਹਨ। ਕਈ ਤਾਂ ਆਪਣੇ ਬੋਟਾਂ ਜਿਹੇ ਨਿਆਣਿਆਂ ਨੂੰ ਵੀ ਨਹੀਂ ਬਖਸ਼ਦੇ। ਦਰਅਸਲ ਇਨ੍ਹਾਂ ਦੇ ਪਾਪੀ ਪੇਟ ਦਾ ਸਵਾਲ ਹੀ ਕੁਝ ਅਜਿਹਾ ਹੈ ਕਿ ਭਰਦਾ ਹੀ ਨਹੀਂ; ਸਭ ਕੁਝ ਡਕਾਰ ਕੇ ਵੀ ਫਿਰ ਭੁੱਖੇ ਦਾ ਭੁੱਖਾ! ਅੰਨ੍ਹੀ ਭੁੱਖ ਇਨ੍ਹਾਂ ਨੂੰ ਅੰਨ੍ਹੇ ਕਰੀ ਰੱਖਦੀ ਹੈ ਤੇ ਇਨ੍ਹਾਂ ਨੂੰ ਅੱਛੇ, ਬੁਰੇ ਅਤੇ ਬੋਲ ਕੁਬੋਲ ਦੀ ਵੀ ਪਛਾਣ ਨਹੀਂ ਰਹਿੰਦੀ। ਇਹ ਲੋਕ ਆਪਣੇ ਮਤਲਬ ਲਈ ਗਧੇ ਨੂੰ ਬਾਪ ਆਖ ਦਿੰਦੇ ਹਨ ਤੇ ਬਾਪ ਨੂੰ ਗਧਾ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਅਸੀਂ ਸਾਰੇ ਹੀ ਜਬਰਨ ਅਤੇ ਬੇਤਹਾਸ਼ਾ ਟੈਕਸ ਦਿੰਦੇ ਹਾਂ। ਇੱਕ ਮੋਮਬੱਤੀ ਵੀ ਲਈਏ ਤਾਂ ਉਸ ਦਾ ਟੈਕਸ ਦੇਣਾ ਪੈਂਦਾ ਹੈ। ਘਰੇ ਬਿਜਲੀ ਬਾਲਦੇ ਹਾਂ ਤਾਂ ਉਸ ਦੀ ਕੀਮਤ ਦੇ ਨਾਲ ਟੈਕਸ ਵੀ ਦਿੰਦੇ ਹਾਂ। ਬਹੁਤੇ ਲੋਕਾਂ ਨੂੰ ਸ਼ਾਇਦ ਪਤਾ ਹੀ ਨਾ ਹੋਵੇ ਕਿ ਕੀਮਤ ਅਤੇ ਟੈਕਸ ਦੋ ਗੱਲਾਂ ਹਨ, ਇੱਕ ਨਹੀਂ।

ਜਿਹੜਾ ਵੀ ਕੋਈ ਮੋਮਬੱਤੀ ਬਣਾਉਂਦਾ ਹੋਵੇਗਾ, ਉਹ ਧਾਗਾ ਵੀ ਖਰੀਦਦਾ ਹੋਵੇਗਾ, ਮੋਮ ਵੀ, ਮੋਮਬੱਤੀ ਬਣਾਉਣ ਵਾਲੀ ਮਸ਼ੀਨ ਵੀ ਤੇ ਪੈਕਿੰਗ ਦਾ ਸਮਾਨ ਵੀ। ਇਨ੍ਹਾਂ ਤਿੰਨਾਂ-ਚਾਰਾਂ ਚੀਜ਼ਾਂ ਦੀ ਕੀਮਤ ਦੇ ਇਲਾਵਾ ਉਹ ਟੈਕਸ ਵੀ ਦਿੰਦਾ ਹੈ। ਜੇ ਇਨ੍ਹਾਂ ਸਭ ਚੀਜਾਂ ਦੀ ਕੀਮਤ ਸੌ ਰੁਪਿਆ ਹੋਵੇ ਤਾਂ ਉਸ ਨੂੰ ਸਵਾ ਸੌ ਰੁਪਏ ਦੇਣੇ ਪੈਂਦੇ ਹਨ। ਸਵਾ ਸੌ ਰੁਪਏ 'ਚ ਬਣੀਆਂ ਮੋਮਬੱਤੀਆਂ ਜੇ ਉਹ ਡੇਢ ਸੌ ਰੁਪਏ ਦੀਆਂ ਵੀ ਵੇਚੇ ਤਾਂ ਉਸ ਨੂੰ ਸਿਰਫ 25 ਰੁਪਏ ਹੀ ਬਚਦੇ ਹਨ। ਉਸ ਨੂੰ ਇਸ 25 ਰੁਪਏ 'ਤੇ ਫਿਰ ਆਮਦਨ ਟੈਕਸ ਦੇਣਾ ਪੈਂਦਾ ਹੈ। ਮੋਮਬੱਤੀਆਂ ਬਣਾਉਣ ਵਾਲੇ ਤੋਂ ਜਦ ਕੋਈ ਦੁਕਾਨਦਾਰ ਖਰੀਦਦਾ ਹੈ ਤਾਂ ਉਸ ਨੂੰ ਵੀ ਟੈਕਸ ਦੇਣਾ ਪੈਂਦਾ ਹੈ। ਸਵਾ ਸੌ ਦਾ ਡੇਢ ਸੌ ਹੋ ਜਾਂਦਾ ਹੈ। ਦੁਕਾਨਦਾਰ ਇਹ ਪੱਚੀ ਰੁਪਏ ਵੀ ਤੇ ਆਪਣੀ ਆਮਦਨ ਦੇ ਪੰਜਾਹ ਰੁਪਏ ਹੋਰ ਵਧਾ ਕੇ ਗਾਹਕ ਨੂੰ ਦੋ ਸੌ ਰੁਪਏ ਦੀ ਵੇਚਦਾ ਹੈ।

ਜੇ ਇਸ ਵਿਚ ਢੋ ਢੁਆਈ ਤੇ ਚੜ੍ਹਾਈ-ਲਹਾਈ ਵੀ ਸ਼ਾਮਲ ਹੋ ਜਾਵੇ ਤਾਂ ਸੌ ਰੁਪਏ ਵਾਲੀ ਚੀਜ਼ ਢਾਈ-ਤਿੰਨ ਸੌ ਰੁਪਏ ਤੱਕ ਪੁੱਜ ਜਾਂਦੀ ਹੈ। ਇਸ ਨੂੰ ਕਹਿੰਦੇ ਹਨ, ਦਾਹੜੀ ਨਾਲੋਂ ਮੁੱਛਾਂ ਵਧਣੀਆਂ। ਇਸੇ ਨੂੰ ਹੀ (ਸ਼ਾਇਦ) ਸਰਪਲੱਸ ਵੈਲਿਊ ਕਹਿੰਦੇ ਹਨ, ਜਿਸ ਦਾ ਸਾਰੇ ਦਾ ਸਾਰਾ ਬੋਝ ਸਿਰਫ ਖਰੀਦਦਾਰ ਦੇ ਸਿਰ ਪੈ ਜਾਂਦਾ ਹੈ।

ਇੱਕੋ ਸ਼ੈਅ ਨੂੰ ਵੱਖ ਵੱਖ ਢੰਗ ਤਰੀਕਿਆਂ ਨਾਲ ਲੱਗਾ ਟੈਕਸ ਸਰਕਾਰੀ ਖਜਾਨੇ 'ਚ ਜਮਾਂ ਹੋ ਜਾਂਦਾ ਹੈ। ਖਜਾਨੇ 'ਚ ਪਈਆਂ ਜਨਤਾ ਦੀਆਂ ਦਾੜ੍ਹੀ ਨਾਲੋਂ ਵਧੀਆਂ ਹੋਈਆਂ ਮੁੱਛਾਂ ਅਰਥਾਤ ਟੈਕਸ ਵਾਲਾ ਪੈਸਾ ਕਿੱਥੇ ਖਰਚ ਹੋਣਾ ਹੈ ਤੇ ਕਿੱਥੇ ਨਹੀਂ, ਇਸ ਦਾ ਫੈਸਲਾ ਚੋਣਾਂ 'ਚ ਜਿੱਤਣ ਵਾਲਿਆਂ ਨੇ ਕਰਨਾ ਹੁੰਦਾ ਹੈ।

ਰਾਜੀਵ ਗਾਂਧੀ ਨੇ ਇਕ ਵਾਰੀ ਬਿਆਨ ਦਿੱਤਾ ਸੀ ਕਿ ਖਜਾਨੇ 'ਚ ਪਈਆਂ ਲੋਕਾਂ ਦੀਆਂ ਮੁੱਛਾਂ, ਨਾ ਸੱਚ ਪੈਸੇ ਵਿਚੋਂ ਜਦ ਕਿਤੇ ਲੋਕਾਂ ਦੀ ਭਲਾਈ ਲਈ ਵਾਪਸ ਭੇਜਿਆ ਜਾਂਦਾ ਹੈ ਤਾਂ ਖਜਾਨੇ 'ਚੋਂ ਨਿਕਲਿਆ ਇੱਕ ਰੁਪਈਆ ਲੋਕਾਂ ਤੱਕ ਪੁੱਜਦਾ ਪੁੱਜਦਾ ਚਾਰ ਆਨੇ ਰਹਿ ਜਾਂਦਾ ਹੈ। ਇਹ ਤਾਂ ਰਾਜੀਵ ਗਾਂਧੀ ਦੇ ਸਮੇਂ ਦੀ ਗੱਲ ਸੀ। ਅੱਜ ਤਾਂ ਦਸ ਪੈਸੇ ਵੀ ਮਸਾਂ ਪੁੱਜਦੇ ਹੋਣਗੇ। ਅਸੀਂ ਸੋਚਦੇ ਹਾਂ ਕਿ ਬਾਕੀ ਨੱਬੇ ਪੈਸੇ ਕਿੱਥੇ ਜਾਂਦੇ ਹੋਣਗੇ?

ਪਿਛਲੇ ਦਿਨੀਂ ਚੋਣਾਂ 'ਚ ਆਪਣੇ ਕਾਗਜ਼ ਭਰਨ ਲੱਗਿਆਂ ਪੰਜਾਬ ਦੀ ਇੱਕ ਨੱਕ ਚੜ੍ਹੋ ਨੇ ਦੱਸਿਆ ਕਿ ਉਸ ਕੋਲ ਚਾਲੀ ਕਿੱਲੋ ਸੋਨਾ ਹੈ। ਮੁਲਕ ਦੇ ਬਹੁਤੇ ਘਰਾਂ ਵਿਚ ਕਦੀ ਚਾਲੀ ਕਿੱਲੋ ਆਟਾ ਨਹੀਂ ਹੁੰਦਾ। ਭਲਾ ਬੁੱਝੋ ਖਾਂ ਚਾਲੀ ਕਿੱਲੋ ਸੋਨਾ ਕਿੱਥੋਂ ਆਇਆ?

ਸਧਾਰਨ ਘਰ 'ਚੋਂ ਉਠ ਕੇ ਤੱਕੜੀ ਤਿੱਕੜੀ ਦੇ ਰਹਿਮੋ ਕਰਮ ਨਾਲ ਪਲਿਆ, ਦਿੱਲੀ ਦੇ ਗੁਰਦੁਆਰਿਆਂ ਦਾ ਵੱਡਾ ਸੇਵਾਦਾਰ ਸਭ ਤੋਂ ਵੱਧ ਜਾਇਦਾਦ ਵਾਲਾ ਐਮ. ਐਲ. ਏ. ਬਣ ਗਿਆ ਹੈ। ਕਿੱਦਾਂ ਬਣਿਆਂ, ਜ਼ਰਾ ਸੋਚੋ!

ਹੋਰ ਤਾਂ ਹੋਰ, ਹਾਰੀ ਹੋਈ ਪਾਰਟੀ ਦੇ ਜਿੱਤੇ ਹੋਏ ਐਮ. ਐਲ. ਏ. ਦੀ ਵੀ ਨਿੱਜੀ ਜਾਇਦਾਦ, ਪੰਜਾਂ ਸਾਲਾਂ ਵਿਚ ਦੋ ਕਰੋੜ ਤੋਂ ਛੜੱਪਾ ਮਾਰ ਕੇ ਬਵੰਜਾ ਕਰੋੜ ਤੱਕ ਪੁੱਜ ਜਾਂਦੀ ਹੈ। ਕਿੱਦਾਂ ਪੁੱਜੀ?

'ਰਾਜ ਨਹੀਂ ਸੇਵਾ' ਦਾ ਇਹੀ ਰਾਜ਼ ਹੈ। ਜੇ ਸੇਵਾ ਹੀ ਕਰਨੀ ਹੈ ਤਾਂ ਵੋਟਾਂ ਖਰੀਦਣ ਦੀ ਕੀ ਲੋੜ ਹੈ? ਵੋਟਾਂ ਤੋਂ ਪਹਿਲਾਂ ਸਾਡੇ ਨੇਤਾ ਲੋਕਾਂ ਨੂੰ ਰੱਬ ਸਮਝਦੇ ਹਨ, ਮੱਥੇ ਟੇਕਦੇ ਹਨ, ਚੁੰਨੀਆਂ ਵੰਡਦੇ ਹਨ, ਪੱਗਾਂ ਦੇ ਲੜ ਦੱਸਦੇ ਹਨ ਤੇ ਖੂਬ ਦਾਰੂ ਸਿੱਕਾ ਵੰਡਦੇ ਹਨ, ਪਰ ਨਿੱਜੀ ਗੱਲਬਾਤ ਵਿਚ ਉਨ੍ਹਾਂ ਨੂੰ ਭੇਡਾਂ ਤੋਂ ਵੀ ਘਟੀਆ ਸਮਝਦੇ ਹਨ ਅਤੇ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਕਿਸੇ ਅੜਿੰਗ ਵੜਿੰਗ ਜਿਹੇ ਦੀ ਟੈਲੀਫੋਨਿਕ ਗੱਲਬਾਤ ਨਸ਼ਰ ਹੋਈ ਹੈ, ਜਿਸ ਵਿਚ ਉਹ ਆਪਣੇ ਕਿਸੇ ਵਰਕਰ ਨੂੰ ਵੋਟਾਂ ਖਰੀਦਣ ਦਾ ਨਿਰਦੇਸ਼ ਦਿੰਦਾ ਹੈ ਤੇ ਨਾਲ ਆਖਦਾ ਹੈ: ਦੋ ਹਜ਼ਾਰ ਦੀ ਭੇਡ ਤੇ ਹਜ਼ਾਰ ਦੀ ਢੇਡ ਜਿੰਨੀਆਂ ਮਰਜ਼ੀ ਲੈ ਲਉ।

ਢੇਡ ਸ਼ਬਦ ਦਾ ਅਰਥ ਜਾਣਨ ਲਈ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮ ਦੇਵ ਜੀ ਦੀ ਬਾਣੀ ਪੜ੍ਹੀ ਜਾ ਸਕਦੀ ਹੈ, ਜਿੱਥੇ ਉਨ੍ਹਾਂ ਨੇ ਇਸ ਤਰ੍ਹਾਂ ਢੇਡ ਸ਼ਬਦ ਇਸਤੇਮਾਲ ਕੀਤਾ, "ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥"

ਹਿੰਦੂ ਧਰਮ ਵਿਚ ਚਾਰ ਵਰਣ ਹਨ-ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਭਗਤ ਨਾਮ ਦੇਵ ਜੀ ਸ਼ੂਦਰ ਸਨ, ਇਸ ਲਈ ਬ੍ਰਾਹਮਣ ਉਨ੍ਹਾਂ ਨੂੰ ਢੇਡ ਕਹਿੰਦੇ ਹੋਣਗੇ, ਜਿਸ ਦੀ ਸ਼ਿਕਾਇਤ ਉਨ੍ਹਾਂ ਨੇ ਆਪਣੇ ਪਿਆਰੇ ਪਰਮਾਤਮਾ ਕੋਲ ਕੀਤੀ।

ਬ੍ਰਾਹਮਣ, ਖੱਤਰੀ ਅਤੇ ਵੈਸ਼ ਵਲੋਂ ਕਿਸੇ ਸ਼ੂਦਰ ਨੂੰ ਢੇਡ ਆਖਣਾ ਤਾਂ ਸਮਝ ਆਉਂਦਾ ਹੈ, ਪਰ ਇੱਥੇ ਇੱਕ ਢੇਡ ਦੂਸਰੇ ਢੇਡ ਨੂੰ ਹੀ ਢੇਡ ਕਹੀ ਜਾਂਦਾ ਹੈ, ਇਹ ਸਮਝ ਤੋਂ ਬਾਹਰ ਹੈ। ਢੇਡ ਨੂੰ ਢੇਡ ਕਹਿਣ ਵਾਲੇ ਢੇਡ ਨੂੰ ਕੋਈ ਕਿਸ ਤਰ੍ਹਾਂ ਦੱਸੇ ਕਿ ਉਹ ਖੁਦ ਵੀ ਇੱਕ ਵੱਡੀ ਅਤੇ ਅਸਲੀ ਢੇਡ ਹੈ।

ਜਿਸ ਢੇਡ ਦੀ ਆਪਣੀ ਭੇਡ, ਢੇਡਾਂ ਦੇ ਦਰੋਂ ਘਰੋਂ, ਆਪਣੇ ਭੇਡੂ ਲਈ ਸੱਤੇ ਖੈਰਾਂ ਮੰਗਦੀ ਫਿਰੀ ਹੋਵੇ, ਉਹ ਭੇਡੂ ਹੁਣ ਉਨ੍ਹਾਂ ਜੀਵਨ ਦਾਨੀਆਂ ਨੂੰ ਢੇਡ ਦੱਸ ਰਿਹਾ ਹੈ। ਇਹ ਪੰਜਾਬ ਦਾ ਅਸਲ ਦੁਖਾਂਤ ਹੈ।

ਵਰਣਾਸ਼ਰਮ ਅਜਿਹਾ ਨਿਜ਼ਾਮ ਹੈ, ਜਿਸ ਅਨੁਸਾਰ ਕੋਈ ਭੇਡ ਹੋਵੇ ਜਾਂ ਢੇਡ, ਮਣਾਂ ਮੂੰਹੀ ਸੋਨੇ ਨਾਲ ਲੱਦੀ ਹੋਣ ਦੇ ਬਾਵਜੂਦ ਢੇਡ ਹੀ ਰਹਿੰਦੀ ਹੈ; ਅਰਬਾਂ-ਖਰਬਾਂ ਦੀ ਜਾਇਦਾਦ ਵੀ ਢੇਡ ਨੂੰ ਮਨੁੱਖ ਨਹੀਂ ਬਣਾ ਸਕਦੀ।


ਗਿਆਨ ਅਤੇ ਅਗਿਆਨ ਦੋ ਚੀਜ਼ਾਂ ਹਨ। ਅਗਿਆਨ ਅਜਿਹੀ ਅਣਹੋਂਦ ਹੈ, ਜਿਸ ਨਾਲ ਮਨੁੱਖ ਢੇਡ ਬਣ ਜਾਂਦਾ ਹੈ ਤੇ ਗਿਆਨ ਅਜਿਹੀ ਬਰਕਤ ਹੈ, ਜਿਸ ਨਾਲ ਢੇਡ ਨੂੰ ਵੀ ਮਨੁੱਖ ਹੋਣ ਦਾ ਮਾਣ ਹਾਸਲ ਹੋ ਸਕਦਾ ਹੈ।

ਸਾਡੇ ਨੇਤਾ ਸਾਡੇ ਸਕੂਲਾਂ ਦੀ ਹਾਲਤ ਨਹੀਂ ਸੁਧਾਰਨੀ ਚਾਹੁੰਦੇ। ਇਸ ਦਾ ਕੀ ਕਾਰਨ ਹੋ ਸਕਦਾ

*(ਬਾਕੀ ਅਗਲੇ ਸਫੇ 'ਤੇ)*

# ਹਾਲਾਤ ਵਿਚ ਸਿਫਤੀ ਤਬਦੀਲੀ ਪਿੱਛੋਂ ਵੀ ਮੋੜੇ ਦੀ ਆਸ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਕਦੇ-ਕਦੇ ਹਕੀਕਤਾਂ ਮਨਪਸੰਦ ਨਾ ਹੋਣ ਤਾਂ ਕਈ ਲੋਕਾਂ ਦਾ ਮੰਨਣ ਨੂੰ ਦਿਲ ਨਹੀਂ ਕਰਦਾ। ਫਿਰ ਉਹ ਐਨ ਇਸ ਦੇ ਉਲਟ ਤਸਵੀਰ ਦੀ ਕਲਪਨਾ ਕਰਨ ਅਤੇ ਹਕੀਕਤਾਂ ਨੂੰ ਆਪਣੀ ਪਸੰਦ ਮੁਤਾਬਕ ਢਾਲਣ ਦੇ ਯਤਨ ਵਿਚ ਹਾਸੋ-ਹੀਣੀ ਹਾਲਤ ਵਿਚ ਫਸ ਜਾਂਦੇ ਹਨ। ਭਾਰਤ ਦੀ ਮੌਜੂਦਾ ਸਿਆਸੀ ਹਕੀਕਤ ਵੀ ਇਹੀ ਹੈ। ਸਮੁੱਚੀ ਤਸਵੀਰ ਬਦਲ ਚੁਕੀ ਹੈ ਤੇ ਐਨੀ ਜ਼ਿਆਦਾ ਬਦਲ ਚੁਕੀ ਹੈ ਕਿ ਉਸ ਨੂੰ ਝੁਠਲਾਉਣ ਵਾਲੇ ਮਜ਼ਾਕ ਦਾ ਪਾਤਰ ਬਣ ਸਕਦੇ ਹਨ।

ਭਾਰਤ ਦੀ ਪਾਰਲੀਮੈਂਟ ਵਿਚ ਕਈ ਵਾਰੀ ਅੱਗੇ ਵੀ ਤਾਕਤਾਂ ਦਾ ਸੰਤੁਲਨ ਵਿਗੜਦਾ ਰਿਹਾ ਹੈ ਤੇ ਉਸ ਦੇ ਬਾਅਦ ਹਰ ਵਾਰ ਇਹ ਆਸ ਕਾਇਮ ਰਹਿੰਦੀ ਸੀ ਕਿ ਵਿਰੋਧ ਦੀਆਂ ਧਿਰਾਂ ਐਨੀਆਂ ਕਮਜ਼ੋਰ ਨਹੀਂ ਹੋਈਆਂ ਕਿ ਮੋੜਾ ਪਾਉਣ ਦੇ ਦਾਅਵੇ ਦਾ ਮਜ਼ਾਕ ਉਡਾਇਆ ਜਾਵੇ। ਇਸ ਵਾਰੀ ਉਨ੍ਹਾਂ ਸਾਰੇ ਵੇਲਿਆਂ ਤੋਂ ਸਥਿਤੀ ਵੱਖਰੀ ਹੈ। ਕਾਰਨ ਭਾਵੇਂ ਕੋਈ ਰਿਹਾ ਹੋਵੇ, ਪਾਰਲੀਮੈਂਟ ਵਿਚ ਸੰਤੁਲਨ ਅਸਲੋਂ ਹੀ ਬਦਲਿਆ ਨਜ਼ਰ ਆਉਂਦਾ ਹੈ। ਭਾਜਪਾ ਦੇ ਆਗੂ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੀ ਜੋੜੀ ਦੇਸ਼ ਦੀ ਰਾਜਨੀਤੀ ਵਿਚ ਇੱਕ ਦਮ ਵੱਡੇ ਹੁਲਾਰੇ ਨਾਲ ਬਾਕੀ ਸਭ ਧਿਰਾਂ ਦੇ ਲੀਡਰਾਂ ਤੋਂ ਅੱਗੇ ਲੰਘ ਗਈ ਅਤੇ ਆਪਣੀ ਪਾਰਟੀ ਦੇ ਅੰਦਰ ਵੀ ਉਹ ਦੋਵੇਂ ਏਨਾ ਵੱਡਾ ਕੱਦ ਕੱਢ ਗਏ ਹਨ ਕਿ ਉਨ੍ਹਾਂ ਦਾ ਵਿਰੋਧ ਕਰਨ ਵਾਲਾ ਕੋਈ ਨਹੀਂ ਦਿੱਸ ਰਿਹਾ।

ਜਿਸ ਮੁਰਲੀ ਮਨੋਹਰ ਜੋਸ਼ੀ ਨੇ ਕਿਸੇ ਵਕਤ ਸਿੱਧਾ ਵਿਰੋਧ ਕੀਤਾ ਤੇ ਨਰਿੰਦਰ ਮੋਦੀ ਦੀ ਨਾਰਾਜ਼ਗੀ ਸਹੇੜ ਲਈ ਸੀ, ਪੰਜ ਸਾਲ ਪਿੱਛੋਂ ਉਸ ਨੂੰ ਚੁੱਪ ਰਹਿ ਕੇ ਪਾਰਟੀ ਅੰਦਰੋਂ ਵਿਰੋਧ ਦੀ ਅਗਵਾਈ ਕਰਦਾ ਕਿਹਾ ਜਾਂਦਾ ਸੀ, ਉਹ ਅੱਜ ਨਰਿੰਦਰ ਮੋਦੀ ਦੀ ਜਿੱਤ ਦੇ ਸੋਹਲੇ ਗਾ ਰਿਹਾ ਹੈ। ਲਾਲ ਕ੍ਰਿਸ਼ਨ ਅਡਵਾਨੀ ਨੂੰ ਪਿਛਲੀ ਵਾਰੀ ਮਾਰਗ ਦਰਸ਼ਕ ਮੰਡਲ ਵਿਚ ਵੀ ਬਿਠਾਇਆ ਸੀ ਤਾਂ ਪਾਰਲੀਮੈਂਟ ਮੈਂਬਰ ਵਜੋਂ ਰਾਜਨੀਤੀ ਨਾਲ ਨੇੜਲੇ ਸਬੰਧ ਰੱਖੀ ਜਾਣ ਦਾ ਮੌਕਾ ਉਹ ਵਰਤ ਸਕਦਾ ਸੀ, ਅੱਜ ਉਹ ਵੀ ਮੌਕਾ ਨਹੀਂ ਰਹਿ ਗਿਆ। ਕਿਹਾ ਜਾਂਦਾ ਸੀ ਕਿ ਨਾਗਪੁਰ ਵਾਲੀ ਧਿਰ ਪਾਰਲੀਮੈਂਟ ਚੋਣਾਂ ਪਿੱਛੋਂ ਕਿਸੇ ਤਰ੍ਹਾਂ ਦੀ ਭੁਆਂਟਣੀ ਦੇ ਸਕਦੀ ਹੈ, ਲੱਗਦਾ ਹੈ ਕਿ ਉਸ ਧਿਰ ਨੂੰ ਖੁਦ ਨੂੰ ਭੁਆਂਟਣੀ ਆ ਗਈ ਹੈ।

ਕਾਂਗਰਸ ਪਾਰਟੀ ਇਸ ਵਕਤ ਆਪਣੀ ਵਾਗ ਸੰਭਾਲਣ ਜੋਗਾ ਲੀਡਰ ਲੱਭਣ ਦੀ ਭਟਕਣ ਵਿਚ ਉਲਝੀ ਦਿਖਾਈ ਦਿੰਦੀ ਹੈ ਤੇ ਹੋਰ ਪਾਰਟੀਆਂ ਵਿਚੋਂ ਕੋਈ ਸਿਰ ਚੁੱਕ ਸਕਣ ਜੋਗਾ ਦਿਖਾਈ ਨਹੀਂ ਦਿੰਦਾ। ਇਸ ਦੇ ਬਾਵਜੂਦ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਪਾਰਲੀਮੈਂਟਰੀ ਆਗੂ ਦੀ ਚੋਣ ਵੇਲੇ ਮੀਟਿੰਗ ਵਿਚ ਇਹ ਕਹਿ ਦਿੱਤਾ ਹੈ ਕਿ ਬਵੰਜਾ ਵੀ ਹੋਏ ਤਾਂ ਸਾਨੂੰ ਕੋਈ ਚਿੰਤਾ ਨਹੀਂ, ਅਸੀਂ ਇੱਕ-ਇੱਕ ਇੰਚ ਉਤੇ ਭਾਜਪਾ ਨਾਲ ਲੜਾਂਗੇ। ਸੁਣਨ ਨੂੰ ਚੰਗਾ ਲੱਗ ਸਕਦਾ ਹੈ, ਇਸ ਦੇ ਬਾਵਜੂਦ ਸਥਿਤੀਆਂ ਇਸ ਦਾਅਵੇ ਦੀ ਹਾਮੀ ਨਹੀਂ ਭਰਦੀਆਂ। ਕਾਂਗਰਸ ਪਾਰਟੀ ਦੀ ਹਾਈ ਕਮਾਨ ਦੇ ਬਹੁਤੇ ਆਗੂ ਏਦਾਂ ਦੇ ਹਨ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਭਾਜਪਾ ਦਾ ਇਸ਼ਾਰਾ ਮਿਲਣ ਦੀ ਉਡੀਕ ਤੱਕ ਕਾਂਗਰਸ ਨੂੰ ਵੇਟਿੰਗ ਰੂਮ ਮੰਨ ਕੇ ਬੈਠੇ ਹਨ, ਜਦੋਂ ਉਸ ਪਾਸਿਓਂ ਕੋਈ ਇਸ਼ਾਰਾ ਆ ਗਿਆ, ਜਾਣ ਨੂੰ ਪਲ ਨਹੀਂ ਲਾਉਣਗੇ।

ਭਾਜਪਾ ਏਦਾਂ ਦਾ ਸੰਕੇਤ ਇਸ ਲਈ ਨਹੀਂ ਭੇਜ ਰਹੀ ਕਿ ਇਹ ਲੋਕ ਸਿਰਫ ਕੁਰਸੀਆਂ ਦੀ ਰਾਜਨੀਤੀ ਕਰਨ ਵਾਲੇ ਹਨ, ਜਿਨ੍ਹਾਂ ਬਾਰੇ ਪ੍ਰਿਅੰਕਾ ਗਾਂਧੀ ਵੀ ਕਹਿ ਚੁਕੀ ਹੈ ਕਿ ਇਹ ਕਾਂਗਰਸ ਵਿਚ ਰਹਿ ਕੇ ਇਸ ਦਾ ਕਤਲ ਕਰਨ ਵਾਲੇ ਹਨ। ਇਨ੍ਹਾਂ ਉਤੇ ਰਾਹੁਲ ਗਾਂਧੀ ਏਦਾਂ ਦੀ ਝਾਕ ਅਜੇ ਵੀ ਰੱਖਦਾ ਹੈ ਤਾਂ ਉਹ ਹਕੀਕਤਾਂ ਨੂੰ ਜਾਂ ਤਾਂ ਪਛਾਣਦਾ ਨਹੀਂ, ਜਾਂ ਫਿਰ ਮੰਨਣ ਤੋਂ ਬਚਣਾ ਚਾਹੁੰਦਾ ਹੈ।

ਅਸਲ ਵਿਚ ਵੱਡੀ ਲੜਾਈ ਵਿਚ ਹਾਰ ਦਾ ਮੁੱਢ ਉਦੋਂ ਹੀ ਬੱਝ ਗਿਆ ਸੀ, ਜਦੋਂ ਰਾਹੁਲ ਗਾਂਧੀ ਦੀ ਦਾਦੀ ਇੰਦਰਾ ਗਾਂਧੀ ਨੇ ਹਰ ਇੱਕ ਧਰਮ ਦੇ ਮੁੱਖ ਅਸਥਾਨਾਂ ਵਿਚ ਹਾਜ਼ਰੀ ਲਵਾਉਣ ਤੇ ਰਾਜਨੀਤੀ ਲਈ ਧਰਮ ਨੂੰ ਵਰਤਣ ਵਾਲੀ ਚਾਲ ਸ਼ੁਰੂ ਕੀਤੀ ਸੀ। ਪੰਜਾਬ ਵਿਚ ਖੇਡੀ ਗਈ ਇਹੋ ਖੇਡ ਉਸ ਦੀ ਆਪਣੀ ਮੌਤ ਤੇ ਪੰਜਾਬ ਦੇ ਲੰਮੇ ਦੁਖਾਂਤ ਦੇ ਕਈ ਕਾਰਨਾਂ ਵਿਚੋਂ ਇੱਕ ਬੜਾ ਵੱਡਾ ਕਾਰਨ ਬਣੀ ਸੀ, ਪਰ ਉਸ ਦੇ ਪੁੱਤਰ ਅਤੇ ਰਾਹੁਲ ਗਾਂਧੀ ਦੇ ਪਿਤਾ ਰਾਜੀਵ ਗਾਂਧੀ ਕੋਲ ਤਜਰਬੇ ਤੋਂ ਸਿੱਖਣ ਦਾ ਮੌਕਾ ਹੋਣ ਦੇ ਬਾਵਜੂਦ ਉਹ ਏਸੇ ਖੇਡ ਵਿਚ ਰੁੱਝਾ ਰਿਹਾ ਤੇ ਅੰਤ ਨੂੰ ਆਪਣੀ ਜਾਨ ਗਵਾਉਣ ਦੇ ਨਾਲ ਆਪਣੀ ਪਾਰਟੀ ਅੱਗੇ ਏਦਾਂ ਦੇ ਕੰਡੇ ਖਿਲਾਰ ਗਿਆ, ਜੋ ਚੁਗੇ ਨਾ ਜਾ ਸਕਣ। ਰਾਹੁਲ ਗਾਂਧੀ ਤੋਂ ਅਜੇ ਤੱਕ ਉਸ ਵੇਲੇ ਦੇ ਖਿਲਾਰੇ ਹੋਏ ਕੰਡੇ ਨਹੀਂ ਚੁਣੇ ਜਾ ਸਕੇ ਤੇ ਉਸ ਦੀ ਪਾਰਟੀ ਦੇ ਮੌਜੂਦਾ ਲੀਡਰ ਉਸ ਦੇ ਨਾਲ ਤੁਰੇ ਜਾਂਦਿਆਂ ਵੀ ਰਾਹੁਲ ਗਾਂਧੀ ਦੀ ਰਾਜਨੀਤਕ ਪਰੰਪਰਾ ਦਾ ਅੰਤ ਮੰਗਣ ਵਾਲਿਆਂ ਨਾਲ ਰਲੇ ਹੋਏ ਹਨ। ਉਹ ਔਝੜ ਵਿਚ ਫਸਿਆ ਪਿਆ ਹੈ। ਪਾਰਟੀ ਨੂੰ ਅੱਗੇ ਤੋਰਨਾ ਚਾਹੁੰਦਾ ਹੈ, ਜਿਸ ਦਾ ਮੁੱਖ ਕਾਰਨ ਭਾਵੇਂ ਉਸ ਦੀ ਰਾਜ ਕਰਨ ਦੀ ਇੱਛਾ ਸਮਝ ਪੈਂਦੀ ਹੈ, ਪਰ ਉਹ ਅੱਗੇ ਵੱਲ ਤੋਰਨਾ ਤਾਂ ਚਾਹੁੰਦਾ ਹੈ, ਉਸ ਦੀ ਟੀਮ ਉਸ ਦੇ ਨਾਲ ਨਿਭਣ ਵਾਲੀ ਦਿਖਾਈ ਨਹੀਂ ਦੇ ਰਹੀ।

ਜੋ ਗੱਲ ਕਾਂਗਰਸ ਪਾਰਟੀ ਨੂੰ, ਤੇ ਭਾਜਪਾ ਦੀ ਰਾਜਨੀਤੀ ਪਿੱਛੇ ਦਿਖਾਈ ਦਿੰਦੀ ਭਾਰਤ ਵਿਚ ਇੱਕ ਧਰਮ ਦਾ ਰਾਜ ਕਾਇਮ ਕਰਨ ਦੀ ਇੱਛਾ ਨੂੰ ਜਾਣਨ ਵਾਲੀਆਂ ਹੋਰ ਪਾਰਟੀਆਂ ਨੂੰ ਸਮਝਣੀ ਚਾਹੀਦੀ ਹੈ, ਉਹ ਇਹ ਕਿ ਭਾਰਤ ਦੀ ਰਾਜਨੀਤੀ ਇੱਕ ਖਾਸ ਮੋੜ ਮੁੜ ਚੁਕੀ ਹੈ। ਬਹੁਤ ਸਾਰੇ ਲੋਕ ਅਜੇ ਤੱਕ ਇਹ ਸੋਚੀ ਬੈਠੇ ਹਨ ਕਿ ਭਾਰਤ ਧਰਮ-ਨਿਰਪੱਖ ਵਿਰਾਸਤ ਵਾਲਾ ਦੇਸ਼ ਹੈ ਅਤੇ ਜਿਵੇਂ ਬੀਤੇ ਸਮੇਂ ਦੇ ਕਈ ਦੌਰਾਂ ਦੇ ਬਾਅਦ ਮੋੜਾ ਕੱਟਦਾ ਰਿਹਾ ਹੈ, ਇਸ ਵਾਰ ਵੀ ਕੱਟ ਲਵੇਗਾ; ਉਨ੍ਹਾਂ ਦੀ ਇਹ ਗੱਲ ਅਸੀਂ ਕੱਟ ਨਹੀਂ ਰਹੇ, ਆਸ ਰੱਖੀ ਜਾ ਸਕਦੀ ਹੈ ਕਿ ਕੱਟ ਲਵੇਗਾ, ਪਰ ਇਹੋ ਜਿਹਾ ਮੋੜਾ ਕੱਟਣ ਦੀ ਆਸ ਬਹੁਤੀ ਛੇਤੀ ਕਰਨੀ ਔਖੀ ਹੈ। ਨਰਿੰਦਰ ਮੋਦੀ ਤੇ ਅਮਿਤ ਸ਼ਾਹ ਜਿਸ ਸੋਚ ਦੀ ਪ੍ਰਤੀਨਿਧਤਾ ਕਰਦੇ ਹਨ, ਉਹ ਸੋਚ ਅੱਜ ਦੇਸ਼ ਦੀ ਗਲੀ-ਗਲੀ ਪਹੁੰਚ ਚੁਕੀ ਹੈ ਤੇ ਮੱਧ ਵਰਗੀ ਮਾਨਸਿਕਤਾ ਜਦੋਂ ਕਿਸੇ ਪਾਸੇ ਵੱਲ ਨੂੰ ਇੱਕ ਵਾਰੀ ਉਲਾਰ ਹੋ ਜਾਵੇ, ਉਹ ਛੇਤੀ ਕੀਤੇ ਪਿੱਛੇ ਨਹੀਂ ਮੁੜਦੀ ਹੁੰਦੀ।

ਪੱਛਮੀ ਬੰਗਾਲ ਵਿਚ ਤੀਹ ਨਾਲੋਂ ਵੱਧ ਸਾਲ ਖੱਬੇ ਪੱਖੀਆਂ ਦਾ ਰਾਜ ਇੱਕ ਸਿਧਾਂਤ ਆਧਾਰਤ ਰਾਜਨੀਤੀ ਵਾਲਾ ਕਿਹਾ ਜਾਂਦਾ ਰਿਹਾ ਸੀ ਪਰ ਉਸ ਦੇ ਟੁੱਟ ਜਾਣ ਪਿੱਛੋਂ ਉਸ ਨਾਲ ਜੁੜੇ ਮੱਧ ਵਰਗੀ ਮਾਨਸਿਕਤਾ ਵਾਲੇ ਲੋਕ ਪਹਿਲਾਂ ਤ੍ਰਿਣਮੂਲ ਕਾਂਗਰਸ ਵੱਲ ਮੁੜੇ ਸਨ ਅਤੇ ਫਿਰ ਭਾਜਪਾ ਮਗਰ ਲਾਮਬੰਦ ਹੋਏ ਦਿਖਾਈ ਦੇਣ ਲੱਗ ਪਏ ਹਨ। ਬੀਤੇ ਹਫਤੇ ਸੀ.ਪੀ.ਆਈ. (ਐਮ) ਦੇ ਇੱਕ ਵਿਧਾਇਕ ਦਾ ਦਿੱਲੀ ਪਹੁੰਚ ਕੇ ਭਾਜਪਾ 'ਚ ਸ਼ਾਮਲ ਹੋਣ ਦਾ ਐਲਾਨ ਕਰਨਾ ਇਸੇ ਵਰਤਾਰੇ ਦਾ ਪ੍ਰਤੀਕ ਹੈ।

ਪੱਛਮੀ ਬੰਗਾਲ ਵਿਚ ਖੱਬੇ ਪੱਖੀਆਂ ਵਾਲੇ ਕਈ ਦਫਤਰ ਪਹਿਲਾਂ ਉਸ ਪਾਰਟੀ ਨੂੰ ਪਤਾ ਲੱਗਣ ਦਿੱਤੇ ਬਿਨਾ ਤ੍ਰਿਣਮੂਲ ਕਾਂਗਰਸ ਦੇ ਦਫਤਰਾਂ ਦੇ ਰੂਪ ਧਾਰ ਗਏ ਸਨ ਤੇ ਅੱਜ ਕੱਲ੍ਹ ਉਨ੍ਹਾਂ ਹੀ ਦਫਤਰਾਂ ਅੰਦਰ ਬੈਠੇ ਹੋਏ ਕਈ ਲੋਕ ਅਚਾਨਕ ਤ੍ਰਿਣਮੂਲ ਛੱਡ ਕੇ ਉਨ੍ਹਾਂ ਹੀ ਟਿਕਾਣਿਆਂ ਨੂੰ ਭਾਜਪਾ ਦਫਤਰਾਂ ਦਾ ਰੂਪ ਦੇਣ ਲੱਗ ਪਏ ਹਨ। ਅਸਲ ਵਿਚ ਉਹ ਲੋਕ ਕਦੇ ਵੀ ਖੱਬੇ ਪੱਖੀ ਸਿਧਾਂਤ ਵਾਲੇ ਨਹੀਂ ਸਨ ਬਣੇ, ਸਿਰਫ ਸੱਤਾ ਦਾ ਸੁਖ ਮਾਣਨ ਤੇ ਜੁਰਅੱਤ ਦੀ ਜ਼ਿੰਦਗੀ ਜਿਉਣ ਲਈ ਖੱਬੇ ਪੱਖੀਆਂ ਦੇ ਨਾਲ ਸਨ। ਇਸ ਵੇਲੇ ਭਾਜਪਾ ਦੇ ਨੇੜੇ ਜਾ ਰਹੇ ਹਨ ਤਾਂ ਫਿਰ ਕਿਸੇ ਸਿਧਾਂਤਕ ਸੋਚ ਕਾਰਨ ਨਹੀਂ, ਧੱਕੇ ਨਾਲ ਉਸ ਰਾਜ ਉਤੇ ਕਬਜ਼ਾ ਕਰਨ ਜੋਗੀ ਹੁੰਦੀ ਜਾਪਦੀ ਧਿਰ ਨਾਲ ਜੁੜ ਰਹੇ ਹਨ। ਇਹੋ ਲੋਕ ਕੁਝ ਸਮਾਂ ਪਾ ਕੇ ਮੋੜਾ ਕੱਟ ਸਕਦੇ ਹਨ, ਪਰ ਏਨੀ ਛੇਤੀ ਨਹੀਂ ਕੱਟਣ ਲੱਗੇ।

ਹਾਲਾਤ ਵਿਚ ਆਈ ਹੋਈ ਇਸ ਸਿਫਤੀ ਤਬਦੀਲੀ ਪਿੱਛੋਂ ਰਾਹੁਲ ਗਾਂਧੀ ਦਾ ਇਹ ਕਹਿਣਾ ਕੋਈ ਵੱਡੇ ਅਰਥ ਨਹੀਂ ਰੱਖਦਾ ਕਿ ਉਸ ਦੀ ਪਾਰਟੀ ਬਵੰਜਾ ਪਾਰਲੀਮੈਂਟ ਮੈਂਬਰਾਂ ਨਾਲ ਵੀ ਇੰਚ-ਇੰਚ ਲੜਾਈ ਲੜ ਸਕਦੀ ਹੈ, ਪਰ ਇਸ ਦਾ ਇਹ ਅਰਥ ਵੀ ਨਹੀਂ ਕਿ ਲੜਾਈ ਖਤਮ ਹੋ ਜਾਣੀ ਹੈ। ਵਿਰੋਧ ਹੋਣਾ ਤਾਂ ਯਕੀਨੀ ਹੈ। ਸਵਾਲ ਇਸ ਵਕਤ ਕਿਸੇ ਇੱਕ ਜਾਂ ਦੂਸਰੀ ਪਾਰਟੀ ਦਾ ਨਹੀਂ, ਦੇਸ਼ ਦੀ ਧਰਮ ਨਿਰਪੱਖ ਸੋਚ ਦੀ ਵਿਰਾਸਤ ਸੰਭਾਲਣ ਤੇ ਬਚਾਉਣ ਲਈ ਉਠਦੇ ਸਵਾਲਾਂ ਅਤੇ ਕਿੰਤੂਆਂ ਦਾ ਹੈ। ਵਿਰੋਧ ਖਾਤਰ ਵਿਰੋਧ ਤਾਂ ਸ਼ਿਵ ਸੈਨਾ ਵੀ ਕਰੀ ਜਾਵੇਗੀ। ਭਵਿੱਖ ਦਾ ਮੋੜਾ ਜਿਸ ਵੀ ਹਾਲਾਤ ਵਿਚ ਪਵੇ ਅਤੇ ਜਦੋਂ ਵੀ ਪਵੇ, ਇਸ ਬਾਰੇ ਸੋਚਣਾ ਰੋਸ਼ਨ ਮੱਥੇ ਵਾਲਿਆਂ ਦਾ ਕੰਮ ਹੈ, ਅਤੇ ਉਹ ਸੋਚਣਗੇ ਵੀ।

---

# ਸਿੱਖ ਪਛਾਣ ਦੀ ਗੱਲ ਕਰਦਿਆਂ

ਰਾਹੁਲ ਸਿੰਘ
ਪੰਜਾਬੀ ਰੂਪ: ਹਰਪਾਲ ਸਿੰਘ (ਪ੍ਰੋ.)
ਫੋਨ: +91-94171-32373

ਇਸ ਵਰ੍ਹੇ ਸਿੱਖ ਮੱਤ ਦੇ ਬਾਨੀ ਗੁਰੂ ਨਾਨਕ ਦੇਵ ਦਾ 550ਵਾਂ ਜਨਮ ਪੁਰਬ ਹੈ। ਭਾਰਤ, ਪਾਕਿਸਤਾਨ ਅਤੇ ਦੁਨੀਆਂ ਦੇ ਅਨੇਕ ਦੇਸ਼ਾਂ, ਜਿਥੇ ਸਿੱਖ ਵੱਡੀ ਗਿਣਤੀ ਵਿਚ ਵਸੇ ਹੋਏ ਹਨ, ਵਿਚ ਸਮਾਗਮ ਹੋਣਗੇ ਅਤੇ ਵੱਡੀ ਪੱਧਰ 'ਤੇ ਜਸ਼ਨ ਮਨਾਏ ਜਾਣਗੇ, ਪਰ ਇਹ ਲੇਖ ਸਿੱਖ ਪਛਾਣ ਬਾਰੇ ਹੈ। ਮੈਨੂੰ ਸਿੱਖ ਹੋਣ ਉਤੇ ਮਾਣ ਹੈ, ਹਾਲਾਂਕਿ ਮੈਂ ਉਸ ਤਰ੍ਹਾਂ ਮਰਿਆਦਾ ਦਾ ਪਾਲਣ ਨਹੀਂ ਕਰਦਾ। ਲੰਮੇ ਕੇਸ ਅਤੇ ਦਸਤਾਰ ਨਾ ਸਹੀ, ਪਰ ਮੈਂ ਦਾੜ੍ਹੀ (ਕੁਤਰੀ ਹੀ ਸਹੀ) ਰੱਖੀ ਹੋਈ ਹੈ। ਮੈਨੂੰ ਤੁਸੀਂ ਮੋਨਾ ਸਿੱਖ ਆਖ ਸਕਦੇ ਹੋ ਜਾਂ ਫਿਰ ਚਲੰਤ ਬੋਲਚਾਲ ਵਿਚ ਮੈਂ 'ਕੱਟ-ਸਰਡ' ਹਾਂ ਪਰ ਇਕ ਗੱਲ ਜ਼ਰੂਰ ਹੈ ਕਿ ਮੇਰੇ ਗੈਰ ਸਿੱਖ ਦੋਸਤ ਹਾਲੇ ਵੀ ਮੈਨੂੰ 'ਸਰਦਾਰ' ਕਹਿ ਕੇ ਬੁਲਾਉਂਦੇ ਹਨ।

ਮੇਰੇ ਮਰਹੂਮ ਪਿਤਾ ਖੁਸ਼ਵੰਤ ਸਿੰਘ ਦਾ ਵੀ ਸਿੱਖ ਵਾਲਾ ਅਮਲੀ ਜੀਵਨ ਨਹੀਂ ਸੀ। ਉਹ ਘੱਟ ਹੀ ਕਦੇ ਗੁਰਦੁਆਰੇ ਜਾਂਦੇ ਸਨ; ਆਪਣੇ ਆਪ ਨੂੰ ਅਰਧ-ਨਾਸਤਕ ਮੰਨਦੇ ਸਨ, ਪਰ ਲੰਮੇ ਕੇਸ, ਦਾੜ੍ਹੀ ਅਤੇ ਦਸਤਾਰ ਦੇ ਧਾਰਨੀ ਸਨ। ਇਨ੍ਹਾਂ ਬਾਹਰੀ ਪਛਾਣ ਚਿੰਨ੍ਹਾਂ ਨਾਲ ਉਨ੍ਹਾਂ ਦਾ ਬੇਹੱਦ ਲਗਾਓ ਸੀ, ਹਾਲਾਂਕਿ ਖੁੱਲ੍ਹ ਕੇ ਉਨ੍ਹਾਂ ਕਦੇ ਨਹੀਂ ਦੱਸਿਆ ਕਿ ਅਜਿਹਾ ਕਿਸ ਕਰਕੇ ਸੀ। ਉਨ੍ਹਾਂ ਦਾ ਅਟੁਟ ਵਿਸ਼ਵਾਸ ਸੀ ਕਿ ਜੇ ਸਿੱਖਾਂ ਨੇ ਇਨ੍ਹਾਂ ਚਿੰਨ੍ਹਾਂ ਨੂੰ ਤਿਆਗ ਦਿੱਤਾ, ਜਿਵੇਂ ਵੱਡੀ ਗਿਣਤੀ ਵਿਚ ਉਹ ਹੁਣ ਕਰ ਰਹੇ ਹਨ, ਤਾਂ ਇਕ ਦਿਨ ਹਿੰਦੂ ਮੱਤ ਉਨ੍ਹਾਂ ਨੂੰ ਨਿਗਲ ਲਵੇਗਾ ਅਤੇ ਅੰਤ ਸਿੱਖੀ ਦਾ ਵਜੂਦ ਖਤਮ ਹੋ ਜਾਵੇਗਾ। ਜਦੋਂ ਮੈਂ ਕੇਸ ਕਟਾਏ ਤਾਂ ਮੇਰੀ ਮਾਂ ਵਾਂਗ ਉਨ੍ਹਾਂ ਦਾ ਦਿਲ ਵੀ ਬੇਹੱਦ ਦੁਖਿਆ ਸੀ, ਪਰ ਹਾਂ! ਉਸ ਨੂੰ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸਿਮਰਨਜੀਤ ਸਿੰਘ ਮਾਨ ਵਰਗਿਆਂ ਦੇ ਕੱਟੜਵਾਦ ਤੋਂ ਇਸਲਾਮੀ ਅਤੇ ਹਿੰਦੂ ਕੱਟੜਵਾਦੀਆਂ ਵਾਂਗ ਹੀ ਡਾਢੀ ਨਫਰਤ ਸੀ।

ਉਨ੍ਹਾਂ ਦਾ ਮੰਨਣਾ ਸੀ ਕਿ ਜਿਹੋ ਜਿਹਾ ਸਿੱਖ ਧਰਮ ਅੱਜ ਕੱਲ੍ਹ ਅਸੀਂ ਦੇਖ ਰਹੇ ਹਾਂ, ਉਹ ਗੁਰੂ ਨਾਨਕ ਦੇ ਅਕੀਦਿਆਂ ਤੋਂ ਬਿਲਕੁਲ ਉਲਟ ਹੈ। ਸਮਾਜਕ ਬਰਾਬਰੀ ਅਤੇ ਬ੍ਰਾਹਮਣਵਾਦੀ ਵਿਵਸਥਾ ਆਧਾਰਿਤ ਜਾਤੀ ਵੰਡ ਤੋਂ ਛੁਟਕਾਰਾ ਇਨ੍ਹਾਂ ਸਿਧਾਂਤਾਂ ਵਿਚ ਸਰਵ ਪ੍ਰਥਮ ਸਨ। ਇਸ ਵਿਚ ਅਛੂਤਪੁਣੇ ਦੀ ਘਿਨਾਉਣੀ ਪ੍ਰਥਾ ਵੀ ਸ਼ਾਮਿਲ ਹੈ। ਲੰਗਰ ਦੀ ਰੀਤ, ਜਿਥੇ ਕਿਸੇ ਵੀ ਧਰਮ ਦੇ ਛੋਟੇ-ਵੱਡੇ ਨੂੰ ਬਿਨਾ ਭਿੰਨ ਭੇਦ ਗੁਰਦੁਆਰੇ ਵਿਚ ਪ੍ਰਸ਼ਾਦਾ ਛਕਾਇਆ ਜਾਂਦਾ ਸੀ, ਦਰਅਸਲ ਸਮਾਜਕ ਬਰਾਬਰੀ ਦਾ ਪ੍ਰਤੀਕ ਸੀ। ਮੰਦਭਾਗੀ ਗੱਲ ਇਹ ਹੈ ਕਿ ਸਿੱਖਾਂ, ਖਾਸ ਕਰ ਪੇਂਡੂ ਇਲਾਕਿਆਂ ਵਿਚ ਜਾਤੀਵਾਦ ਜਿਉਂ ਦਾ ਤਿਉਂ ਹੈ, ਜਿਥੇ 'ਦਲਿਤ ਸਿੱਖਾਂ' ਦਾ ਗੁਰਦੁਆਰਿਆਂ ਵਿਚ ਦਾਖਲਾ ਹਾਲੇ ਵੀ ਵਰਜਿਤ ਹੈ।

ਕੁਝ ਸਾਲ ਪਹਿਲਾਂ ਮੈਂ ਬਰਖਾ ਦੱਤ ਦੇ ਟੀ.ਵੀ. ਪ੍ਰੋਗਰਾਮ ਵਿਚ 'ਸਿੱਖ ਪਛਾਣ' ਦੇ ਮੁੱਦੇ 'ਤੇ ਵਿਸ਼ੇਸ਼ ਮੁਲਾਕਾਤ ਕੀਤੀ। ਪ੍ਰੋਗਰਾਮ ਦੇਖ ਰਹੇ ਦਰਸ਼ਕਾਂ ਵਿਚ ਕਿੰਨੇ ਸਾਰੇ ਪਗੜੀਧਾਰੀ ਸਿੱਖ ਸਨ। ਜਦੋਂ ਮੈਂ ਸਿੱਖਾਂ ਵਿਚ ਅਛੂਤਪੁਣੇ ਦੀ ਲਾਅਨਤ ਵੱਲ ਇਸ਼ਾਰਾ ਕੀਤਾ ਤਾਂ ਉਥੇ ਹੱਲਾ ਮੱਚ ਗਿਆ। ਮਗਰੋਂ ਮੈਂ ਇਨ੍ਹਾਂ ਲੋਕਾਂ ਨੂੰ ਪੁੱਛਿਆ, "ਤੁਹਾਡੇ ਵਿਚੋਂ ਕਿੰਨਿਆਂ ਨੂੰ ਪਤਾ ਹੈ ਕਿ ਮਾਇਆਵਤੀ ਦਾ ਮਾਰਗ ਦਰਸ਼ਕ ਕਾਂਸੀ ਰਾਮ ਵੀ ਸਿੱਖ ਸੀ?" ਪਹਿਲਾਂ ਤਾਂ ਸਵਾਲ ਸੁਣਦੇ ਸਾਰ ਉਹ ਸੁੰਨ ਹੋ ਗਏ ਅਤੇ ਫਿਰ ਅਚਾਨਕ 'ਨਹੀਂ ਨਹੀਂ' ਕਰਦੇ ਖਰੂਦੀ ਰੌਲਾ ਪਾਉਣ ਲੱਗੇ; ਹਾਲਾਂਕਿ ਜੋ ਮੈਂ ਕਿਹਾ ਸੀ, ਅਸਲੀਅਤ ਉਹੀ ਸੀ। ਜਦੋਂ ਮੈਂ ਸਟੂਡੀਓ ਤੋਂ ਬਾਹਰ ਨਿਕਲ ਰਿਹਾ ਸੀ ਤਾਂ ਕਈ ਭੜਕੇ ਸਿੱਖ ਮੇਰਾ ਕੁਟਾਪਾ ਕਰਨ 'ਤੇ ਉਤਾਰੂ ਹੋ ਗਏ ਅਤੇ ਮੈਨੂੰ ਉਥੋਂ ਸੁਰੱਖਿਅਤ ਬਾਹਰ ਕੱਢਣ ਲਈ ਬਰਖਾ ਦੱਤ ਨੂੰ ਪੁਲਿਸ ਬੁਲਾਉਣੀ ਪਈ।

ਹੁਣ ਮੈਂ ਸਿੱਖਾਂ ਦੀਆਂ ਵਿਭਿੰਨ ਪਛਾਣਾਂ ਦੇ ਮੁੱਦੇ ਵੱਲ ਆਉਂਦਾ ਹਾਂ ਅਤੇ ਇਨ੍ਹਾਂ ਪ੍ਰਤੀ ਸਿੱਖਾਂ ਦੀ ਅਖੌਤੀ ਉਚਤਮ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਵੱਈਏ ਦੀ ਗੱਲ ਕਰਦਾ ਹਾਂ (ਹਾਲਾਂਕਿ ਜਦੋਂ ਭਿੰਡਰਾਂਵਾਲੇ ਦੀ ਚੜ੍ਹਤ ਸੀ ਤਾਂ ਇਨ੍ਹਾਂ ਲੋਕਾਂ ਦੀ ਉਸ ਦੇ ਡਰੋਂ ਘਿੱਗੀ ਬੱਝੀ ਹੋਈ ਸੀ)।

ਤਿੰਨ ਸਾਲ ਪਹਿਲਾਂ 1926 ਵਾਲੇ ਗੁਰਦੁਆਰਾ ਐਕਟ ਵਿਚ ਸਹਿਜਧਾਰੀ ਸਿੱਖਾਂ ਨੂੰ ਸਿੱਖੀ ਦੇ ਦਾਇਰੇ ਵਿਚੋਂ ਕੱਢਣ ਦੀ ਮਨਸ਼ਾ ਨਾਲ ਸੋਧ ਕੀਤੀ ਗਈ (ਤਾਂ ਕਿ ਮੇਰੇ ਵਰਗਿਆਂ, ਜਿਨ੍ਹਾਂ ਦਾੜ੍ਹੀ-ਕੇਸ ਨਹੀਂ ਰੱਖੇ, ਨੂੰ ਸਿੱਖੀ ਤੋਂ ਬਾਹਰ ਰੱਖਿਆ ਜਾ ਸਕੇ)। ਇਹ ਝਟਕੇ ਨਾਲ ਝੰਜੋੜਨ ਵਾਲੀ ਸੋਧ ਸੀ, ਜਿਸ ਪਾਸੇ ਅਜੇ ਸਿੱਖਾਂ ਦਾ ਲੋੜੀਂਦਾ ਧਿਆਨ ਨਹੀਂ ਗਿਆ।

ਕਰੀਬ ਇਕ ਦਹਾਕਾ ਪਹਿਲਾਂ ਸਿੱਖ ਪਛਾਣ ਨੂੰ ਪਰਿਭਾਸ਼ਿਤ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਕ ਫੈਸਲਾ ਸੁਣਾਇਆ, ਜੋ ਬੜਾ ਪਿਛਾਂਹ-ਮੁਖੀ ਸੀ। ਹੋਇਆ ਇੰਜ ਕਿ ਸ਼੍ਰੋਮਣੀ ਕਮੇਟੀ ਵਲੋਂ ਚਲਾਈ ਜਾ ਰਹੀ ਕਿਸੇ ਮੈਡੀਕਲ ਸੰਸਥਾ ਨੇ ਇਕ ਸਿੱਖ ਲੜਕੀ ਗੁਰਲੀਨ ਕੌਰ ਨੂੰ ਇਸ ਬਿਨਾ 'ਤੇ ਦਾਖਲਾ ਦੇਣ ਤੋਂ ਨਾਂਹ ਕਰ ਦਿੱਤੀ ਕਿ ਉਸ ਦੇ ਭਰਵੱਟਿਆਂ ਦੇ

> ***ਦਰਅਸਲ ਸ਼੍ਰੋਮਣੀ ਕਮੇਟੀ ਮੁਤਾਬਕ ਇਕ ਹੋਰ ਵੰਨਗੀ 'ਪਤਿਤ' ਸਿੱਖਾਂ ਦੀ ਵੀ ਹੈ, ਜੋ ਪਹਿਲਾਂ ਤਾਂ ਸਿੱਖ ਸਜ ਗਏ ਪਰ ਬਾਅਦ ਵਿਚ ਇਸ ਦੀ ਮਰਿਆਦਾ ਉਤੇ ਨਹੀਂ ਚਲ ਸਕੇ। ਇਉਂ ਦੇਖਿਆਂ ਹੁਣ ਅਸੀਂ ਕੇਸਾਧਾਰੀ (ਲੰਮੇ ਕੇਸ ਤੇ ਦਾੜ੍ਹੀ ਵਾਲੇ), ਸਹਿਜਧਾਰੀ ਅਤੇ ਪਤਿਤ ਸਿੱਖਾਂ ਵਿਚ ਵੰਡੇ ਹੋਏ ਹਾਂ। ਇਸ ਤੋਂ ਇਲਾਵਾ 'ਅੰਮ੍ਰਿਤਧਾਰੀ' ਹਨ, ਜੋ ਵਿਸ਼ੇਸ਼ ਸੰਸਕਾਰ-ਵਿਧੀ ਨਾਲ ਸਿੱਖ ਸਜਦੇ ਹਨ। ਹਾਲਾਂਕਿ ਸ਼੍ਰੋਮਣੀ ਕਮੇਟੀ ਨੇ ਸਹਿਜਧਾਰੀ ਅਤੇ ਪਤਿਤ ਸਿੱਖਾਂ ਨੂੰ ਚੋਣ ਪ੍ਰਕ੍ਰਿਆ ਤੋਂ ਬਾਹਰ ਰੱਖਿਆ ਹੋਇਆ ਹੈ, ਪਰ ਉਨ੍ਹਾਂ ਦਾ ਚੜ੍ਹਾਵਾ ਅਤੇ ਦਾਨ ਖਿੜੇ ਮੱਥੇ ਕਬੂਲ ਕੀਤਾ ਜਾਂਦਾ ਹੈ।***

ਵਾਲ ਪੁੱਟੇ ਹੋਏ ਸਨ ਅਤੇ ਇਸ ਨਜ਼ਰੀਏ ਤੋਂ ਉਹ ਸਿੱਖ ਨਹੀਂ ਸੀ। ਹਾਈ ਕੋਰਟ ਨੇ ਸ਼੍ਰੋਮਣੀ ਕਮੇਟੀ ਦੇ ਫੈਸਲੇ ਨੂੰ ਸਹੀ ਮੰਨ ਲਿਆ। ਇਹ ਅਤਿ ਜ਼ਹਿਰੀਲੀ ਕਿਸਮ ਦਾ ਕੱਟੜਵਾਦ ਹੈ। ਜਾਹਰ ਹੈ ਕਿ ਅਦਾਲਤ ਨੇ ਫੈਸਲਾ ਕਰਨ ਸਮੇਂ ਤਰਕ ਨਾਲ ਤੋੜ-ਭੰਨ ਕੀਤੀ, ਪਰ ਇਸ ਵਿਚ ਸਮਝਦਾਰੀ ਵਾਲੀ ਕੋਈ ਗੱਲ ਨਹੀਂ ਸੀ।

ਦਰਅਸਲ ਸ਼੍ਰੋਮਣੀ ਕਮੇਟੀ ਮੁਤਾਬਕ ਇਕ ਹੋਰ ਵੰਨਗੀ 'ਪਤਿਤ' ਸਿੱਖਾਂ ਦੀ ਵੀ ਹੈ, ਜੋ ਪਹਿਲਾਂ ਤਾਂ ਸਿੱਖ ਸਜ ਗਏ ਪਰ ਬਾਅਦ ਵਿਚ ਇਸ ਦੀ ਮਰਿਆਦਾ ਉਤੇ ਨਹੀਂ ਚਲ ਸਕੇ। ਇਉਂ ਦੇਖਿਆਂ ਹੁਣ ਅਸੀਂ ਕੇਸਾਧਾਰੀ (ਲੰਮੇ ਕੇਸ ਤੇ ਦਾੜ੍ਹੀ ਵਾਲੇ), ਸਹਿਜਧਾਰੀ ਅਤੇ ਪਤਿਤ ਸਿੱਖਾਂ ਵਿਚ ਵੰਡੇ ਹੋਏ ਹਾਂ। ਇਸ ਤੋਂ ਇਲਾਵਾ 'ਅੰਮ੍ਰਿਤਧਾਰੀ' ਹਨ, ਜੋ ਵਿਸ਼ੇਸ਼ ਸੰਸਕਾਰ-ਵਿਧੀ ਨਾਲ ਸਿੱਖ ਸਜਦੇ ਹਨ। ਹਾਲਾਂਕਿ ਸ਼੍ਰੋਮਣੀ ਕਮੇਟੀ ਨੇ ਸਹਿਜਧਾਰੀ ਅਤੇ ਪਤਿਤ ਸਿੱਖਾਂ ਨੂੰ ਚੋਣ ਪ੍ਰਕ੍ਰਿਆ ਤੋਂ ਬਾਹਰ ਰੱਖਿਆ ਹੋਇਆ ਹੈ, ਪਰ ਉਨ੍ਹਾਂ ਦਾ ਚੜ੍ਹਾਵਾ ਅਤੇ ਦਾਨ ਖਿੜੇ ਮੱਥੇ ਕਬੂਲ ਕੀਤਾ ਜਾਂਦਾ ਹੈ।

ਇਉਂ ਜੇ ਸਿੱਖ ਆਪਣੀ ਪਛਾਣ ਬਾਰੇ ਭੰਬਲਭੂਸੇ ਵਿਚ ਹਨ ਤਾਂ ਦੋਸ਼ ਕਿਸ ਦਾ ਹੈ? ਇਸ ਗੱਲੋਂ ਵੀ ਹੈਰਾਨ ਨਾ ਹੋਣਾ ਕਿ ਕਿਉਂ ਅਨੇਕਾਂ ਸਿੱਖ, ਜਿਨ੍ਹਾਂ ਵਿਚ ਕ੍ਰਿਕਟਰ ਹਰਭਜਨ ਸਿੰਘ ਤੇ ਯੁਵਰਾਜ ਸਿੰਘ ਸ਼ਾਮਿਲ ਹਨ, ਡੇਰਿਆਂ ਦੇ ਸ਼ਰਧਾਲੂ ਬਣ ਗਏ ਹਨ? ਸੰਸਥਾਗਤ ਸਿੱਖ ਧਰਮ ਨੇ ਦਲਿਤ ਅਤੇ ਹੇਠਲੇ ਵਰਗ ਦੇ ਸਿੱਖਾਂ ਨਾਲ ਧੱਕਾ ਕੀਤਾ ਹੈ, ਜਿਸ ਦੀ ਵਜ੍ਹਾ ਕਰਕੇ ਉਨ੍ਹਾਂ ਨੇ ਡੇਰਿਆਂ ਦਾ ਰਾਹ ਫੜ ਲਿਆ।

ਗਿਣਤੀਆਂ ਮਿਣਤੀਆਂ ਵੱਲ ਵੀ ਧਿਆਨ ਮਾਰ ਲਈਏ। ਦੁਨੀਆਂ ਭਰ ਵਿਚ ਵਸਦੇ ਸਿੱਖਾਂ ਦੀ ਆਬਾਦੀ ਦੇ ਅੰਕੜੇ ਮੈਨੂੰ ਨਹੀਂ ਮਿਲੇ। ਅਟਾ-ਸਟਾ ਇਹ ਇਕ ਕਰੋੜ ਅੱਸੀ ਲੱਖ ਅਤੇ ਢਾਈ ਕਰੋੜ ਦੇ ਵਿਚਕਾਰ ਹੈ। ਲੰਘੀ 2011 ਦੀ ਮਰਦਮਸ਼ੁਮਾਰੀ ਮੁਤਾਬਕ ਪੰਜਾਬ ਵਿਚ ਇਕ ਕਰੋੜ ਚਾਲੀ ਲੱਖ ਸਿੱਖ ਹਨ, ਜੋ ਇਥੋਂ ਦੀ ਵਸੋਂ ਦਾ 60% ਬਣਦਾ ਹੈ। ਸ਼੍ਰੋਮਣੀ ਕਮੇਟੀ ਮੁਤਾਬਕ ਸਿਰਫ 55 ਲੱਖ ਕੇਸਾਧਾਰੀ ਜਾਂ ਅਸਲੀ ਸਿੱਖ ਹਨ। ਵੈਸੇ ਮੈਂ ਇਸ ਅੰਕੜੇ ਨੂੰ ਸਹੀ ਨਹੀਂ ਮੰਨਦਾ। ਦੇਖਣ ਵਾਲੀ ਗੱਲ ਹੈ ਕਿ ਉਨ੍ਹਾਂ ਵਿਚੋਂ ਕਿੰਨੇ ਦਾੜ੍ਹੀ ਕਤਰਦੇ ਹਨ ਅਤੇ ਖਾਸਕਰ, ਉਨ੍ਹਾਂ ਵਿਚੋਂ ਕਿੰਨੀਆਂ ਔਰਤਾਂ ਭਰਵੱਟੇ ਪੁਟਦੀਆਂ ਹਨ? ਮੇਰਾ ਖਦਸ਼ਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਜਣੇ ਸ਼੍ਰੋਮਣੀ ਕਮੇਟੀ ਦੀ ਪਰਿਭਾਸ਼ਾ ਮੁਤਾਬਕ ਸਿੱਖ ਹੀ ਨਹੀਂ ਹਨ। ਸੱਚੀ ਗੱਲ ਇਹ ਕਿ ਜੇ ਇਸ ਪਰਿਭਾਸ਼ਾ ਨੂੰ ਮਾਪਦੰਡ ਮੰਨਿਆ ਜਾਵੇ ਤਾਂ ਸਿੱਖ ਪੰਜਾਬ ਵਿਚ ਬਹੁ ਗਿਣਤੀ ਨਹੀਂ ਸਗੋਂ ਘੱਟ ਗਿਣਤੀ ਹਨ।

ਕੀ ਹੁਣ ਉਹ ਸਮਾਂ ਨਹੀਂ ਆ ਪਹੁੰਚਿਆ ਕਿ ਸ਼੍ਰੋਮਣੀ ਕਮੇਟੀ ਸੱਚ ਦਾ ਸਾਹਮਣਾ ਕਰੇ ਅਤੇ ਭਰਵੱਟਿਆਂ ਵੱਲ ਧਿਆਨ ਦੇਣ ਦੀ ਥਾਂ ਮੁੰਨੇ ਹੋਏ ਤੇ ਸਾਬਤ ਸੂਰਤ, ਸਾਰੇ ਸਿੱਖਾਂ ਨੂੰ ਇਕੱਤਰ ਕਰਕੇ ਜੋਸ਼ ਨਾਲ ਧੜਕਦੇ ਸਾਂਝੇ ਅਤੇ ਅਗਾਂਹਵਧੂ ਸਿੱਖ ਭਾਈਚਾਰੇ ਦਾ ਨਿਰਮਾਣ ਕਰੇ?

---

# ਅਫਕਾਰ

*(ਪਿਛਲੇ ਸਫੇ ਦੀ ਬਾਕੀ)*

ਹੈ? ਸਾਡੇ ਟੈਕਸ ਵਾਲੇ ਪੈਸੇ ਨਾਲ ਇਨ੍ਹਾਂ ਦੇ ਬੱਚੇ ਬਾਹਰਲੇ ਮੁਲਕਾਂ 'ਚ ਢੇਡ ਤੋਂ ਮਨੁੱਖ ਬਣਨ ਲਈ ਜਾਂਦੇ ਹਨ, ਜਦਕਿ ਇੱਥੋਂ ਦੇ ਲੋਕਲ ਸਕੂਲਾਂ ਵਿਚ ਪੜ੍ਹਦੇ ਗਰੀਬ ਬੱਚੇ ਹਜ਼ਾਰ ਰੁਪਏ ਦੀ ਢੇਡ ਤੋਂ ਦੋ ਹਜ਼ਾਰ ਰੁਪਏ ਦੀ ਭੇਡ ਵੀ ਨਹੀਂ ਬਣ ਸਕਦੇ।

ਇਨ੍ਹਾਂ ਦੀਆਂ ਦਰਸ਼ਨੀ ਭੇਡਾਂ ਬਾਹਰਲੇ ਮੁਲਕਾਂ 'ਚ ਮਰਨ ਗਈਆਂ ਵੀ ਸਾਡੇ ਟੈਕਸਾਂ ਨਾਲ ਭਰੇ ਖਜਾਨੇ ਨੂੰ ਚਾਰ ਚਾਰ ਕਰੋੜ ਦਾ ਚੂਨਾ ਲਾ ਦਿੰਦੀਆਂ ਹਨ। ਇਥੋਂ ਤੱਕ ਕਿ ਬਿਮਾਰ ਪਈ ਦੀਆਂ ਲਈਆਂ ਖਬਰਸਾਰਾਂ ਵੀ ਖਜਾਨਾ ਚੂਸ ਲੈਂਦੀਆਂ ਹਨ। ਸੁਣਿਆ ਹੈ ਕਿ ਇਹ ਭੇਡਾਂ ਕਿ ਢੇਡਾਂ ਚੰਡੀਗੜ੍ਹੋਂ ਦਿੱਲੀ ਨੂੰ ਹੈਲੀਕਾਪਟਰ ਵਿਚ ਸਿਰਫ ਨਹਾਉਣ ਲਈ ਵੀ ਚਲੀਆਂ ਜਾਂਦੀਆਂ ਹਨ। ਪਤਾ ਨਹੀਂ ਦਿੱਲੀ ਦੀਆਂ ਟੂਟੀਆਂ ਕਿਹੋ ਜਿਹੀਆਂ ਹੋਣਗੀਆਂ?

ਮੁੱਕਦੀ ਗੱਲ, ਚੋਣ ਨਤੀਜਿਆਂ ਦੇ ਅਫਕਾਰ ਦੀ ਥਾਂ ਸਾਨੂੰ ਜਾਗਣਾ ਚਾਹੀਦਾ ਹੈ ਤੇ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਆਪਾਂ ਵਿਕਾਊ ਮਾਲ ਨਾ ਬਣੀਏ; ਤਾਂ ਜੋ ਕੋਈ ਰੱਜੀ ਹੋਈ ਅੜਿੰਗ ਵੜਿੰਗ ਭੇਡ ਕਿਸੇ ਨੂੰ ਵੀ ਢੇਡ ਨਾ ਕਹਿ ਸਕੇ।

ਅਸੀਂ ਅਮਿਤੋਜ ਹੋਈਏ ਕਿ ਸਾਡੀ ਤਾਕਤ ਨੂੰ ਕੋਈ ਤੋਲ ਨਾ ਸਕੇ; ਅਸੀਂ ਅਨਮੋਲ ਹੋਈਏ ਕਿ ਸਾਡੀ ਕੀਮਤ ਦਾ ਕੋਈ ਹਿਸਾਬ ਨਾ ਰਹੇ। ਇਹ ਕ੍ਰਿਸ਼ਮਾ ਸਿਰਫ ਪੜ੍ਹਨ ਲਿਖਣ ਨਾਲ ਵਾਪਰ ਸਕਦਾ ਹੈ ਕਿ ਢੇਡਾਂ ਦੇ ਟੈਕਸ 'ਤੇ ਪਲਣ ਵਾਲਾ ਕੋਈ ਭੇਡੂ ਕਿਸੇ ਨਾਮ ਦੇਵ ਨੂੰ ਮੁੜ ਨਾ ਸਤਾ ਸਕੇ।

ਦਸਮੇਸ਼ ਪਿਤਾ ਦਾ ਵੱਡਾ ਫਿਕਰ ਸੀ, "ਅਣਪੜ੍ਹ ਕੋਊ ਰਹਿਣ ਨਾ ਪਾਵਾ, ਬਾਲ ਬਿਰਧ ਸਭ ਕੋਊ ਪਠਾਵਾ।" ਇਹ ਦੋ ਦੋ ਹਜ਼ਾਰੀ ਭੇਡਾਂ ਨਹੀਂ ਚਾਹੁੰਦੀਆਂ ਕਿ ਕੋਈ ਇੱਕ ਹਜ਼ਾਰੀ ਢੇਡ ਪੜ੍ਹ ਲਿਖ ਕੇ ਕਿਸੇ ਦੋ ਹਜ਼ਾਰੀ ਭੇਡ ਦੇ ਵਿੰਗ ਵਲ ਕੱਢ ਸਕੇ।

ਪੰਜਾਬ ਟਾਈਮਜ਼

*ਸਨਿਚਰਵਾਰ, 8 ਜੂਨ 2019*

# ਸਾਢੇ ਤਿੰਨ ਦਹਾਕਿਆਂ ਦੀ ਚੀਸ

ਅੰਮ੍ਰਿਤਸਰ ਵਿਚ ਸਿੱਖਾਂ ਦੇ ਧਾਰਮਿਕ ਸਥਾਨ ਵਿਚ ਵਾਪਰੇ ਸਾਕੇ ਨੂੰ ਸਾਢੇ ਤਿੰਨ ਦਹਾਕੇ ਬੀਤ ਗਏ ਹਨ। ਇਸ ਸਮੇਂ ਦੌਰਾਨ ਸਮੁੱਚੇ ਮੁਲਕ ਅਤੇ ਪੰਜਾਬ ਦੀ ਸਿਆਸਤ ਵਿਚ ਕਈ ਤਬਦੀਲੀਆਂ ਵਾਪਰੀਆਂ ਅਤੇ ਹੁਣ ਵੀ ਤੇਜ਼ੀ ਨਾਲ ਵਾਪਰ ਰਹੀਆਂ ਹਨ, ਪਰ ਆਏ ਸਾਲ ਸਿੱਖਾਂ ਦੀ ਇਹ ਪੀੜ ਘਟ ਨਹੀਂ ਰਹੀ, ਸਗੋਂ ਇਸ ਨਾਲ ਹਰ ਸਾਲ ਹੋਰ ਪ੍ਰਸੰਗ ਜੁੜਦੇ ਜਾ ਰਹੇ ਹਨ। ਇਸ ਬਾਰੇ ਵੱਖ-ਵੱਖ ਸਮਿਆਂ ਦੌਰਾਨ ਵੱਖ-ਵੱਖ ਪੱਖ ਵੀ ਸਾਹਮਣੇ ਆਉਂਦੇ ਰਹੇ ਹਨ ਅਤੇ ਇਸ ਸਾਕੇ ਨਾਲ ਸਿੱਧੇ-ਅਸਿੱਧੇ ਰੂਪ ਵਿਚ ਜੁੜੇ ਲੋਕ ਆਪਣਾ ਪੱਖ ਰੱਖਦੇ ਰਹੇ ਹਨ। ਉਂਜ, ਇਨ੍ਹਾਂ ਵਿਚੋਂ ਬਹੁਤਿਆਂ ਦੀ ਇਕ ਹੀ ਰਾਇ ਹੁੰਦੀ ਹੈ ਕਿ ਉਸ ਵਕਤ ਫੌਜ ਦੀ ਇਸ ਵੱਡੀ ਕਾਰਵਾਈ ਤੋਂ ਬਚਿਆ ਜਾ ਸਕਦਾ ਸੀ। ਦੇਖਿਆ ਜਾਵੇ ਤਾਂ ਇਸ ਸਾਕੇ ਬਾਰੇ ਸਮੁੱਚੀ ਸੋਚ ਇਸ ਇਕ ਨੁਕਤੇ ਉਤੇ ਹੀ ਟਿਕੀ ਹੋਈ ਹੈ। ਇਸ ਦੇ ਕੀ ਕਾਰਨ ਹਨ? ਦਰਅਸਲ, ਕਿਸੇ ਵੀ ਧਿਰ ਨੇ ਅਜੇ ਤਕ ਉਸ ਵਕਤ ਦੇ ਸਮੁੱਚੇ ਹਾਲਾਤ ਦੀ ਗਹਿਰਾਈ ਨਾਲ ਪੁਣ-ਛਾਣ ਨਹੀਂ ਕੀਤੀ ਅਤੇ ਨਾ ਹੀ ਕੋਈ ਸਬਕ ਲਿਆ ਹੈ। ਸਾਰੀ ਦੀ ਸਾਰੀ ਸਿਆਸਤ ਸਿਰਫ ਇਕ ਲਕੀਰ ਅੰਦਰ ਹੀ ਚਲਾਈ ਜਾ ਰਹੀ ਹੈ। ਸੱਤਾਵਾਦੀਆਂ ਨੂੰ ਇਹ ਪਹੁੰਚ ਬਹੁਤ ਸੂਤ ਬੈਠਦੀ ਹੈ, ਸਿੱਟੇ ਵਜੋਂ ਉਨ੍ਹਾਂ ਦੀ ਸਿਆਸੀ ਪੈਂਠ ਜਿਉਂ ਦੀ ਤਿਉਂ ਬਰਕਰਾਰ ਰਹਿੰਦੀ ਹੈ।

ਇਸ ਸਮੇਂ ਦੌਰਾਨ ਸਾਕੇ ਦਾ ਇਹ ਦਰਦ ਪੀੜ੍ਹੀ ਦਰ ਪੀੜ੍ਹੀ ਅਗਾਂਹ ਤੁਰ ਗਿਆ ਹੈ। ਦੂਜਾ ਨੁਕਤਾ ਰਤਾ ਵੱਧ ਅਹਿਮ ਹੈ। ਇਸ ਸਾਕੇ ਨੂੰ ਉਸ ਵਕਤ ਦੀ ਸਿਆਸਤ ਤੋਂ ਨਿਖੇੜ ਕੇ ਦੇਖਣ ਦੀ ਰੁਚੀ ਆਏ ਸਾਲ ਭਾਰੂ ਪੈ ਰਹੀ ਹੈ। ਇਸ ਨਾਲ ਬੇਗਾਨਗੀ, ਖਾਸ ਕਰਕੇ ਨਵੀਂ ਪੀੜ੍ਹੀ ਅੰਦਰ ਬੇਗਾਨਗੀ ਵਧ ਰਹੀ ਹੈ। ਇਸ ਨਾਲ ਸਮਾਜ ਅੰਦਰ ਬੇਚੈਨੀ ਪੈਦਾ ਹੋਣੀ ਅਤੇ ਵਧਣੀ ਲਾਜ਼ਮੀ ਹੈ। ਦਹਾਕਿਆਂ ਤੋਂ ਹਾਲਾਤ ਦਾ ਇਹ ਸਿਲਸਿਲਾ ਇਸੇ ਤਰ੍ਹਾਂ ਚੱਲ ਰਿਹਾ ਹੈ। ਲੋਕਾਂ ਅੰਦਰਲੀ ਬੇਚੈਨੀ ਕਦੀ-ਕਦਾਈਂ ਵੱਖਰੇ-ਵੱਖਰੇ ਰੂਪ ਵਿਚ ਫੁੱਟਦੀ ਰਹਿੰਦੀ ਹੈ। ਇਸ ਵਿਚ ਚੋਣਾਂ ਵਾਲੇ ਸਮੇਂ ਦਾ ਘੜਮੱਸ ਵੀ ਸ਼ਾਮਲ ਹੋ ਜਾਂਦਾ ਹੈ, ਪਰ ਅਜਿਹੀਆਂ ਸਾਰੀਆਂ ਕਵਾਇਦਾਂ ਤੋਂ ਬਾਅਦ ਪਰਨਾਲਾ ਫਿਰ ਉਥੇ ਦਾ ਉਥੇ ਹੀ ਰਹਿ ਜਾਂਦਾ ਹੈ। ਕਿਤੇ ਕੋਈ ਤਬਦੀਲੀ ਨਹੀਂ ਵਾਪਰਦੀ। ਲੋਕਾਂ ਦੇ ਪੱਲੇ ਫਿਰ ਉਹੀ ਹਾਲਾਤ ਅਤੇ ਉਹੀ ਲੀਡਰ ਰਹਿ ਜਾਂਦੇ ਹਨ। ਜਾਹਰ ਹੈ ਕਿ ਸੂਬੇ ਦੇ ਲੋਕ ਚਿਰਾਂ ਤੋਂ ਕੀਤੀ ਜਾ ਰਹੀ ਸੌੜੀ ਸਿਆਸਤ ਦੀ ਬੰਦ ਗਲੀ ਵਿਚੋਂ ਬਾਹਰ ਨਿਕਲਣਾ ਚਾਹੁੰਦੇ ਹਨ, ਪਰ ਕੋਈ ਅਜਿਹਾ ਸਿਆਸੀ ਰਹਿਬਰ ਸਾਹਮਣੇ ਨਹੀਂ ਆ ਰਿਹਾ, ਜੋ ਸਮੁੱਚੇ ਹਾਲਾਤ ਨੂੰ ਸਮਝ ਕੇ ਸੁੱਚੀ ਸਿਆਸਤ ਦਾ ਢੋਲ ਵਜਾਵੇ ਅਤੇ ਉਨ੍ਹਾਂ ਨੂੰ ਔਖ ਦੇ ਇਨ੍ਹਾਂ ਦਿਨਾਂ ਵਿਚੋਂ ਬਾਹਰ ਕੱਢ ਲਿਆਵੇ।

ਕੱਲ੍ਹ ਤੱਕ ਇਸ ਸਾਕੇ ਦੀ ਸਮੁੱਚੀ ਜ਼ਿੰਮੇਵਾਰੀ ਇਕ ਲੀਡਰ, ਭਾਵ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਇਕ ਪਾਰਟੀ, ਭਾਵ ਕਾਂਗਰਸ ਉਤੇ ਪੈਂਦੀ ਰਹੀ ਹੈ, ਪਰ ਹੁਣ ਮੁਲਕ ਦੀ ਸੱਤਾ ਉਤੇ ਜਿਹੜੇ ਲੀਡਰ ਅਤੇ ਜਿਹੜੀ ਪਾਰਟੀ ਕਾਬਜ਼ ਹੋਏ ਹਨ, ਉਸ ਨੇ ਸੂਬੇ ਅੰਦਰ ਆਪਣੀ ਕਿਸਮ ਦੀ ਨਵੀਂ ਸਿਆਸਤ ਦੇ ਬੀਜ, ਬੀਜ ਦਿੱਤੇ ਹਨ। ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਦੇਸ਼ ਦੇ ਇਕਾ-ਦੁੱਕਾ ਸੂਬਿਆਂ ਨੂੰ ਛੱਡ ਕੇ ਹਿੰਦੂ ਰਾਸ਼ਟਰ ਦੀ ਹਮਾਇਤੀ, ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਆਰ. ਐਸ. ਐਸ. ਦੀ ਚੜ੍ਹਤ ਹੋਈ ਹੈ। ਇਨ੍ਹਾਂ ਇੱਕਾ-ਦੁੱਕਾ ਸੂਬਿਆਂ ਵਿਚ ਪੰਜਾਬ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਪੰਜਾਬ ਬਾਰੇ ਸਿਆਸੀ ਵਿਸ਼ਲੇਸ਼ਕਾਂ ਦੀ ਰਾਇ ਹੈ ਕਿ ਇਸ ਨੇ ਸਦਾ ਦੇਸ਼ ਤੋਂ ਵੱਖਰਾ ਰਾਹ ਫੜਿਆ ਹੈ। ਇਸ ਵਾਰ ਵੀ ਪਹਿਲਾਂ-ਪਹਿਲ ਇਹੀ ਵਿਸ਼ਲੇਸ਼ਣ ਸਾਹਮਣੇ ਆਇਆ ਕਿ ਪੰਜਾਬ ਵਿਚ ਮੋਦੀ ਲਹਿਰ ਚੱਲ ਨਹੀਂ ਸਕੀ ਹੈ, ਪਰ ਚੋਣਾਂ ਨਾਲ ਸਬੰਧਤ ਜਿਹੜੇ ਤੱਥ ਹੁਣ ਸਾਹਮਣੇ ਆਏ ਹਨ, ਉਨ੍ਹਾਂ ਤੋਂ ਇਹ ਤੱਥ ਭਲੀਭਾਂਤ ਉਜਾਗਰ ਹੋ ਰਿਹਾ ਹੈ ਕਿ ਪੰਜਾਬ ਵਿਚ ਵੀ ਮੋਦੀ ਲਹਿਰ ਦਾ ਅਸਰ ਹੋਇਆ ਹੈ। ਸਮੁੱਚੇ ਦੇਸ਼ ਵਿਚ ਮੋਦੀ ਲਹਿਰ ਦਾ ਖਾਸਾ ਇਹ ਸੀ ਕਿ ਬਹੁਗਿਣਤੀ ਹਿੰਦੂਆਂ ਨੇ ਸਭ ਮੁੱਦਿਆਂ ਨੂੰ ਪਿਛਾਂਹ ਰੱਖ ਕੇ, ਸਿਰਫ ਰਾਸ਼ਟਰਵਾਦ ਅਤੇ ਸੁਰੱਖਿਆ ਦੇ ਹੱਕ ਵਿਚ ਵੋਟਾਂ ਪਾਈਆਂ ਹਨ।

ਫਿਰ ਪੰਜਾਬ ਵਿਚ ਵੀ ਤਾਂ ਇਹੀ ਕੁਝ ਹੋਇਆ ਹੈ। ਭਾਜਪਾ ਨੇ ਤਿੰਨ ਹਲਕਿਆਂ ਵਿਚੋਂ ਜਿਨ੍ਹਾਂ ਦੋ ਹਲਕਿਆਂ ਤੋਂ ਜਿੱਤ ਹਾਸਲ ਕੀਤੀ ਹੈ, ਉਥੋਂ ਦੀ ਹਿੰਦੂ ਵਸੋਂ ਨੇ ਲੱਕ ਬੰਨ੍ਹ ਕੇ ਇਸ ਪਾਰਟੀ ਨੂੰ ਵੋਟਾਂ ਪਾਈਆਂ। ਇਸ ਦੀ ਭਾਈਵਾਲ ਪਾਰਟੀ, ਸ਼੍ਰੋਮਣੀ ਅਕਾਲੀ ਦਲ ਨੂੰ ਬੇਅਦਬੀ ਕਾਂਡ ਦੇ ਤਿੱਖੇ ਵਿਰੋਧ ਕਾਰਨ ਐਤਕੀਂ ਪਿੰਡਾਂ ਵਿਚ ਵੋਟਾਂ ਭਾਵੇਂ ਘੱਟ ਪਈਆਂ ਪਰ ਸ਼ਹਿਰਾਂ ਵਿਚ ਇਸ ਨੂੰ ਚੋਖੀਆਂ ਵੋਟਾਂ ਮਿਲੀਆਂ ਹਨ। ਹੁਣ ਇਹ ਤੱਥ ਸਾਹਮਣੇ ਆ ਰਹੇ ਹਨ ਕਿ ਅਕਾਲੀਆਂ ਦੀ ਸ਼ਹਿਰੀ ਵੋਟ ਵਿਚ ਵਾਧਾ ਹਿੰਦੂ ਵੋਟਾਂ ਦੀ ਬਦੌਲਤ ਹੋਇਆ ਹੈ। ਪੰਜਾਬ ਦੀ ਸਿਆਸਤ ਵਿਚ ਇਹ ਨੁਕਤਾ ਅਤੇ ਤੱਥ ਬਿਲਕੁਲ ਨਵਾਂ ਹੈ ਅਤੇ ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਇਸ ਤੱਥ ਨੇ ਹੀ ਆਉਣ ਵਾਲੇ ਦਿਨਾਂ ਵਿਚ ਪੰਜਾਬ ਦੀ ਸਿਆਸਤ ਵਿਚ ਨਵੀਂ ਤਬਦੀਲੀ ਲਿਆਉਣੀ ਹੈ। ਕੁਝ ਸਿਆਸੀ ਮਾਹਿਰ ਤਾਂ ਇਸ ਤੋਂ ਵੀ ਅਗਾਂਹ ਜਾਂਦੇ ਹਨ। ਇਨ੍ਹਾਂ ਮੁਤਾਬਕ ਪੰਜਾਬ ਦੀ ਸਿੱਖ ਵਸੋਂ ਵਿਦੇਸ਼ਾਂ ਵੱਲ ਜਾ ਰਹੀ ਹੈ ਅਤੇ ਦੇਸ਼ ਦੇ ਹੋਰ ਸੂਬਿਆਂ ਦੀ ਹਿੰਦੂ ਵਸੋਂ ਪੰਜਾਬ ਪੁੱਜ ਰਹੀ ਹੈ। ਇਸ ਨਾਲ ਆਉਂਦੇ ਸਾਲਾਂ ਵਿਚ ਵਸੋਂ ਦਾ ਸੰਤੁਲਨ ਵੀ ਬਦਲਣ ਵਾਲਾ ਹੈ। ਹੁਣ ਸਵਾਲ ਇਹ ਹੈ ਕਿ ਅਜਿਹੇ ਸਿਆਸੀ, ਆਰਥਕ, ਸਮਾਜਕ ਤੇ ਧਾਰਮਿਕ ਹਾਲਾਤ ਨੂੰ ਪੜ੍ਹ-ਗੁੜ ਕੇ ਕਿਤੇ ਸਿਆਸਤ ਹੋ ਰਹੀ ਹੈ? ਜਵਾਬ ਨਾਂਹ ਵਿਚ ਹੀ ਮਿਲੇਗਾ। ਇਸ ਲਈ ਸੰਜੀਦਾ ਧਿਰਾਂ ਨੂੰ ਇਸ ਸਮੁੱਚੀ ਸਿਆਸਤ ਨੂੰ ਨਵੇਂ ਸਿਰਿਓਂ ਸਮਝਣਾ ਪਵੇਗਾ ਅਤੇ ਨਵੇਂ ਹਾਲਾਤ ਮੁਤਾਬਕ ਹੀ ਆਪਣੀ ਸਿਆਸਤ ਦਾ ਮੁਹਾਣ ਤੈਅ ਕਰਨਾ ਪਵੇਗਾ। ਸਮਾਂ ਬਹੁਤ ਤੇਜ਼ੀ ਅਤੇ ਬੇਕਿਰਕੀ ਨਾਲ ਬਦਲ ਰਿਹਾ ਹੈ। ਨਾ ਹਾਲਾਤ ਅਤੇ ਨਾ ਹੀ ਸਮੇਂ ਨੇ ਕਿਸੇ ਨੂੰ ਉਡੀਕਣਾ ਹੈ। ਦਹਾਕਿਆਂ ਦੀ ਚੀਸ ਲੈ ਕੇ ਅਤੇ ਨਵੇਂ ਹਾਲਾਤ ਨਾਲ ਜੂਝਦਿਆਂ ਹੁਣ ਅਗਾਂਹ ਵਧਣ ਦਾ ਵੇਲਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸ਼ਾਇਰ ਦੇ ਛੇ ਸਵਾਲ!*

ਚਿੱਕੜ ਵਿਚ ਚੁਤਰਫੀਂ ਹੀ ਕਮਲ ਚਿੱਟਾ, ਅੱਗੇ ਦੇਖਾਂਗੇ ਹੋਰ ਕੋਈ 'ਰੰਗ' ਕਿੱਦਾਂ?
ਚੜ੍ਹਿਆ ਵੋਟਾਂ ਦਾ ਨਸ਼ਾ ਹੈ ਦੇਸ਼ ਤਾਈਂ, ਚੜ੍ਹੀ ਹੋਈ ਇਹ ਉਤਰੇਗੀ 'ਭੰਗ' ਕਿੱਦਾਂ?
ਮੁੱਦੇ ਚੁੱਕੇ ਸੀ ਲੋਕਾਂ ਦੁਖਿਆਰਿਆਂ ਦੇ, ਸੁੱਝੇ ਕੁਝ ਨਾ ਹਾਰ ਗਏ ਜੰਗ ਕਿੱਦਾਂ?
ਹੱਥੀਂ ਸੱਚ ਦੀ ਕਲਮ ਲਈ ਬੈਠਿਆਂ ਦਾ, ਹੋਇਆ ਸਹਾਂਗੇ ਕਾਫੀਆ ਤੰਗ ਕਿੱਦਾਂ?
ਸਜ਼ਾ ਭੁਗਤਦੇ ਬਣੇ 'ਕਾਨੂੰਨ ਘਾੜੇ', ਹੁਣ ਇਨਸਾਫ ਦੀ ਕਰਾਂਗੇ ਮੰਗ ਕਿੱਦਾਂ?
ਖਤਰਾ ਖੜ੍ਹ ਗਿਆ ਸੈਕੂਲਰ ਸੋਚ ਤਾਈਂ, ਫੁਰਨੇ ਕਵੀਆਂ ਨੂੰ ਕਾਵਿ-ਵਿਅੰਗ ਕਿੱਦਾਂ?

# ਉਤਮ ਸਭਿਆਚਾਰ ਦੀਆਂ ਮਾਰਾਂ

*ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਬੇਮਿਸਾਲ ਜਿੱਤ ਤੋਂ ਬਾਅਦ ਵੱਖ-ਵੱਖ ਚਿੰਤਕ ਇਸ ਜਿੱਤ ਬਾਰੇ ਚੀਰ-ਫਾੜ ਕਰ ਰਹੇ ਹਨ। ਅਸਲ ਵਿਚ ਇਹ ਪਾਰਟੀ ਐਤਕੀਂ ਬਹੁਗਿਣਤੀ ਹਿੰਦੂਆਂ ਨੂੰ ਇਹ ਜਚਾਉਣ ਵਿਚ ਕਾਮਯਾਬ ਰਹੀ ਹੈ ਕਿ ਉਨ੍ਹਾਂ ਦਾ ਸਬੰਧ ਉਤਮ ਸਭਿਆਚਾਰ ਨਾਲ ਹੈ ਅਤੇ ਇਸ ਦੀ ਹੋਰ ਬੁਲੰਦੀ ਲਈ ਭਾਰਤੀ ਜਨਤਾ ਪਾਰਟੀ ਨਾਲ ਜੁੜਨਾ ਹੁਣ ਜ਼ਰੂਰੀ ਹੈ। ਅਜਿਹੇ ਹਾਲਾਤ ਬਾਰੇ ਪੁਣਛਾਣ ਉਘੇ ਲਿਖਾਰੀ ਸਵਰਾਜਬੀਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਸਵੀਡਨ ਯੂਨੀਵਰਸਿਟੀ ਦੇ ਪ੍ਰੋਫੈਸਰ ਤੇ ਮਸ਼ਹੂਰ ਕਿਤਾਬ 'ਪੰਜਾਬ ਬਲੱਡੀਡ, ਪਾਰਟੀਸ਼ਨਡ ਐਂਡ ਕਲੈਂਸਡ' ਦੇ ਲੇਖਕ ਇਸ਼ਤਿਆਕ ਅਹਿਮਦ ਅਨੁਸਾਰ, ਪੰਜਾਬ ਦੀ ਵੰਡ ਦਾ ਕਾਰਨ ਪਿੰਡਾਂ ਵਿਚਲੇ ਸਾਂਝੇ 'ਛੋਟੇ ਸਭਿਆਚਾਰਾਂ' ਦਾ ਟੁੱਟਣਾ ਸੀ। ਇਹ 'ਛੋਟੇ ਸਭਿਆਚਾਰ' ਕੀ ਹੁੰਦੇ ਹਨ? ਪੰਜਾਬ ਦੇ ਪ੍ਰਸੰਗ ਵਿਚ ਇਸ਼ਤਿਆਕ ਅਹਿਮਦ ਅਨੁਸਾਰ, ਸਾਂਝੇ ਪੰਜਾਬ ਵਿਚ ਪਿੰਡਾਂ ਵਿਚਲੇ ਹਕੀਮ, ਵੈਦ, ਪੰਡਿਤ, ਤੇਲੀ, ਜੁਲਾਹੇ, ਮਹਿਰੇ, ਬਜ਼ੁਰਗ, ਵਡੇਰੇ, ਗੁਰਦੁਆਰੇ, ਖਾਨਗਾਹਾਂ ਤੇ



ਸਵਰਾਜਬੀਰ

ਦਰਗਾਹਾਂ ਦੀ ਸਾਂਝ ਇਨ੍ਹਾਂ ਸਾਂਝੇ 'ਛੋਟੇ ਸਭਿਆਚਾਰਾਂ' ਦੀ ਬੁਨਿਆਦ ਸੀ।

ਇਸ ਤੱਥ ਦੀ ਤਸਦੀਕ ਪੰਜਾਬੀ ਦਾ ਮਸ਼ਹੂਰ ਨਾਵਲਕਾਰ ਨਾਨਕ ਸਿੰਘ ਆਪਣੇ ਨਾਵਲ 'ਖੂਨ ਦੇ ਸੋਹਿਲੇ' ਦੀ ਭੂਮਿਕਾ ਵਿਚ ਕਰਦਾ ਹੈ, "ਮੇਰੀਆਂ ਅੱਖੀਆਂ ਵਿਚ ਇਕ ਤਸਵੀਰ ਸਮਾਈ ਹੋਈ ਹੈ, ਜਿਹੜੀ ਸ਼ਾਇਦ ਉਦੋਂ ਤੀਕ ਸਮਾਈ ਰਹੇਗੀ, ਜਦ ਤਕ ਮੌਤ ਦਾ ਹਨੇਰਾ ਇਨ੍ਹਾਂ ਵਿਚ ਨਹੀਂ ਛਾ ਜਾਂਦਾ। ਮੇਰੇ ਸੋਹਣੇ, ਅਲਬੇਲੇ ਤੇ ਮੇਰੇ ਪਿਆਰੇ ਪੰਜਾਬ ਦੀ ਉਹ ਮਨੋਹਰ ਤਸਵੀਰ ਜਿਸ ਨੂੰ ਮੈਂ ਸਿਰਫ ਵੇਖਿਆ ਹੀ ਨਹੀਂ, ਮਾਣਿਆ ਵੀ ਹੈ - ਮੇਰੇ ਬਚਪਨ ਤੇ ਜਵਾਨੀ ਦਾ ਬਹੁਤ ਸਾਰਾ ਹਿੱਸਾ ਓਸ ਵਾਤਾਵਰਨ ਵਿਚ ਬੀਤੇ ਹਨ, ਜਿੱਥੇ ਮੁਸਲਿਮ ਤੇ ਗ਼ੈਰ-ਮੁਸਲਿਮ ਦਾ ਨਾ ਕੇਵਲ ਝਗੜਾ ਹੀ ਕੋਈ ਨਹੀਂ ਸੀ ਸਗੋਂ ਉਨ੍ਹਾਂ ਦੀ ਇਕ ਦੂਜੇ ਨਾਲ ਮਰਨ ਜੀਣ ਦੀ ਸਾਂਝ ਸੀ।"

ਮਹਾਂਕਵੀ ਪੂਰਨ ਸਿੰਘ ਵੀ ਆਪਣੀਆਂ ਕਵਿਤਾਵਾਂ ਵਿਚ ਇਸ ਸਾਂਝ ਦੀ ਬਾਤ ਪਾਉਂਦਾ ਹੈ। ਉਹ 'ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ' ਲਿਖਦਾ ਹੋਇਆ ਰਾਂਝੇ ਨੂੰ ਵੀ ਸਤਿਗੁਰਾਂ ਦਾ ਸਿੱਖ ਹੀ ਸਮਝਦਾ ਹੈ, "ਬਾਲ ਨਾਥ ਪਛੁਤਾਯਾ ਰਾਂਝੇ ਨੂੰ ਯੋਗ ਦੇ ਕੇ/ਸਤਿਗੁਰਾਂ ਦੇ ਸਿਖ ਨੂੰ ਪਾ ਹੱਥ ਰੋਯਾ।" ਹੀਰ ਤੇ ਰਾਂਝੇ ਨੂੰ ਪੰਜਾਬ ਦੇ ਲੋਕਾਂ ਦੇ ਭੈਣ-ਭਰਾ ਦੱਸਦਾ ਹਾੜ੍ਹੇ ਕੱਢਦਾ ਹੈ ਕਿ ਉਹ ਪੰਜਾਬ ਛੱਡ ਕੇ ਨਾ ਜਾਣ।

'ਛੋਟੇ ਸਭਿਆਚਾਰ' ਕਿਉਂ ਤੇ ਕਿਵੇਂ ਟੁੱਟਦੇ ਹਨ? ਚਿੰਤਕਾਂ ਅਤੇ ਸਮਾਜ ਵਿਗਿਆਨੀਆਂ ਅਨੁਸਾਰ, ਜਦ ਜਾਗੀਰਦਾਰੀ ਸਮਾਜਾਂ ਨੂੰ ਆਧੁਨਿਕਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਨ੍ਹਾਂ ਵਿਚ ਕਈ ਤਰ੍ਹਾਂ ਦੀਆਂ ਕੜਵੱਲਾਂ ਪੈਂਦੀਆਂ ਹਨ। ਹਿੰਦੋਸਤਾਨ ਤੇ ਪੰਜਾਬ ਨੂੰ ਜਿਸ ਆਧੁਨਿਕਤਾ ਦਾ ਸਾਹਮਣਾ ਕਰਨਾ ਪਿਆ, ਉਹ ਇਸ ਦੀ ਧਰਤੀ ਦੀ ਕਮਾਈ ਹੋਈ ਨਹੀਂ ਸਗੋਂ ਅੰਗਰੇਜ਼ੀ ਬਸਤੀਵਾਦ ਰਾਹੀਂ ਸਾਡੇ ਲੋਕਾਂ ਦੇ ਸਿਰਾਂ 'ਤੇ ਆਣ ਖਲੋਤੀ ਸੀ। ਅੰਗਰੇਜ਼ ਹਾਕਮਾਂ ਨੇ ਆਪਣੇ ਅੰਗਰੇਜ਼ੀ/ਪੱਛਮੀ ਅੰਦਾਜ਼ ਵਿਚ ਪੁੱਛਿਆ, "ਤੁਸੀਂ ਕੌਣ ਹੋ?" ਇਸ ਸਵਾਲ ਦਾ ਜਵਾਬ ਦੇਣਾ ਆਸਾਨ ਨਹੀਂ ਸੀ ਅਤੇ ਸਵਾਲ ਨੇ ਬਾਕੀ ਦੇ ਬਸਤੀਵਾਦੀ ਦੇਸ਼ਾਂ ਵਿਚ ਬੇਚੈਨ ਹੋਏ ਲੋਕਾਂ ਵਾਂਗ ਹਿੰਦੋਸਤਾਨੀਆਂ ਤੇ ਪੰਜਾਬੀਆਂ ਨੂੰ ਵੀ ਪ੍ਰੇਸ਼ਾਨ ਕੀਤਾ।

ਇਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਜੋ ਲੋਕ ਈਸਟ ਇੰਡੀਆ ਕੰਪਨੀ ਬਣਾ ਕੇ ਭਾਰਤ ਵਿਚ ਆਏ, ਉਹ ਇੰਗਲੈਂਡ ਦੇ ਵਧੀਆ ਪ੍ਰਤੀਨਿਧ ਨਹੀਂ ਸਨ। ਉਨ੍ਹਾਂ ਵਿਚ ਇਹ ਜਜ਼ਬਾ ਕਿ ਉਹ ਵਧੀਆ ਨਸਲ ਨਾਲ ਸਬੰਧ ਰੱਖਦੇ ਸਨ ਤੇ ਪੂਰਬ ਦੇ ਅਸਭਿਅਕ ਲੋਕਾਂ ਦਾ ਸੁਧਾਰ ਕਰਨ ਆਏ ਸਨ, ਕਾਫੀ ਭਾਰੂ ਸੀ। ਇਸ ਸਵਾਲ ਦਾ ਜਵਾਬ ਦੇਣ ਲੱਗਿਆਂ ਪੂਰਬ ਦੇ ਬਹੁਤ ਸਾਰੇ ਸਮਾਜਾਂ ਨੇ ਆਪਣੇ ਅਤੀਤ ਵੱਲ ਵੇਖਿਆ ਅਤੇ ਆਪਣੇ ਆਪ ਨੂੰ ਅੰਗਰੇਜ਼ਾਂ ਨਾਲੋਂ ਜ਼ਿਆਦਾ ਸਭਿਆ, ਰੂਹਾਨੀ ਤੇ ਪਵਿਤਰ ਬਣਾ ਕੇ ਦਿਖਾਉਣ ਦੀ ਕੋਸ਼ਿਸ਼ ਕੀਤੀ। ਇਸ ਦੇ ਨਾਲ ਬਸਤੀਵਾਦੀ ਸਮਾਜਾਂ ਵਿਚ ਤਥਾਕਥਿਤ 'ਉਚੇਰੇ (ਉਤਮ) ਸਭਿਆਚਾਰਾਂ' ਦਾ ਆਰੰਭ ਹੋਇਆ।

'ਉਤਮ ਸਭਿਆਚਾਰ' ਤੋਂ ਕਿਸੇ ਨੂੰ ਕੀ ਉਜ਼ਰ ਹੋ ਸਕਦਾ ਹੈ? ਮੁਸ਼ਕਿਲ ਇਹ ਹੈ ਕਿ 'ਉਤਮ ਸਭਿਆਚਾਰ' ਵਿਚਲੀ ਵਿਚਾਰਧਾਰਕ ਬਣਤਰ ਫਿਰਕਾਪ੍ਰਸਤ ਲੀਹਾਂ 'ਤੇ ਉਸਾਰੀ ਜਾਂਦੀ ਹੈ; ਉਸ ਵਿਚ ਆਪਣੇ ਧਰਮ ਨੂੰ ਹੋਰ ਧਰਮਾਂ ਤੋਂ ਬਿਹਤਰ ਤੇ ਉਤਮ ਦੱਸਿਆ ਜਾਂਦਾ ਹੈ। ਬਸਤੀਵਾਦੀ ਹਕੂਮਤਾਂ ਇਨ੍ਹਾਂ ਬਣਤਰਾਂ ਨਾਲ ਡੂੰਘੇ ਹੁੰਦੇ ਵਖਰੇਵਿਆਂ ਨੂੰ ਵਧਾਉਣ ਅਤੇ ਲੋਕਾਂ ਨੂੰ ਆਪਸ ਵਿਚ ਵੰਡ ਕੇ ਰੱਖਣ ਲਈ ਵਰਤਦੀਆਂ ਹਨ।

ਅੰਗਰੇਜ਼ ਪਹਿਲੀ ਜਨਗਣਨਾ ਰਾਹੀਂ ਇਹ ਸਵਾਲ ਲੋਕਾਂ ਦੇ ਮਨਾਂ ਵਿਚ ਠੋਸਣ ਵਿਚ ਸਫਲ ਹੋਏ ਕਿ ਉਨ੍ਹਾਂ ਨੂੰ ਅੰਗਰੇਜ਼ਾਂ ਦੇ ਦੱਸੇ ਜਾ ਰਹੇ ਵਰਗਾਂ ਵਿਚੋਂ ਇਕ ਚੁਣਨਾ ਪੈਣਾ ਹੈ। ਮਸਲਨ, ਉਨ੍ਹਾਂ ਵੇਲਿਆਂ ਦਾ ਹਿੰਦੂ ਵਸਨੀਕ ਆਪਣੇ ਆਪ ਨੂੰ ਵੈਸ਼ਨਵ, ਦੇਵੀ ਜਾਂ ਸ਼ਿਵ ਪੂਜਕ, ਕਬੀਰ ਪੰਥੀ ਜਾਂ ਕੁਝ ਹੋਰ ਵੀ ਅਖਵਾ ਸਕਦਾ ਸੀ ਪਰ ਉਸ ਨੂੰ ਇਹ ਦੱਸਣ ਦਾ ਮੌਕਾ ਹੀ ਨਹੀਂ ਦਿੱਤਾ ਗਿਆ ਅਤੇ ਉਸ ਨੂੰ ਇਕੋ ਇਕ ਵਰਗ ਹਿੰਦੂ ਵਿਚ ਦਰਜ ਕੀਤਾ ਗਿਆ। ਇਸੇ ਤਰ੍ਹਾਂ ਮੁਸਲਮਾਨਾਂ ਨੂੰ ਵੱਖ ਵੱਖ ਫਿਰਕੇ ਦੱਸਣ ਦੀ ਥਾਂ ਸਿਰਫ ਮੁਸਲਿਮ ਵਰਗ ਨੂੰ ਹੀ ਚੁਣਨਾ ਪੈਣਾ ਸੀ। ਇਉਂ ਬਸਤੀਵਾਦੀ ਨਿਜ਼ਾਮ ਨੇ ਫਿਰਕੂ ਲਹਿਰਾਂ 'ਤੇ ਉਸਰਨ ਵਾਲੇ 'ਉਤਮ ਸਭਿਆਚਾਰਾਂ' ਦੇ ਸੰਕਲਪ ਨੂੰ ਬਲ ਦਿੱਤਾ। ਵਿਨਾਇਕ ਦਮੋਦਰ ਸਾਵਰਕਰ ਦੀ ਬਣਾਈ ਹੋਈ ਹਿੰਦੂਤਵ ਦੀ ਉਤਮ ਸਭਿਆਚਾਰ ਦੀ ਬਣਤਰ ਵੀ ਇਸੇ ਕੜੀ ਦਾ ਹਿੱਸਾ ਹੈ। ਇਸੇ ਤਰ੍ਹਾਂ ਦੇ ਵਿਚਾਰ ਉਸ ਵੇਲੇ ਦੇ ਪੰਜਾਬੀ ਹਿੰਦੂ, ਸਿੱਖ ਤੇ ਮੁਸਲਮਾਨ ਲੇਖਕਾਂ ਦੀਆਂ ਲਿਖ਼ਤਾਂ ਵਿਚ ਪ੍ਰਗਟ ਹੋਏ।

'ਉਤਮ ਸਭਿਆਚਾਰ' ਦੀ 'ਸਮਝ' ਕਿਵੇਂ ਲੋਕਾਂ ਦੀ ਸਾਂਝੀਵਾਲਤਾ ਤੋੜਦੀ ਹੈ ਅਤੇ ਧਾਰਮਿਕ



ਜਨੂੰਨ ਪੈਦਾ ਕਰਦੀ ਹੈ, ਦੀ ਮਿਸਾਲ ਪੰਜਾਬ ਦੀ ਵੰਡ ਵੇਲੇ ਪੈਦਾ ਹੋਏ ਸਾਹਿਤ ਵਿਚੋਂ ਕਈ ਥਾਵਾਂ 'ਤੇ ਮਿਲਦੀ ਹੈ। ਮਹਿੰਦਰ ਸਿੰਘ ਸਰਨਾ ਦੀ ਕਹਾਣੀ 'ਗੋਂਦਲਣਵਾਲਾ' ਵਿਚ ਪਿੰਡ ਦਾ ਸਰਪੰਚ ਕਰੀਮ ਬਖ਼ਸ਼ ਪੁਰਾਣੀ ਸਾਂਝੀਵਾਲਤਾ ਦਾ ਹਾਮੀ ਹੈ ਜਦੋਂਕਿ ਉਸ ਦਾ ਪੁੱਤਰ ਮਨਜ਼ੂਰ ਨਵੇਂ ਉਤਮ ਸਭਿਆਚਾਰ ਦੁਆਰਾ ਪ੍ਰਚਾਰੇ ਗਏ ਇਸਲਾਮ ਦਾ। ਕਰੀਮ ਬਖ਼ਸ਼ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਮਨਜ਼ੂਰ ਹਿੰਦੂ-ਸਿੱਖਾਂ ਦੇ ਕਤਲੇਆਮ ਤੇ ਲੁੱਟ-ਮਾਰ ਵਿਚ ਹਿੱਸਾ ਲੈਂਦਾ ਹੈ ਅਤੇ ਇਕ ਕੁੜੀ ਵੀ ਉਧਾਲ ਲਿਆਉਂਦਾ ਹੈ। ਪੁੱਤਰ ਦਾ ਇਹ ਵਰਤਾਰਾ ਵੇਖ ਕੇ ਕਰੀਮ ਬਖ਼ਸ਼ ਨੂੰ ਅੰਤਾਂ ਦਾ ਗੁੱਸਾ ਆਉਂਦਾ ਹੈ, ਉਹ ਉਸ ਨੂੰ ਗਾਲ੍ਹਾਂ ਕੱਢਦਾ ਹੋਇਆ ਕੁੱਟਣ ਲੱਗ ਪੈਂਦਾ ਹੈ; ਮਾਰਦਿਆਂ ਮਾਰਦਿਆਂ ਉਹਨੂੰ ਸਾਹ ਚੜ੍ਹ ਜਾਂਦਾ ਹੈ, ਮਨਜ਼ੂਰ ਛੁੱਟ ਕੇ ਭੱਜ ਜਾਂਦਾ ਹੈ। ਚੌਧਰੀ ਨੂੰ ਦਿਲ ਦਾ ਦੌਰਾ ਪੈਂਦਾ ਹੈ ਤੇ ਉਹ ਮਰ ਜਾਂਦਾ ਹੈ।

ਚੌਧਰੀ ਦਾ ਭਣੇਵਾਂ ਪਿੰਡ ਅਫਸੋਸ ਕਰਨ ਆਉਂਦਾ ਹੈ। ਇਕ ਨੌਜਵਾਨ ਉਸ ਨਾਲ ਅਫਸੋਸ ਕਰਦਿਆਂ ਕਹਿੰਦਾ ਹੈ ਕਿ ਚੌਧਰੀ ਬਹੁਤ ਚੰਗਾ ਬੰਦਾ ਸੀ ਪਰ ਉਸ ਨੂੰ 'ਅਸਲਾਮ' ਦਾ ਪਤਾ ਨਹੀਂ ਸੀ। ਇਨ੍ਹਾਂ ਨੌਜਵਾਨਾਂ ਨੂੰ ਨਵੇਂ 'ਇਸਲਾਮ' ਦਾ ਪਤਾ ਲੱਗ ਚੁੱਕਾ ਸੀ ਤੇ ਉਹ ਆਪਣੇ ਹੀ ਗਵਾਂਢੀਆਂ ਦੇ ਖੂਨ ਦੇ ਪਿਆਸੇ ਹੋ ਗਏ ਸਨ। ਇਸ ਤਰ੍ਹਾਂ ਵੰਡ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਆਪਣੇ ਆਪਣੇ ਧਰਮਾਂ ਦੀ 'ਉਤਮ ਸਭਿਆਚਾਰ' ਦੀ ਬਣਤਰ ਨੂੰ ਪ੍ਰਚੰਡ ਕੀਤਾ।

ਲੋਕ ਧਾਰਮਿਕ ਜਨੂੰਨ ਵਿਰੁਧ ਨਾ ਲੜ ਸਕੇ ਅਤੇ ਦੇਸ਼ ਦੀ ਵੰਡ ਹੋਈ। ਫਿਰਕਾਪ੍ਰਸਤੀ ਦਾ ਜ਼ਹਿਰ ਲੋਕਾਂ ਦੇ ਮਨ ਵਿਚ ਘਰ ਕਰ ਗਿਆ। ਪਾਕਿਸਤਾਨ ਵਿਚ ਇਸ ਨੇ ਆਪਣਾ ਰੰਗ ਬਹੁਤ ਜਲਦੀ ਦਿਖਾਇਆ ਅਤੇ ਦੇਸ਼ ਕੱਟੜਪੰਥੀ ਵਲ ਵਧਦਾ ਗਿਆ। ਦੇਸ਼ ਦੇ ਦੋ ਹਿੱਸੇ ਹੋ ਗਏ ਅਤੇ ਅਹਿਮਦੀਆ ਫਿਰਕੇ ਨੂੰ ਗ਼ੈਰ-ਮੁਸਲਿਮ ਕਰਾਰ ਦਿੱਤਾ ਗਿਆ। ਹਿੰਦੋਸਤਾਨ ਦੇ ਪੱਛਮ ਵਿਚ ਬਚੇ ਹੋਏ ਪਾਕਿਸਤਾਨ ਦੇ ਲੋਕਾਂ ਦੀ ਕਿਸਮਤ ਮੁਲਾਣਿਆਂ ਦੇ ਹੱਥ ਵਿਚ ਚਲੀ ਗਈ ਜਿਸ ਦੇ ਬਹੁਤ ਦੁਖਦਾਈ ਸਿੱਟੇ ਨਿਕਲੇ।

ਭਾਰਤ ਵਿਚ ਸੰਵਿਧਾਨ ਦੇ ਰਚਣਹਾਰਿਆਂ ਨੇ ਧਰਮ ਨਿਰਪੱਖ ਜਮਹੂਰੀਅਤ ਦਾ ਤਸੱਵਰ ਪੇਸ਼ ਕੀਤਾ ਜਿਸ ਵਿਚ ਘੱਟ ਗਿਣਤੀਆਂ, ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਦੇ ਹੱਕਾਂ ਦੀ ਸਾਂਭ-ਸੰਭਾਲ ਲਈ ਵਿਸ਼ੇਸ਼ ਹੱਕ ਦਿੱਤੇ ਗਏ। 1980ਵਿਆਂ ਵਿਚ ਇਸ ਧਰਮ ਨਿਰਪੱਖ ਬਣਤਰ ਵਿਚ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ। ਇਸ ਦੇ ਸਿੱਟੇ ਵਜੋਂ ਪੰਜਾਬ ਨੇ ਅਤਿਵਾਦ ਦਾ ਸੰਤਾਪ ਭੋਗਿਆ। ਜਨਸੰਘ, ਜੋ ਜਨਤਾ ਪਾਰਟੀ ਦੇ ਟੁੱਟਣ ਪਿਛੋਂ ਭਾਰਤੀ ਜਨਤਾ ਪਾਰਟੀ ਦੇ ਰੂਪ ਵਿਚ ਹੋਂਦ ਵਿਚ ਆਈ, ਨੂੰ ਵੀ ਇਹ ਗੱਲ ਚੰਗੀ ਤਰ੍ਹਾਂ ਸਮਝ 'ਚ ਆ ਗਈ ਕਿ ਧਰਮ, ਜਮਹੂਰੀ ਸਿਆਸਤ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰ ਸਕਦਾ ਹੈ।

ਇਸੇ ਸਮਝ ਅਨੁਸਾਰ, ਰਾਮ ਮੰਦਰ ਦੀ ਸਮੱਸਿਆ ਨੂੰ ਉਭਾਰਿਆ ਗਿਆ ਅਤੇ ਮੱਧਕਾਲੀਨ ਸਮਿਆਂ ਦੇ ਇਤਿਹਾਸ ਵਿਚ ਮੁਸਲਮਾਨ ਹਾਕਮਾਂ ਦੁਆਰਾ ਕੀਤੇ ਗਏ ਜ਼ੋਰ-ਜਬਰ ਨੂੰ ਅੱਜ ਦੀ ਸਿਆਸਤ ਦਾ ਹਿੱਸਾ ਬਣਾਇਆ ਗਿਆ। ਹਿੰਦੂਤਵ ਦੀ ਵਿਚਾਰਧਾਰਕ ਬਣਤਰ ਨੇ ਇਸ ਤਹਿਰੀਕ ਵਿਚ ਵੱਡੀ ਸਿਆਸੀ ਭੂਮਿਕਾ ਨਿਭਾਈ। ਘੱਟ ਗਿਣਤੀ ਫਿਰਕੇ ਨੂੰ ਪਰਾਇਆ, ਓਪਰਾ, ਬੇਗਾਨਾ ਤੇ ਦੇਸ਼-ਵਿਰੋਧੀ ਦੱਸਣਾ ਤੇ ਪਾਕਿਸਤਾਨ-ਵਿਰੋਧ ਇਸ ਵਿਚਾਰਧਾਰਕ ਬਣਤਰ ਦੀਆਂ ਹੋਰ ਚੂਲਾਂ ਬਣ ਗਈਆਂ। 2002 ਵਿਚ ਗੁਜਰਾਤ ਵਿਚ ਹੋਏ ਦੰਗਿਆਂ ਨੇ ਇਹ ਵੀ ਦੱਸਿਆ ਕਿ ਕਿਵੇਂ ਲੋਕਾਂ ਵਿਚ ਵਧਦਾ ਤੇ ਵਧਾਇਆ ਜਾਂਦਾ ਫਿਰਕੂ ਪਾੜਾ ਸਿਆਸੀ ਲਾਹੇ ਲਈ ਵਰਤਿਆ ਜਾ ਸਕਦਾ ਹੈ। ਇਸ ਦਾ ਫਾਇਦਾ ਪ੍ਰਤੱਖ ਤੌਰ 'ਤੇ ਭਾਰਤੀ ਜਨਤਾ ਪਾਰਟੀ ਨੂੰ ਹੋਇਆ ਅਤੇ ਉਹ 2014 ਤੇ ਹੁਣ 2019 ਵਿਚ ਵੱਡੀ ਸਿਆਸੀ ਪਾਰਟੀ ਬਣ ਕੇ ਉਭਰੀ।

ਇਹ ਕਿਹਾ ਜਾ ਰਿਹਾ ਹੈ ਕਿ ਭਾਜਪਾ ਅਤੇ ਉਸ ਦੇ ਆਗੂ ਆਪਣੀ ਵੱਡੀ ਸੂਝ-ਬੂਝ ਕਾਰਨ ਹੀ ਇਹ ਸਮਝ ਸਕੇ ਹਨ ਕਿ ਦੇਸ਼ ਦੀ ਬਹੁਗਿਣਤੀ ਕੀ ਚਾਹੁੰਦੀ ਹੈ। ਇਸ ਤਰ੍ਹਾਂ ਦੀ ਦਲੀਲ ਬਹੁਤ ਖਤਰਨਾਕ ਹੈ। ਦੇਸ਼ ਦੀ ਬਹੁਗਿਣਤੀ ਬੇਰੁਜ਼ਗਾਰੀ ਤੇ ਗ਼ਰੀਬੀ ਨੂੰ ਖਤਮ ਕਰਨਾ ਚਾਹੁੰਦੀ ਹੈ ਜਾਂ ਆਪਣੀ ਸਭਿਆਚਾਰਕ ਉਤਮਤਾ ਦਾ ਝੰਡਾ ਬੁਲੰਦ ਕਰਨਾ ਚਾਹੁੰਦੀ ਹੈ? ਉਹ ਕੀ ਚਾਹੁੰਦੀ ਹੈ, ਦਾ ਫੈਸਲਾ ਕੌਣ ਕਰ ਰਿਹਾ ਹੈ? ਇਸ ਵੇਲੇ ਉਹ ਲੋਕ ਸਫਲ ਹਨ ਜੋ ਬਹੁਗਿਣਤੀ ਦੇ ਮਨ ਵਿਚ ਉਨ੍ਹਾਂ ਦੀ ਸਭਿਆਚਾਰਕ ਤੇ ਧਾਰਮਿਕ ਉਤਮਤਾ ਦੀ ਭਾਵਨਾ ਨੂੰ ਮੁੱਖ ਮੁੱਦਾ ਬਣਾਉਣ ਵਿਚ ਕਾਮਯਾਬ ਹੋਏ ਹਨ। ਉਨ੍ਹਾਂ ਨੇ ਬਹੁਗਿਣਤੀ ਨੂੰ ਇਹ ਯਕੀਨ ਦਿਵਾ ਦਿੱਤਾ ਹੈ ਕਿ ਸਦੀਆਂ ਬਾਅਦ ਉਨ੍ਹਾਂ ਨਾਲ ਨਿਆਂ ਹੋ ਰਿਹਾ ਹੈ। ਇਸ ਤਰ੍ਹਾਂ ਕਿਸੇ ਵੀ ਧਾਰਮਿਕ ਫਿਰਕੇ ਦੀਆਂ ਮੰਗਾਂ, ਉਮੰਗਾਂ ਤੇ ਖਾਹਿਸ਼ਾਂ ਦਾ ਫੈਸਲਾ ਉਸ ਫਿਰਕੇ ਦੇ ਆਮ ਲੋਕ ਨਹੀਂ ਸਗੋਂ ਕੁਝ ਖ਼ਾਸ ਤਰ੍ਹਾਂ ਦੇ ਲੋਕ ਕਰਦੇ ਹਨ ਜੋ ਉਸ ਫਿਰਕੇ ਦੀ ਸਰਬਉਚਤਾ ਦੇ ਰਖਵਾਲੇ ਹੋਣ ਦੇ ਨਾਂ ਹੇਠ ਆਪਣੀ ਤਾਕਤ ਮਜ਼ਬੂਤ ਕਰਦੇ ਹਨ। ਇਸ ਦੇ ਨਾਲ ਨਾਲ ਉਨ੍ਹਾਂ ਦਾ ਸਾਰਾ ਜ਼ੋਰ ਦੂਸਰੇ ਫਿਰਕਿਆਂ ਨੂੰ ਛੁਟਿਆਉਣ ਤੇ ਦਬਾ ਕੇ ਰੱਖਣ ਵਿਚ ਲੱਗ ਜਾਂਦਾ ਹੈ। ਇਹੋ ਜਿਹੇ ਹਾਲਾਤ ਕਿਸੇ ਵੀ ਦੇਸ਼ ਲਈ ਬਹੁਤ ਖਤਰਨਾਕ ਹੁੰਦੇ ਹਨ। ਹਿੰਦੋਸਤਾਨ ਵੀ ਇਤਿਹਾਸ ਦੇ ਅਜਿਹੇ ਹੀ ਮੋੜ 'ਤੇ ਖੜ੍ਹਾ ਹੈ।

# ਭਾਰਤੀ ਮੀਡੀਆ ਉਪਰ ਸਿਆਸਤ ਦੀ ਕਾਠੀ

***ਹਾਲੀਆ ਲੋਕ ਸਭਾ ਚੋਣਾਂ ਵਿਚ ਹਿੰਦੂ ਰਾਸ਼ਟਰਵਾਦੀਆਂ ਦੀ ਮੁੜ ਜਿੱਤ ਵਿਚ ਚੋਖਾ ਯੋਗਦਾਨ ਮੀਡੀਆ ਉਪਰ ਕਾਰਪੋਰੇਟ ਕੰਟਰੋਲ ਅਤੇ ਇਸ ਦੇ ਹਿੰਦੂਤਵ ਤਾਕਤਾਂ ਨਾਲ ਗੂੜ੍ਹੇ ਰਿਸ਼ਤੇ ਦਾ ਰਿਹਾ ਹੈ। ਮੀਡੀਆ ਖੇਤਰ ਵਿਚਲੇ ਇਸ ਖਤਰਨਾਕ ਰੁਝਾਨ ਦੀ ਚਰਚਾ ਪੱਤਰਕਾਰ ਅਬਦੁਲ ਬਾਰੀ ਮਸੂਦ ਨੇ ਮੀਡੀਆ ਖੇਤਰ ਦੇ ਅਧਿਐਨ 'ਤੇ ਆਧਾਰਤ ਆਪਣੀ ਇਸ ਅਹਿਮ ਰਿਪੋਰਟ ਵਿਚ ਕੀਤੀ ਹੈ। ਪੇਸ਼ ਹੈ, ਸਾਡੇ ਕਾਲਮਨਵੀਸ ਬੂਟਾ ਸਿੰਘ ਵਲੋਂ ਕੀਤਾ ਇਸ ਲਿਖਤ ਦਾ ਅਨੁਵਾਦ। -ਸੰਪਾਦਕ***

**ਅਬਦੁਲ ਬਾਰੀ ਮਸੂਦ**
**ਅਨੁਵਾਦ: ਬੂਟਾ ਸਿੰਘ**

ਸਿਆਸੀ ਪ੍ਰੁੱਗਤ ਵਾਲੇ ਮੁੱਠੀ ਭਰ ਸ਼ਕਤੀਸ਼ਾਲੀ ਲੋਕਾਂ ਦੇ ਕੰਟਰੋਲ ਵਾਲੇ ਮੀਡੀਆ ਵਿਚ ਬਹੁਲਤਾ ਅਤੇ ਵੰਨ-ਸੁਵੰਨਤਾ ਨਦਾਰਦ ਹੈ। ਇਸ ਦਾ ਖੁਲਾਸਾ ਭਾਰਤ ਵਿਚ ਮੀਡੀਆ ਮਾਲਕੀ ਉਪਰ ਆਪਣੀ ਤਰ੍ਹਾਂ ਦੇ ਪਹਿਲੇ ਅਧਿਐਨ ਵਿਚ ਹੋਇਆ ਹੈ। ਇਹ ਅਧਿਐਨ ਦਿੱਲੀ ਆਧਾਰਤ ਮੀਡੀਆ ਕੰਪਨੀ 'ਡੇਟਾਲੀਡਜ਼' ਨੇ 'ਰਿਪੋਰਟਰਜ਼ ਵਿਦਾਊਟ ਬੌਰਡਰਜ਼' (ਆਰ.ਐਸ.ਐਫ.) ਨਾਲ ਮਿਲ ਕੇ ਕੀਤਾ ਗਿਆ।

ਅਧਿਐਨ ਨੇ ਇਹ ਵੀ ਖੁਲਾਸਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੋਣਾਂ ਵਿਚ ਹਾਲੀਆ ਜਿੱਤ, ਹੈਰਾਨੀਜਨਕ ਤੌਰ 'ਤੇ ਸੁੰਗੜ ਚੁੱਕੀ ਮੀਡੀਆ ਸਪੇਸ ਦੇ ਅੰਦਰ ਹੋਈ ਹੈ, ਜਿਥੇ ਸਟੇਟ ਦੀ ਰੇਡੀਓ ਨਿਊਜ਼ ਉਪਰ ਅਜਾਰੇਦਾਰੀ ਹੈ ਅਤੇ ਸਥਾਨਕ ਅਖਬਾਰਾਂ ਦੀਆਂ ਮੰਡੀਆਂ ਬਹੁਤ ਕੇਂਦਰਤ ਹਨ। ਇਨ੍ਹਾਂ ਨੂੰ ਤਾਕਤਵਰ ਮਾਲਕਾਂ ਦੀ ਨਿੱਕੀ ਜਿਹੀ ਗਿਣਤੀ ਕੰਟਰੋਲ ਕਰਦੀ ਹੈ ਜਿਨ੍ਹਾਂ ਵਿਚੋਂ ਕੁਝ ਦੇ ਮਜ਼ਬੂਤ ਰਾਜਨੀਤਕ ਰਿਸ਼ਤੇ ਹਨ।

ਮੀਡੀਆ ਆਨਰਸ਼ਿਪ ਮਾਨੀਟਰ (ਐਮ.ਓ.ਐਮ.) ਪ੍ਰੋਜੈਕਟ ਦੀ ਖੋਜ ਦੱਸਦੀ ਹੈ ਕਿ ਵੱਡੀ ਤਾਦਾਦ ਵਿਚ ਮੀਡੀਆ ਸੰਸਥਾਵਾਂ ਦਾ ਭੂ-ਦ੍ਰਿਸ਼ (ਲੈਂਡਸਕੇਪ) ਲਾਜ਼ਮੀ ਤੌਰ 'ਤੇ ਬਹੁਲਤਾਵਾਦੀ ਮੀਡੀਆ ਦਾ ਨਹੀਂ ਬਣਦਾ। ਮੁਲਕ ਦੇ ਮੀਡੀਆ ਵਿਰੁਧ ਵਸੋਂ ਦੇ ਵਾਹਵਾ ਹਿੱਸੇ ਦੇ ਗੁੱਸੇ ਦਾ ਮੁੱਖ ਕਾਰਨ ਇਹੀ ਜਾਪਦਾ ਹੈ।

ਮੀਡੀਆ ਸਮੱਗਰੀ ਦੇ ਉਤਪਾਦਨ ਅਤੇ ਇਸ ਦੀ ਵੰਡ ਦਾ ਲਗਾਤਾਰ ਹੋਰ ਜ਼ਿਆਦਾ ਸੁਮੇਲ ਹੁੰਦਾ ਜਾਂਦਾ ਹੈ ਅਤੇ ਇਹ ਵੀ ਮੁੱਠੀ ਭਰ ਹੱਥਾਂ ਵਿਚ ਕੇਂਦਰਤ ਹੈ। ਹਾਲਾਂਕਿ ਜਾਪਦਾ ਇਉਂ ਹੈ ਕਿ ਭਾਰਤ ਬਹੁਤ ਸਾਰੇ ਪੱਖਾਂ ਤੋਂ 'ਹੱਦ ਤੋਂ ਜ਼ਿਆਦਾ ਕਾਨੂੰਨਾਂ ਵਿਚ ਬੱਝਿਆ' ਮੁਲਕ ਹੈ, ਲੇਕਿਨ ਮੀਡੀਆ ਦੀ ਮਾਲਕੀ ਦੇ ਕੇਂਦਰਨ ਨਾਲ ਸਬੰਧਤ ਕਾਨੂੰਨ ਟੁੱਟਵੇਂ, ਬੇਤਰਤੀਬੇ ਅਤੇ ਬਹੁਤ ਹੱਦ ਤਕ ਬੇਅਸਰ ਹਨ। ਕਾਰਨ ਇਹ ਵੀ ਹੈ ਕਿਉਂਕਿ ਟੀ.ਵੀ. ਰੇਟਿੰਗ ਦੀ ਕੋਈ ਪਾਰਦਰਸ਼ਤਾ ਨਹੀਂ ਅਤੇ ਇਸ ਦੀ ਮਾਲਕੀ ਵੀ ਸਨਅਤ ਕੋਲ ਹੈ। ਨਤੀਜੇ ਵਜੋਂ, ਭਾਰਤ ਵੱਡੇ ਆਕਾਰ ਵਾਲਾ ਮੁਲਕ ਹੋਣ ਦੇ ਬਾਵਜੂਦ, ਮੁਲਕ ਦੇ ਮੀਡੀਆ ਭੂ-ਦ੍ਰਿਸ਼ ਵਿਚ ਥੋੜ੍ਹੀਆਂ ਜਿਹੀਆਂ ਕੰਪਨੀਆਂ ਤੇ ਸਮੂਹਾਂ ਦਾ ਗਲਬਾ ਹੈ।

ਦਿੱਲੀ ਵਿਚ ਇਕ ਵਿਸ਼ੇਸ਼ ਸਮਾਗਮ ਵਿਚ ਰਿਪੋਰਟ ਜਾਰੀ ਕਰਦਿਆਂ ਮਸ਼ਹੂਰ ਪੱਤਰਕਾਰ ਸਈਦ ਨਜ਼ਾਕਤ (ਡੇਟਾਲੀਡਜ਼ ਦੇ ਬਾਨੀ ਤੇ ਮੁੱਖ ਕਾਰਜਕਾਰੀ ਅਧਿਕਾਰੀ) ਨੇ ਕਿਹਾ ਕਿ ਭਾਰਤ ਦੁਨੀਆ ਦੀਆਂ ਸਭ ਤੋਂ ਵੱਡੀਆਂ ਮੀਡੀਆ ਮੰਡੀਆਂ ਵਿਚੋਂ ਇਕ ਹੈ ਲੇਕਿਨ ਮੀਡੀਆ ਦੀ ਮਾਲਕੀ ਦਾ ਕੇਂਦਰਤ ਹੋਣਾ ਦਿਖਾਉਂਦਾ ਹੈ ਕਿ ਮੁੱਠੀ ਭਰ ਲੋਕ ਹੀ ਭਾਰਤੀ ਮੀਡੀਆ ਦੇ ਮਾਲਕ ਹਨ ਜੋ ਇਸ ਨੂੰ ਕੰਟਰੋਲ ਕਰਦੇ ਹਨ।

"ਸਾਡੀ ਖੋਜ, ਮਾਲਕੀ ਦੀ ਬਣਤਰ ਦੀ ਤਸਵੀਰ ਪੇਸ਼ ਕਰਦੀ ਹੈ ਅਤੇ ਮੀਡੀਆ ਦੇ ਬਹੁਲਤਾਵਾਦ ਉਪਰ ਆਪਣੇ ਵਿਚਾਰ ਦਿੰਦੀ ਹੈ। ਇਹ ਮੀਡੀਆ ਮਾਲਕੀ ਦੀ ਪਾਰਦਰਸ਼ਤਾ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਮਹੱਤਵਪੂਰਨ ਪਹਿਲਕਦਮੀ ਹੈ ਜਿਸ ਦਾ ਮੀਡੀਆ ਦੀ ਭਰੋਸੇਯੋਗਤਾ ਅਤੇ ਦਰਸ਼ਕਾਂ ਨਾਲ ਇਸ ਦੇ ਰਿਸ਼ਤੇ ਲਈ ਬੁਨਿਆਦੀ ਮਹੱਤਵ ਹੈ।" ਉਹ ਤਾਂ ਇਹ ਵੀ ਕਹਿੰਦੇ ਹਨ ਕਿ ਇਹ ਪ੍ਰੋਜੈਕਟ, ਮੁਲਕ ਅੰਦਰ ਮੀਡੀਆ ਉਪਰ ਕਿਸੇ ਭਵਿਖੀ ਖੋਜ ਲਈ ਲਾਹੇਵੰਦ ਡੇਟਾ ਅਤੇ ਆਧਾਰ ਵਸੀਲੇ ਦਾ ਕੰਮ ਕਰੇਗਾ।

ਆਪਣੇ ਸੰਬੋਧਨ ਵਿਚ ਆਰ.ਐਸ.ਐਫ. ਇੰਟਰਨੈਸ਼ਨਲ ਦੇ ਪ੍ਰਧਾਨ ਮਿਸ਼ੇਲ ਰੇਦਿਸਕੇ ਨੇ ਇਹ ਕਹਿੰਦੇ ਹੋਏ ਇਸ ਅਧਿਐਨ ਦੀ ਵਿਸ਼ੇਸ਼ਤਾ ਉਪਰ ਜ਼ੋਰ ਦਿੱਤਾ ਕਿ ਹੁਣ ਆਮ ਆਦਮੀ ਵੀ ਸੌਖਿਆਂ ਹੀ ਸਮਝ ਸਕਦਾ ਹੈ ਕਿ ਭਾਰਤ ਵਿਚ ਮੀਡੀਆ ਦਾ ਮਾਲਕ ਕੌਣ ਹੈ ਅਤੇ ਅੰਤ ਵਿਚ ਇਸ ਉਪਰ ਕਿਸ ਦਾ ਕੰਟਰੋਲ ਹੈ।

ਰਿਪੋਰਟ ਵਿਚ ਇਹ ਵੀ ਕਿਹਾ ਗਿਆ ਕਿ ਭਾਰਤ ਦੀ ਮੀਡੀਆ ਮੰਡੀ ਬਹੁਤ ਵੱਡੀ ਹੈ ਪਰ ਬਦਕਿਸਮਤੀ ਨਾਲ ਇਸ ਉਪਰ ਮੁੱਠੀ ਭਰ ਲੋਕਾਂ ਦਾ ਕੰਟਰੋਲ ਹੈ। ਮੀਡੀਆ ਆਨਰਸ਼ਿਪ ਮਾਨੀਅਰ ਫਾਰ ਇੰਡੀਆ, ਜਿਸ ਨੇ 58 ਮੋਹਰੀ ਮੀਡੀਆ ਸੰਸਥਾਵਾਂ ਦਾ ਵਿਸ਼ਲੇਸ਼ਣ ਕੀਤਾ ਜਿਨ੍ਹਾਂ ਦਾ ਪਾਠਕਾਂ/ਦਰਸ਼ਕਾਂ ਦਾ ਹਿੱਸਾ ਸਭ ਤੋਂ ਵਧੇਰੇ ਹੈ, ਨੇ ਖੁਲਾਸਾ ਕੀਤਾ ਕਿ ਮੁਲਕ ਦੀ ਪ੍ਰਿੰਟ ਮੀਡੀਆ ਮੰਡੀ ਬਹੁਤ ਜ਼ਿਆਦਾ ਕੇਂਦਰਤ ਹੈ। ਹਿੰਦੀ ਭਾਸ਼ਾਈ ਕੌਮੀ ਮੰਡੀ ਅੰਦਰ ਚਾਰ ਵਿਚੋਂ ਤਿੰਨ ਪਾਠਕ (76.45 ਫੀਸਦੀ ਪਾਠਕ) ਚਾਰ ਸਮੂਹਾਂ - ਦੈਨਿਕ ਜਾਗਰਣ, ਹਿੰਦੁਸਤਾਨ, ਅਮਰ ਉਜਾਲਾ ਅਤੇ ਦੈਨਿਕ ਭਾਸਕਰ - ਦੇ ਕਬਜ਼ੇ ਵਿਚ ਹਨ।

ਛੇ ਮਹੀਨਿਆਂ ਤੋਂ ਵਧੇਰੇ ਸਮੇਂ ਵਿਚ ਕੀਤੀ ਗਈ ਖੋਜ ਦੇ ਅਹਿਮ ਨਤੀਜੇ ਇਉਂ ਹਨ:

"ਭਾਰਤ ਦਾ ਆਕਾਰ ਇਸ ਦੇ ਮੀਡੀਆ ਭੂ-ਦ੍ਰਿਸ਼ ਨਾਲ ਵੀ ਸੰਬੰਧ ਰੱਖਦਾ ਹੈ। 31 ਮਾਰਚ 2018 ਤਕ ਦੇ ਤਾਜ਼ਾ ਡੇਟਾ ਅਨੁਸਾਰ, ਰਜਿਸਟਰਾਰ ਆਫ ਨਿਊਜ਼ਪੇਪਰਜ਼ ਕੋਲ 1,18,239 ਪ੍ਰਕਾਸ਼ਨਾਵਾਂ ਰਜਿਸਟਰਡ ਹਨ, ਜਿਨ੍ਹਾਂ ਵਿਚ ਇਕੱਲੇ ਹਫਤਾਵਾਰ ਰਸਾਲਿਆਂ ਦੀ ਗਿਣਤੀ 36000 ਤੋਂ ਉਪਰ ਹੈ। ਮੁਲਕ ਵਿਚ 550 ਐਫ.ਐਮ. ਰੇਡੀਓ ਸਟੇਸ਼ਨ ਹਨ ਅਤੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਅਨੁਸਾਰ 880 ਸੈਟੇਲਾਈਟ ਟੀ.ਵੀ. ਚੈਨਲ ਹਨ। ਇਨ੍ਹਾਂ ਵਿਚ 380 ਤੋਂ ਉਪਰ ਚੈਨਲਾਂ ਦਾ ਦਾਅਵਾ ਹੈ ਕਿ ਉਹ 'ਨਿਊਜ਼ ਐਂਡ ਕਰੰਟ ਅਫੇਰਜ਼' ਦਾ ਪ੍ਰਸਾਰਨ ਕਰਦੇ ਹਨ। ਭਾਰਤ ਵਿਚ ਕੰਮ ਕਰ ਰਹੀਆਂ ਨਿਊਜ਼ ਵੈਬਸਾਈਟਾਂ ਦੀ ਤਾਦਾਦ ਪੂਰੀ ਤਰ੍ਹਾਂ ਪਕੜ ਤੋਂ ਬਾਹਰ ਹੈ।"

ਸਚਾਈ ਇਹ ਹੈ ਕਿ ਮੀਡੀਆ ਸੰਸਥਾਵਾਂ ਦੀ ਇਹ ਵਿਸ਼ਾਲ ਗਿਣਤੀ ਅਤੇ ਮੁਲਕ ਦੀ ਸੰਸਕ੍ਰਿਤਕ ਅਤੇ ਨਸਲੀ-ਸਭਿਆਚਰਕ ਅਮੀਰੀ ਆਪਣੇ ਆਪ ਹੀ ਸਮੱਗਰੀ ਦੀ ਵੰਨ-ਸੁਵੰਨਤਾ ਵਿਚ ਨਹੀਂ ਬਦਲ ਰਹੀ। ਮੀਡੀਆ ਆਨਰਸ਼ਿਪ ਮਾਨੀਟਰ ਦਾ ਅਧਿਐਨ ਤਾਂ ਸਗੋਂ ਇਸ ਤੋਂ ਉਲਟ ਸੰਕੇਤ ਦਿੰਦਾ ਹੈ - ਕੇਂਦਰਨ ਦੀ ਦਿਸ਼ਾ ਵਿਚ ਅਤੇ ਆਖਿਰਕਾਰ ਸਮੱਗਰੀ ਤੇ ਲੋਕ ਰਾਇ ਨੂੰ ਕੰਟਰੋਲ ਕੀਤੇ ਜਾਣ ਦਾ ਮਹੱਤਵਪੂਰਨ ਰੁਝਾਨ।

ਇਸੇ ਤਰ੍ਹਾਂ ਖੇਤਰੀ ਭਾਸ਼ਾਈ ਮੰਡੀਆਂ ਵੀ ਬਹੁਤ ਜ਼ਿਆਦਾ ਕੇਂਦਰਤ ਹਨ। ਸਾਡੀ ਖੋਜ ਦੱਸਦੀ ਹੈ ਕਿ ਉਨ੍ਹਾਂ ਮੰਡੀਆਂ ਦੇ ਹਰ ਹਿੱਸੇ ਵਿਚ ਚੋਟੀ ਦੇ ਦੋ ਮੁੱਖ ਅਖਬਾਰਾਂ ਕੋਲ ਪਾਠਕਾਂ ਦਾ ਅੱਧੇ ਤੋਂ ਵਧੇਰੇ ਹਿੱਸਾ ਹੈ। ਮਿਸਾਲ ਵਜੋਂ, ਪੰਜ ਤਾਮਿਲ ਅਖਬਾਰਾਂ ਵਿਚੋਂ ਚੋਟੀ ਦੇ ਦੋ ਅਖਬਾਰਾਂ ਦੇ ਪਾਠਕ ਕੁਲ ਪਾਠਕਾਂ ਦਾ ਦੋ-ਤਿਹਾਈ ਬਣਦੇ ਹਨ। ਇਸੇ ਤਰ੍ਹਾਂ, ਈਨਾਇਡੂ ਤੇ ਸਾਕਸ਼ੀ ਅਖਬਾਰ ਦੀ ਪਹੁੰਚ ਤੇਲਗੂ ਭਾਸ਼ਾਈ ਮੰਡੀ ਦੇ 71.13% ਸਰੋਤਿਆਂ ਤਕ ਹੈ। ਇਹੀ ਰੁਝਾਨ ਬੰਗਾਲੀ, ਉੜੀਆ, ਪੰਜਾਬੀ, ਕੱਨੜ, ਗੁਜਰਾਤੀ, ਉਰਦੂ, ਮਰਾਠੀ ਅਤੇ ਅਸਾਮੀ ਸਮੇਤ ਤਮਾਮ ਖੇਤਰੀ ਮੰਡੀਆਂ ਵਿਚ ਦੇਖਿਆ ਗਿਆ।

ਜ਼ਿਆਦਾਤਰ ਮੋਹਰੀ ਮੀਡੀਆ ਕੰਪਨੀਆਂ ਦੇ ਮਾਲਕ ਵੱਡੇ ਸਮੂਹ ਹਨ ਜਿਨ੍ਹਾਂ ਨੂੰ ਅਜੇ ਵੀ ਬਾਨੀ ਘਰਾਣੇ ਹੀ ਕੰਟਰੋਲ ਕਰ ਰਹੇ ਹਨ ਅਤੇ ਜੋ ਮੀਡੀਆ ਤੋਂ ਇਲਾਵਾ ਬਹੁਤ ਤਰ੍ਹਾਂ ਦੀਆਂ ਸਨਅਤਾਂ ਵਿਚ ਪੂੰਜੀਨਿਵੇਸ਼ ਕਰਦੇ ਹਨ।

ਰੇਡੀਓ ਖੇਤਰ ਅੰਦਰ ਭਾਰਤ ਦੇ ਰਾਜਕੀ ਕੰਟਰੋਲ ਵਾਲੀ ਪ੍ਰਸਾਰਨ ਸੰਸਥਾ ਆਲ ਇੰਡੀਆ ਰੇਡੀਓ ਦੀ ਰੇਡੀਓ ਖਬਰਾਂ ਉਪਰ ਕੌਮੀ ਅਜਾਰੇਦਾਰੀ ਹੈ। ਏ.ਆਈ.ਆਰ. ਦੁਨੀਆ ਦਾ ਸਭ ਤੋਂ ਵੱਡਾ ਰੇਡੀਓ ਨੈੱਟਵਰਕ ਹੈ ਜੋ ਭਾਸ਼ਾਵਾਂ ਅਤੇ ਸਮਾਜੀ-ਆਰਥਿਕ ਸਮੂਹਾਂ ਦੇ ਵਿਆਪਕ ਸਿਲਸਿਲੇ ਨੂੰ ਕਵਰ ਕਰਦਾ ਹੈ। ਭਾਰਤ ਵਿਚ ਜੋ ਪ੍ਰਾਈਵੇਟ ਪ੍ਰਸਾਰਨ ਕਰਤਾ ਐਫ.ਐਮ. ਰੇਡੀਓ ਸਟੇਸ਼ਨ ਚਲਾਉਂਦੇ ਹਨ, ਉਨ੍ਹਾਂ ਕੋਲ ਗੀਤ-ਸੰਗੀਤ ਅਤੇ ਮਨ-ਪਰਚਾਵਾ ਸਮੱਗਰੀ ਦਾ ਲਾਇਸੈਂਸ ਹੈ, ਇਨ੍ਹਾਂ ਦੇ ਖਬਰਾਂ ਦੇਣ ਉਪਰ ਰੋਕ ਹੈ।

ਭਾਰਤ ਦੀ ਟੈਲੀਵਿਜ਼ਨ ਮੰਡੀ ਦੇ ਦਰਸ਼ਕਾਂ ਦੇ ਅੰਕੜੇ ਨਹੀਂ ਮਿਲਦੇ, ਕਿਉਂਕਿ ਇਸ ਨੂੰ ਜਨਤਕ ਵਸੀਲੇ ਦੀ ਬਜਾਏ ਕਾਰਪੋਰੇਟ ਜਾਂ ਕਾਰੋਬਾਰੀ ਭੇਤ ਮੰਨਿਆ ਜਾਂਦਾ ਹੈ। ਸਬੰਧਤ ਸੰਸਥਾ - ਬਾਰਸ (ਬਰਾਡਕਾਸਟ ਔਡੀਐਂਸ ਰਿਸਰਚ ਕੌਂਸਲ) ਨੇ ਵਾਰ-ਵਾਰ ਪਹੁੰਚ ਕਰਨ ਦੇ ਬਾਵਜੂਦ ਅੰਕੜੇ ਅਤੇ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ। ਬਾਰਸ 10 ਭਾਸ਼ਾਈ ਮੰਡੀਆਂ (ਹਿੰਦੀ, ਅੰਗਰੇਜ਼ੀ, ਮਰਾਠੀ, ਤੇਲਗੂ, ਬੰਗਾਲੀ, ਕੱਨੜ, ਉੜੀਆ, ਅਸਾਮੀ, ਮਲਿਆਲਮ, ਤਾਮਿਲ) ਅੰਦਰਲੇ ਨਿਊਜ਼ ਵਿਧਾ ਵਾਲੇ 5 ਮੋਹਰੀ ਟੈਲੀਵਿਜ਼ਨ ਪ੍ਰਸਾਰਨ ਕਰਤਾਵਾਂ ਦੇ ਹਫਤਾਵਾਰ ਪ੍ਰਭਾਵ ਆਪਣੀ ਵੈਬਸਾਈਟ ਉਪਰ ਛਾਪਦੀ ਹੈ। ਜਦਕਿ ਉਨ੍ਹਾਂ ਨੇ ਅੰਕੜਿਆਂ ਅਤੇ ਜਾਣਕਾਰੀ ਦੇ ਸਾਰੇ ਹੱਕ ਰਾਖਵੇਂ ਰੱਖੇ ਹੋਏ ਹਨ ਅਤੇ ਉਨ੍ਹਾਂ ਨੇ ਐਮ.ਓ.ਐਮ. ਦੀ ਟੀਮ ਨੂੰ ਸਾਫ ਕਿਹਾ ਕਿ ਉਨ੍ਹਾਂ ਤੋਂ ਅਗਾਊਂ ਮਨਜ਼ੂਰੀ ਲਏ ਤੋਂ ਬਗ਼ੈਰ ਕਿਸੇ ਵੀ ਰੂਪ ਵਿਚ ਉਨ੍ਹਾਂ ਦੇ ਅੰਕੜੇ ਅਤੇ ਜਾਣਕਾਰੀ ਇਸਤੇਮਾਲ ਨਹੀਂ ਕੀਤੀ ਜਾ ਸਕਦੀ।

ਅਧਿਐਨ ਵਿਚ ਮੀਡੀਆ, ਖਾਸ ਕਰਕੇ ਇਲੈਕਟ੍ਰਾਨਿਕ ਮੀਡੀਆ ਨੂੰ ਕੰਟਰੋਲ ਕਰਨ ਦੇ ਪੱਖ ਤੋਂ ਰੈਗੂਲੇਟਰੀ ਤਰੁੱਟੀਆਂ ਸਾਹਮਣੇ ਆਈਆਂ।

"ਇਹ ਬਹੁਤ ਜ਼ਿਆਦਾ ਕੇਂਦਰਨ, ਰੈਗੂਲੇਟਰੀ ਚੌਖਟੇ ਵਿਚਲੇ ਵੱਡੇ ਖੱਪਿਆਂ ਦਾ




ਨਤੀਜਾ ਹੈ ਜੋ ਮੀਡੀਆ ਅੰਦਰ ਬਹੁਲਤਾਵਾਦ ਦੀ ਰਾਖੀ ਕਰਨ ਅਤੇ ਮੀਡੀਆ ਦੇ ਥੋੜ੍ਹੇ ਹੱਥਾਂ ਵਿਚ ਜਾਣ ਨੂੰ ਰੋਕਣ ਲਈ ਬਣਾਏ ਗਏ ਹਨ। ਨਾ ਤਾਂ ਪ੍ਰਿੰਟ, ਟੈਲੀਵਿਜ਼ਨ ਅਤੇ ਆਨਲਾਈਨ ਖੇਤਰ ਅੰਦਰ ਮਾਲਕੀ ਦੇ ਕੇਂਦਰਨ ਨੂੰ ਮਾਪਣ ਦੇ ਉਚੇਚੇ ਸਾਧਨ ਹਨ ਅਤੇ ਨਾ ਮਾਲਕੀ ਨੂੰ ਸੀਮਤ ਕਰਨ ਦੀਆਂ ਹੱਦਾਂ ਨਿਸ਼ਚਿਤ ਕੀਤੀਆਂ ਗਈਆਂ ਹਨ। ਟੁਕੜਿਆਂ ਵਿਚ ਜੋ ਰੈਗੂਲੇਸ਼ਨ ਕਾਨੂੰਨ ਮੌਜੂਦ ਹਨ, ਉਹ ਵੀ ਰੇਡੀਓ ਖੇਤਰ ਨੂੰ ਛੱਡ ਕੇ ਕਿਤੇ ਸਹੀ ਤਰੀਕੇ ਨਾਲ ਲਾਗੂ ਨਹੀਂ ਕੀਤੇ ਜਾ ਰਹੇ। ਇਥੇ ਵੀ ਭਾਰਤ ਦੇ ਰਾਜਕੀ ਕੰਟਰੋਲ ਵਾਲੀ ਪ੍ਰਸਾਰਨ ਕਰਤਾ ਸੰਸਥਾ ਦੀ ਰੇਡੀਓ ਨਿਊਜ਼ ਉਪਰ ਦੇਸ਼ ਪੱਧਰ ਦੀ ਮਾਲਕੀ ਹੈ। ਭਾਰਤ ਵਿਚ ਕਾਨੂੰਨ ਕਿਸੇ ਵੀ ਤਰ੍ਹਾਂ ਇਕ ਤੋਂ ਵਧੇਰੇ ਤਰ੍ਹਾਂ ਦੇ ਮੀਡੀਆ ਵਿਚ ਕੇਂਦਰਨ ਨੂੰ ਨਿਯਮਤ ਨਹੀਂ ਕਰਦਾ।"

ਅਧਿਐਨ ਨੇ ਇਹ ਵੀ ਦਰਸਾਇਆ ਕਿ ਅੱਜ ਵੀ ਲਾਗੂ ਕੁਝ ਕਾਨੂੰਨ ਤਾਂ ਇਕ ਸਦੀ ਤੋਂ ਵੀ ਪਹਿਲਾਂ ਬਣਾਏ ਗਏ ਸਨ; ਜਿਵੇਂ ਇੰਡੀਅਨ ਟੈਲੀਗ੍ਰਾਫ ਐਕਟ-1885 ਜਿਸ ਨੇ ਜਾਣਕਾਰੀ ਦੇ ਪ੍ਰਸਾਰਨ ਦੇ ਖੇਤਰ ਉਪਰ ਸਰਕਾਰ ਦੀ ਅਜਾਰੇਦਾਰੀ ਦੀ ਨੀਂਹ ਰੱਖੀ। ਇਸ ਦੇ ਨਤੀਜੇ ਵਜੋਂ ਅਤੇ ਸਮੱਗਰੀ ਦੀ ਸਪਲਾਈ ਦੀ ਵੰਨ-ਸੁਵੰਨਤਾ ਅਤੇ ਬਹੁਲਤਾ ਤੋਂ ਬੇਪ੍ਰਵਾਹ ਭਾਰਤੀ ਮੀਡੀਆ ਦ੍ਰਿਸ਼ ਬਹੁਤ ਜ਼ਿਆਦਾ ਕੇਂਦਰਤ ਮੰਡੀਆਂ ਦਾ ਬਣਿਆ ਹੋਇਆ ਹੈ।

ਮੀਡੀਆ ਉਪਰ ਵਿਆਪਕ ਰੈਗੂਲੇਸ਼ਨ ਦੀ ਅਣਹੋਂਦ ਵਿਚ, ਉਹ ਸਵੈ-ਨਿਯਮਤ ਸੰਸਥਾਵਾਂ - ਜਿਵੇਂ ਬਾਰਸ, ਨਿਊਜ਼ ਬਰਾਡਕਾਸਟਰਜ਼ ਐਸੋਸੀਏਸ਼ਨ (ਐਨ.ਬੀ.ਏ.) ਅਤੇ ਨਿਊਜ਼ ਬਰਾਡਕਾਸਟਿੰਗ ਸਟੈਂਡਰਡਜ਼ ਅਥਾਰਟੀ (ਐਨ.ਬੀ.ਐਸ.ਏ.) - ਟੈਲੀਵਿਜ਼ਨ ਮੰਡੀ ਲਈ ਐਸੇ ਨਿਯਮ ਤੈਅ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਅਸਰਦਾਰ ਤਰੀਕੇ ਨਾਲ ਅਮਲ ਵਿਚ ਲਿਆਉਂਦੀਆਂ ਹਨ ਜੋ ਉਸ ਸਨਅਤ ਦੇ ਹਿਤਾਂ ਦੀ ਵਿਸ਼ੇਸ਼ ਸੇਵਾ ਕਰਨ ਜਿਸ ਸਨਅਤ ਦੀ ਉਹ ਆਪ ਨੁਮਾਇੰਦਗੀ ਕਰਦੀਆਂ ਹਨ।

ਐਮ.ਓ.ਐਮ. ਟੀਮ ਨੇ ਆਪਣੀ ਖੋਜ ਲਈ ਡੇਟਾ ਜਨਤਕ ਤੌਰ 'ਤੇ ਹਾਸਲ ਵਸੀਲਿਆਂ ਤੋਂ ਜੁਟਾਇਆ, ਜਿਵੇਂ ਆਈ.ਆਰ.ਐਸ. (ਇੰਡੀਅਨ ਰੀਡਰਸ਼ਿਪ ਸਰਵੇ, 2017)। ਮਾਲਕੀ ਦੀ ਬਣਤਰ ਅਤੇ ਮੀਡੀਆ ਕੰਪਨੀਆਂ ਦੇ ਹਿੱਸੇਦਾਰਾਂ ਅਤੇ ਸਬੰਧਤ ਵਿਅਕਤੀਗਤ ਮਾਲਕਾਂ ਬਾਰੇ ਅੰਕੜੇ ਅਤੇ ਜਾਣਕਾਰੀ ਕਾਰਪੋਰੇਟ ਮਾਮਲੇ ਮੰਤਰਾਲਾ (ਐਮ.ਸੀ.ਏ.) ਦੀ ਵੈਬਸਾਈਟ ਤੋਂ ਲਈ ਗਈ ਸੀ।

ਇਸ ਤੋਂ ਇਲਾਵਾ, ਖੋਜ ਟੀਮ ਨੇ ਸਾਰੀਆਂ ਹੀ ਮੀਡੀਆ ਕੰਪਨੀਆਂ, ਜਿਨ੍ਹਾਂ ਦੀ ਜਾਂਚ ਕੀਤੀ ਗਈ, ਨੂੰ ਰਜਿਸਟਰਡ ਚਿੱਠੀਆਂ ਅਤੇ ਈਮੇਲ ਭੇਜ ਕੇ ਜਾਣਕਾਰੀ ਮੰਗੀ ਸੀ, ਲੇਕਿਨ 'ਦਿ ਪ੍ਰਿੰਟ' ਨੂੰ ਛੱਡ ਕੇ ਹੁਣ ਤਕ ਕਿਸੇ ਨੇ ਵੀ ਹੁੰਗਾਰਾ ਨਹੀਂ ਦਿੱਤਾ। ਇਹ ਖੋਜ ਮੀਡੀਆ ਨੂੰ ਦਿੱਤੇ ਜਾਂਦੇ ਸਰਕਾਰੀ ਫੰਡਾਂ ਅਤੇ ਮਨਜ਼ੂਰ ਕੀਤੇ ਇਸ਼ਤਿਹਾਰਾਂ ਦੀ ਜਾਣਕਾਰੀ ਹਾਸਲ ਕਰਨ ਲਈ ਵਖ-ਵਖ ਰਾਜ ਸਰਕਾਰਾਂ ਨੂੰ ਸੂਚਨਾ ਅਧਿਕਾਰ ਕਾਨੂੰਨ ਤਹਿਤ ਦਿੱਤੀਆਂ ਬਹੁਤ ਸਾਰੀਆਂ ਅਰਜ਼ੀਆਂ ਨਾਲ ਹਾਸਲ ਹੋਈ ਜਾਣਕਾਰੀ 'ਤੇ ਵੀ ਆਧਾਰਤ ਹੈ।

ਐਮ.ਓ.ਐਮ. ਤਕਰੀਬਨ ਸਾਰੀਆਂ ਹੀ ਮੀਡੀਆ ਕੰਪਨੀਆਂ ਦੇ ਮਾਲਕਾਂ ਦਾ ਉਸ ਡੇਟਾਬੇਸ ਰਾਹੀਂ ਪਤਾ ਲਾਉਣ ਵਿਚ ਸਫਲ ਹੋਇਆ ਜੋ ਕਾਰਪੋਰੇਟ ਮਾਮਲੇ ਮੰਤਰਾਲਾ ਵਲੋਂ ਜਨਤਕ ਤੌਰ 'ਤੇ ਮੁਹੱਈਆ ਕਰਵਾਇਆ ਹੋਇਆ ਹੈ। ਇਕੋ ਇਕ ਕੰਪਨੀ ਜਿਸ ਦੀ ਮਾਲਕੀ ਅਤੇ ਹਿੱਸੇਦਾਰਾਂ ਦੀ ਜਾਣਕਾਰੀ ਪਤਾ ਨਹੀਂ ਲਗਾਈ ਜਾ ਸਕੀ, ਉਹ ਹੈ ਸਕਰੌਲ ਮੀਡੀਆ ਇਨਕਾਰਪੋਰੇਸ਼ਨ ਜੋ ਅਮਰੀਕਾ ਦੇ ਡੈਲਾਵੇਅਰ ਰਾਜ ਵਿਚ ਰਜਿਸਟਰਡ ਹੈ। ਇਸ ਕਰਕੇ, ਇਸ ਕੰਪਨੀ ਦੇ ਹਿੱਸੇਦਾਰਾਂ ਦੀ ਬਣਤਰ ਦੀ ਜਾਣਕਾਰੀ ਹਾਸਲ ਨਹੀਂ ਹੈ।

ਭਾਵੇਂ ਇਹ ਪ੍ਰਤੀਤ ਹੁੰਦਾ ਹੈ ਕਿ ਥੋੜ੍ਹੇ ਯਤਨਾਂ ਨਾਲ ਪਾਰਦਰਸ਼ਤਾ ਹਾਸਲ ਹੋ ਸਕਦੀ ਹੈ, ਅਜੇ ਵੀ ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਤਕਰੀਬਨ ਸਾਰੇ ਹੀ ਵੱਡੇ ਮੀਡੀਆ ਘਰਾਣਿਆਂ ਦੇ ਮਾਲਕੀ ਢਾਂਚਿਆਂ ਦੀ ਖਾਸੀਅਤ ਇਨ੍ਹਾਂ ਦਾ ਬਹੁਤ ਜ਼ਿਆਦਾ ਗੁੰਝਲਦਾਰ ਹਿੱਸੇਦਾਰੀ ਵਾਲੇ ਹੋਣਾ ਹੈ ਜੋ ਜਾਂ ਤਾਂ ਲਾਭਪਾਤਰ ਮਾਲਕਾਂ ਦੀ ਜਾਣਕਾਰੀ ਨੂੰ ਲੁਕੋਣ ਜਾਂ ਖਾਸ ਕਾਨੂੰਨਾਂ ਤੋਂ ਬਚਣ ਜਾਂ ਦੋਵਾਂ ਮਨੋਰਥਾਂ ਨਾਲ ਬਣਾਏ ਗਏ ਹਨ।

ਇਸ ਦੀ ਮਿਸਾਲ ਹੈ, ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਵਲੋਂ ਡਿਸਟਰੀਬਿਊਸ਼ਨ ਨੈੱਟਵਰਕ ਦੇ ਲਾਇਸੈਂਸਾਂ ਉਪਰ ਲਗਾਈਆਂ ਰੋਕਾਂ ਜਿਥੇ ਪ੍ਰਸਾਰਨ ਕਰਤਾ ਜਾਂ ਡੀ.ਟੀ.ਐਚ. (ਡਾਇਰੈਕਟ ਟੂ ਹੋਮ) ਕਾਰੋਬਾਰ ਵਿਚ ਕੇਬਲ ਨੈਟਵਰਕ ਕੰਪਨੀ ਦੇ ਸ਼ੇਅਰਾਂ ਉਪਰ 20 ਫੀਸਦੀ ਦੀ ਹੱਦ ਮਿਥੀ ਗਈ ਹੈ। ਇਨ੍ਹਾਂ ਨਿਯਮਾਂ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਹੀ ਨਹੀਂ ਕੀਤਾ ਜਾਂਦਾ, ਜਿਵੇਂ ਐਸਲ ਗਰੁੱਪ ਦੀ ਮਿਸਾਲ ਦੱਸਦੀ ਹੈ। ਜ਼ੀ ਮੀਡੀਆ ਦੇ ਮਾਲਕ ਦੇ ਤੌਰ 'ਤੇ ਇਹ ਬਰਾਡਕਾਸਟ ਮੀਡੀਆ ਅਤੇ ਡਿਸਟ੍ਰੀਬਿਊਸ਼ਨ ਦੋਵਾਂ ਨੈਟਵਰਕ ਜਿਵੇਂ ਡਿਸ਼ ਟੀਵੀ ਅਤੇ ਸੀ.ਆਈ.ਟੀ.ਆਈ. ਨੂੰ ਕੰਪਨੀਆਂ ਦੇ ਇਕ ਜਾਲ ਰਾਹੀਂ ਕੰਟਰੋਲ ਕਰਦਾ ਹੈ। ਡਿਸ਼ ਟੀ.ਵੀ. ਦਾ ਇਕ ਹੋਰ ਡਿਸਟਰੀਬਿਊਸ਼ਨ ਨੈੱਟਵਰਕ ਵੀਡੀਓਕਾਨ ਡੀਟੂਐਚ ਨਾਲ ਵੀ ਰਲੇਵਾਂ ਹੋ ਰਿਹਾ ਹੈ ਅਤੇ ਮਾਮਲਾ ਅਜੇ ਦਿੱਲੀ ਹਾਈ ਕੋਰਟ ਵਿਚ ਸੁਣਵਾਈ ਅਧੀਨ ਹੈ।

ਮਾਲਕੀ ਨੂੰ ਛੱਡ ਕੇ, ਟੈਲੀਵਿਜ਼ਨ ਖੇਤਰ ਵਿਚ ਮੰਡੀ ਅਤੇ ਦਰਸ਼ਕਾਂ ਦੀ ਜਾਣਕਾਰੀ ਸਖਤੀ ਨਾਲ ਗੁਪਤ ਰੱਖੀ ਜਾ ਰਹੀ ਹੈ, ਇੰਡਸਟਰੀ ਐਸੋਸੀਏਸ਼ਨ ਬਾਰਸ ਇਸ ਨੂੰ ਜਨਤਕ ਤੌਰ 'ਤੇ ਨਸ਼ਰ ਕਰਨ ਦੀ ਸਾਫ ਮਨਾਹੀ ਕਰਦੀ ਹੈ। ਇਹ ਨਾ ਸਿਰਫ ਕੌਮਾਂਤਰੀ ਤੌਰ 'ਤੇ ਪ੍ਰਚਲਤ ਬਿਹਤਰੀਨ ਰੁਝਾਨ ਦੀ ਉਲੰਘਣਾ ਹੈ ਸਗੋਂ ਇਹ ਜਨਤਕ ਜਵਾਬਦੇਹੀ, ਖੋਜ ਅਤੇ ਸਾਰਥਕ ਰੈਗੂਲੇਸ਼ਨ, ਖਾਸ ਕਰਕੇ ਮਾਲਕੀ ਕੇਂਦਰਨ ਨੂੰ ਕੰਟਰੋਲ ਕੀਤੇ ਜਾਣ ਨੂੰ ਵੀ ਰੋਕਦੀ ਹੈ।

ਖੋਜ ਵਿਚ ਮੀਡੀਆ ਸਥਾਪਤੀ ਦੇ ਰਾਜਨੀਤਕ ਸਬੰਧ ਜਾਂ ਮਾਲਕੀ ਵੀ ਸਾਹਮਣੇ ਆਈ। ਇਸ ਮੁਤਾਬਿਕ, ਭਾਰਤੀ ਮੀਡੀਆ ਮੰਡੀ ਸਿਰਫ ਬਹੁਤ ਜ਼ਿਆਦਾ ਕੇਂਦਰਤ ਮੀਡੀਆ ਮੰਡੀਆਂ ਦੀ ਹੀ ਬਣੀ ਹੋਈ ਨਹੀਂ। ਇਹ ਵੀ ਗੌਰਤਲਬ ਹੈ ਕਿ ਕੁਝ ਮੋਹਰੀ ਮੀਡੀਆ ਕਾਰੋਬਾਰਾਂ ਨੂੰ ਰਾਜਨੀਤਕ ਸਬੰਧਾਂ ਵਾਲੇ ਵਿਅਕਤੀ ਕੰਟਰੋਲ ਕਰ ਰਹੇ ਹਨ। ਐਮ.ਓ.ਐਮ. ਦਾ ਅਧਿਐਨ ਦਿਖਾਉਂਦਾ ਹੈ, ਬਹੁਗਿਣਤੀ ਮੀਡੀਆ ਕੰਪਨੀਆਂ ਦੇ ਕਾਰੋਬਾਰੀਆਂ ਅਤੇ ਰਾਜਨੀਤਕ ਲੋਕਾਂ ਨਾਲ ਸਬੰਧ ਹਨ। ਖੇਤਰੀ ਪੱਧਰ 'ਤੇ ਤੁਸੀਂ ਜਿੰਨਾ ਜ਼ਿਆਦਾ ਗਹਿਰਾਈ ਵਿਚ ਜਾਂਦੇ ਹੋ, ਓਨਾ ਜ਼ਿਆਦਾ ਹੀ ਇਹ ਸਬੰਧ ਸਿੱਧੇ-ਸਪਾਟ ਅਤੇ ਉਜਾਗਰ ਹੁੰਦੇ ਜਾਂਦੇ ਹਨ।

ਮਿਸਾਲ ਵਜੋਂ, ਉੜੀਸਾ ਵਿਚ ਉੜੀਸਾ ਟੀ.ਵੀ. ਦਾ ਮਾਲਕ ਪਾਂਡਾ ਪਰਿਵਾਰ ਹੈ। ਭਾਈ ਜੈਯੰਤ ਜੈ ਪਾਂਡਾ ਭਾਜਪਾ ਦਾ ਕੌਮੀ ਮੀਤ ਪ੍ਰਧਾਨ ਅਤੇ ਬੁਲਾਰਾ ਹੈ। ਉਹ ਉੜੀਸਾ ਤੋਂ ਚਾਰ ਵਾਰ ਸੰਸਦ ਮੈਂਬਰ ਰਹਿ ਚੁੱਕਾ ਹੈ, ਜਦਕਿ ਹਾਲੀਆ ਚੋਣਾਂ (2019) ਵਿਚ ਉਹ ਚੋਣ ਹਾਰ ਗਿਆ। ਅਸਾਮ ਵਿਚ ਰਿਨੀਕੀ ਭੂਈਆਂ ਸ਼ਰਮਾ ਨਿਊਜ਼ਲਾਈਵ ਟੈਲੀਵਿਜ਼ਨ ਸਟੇਸ਼ਨ ਦੀ ਮਾਲਕ ਹੈ। ਉਹ ਹੇਮੰਤ ਬਿਸਵ ਸ਼ਰਮਾ ਦੀ ਪਤਨੀ ਹੈ ਜੋ ਅਸਾਮ ਦੀ ਭਾਜਪਾ ਸਰਕਾਰ ਵਿਚ ਤਾਕਤਵਰ ਵਜ਼ੀਰ ਹੈ। ਇਹ ਤਾਂ ਰਾਜਨੀਤੀ ਅਤੇ ਮੀਡੀਆ ਦੇ ਘਿਓ-ਖਿਚੜੀ ਹੋਣ ਦੀਆਂ ਚੰਦ ਮਿਸਾਲਾਂ ਹਨ। ਨਤੀਜੇ ਵਜੋਂ ਮੀਡੀਆ, ਕਾਰੋਬਾਰ ਅਤੇ ਰਾਜਨੀਤੀ ਦੀ ਅੰਤਰ-ਨਿਰਭਰਤਾ ਭਾਰਤ ਵਿਚ ਮੀਡੀਆ ਦੀ ਆਜ਼ਾਦੀ ਅਤੇ ਬਹੁਲਤਾਵਾਦ ਲਈ ਬਹੁਤ ਵੱਡਾ ਖਤਰਾ ਪੇਸ਼ ਕਰਦੀ ਹੈ।

ਸਰਕਾਰ ਵਲੋਂ ਮੀਡੀਆ ਸੰਸਥਾਵਾਂ ਨੂੰ ਇਸ਼ਤਿਹਾਰਾਂ ਨਾਲ ਨਿਵਾਜ ਕੇ ਲਾਭ ਪਹੁੰਚਾਉਣਾ ਜਾਂ ਇਨ੍ਹਾਂ ਤੋਂ ਵਿਰਵੇ ਰੱਖ ਕੇ ਸਜ਼ਾ ਦੇਣਾ ਰਾਜਨੀਤਕ ਮੰਤਵ ਪੂਰਤੀ ਦਾ ਸਾਧਨ ਹੈ। ਇਹ ਕੌਮੀ ਪੱਧਰ ਉਪਰ ਤਾਂ ਕੰਮ ਕਰਦਾ ਹੀ ਹੈ, ਜਦਕਿ ਸੂਬਾ ਅਤੇ ਸਥਾਨਕ ਪੱਧਰ 'ਤੇ ਇਹ ਹੋਰ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ ਜਿਥੇ ਬਹੁਤ ਸਾਰੇ ਮੀਡੀਆ ਕਾਰੋਬਾਰ ਆਪਣੀ ਹੋਂਦ ਲਈ ਇਸ ਉਪਰ ਨਿਰਭਰ ਹੁੰਦੇ ਹਨ ਅਤੇ ਪਾਰਦਰਸ਼ਤਾ ਦੀ ਕੋਈ ਗਾਰੰਟੀ ਨਹੀਂ ਹੁੰਦੀ। ਟੈਲੀਵਿਜ਼ਨ ਉਪਰ ਸਰਕਾਰੀ ਇਸ਼ਤਿਹਾਰਾਂ ਦੇ ਕੋਈ ਅੰਕੜੇ ਹਾਸਲ ਨਹੀਂ ਹੋਏ ਅਤੇ ਇਸ ਬਾਰੇ ਦਿੱਤੀਆਂ ਆਰ.ਟੀ.ਆਈ ਅਰਜ਼ੀਆਂ ਦਾ ਕੋਈ ਨਤੀਜਾ ਨਹੀਂ ਨਿਕਲਿਆ। ਇਸ਼ਤਿਹਾਰਬਾਜ਼ੀ ਉਪਰ ਸਰਕਾਰੀ ਫੰਡਾਂ ਦੇ ਖਰਚ ਤੋਂ ਇਲਾਵਾ, ਰਾਜਨੀਤਕ ਪਾਰਟੀਆਂ ਵੀ ਇਸ ਖੇਤਰ ਵਿਚ ਭਾਰੀ ਪੂੰਜੀਨਿਵੇਸ਼ ਕਰਦੀਆਂ ਹਨ। ਸੱਤਾਧਾਰੀ ਭਾਜਪਾ ਨੂੰ ਜੇ ਮੁਲਕ ਦੀ ਸਭ ਤੋਂ ਵੱਡੀ ਇਸ਼ਤਿਹਾਰ ਦਾਤਾ ਨਾ ਵੀ ਕਿਹਾ ਜਾਵੇ, ਇਹ ਇਨ੍ਹਾਂ ਵਿਚੋਂ ਇਕ ਤਾਂ ਹੈ ਹੀ।

ਅਧਿਐਨ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਮਈ 2014 ਵਿਚ ਭਾਜਪਾ ਦੀ ਅਗਵਾਈ ਹੇਠ ਸਰਕਾਰ ਬਣਨ ਤੋਂ ਬਾਅਦ ਪੱਤਰਕਾਰ ਭਾਈਚਾਰੇ ਲਈ ਮਾਹੌਲ ਕਿੰਨਾ ਖੌਫਨਾਕ ਅਤੇ ਡਰਾਉਣਾ ਬਣ ਗਿਆ ਹੈ।

ਅਧਿਐਨ ਕਹਿੰਦਾ ਹੈ ਕਿ ਰਿਪੋਰਟਰਜ਼ ਵਿਦਾਊਟ ਬਾਰਡਰਜ਼ (ਆਰ.ਐਸ.ਐਫ.) ਦੇ ਆਲਮੀ ਪ੍ਰੈਸ ਦੀ ਸੁਤੰਤਰਤਾ ਸੂਚਕ-ਅੰਕ 2019 ਵਿਚ ਭਾਰਤ ਦਾ ਦਰਜਾ 180 ਮੁਲਕਾਂ ਵਿਚ 138 ਤੋਂ 140 ਹੋ ਗਿਆ ਹੈ। ਆਪਣੇ ਕੰਮ ਕਾਰਨ ਘੱਟੋ-ਘੱਟ ਛੇ ਪੱਤਰਕਾਰਾਂ ਦੇ ਮਾਰੇ ਜਾਣ ਨਾਲ 2018 ਵਿਚ ਭਾਰਤ ਪੱਤਰਕਾਰਾਂ ਲਈ ਸਭ ਤੋਂ ਘਾਤਕ ਮੁਲਕਾਂ ਵਿਚ ਸ਼ੁਮਾਰ ਸੀ। ਬਹੁਤ ਸਾਰੇ ਹੋਰ ਪੱਤਰਕਾਰ ਇਰਾਦਾ ਕਤਲ, ਜਿਸਮਾਨੀ ਹਮਲਿਆਂ ਅਤੇ ਧਮਕੀਆਂ ਦਾ ਨਿਸ਼ਾਨਾ ਬਣੇ। 2019 ਦੀ ਬਸੰਤ ਰੁੱਤੇ ਆਮ ਚੋਣਾਂ ਦੀ ਤਿਆਰੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਮਾਇਤੀਆਂ ਵਲੋਂ ਪੱਤਰਕਾਰਾਂ ਵਿਰੁਧ ਹਮਲਿਆਂ ਵਿਚ ਇਜ਼ਾਫਾ ਹੋਇਆ। ਸੋਸ਼ਲ ਨੈਟਵਰਕ ਉਪਰ ਪੱਤਰਕਾਰਾਂ ਦੇ ਕਤਲਾਂ ਲਈ ਉਕਸਾਉਣ ਸਮੇਤ ਉਨ੍ਹਾਂ ਵਿਰੁਧ ਨਫਰਤ ਭਰੀਆਂ ਮੁਹਿੰਮਾਂ ਆਮ ਗੱਲ ਹਨ ਅਤੇ ਇਨ੍ਹਾਂ ਨੂੰ ਮਸਾਲਾ ਰਾਸ਼ਟਰਵਾਦੀ ਸੱਜੇਪੱਖੀ ਧਿਰ ਦੀ ਟਰੋਲ ਆਰਮੀ ਵਲੋਂ ਮੁਹੱਈਆ ਕੀਤਾ ਜਾ ਰਿਹਾ ਹੈ।

***(ਕਾਰਵਾਂ ਡੇਲੀ ਬਲਾਗ ਤੋਂ ਧੰਨਵਾਦ ਸਹਿਤ)***

# ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘੇ ਦਾ ਕੰਮ ਮੁਕੰਮਲ ਕਰਨ ਦਾ ਦਾਅਵਾ

**ਅੰਮ੍ਰਿਤਸਰ:** ਪਾਕਿਸਤਾਨ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀ ਉਸਾਰੀ ਦੀ ਤੀਜੀ ਅਧਿਕਾਰਕ ਵੀਡਿਓ ਜਾਰੀ ਕਰਦਿਆਂ ਦਾਅਵਾ ਕੀਤਾ ਹੈ ਕਿ ਦਰਿਆ ਰਾਵੀ 'ਤੇ ਪੁਲ ਦੀ ਉਸਾਰੀ 100 ਫੀਸਦੀ ਮੁਕੰਮਲ ਕਰ ਲਈ ਗਈ ਹੈ ਅਤੇ ਉਸਾਰੀ ਦੇ ਇਲਾਵਾ ਬਾਕੀ ਰਹਿੰਦੇ ਕੰਮ ਇਸ ਈਦ ਦੀਆਂ ਛੁੱਟੀਆਂ ਤੋਂ ਬਾਅਦ ਮੁਕੰਮਲ ਕਰ ਲਏ ਜਾਣਗੇ।

ਲਾਂਘੇ ਦੀ ਉਸਾਰੀ ਕਰਵਾ ਰਹੀ ਕੰਪਨੀ ਦੇ ਸੀਨੀਅਰ ਇੰਜੀਨੀਅਰ ਖਾਸਿਫ ਅਲੀ ਨੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਚਲ ਰਹੀ ਉਸਾਰੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਡਿਵੈਲਪਮੈਂਟ ਆਫ਼ ਕਰਤਾਰਪੁਰ ਕੋਰੀਡੋਰ' ਪ੍ਰੋਜੈਕਟ ਅਧੀਨ 28 ਦਸੰਬਰ ਨੂੰ ਸ਼ੁਰੂ ਕੀਤੀ ਗਈ ਲਾਂਘੇ ਦੀ ਉਸਾਰੀ ਨਿਰਵਿਘਨ ਜਾਰੀ ਹੈ। ਉਸਾਰੀ ਦੇ ਚੱਲਦਿਆਂ ਫਾਊਂਡੇਸ਼ਨ ਦੇ ਸਾਰੇ ਕੰਮ ਲਗਭਗ 100 ਫੀਸਦੀ ਅਤੇ ਇਮਾਰਤੀ ਉਸਾਰੀ, ਬਾਰਾਂਦਰੀ, ਮੁਸਾਫ਼ਿਰਖ਼ਾਨਾ, 9868 ਸੁਕਵੇਅਰ ਫੁੱਟ 'ਚ ਸਰੋਵਰ ਆਦਿ ਦਾ ਕੰਮ 70 ਫੀਸਦੀ ਤੱਕ ਮੁਕੰਮਲ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਤੋਂ ਭਾਰਤੀ ਸਰਹੱਦ ਤੱਕ ਇਕ ਕਿਲੋਮੀਟਰ ਲੰਬੇ ਪੁਲ ਸਮੇਤ ਲਗਭਗ 4.6 ਕਿਲੋਮੀਟਰ ਲੰਬੀ ਸੜਕ ਬਣਾਉਣ ਦਾ ਕੰਮ ਵੀ 90 ਤੋਂ 95 ਫ਼ੀਸਦੀ ਤੱਕ ਮੁਕੰਮਲ ਕਰ ਲਿਆ ਹੈ। ਇਸ ਤੋਂ ਇਲਾਵਾ ਸੀਵਰੇਜ ਦਾ ਕੰਮ 60 ਫੀਸਦੀ, ਪਾਣੀ ਸਪਲਾਈ ਦਾ 55 ਫੀਸਦੀ ਅਤੇ ਪਾਣੀ ਨਿਕਾਸੀ ਦਾ ਕੰਮ 50 ਫੀਸਦੀ ਤੋਂ ਵਧੇਰੇ ਮੁਕੰਮਲ ਕਰ ਲਿਆ ਗਿਆ ਹੈ।

ਖਾਸਿਫ ਅਲੀ ਨੇ ਦੱਸਿਆ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਲਈ ਭਾਰਤ ਤੋਂ ਆਉਣ ਵਾਲੇ ਯਾਤਰੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਲਗਭਗ 20 ਕਿਲੋਮੀਟਰ ਖੇਤਰ 'ਚ ਸੁਰੱਖਿਆ ਵਾੜ (ਕੰਡੇਦਾਰ ਤਾਰ) ਲਗਾਈ ਜਾਵੇਗੀ। ਇਸ ਦੇ ਇਲਾਵਾ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਆਲੇ-ਦੁਆਲੇ ਲਗਭਗ 10 ਏਕੜ 'ਚ ਮਾਰਬਲ ਲਗਾਉਣ ਦਾ ਕੰਮ ਆਉਂਦੇ ਇਕ ਤੋਂ ਡੇਢ ਮਹੀਨੇ 'ਚ ਮੁਕੰਮਲ ਹੋਵੇਗਾ। ਉਕਤ ਇੰਜੀਨੀਅਰ ਅਨੁਸਾਰ ਦਰਿਆ ਰਾਵੀ 'ਚ ਆਉਣ ਵਾਲੇ ਹੜ੍ਹਾਂ ਦੇ ਮੱਦੇਨਜ਼ਰ ਗੁਰਦੁਆਰਾ ਸਾਹਿਬ ਦੀ ਇਮਾਰਤ ਅਤੇ ਲਾਂਘੇ ਦੀ ਪਾਣੀ ਤੋਂ ਸੁਰੱਖਿਆ ਲਈ ਦਰਿਆ 'ਤੇ ਬੰਨ੍ਹ ਬਣਾਏ ਜਾਣ ਦਾ ਕੰਮ ਵੀ ਲਗਭਗ ਮੁਕੰਮਲ ਹੋ ਚੁੱਕਿਆ ਹੈ।

### ਭਾਰਤ ਵਾਲੇ ਪਾਸੇ 30 ਸਤੰਬਰ ਤੱਕ ਮੁਕੰਮਲ ਹੋਵੇਗਾ ਕੰਮ

**ਬਟਾਲਾ:** ਪੰਜਾਬ ਦੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਕਰਤਾਰਪੁਰ ਸਾਹਿਬ ਲਾਂਘੇ ਲਈ ਜਾਰੀ ਉਸਾਰੀ ਕਾਰਜਾਂ ਤੇ ਹੋਰ ਪ੍ਰਬੰਧਾਂ ਦਾ ਜਾਇਜ਼ਾ ਲਿਆ। ਡੇਰਾ ਬਾਬਾ ਨਾਨਕ ਪੁੱਜੇ ਸਿੰਗਲਾ ਦੇ ਨਾਲ ਹਲਕਾ ਵਿਧਾਇਕ ਤੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੀ ਮੌਜੂਦ ਸਨ। ਇਸ ਮੌਕੇ ਉਨ੍ਹਾਂ ਕੌਮਾਂਤਰੀ ਸਰਹੱਦ ਤੋਂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦੀਦਾਰ ਵੀ ਕੀਤੇ। ਸਿੰਗਲਾ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਨੂੰ ਆਉਣ ਵਾਲੀਆਂ ਸਾਰੀਆਂ ਸੜਕਾਂ ਨੂੰ ਚੌੜਾ ਕੀਤਾ ਜਾਵੇਗਾ ਤਾਂ ਜੋ ਦੂਰ-ਦੁਰੇਡਿਓਂ ਆਉਣ ਵਾਲੀ ਸੰਗਤ ਨੂੰ ਕੋਈ ਮੁਸ਼ਕਲ ਨਾ ਆਵੇ। ਮੰਤਰੀ ਨੇ ਕਿਹਾ ਕਿ 30 ਸਤੰਬਰ ਤੱਕ ਕਾਰੀਡੋਰ ਦੇ ਰਾਹ ਨਾਲ ਸਬੰਧਤ ਕਾਰਜ ਮੁਕੰਮਲ ਹੋ ਜਾਵੇਗਾ।

# ਦਰਸ਼ਨੀ ਡਿਓਢੀ ਦਾ ਪੁਰਾਣਾ ਸਰੂਪ ਬਹਾਲ ਹੋਵੇਗਾ

**ਅੰਮ੍ਰਿਤਸਰ:** ਤਰਨ ਤਾਰਨ ਸਥਿਤ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੀ ਨੁਕਸਾਨੀ ਗਈ ਦਰਸ਼ਨੀ ਡਿਓਢੀ ਨੂੰ ਮੁੜ ਉਸੇ ਰੂਪ ਵਿਚ ਉਸਾਰਨ ਲਈ ਤਕਨੀਕੀ ਮਾਹਿਰਾਂ ਦੀ ਇਕ ਕਮੇਟੀ ਨੇ ਮੌਕੇ ਦਾ ਦੌਰਾ ਕਰਦਿਆਂ ਸਥਿਤੀ ਦਾ ਜਾਇਜ਼ਾ ਲਿਆ। ਇਸ ਤੋਂ ਪਹਿਲਾਂ ਮਾਹਿਰਾਂ ਦੀ ਕਮੇਟੀ ਦੀ ਇਥੇ ਮੀਟਿੰਗ ਹੋਈ, ਜਿਸ ਵਿਚ ਮਾਹਿਰਾਂ ਨੇ ਸ਼੍ਰੋਮਣੀ ਕਮੇਟੀ ਨੂੰ ਇਸ ਇਮਾਰਤ ਦੀ ਮੁੜ ਉਸਾਰੀ ਲਈ ਹਰੀ ਝੰਡੀ ਦੇ ਦਿੱਤੀ ਹੈ। ਸ਼੍ਰੋਮਣੀ ਕਮੇਟੀ ਨੇ ਦਰਸ਼ਨੀ ਡਿਓਢੀ ਦੀ ਮੁੜ ਉਸਾਰੀ ਜਲਦੀ ਹੀ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ।

ਇਸ ਸਬੰਧੀ ਇਥੇ 11 ਮੈਂਬਰੀ ਵਿਰਾਸਤੀ ਕਮੇਟੀ ਦੀ ਮੀਟਿੰਗ ਹੋਈ ਹੈ, ਜਿਸ ਵਿਚ ਮਾਹਿਰਾਂ ਨੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਭਰੋਸਾ ਦਿੱਤਾ ਕਿ ਨੁਕਸਾਨੀ ਗਈ ਦਰਸ਼ਨੀ ਡਿਓਢੀ ਦੀ ਮੁੜ ਉਸਾਰੀ ਉਸੇ ਹੀ ਰੂਪ ਵਿਚ ਸੰਭਵ ਹੈ। ਉਨ੍ਹਾਂ ਕਿਹਾ ਕਿ ਇਸ ਪੁਰਾਤਨ ਡਿਓਢੀ ਨੂੰ ਪਹਿਲਾਂ ਵਾਂਗ ਪੁਰਾਤਨ ਰੂਪ ਵਿਚ ਹੀ ਮੁੜ ਉਸਾਰਿਆ ਜਾਵੇਗਾ। ਵਧੇਰੇ ਨੁਕਸਾਨ ਡਿਓਢੀ ਦੇ ਗੁੰਬਦਾਂ ਨੂੰ ਪੁੱਜਿਆ ਸੀ। ਮਾਹਿਰਾਂ ਨੇ ਇਸ ਮਗਰੋਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਵੀ ਲਿਆ। ਇਸ ਦੌਰਾਨ ਦਰਸ਼ਨੀ ਡਿਓਢੀ ਨੂੰ ਢਾਹੁਣ ਦੇ ਮਾਮਲੇ ਦੀ ਜਾਂਚ ਸਬੰਧੀ ਬਣਾਈ ਗਈ ਜਾਂਚ ਕਮੇਟੀ ਨੇ ਵੀ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਸੌਂਪ ਦਿੱਤੀ ਹੈ। ਸ੍ਰੀ ਲੌਂਗੋਵਾਲ ਨੇ ਫਿਲਹਾਲ ਇਸ ਰਿਪੋਰਟ ਵਿਚਲੇ ਤੱਥਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਪਰ ਉਨ੍ਹਾਂ ਕਿਹਾ ਕਿ ਦਰਸ਼ਨੀ ਡਿਓਢੀ ਨੂੰ ਮੁੜ ਪਹਿਲਾ ਵਾਂਗ ਹੀ ਸੁਰਜੀਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਲਦੀ ਹੀ ਮੁੜ ਉਸਾਰੀ ਦਾ ਕੰਮ ਸ਼ੁਰੂ ਹੋ ਜਾਵੇਗਾ।

ਮੀਟਿੰਗ ਵਿਚ ਸ਼ਾਮਲ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਵਿਰਾਸਤੀ ਕਮੇਟੀ ਅਤੇ ਇਸ ਵਿਚ ਸ਼ਾਮਲ ਮਾਹਿਰਾਂ ਵੱਲੋਂ ਦਰਸ਼ਨੀ ਡਿਓਢੀ ਦੀ ਮੁੜ ਉਸਾਰੀ ਨੂੰ ਹਰੀ ਝੰਡੀ ਦੇਣ ਦੀ ਤਸਦੀਕ ਕੀਤੀ ਹੈ। ਇਹ ਮੁੜ ਉਸਾਰੀ ਕਾਰ ਸੇਵਾ ਦੀ ਥਾਂ ਸ਼੍ਰੋਮਣੀ ਕਮੇਟੀ ਆਪਣੇ ਪੱਧਰ 'ਤੇ ਮਾਹਿਰਾਂ ਦੀ ਨਿਗਰਾਨੀ ਹੇਠ ਕਰਵਾਏਗੀ। ਵਰਣਨਯੋਗ ਹੈ ਕਿ ਦਰਸ਼ਨੀ ਡਿਓਢੀ ਦੀ ਮੁਰੰਮਤ ਦੀ ਸੇਵਾ ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਜਗਤਾਰ ਸਿੰਘ ਤਰਨ ਤਾਰਨ ਵਾਲਿਆਂ ਦੇ ਜਥੇ ਨੂੰ ਸੌਂਪੀ ਗਈ ਸੀ, ਜੋ ਇਸ ਘਟਨਾ ਮਗਰੋਂ ਵਾਪਸ ਲੈ ਲਈ ਗਈ। ਦਰਸ਼ਨੀ ਡਿਓਢੀ ਢਾਹੁਣ ਦੇ ਮਾਮਲੇ ਵਿਚ ਕਾਰਵਾਈ ਕਰਦਿਆਂ ਗੁਰਦੁਆਰੇ ਦੇ ਮੈਨੇਜਰ ਨੂੰ ਵੀ ਸ਼੍ਰੋਮਣੀ ਕਮੇਟੀ ਨੇ ਮੁਅੱਤਲ ਕਰ ਦਿੱਤਾ ਸੀ।

# ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦਾ ਹੜ੍ਹ

**ਅੰਮ੍ਰਿਤਸਰ:** ਉੱਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦੇ ਪਹਿਲੇ ਦਿਨ ਲਗਭਗ 7 ਹਜ਼ਾਰ ਤੋਂ ਵੱਧ ਸ਼ਰਧਾਲੂਆਂ ਨੇ ਮੱਥਾ ਟੇਕਿਆ ਹੈ। ਇਸ ਸ਼ਰਧਾਲੂਆਂ ਦੀ ਆਮਦ ਨੂੰ ਦੇਖਦਿਆਂ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਇਸ ਦੌਰਾਨ ਪਹਿਲੇ ਜਥੇ ਨਾਲ ਰਵਾਨਾ ਹੋਏ ਗੜ੍ਹਵਾਲ ਮੰਡਲ ਦੇ ਕਮਿਸ਼ਨਰ ਤੇ ਹੋਰ ਅਧਿਕਾਰੀ ਵੀ ਨਤਮਸਤਕ ਹੋਣ ਮਗਰੋਂ



ਵਾਪਸ ਗੋਬਿੰਦਘਾਟ ਪੁੱਜ ਗਏ ਹਨ। ਇਸ ਦੌਰਾਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦਾ ਪ੍ਰਕਾਸ਼ ਕੀਤਾ ਗਿਆ। ਸਵੇਰੇ ਪਹਿਲਾਂ ਗੁਰਮਤਿ ਮਰਿਆਦਾ ਅਨੁਸਾਰ ਅਰਦਾਸ ਕਰਕੇ ਗੁਰਦੁਆਰਾ ਸਾਹਿਬ ਦੇ ਕਿਵਾੜ ਖੋਲ੍ਹੇ ਗਏ ਅਤੇ ਮਗਰੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਲਿਆਂਦਾ ਗਿਆ, ਜਿਸ ਦਾ ਪ੍ਰਕਾਸ਼ ਕਰਕੇ ਸੁਖਮਨੀ ਸਾਹਿਬ ਦਾ ਪਾਠ ਅਤੇ ਪਹਿਲੀ ਅਰਦਾਸ ਕੀਤੀ ਗਈ। ਉਪਰੰਤ ਗੁਰਬਾਣੀ ਕੀਰਤਨ ਦਾ ਪ੍ਰਵਾਹ ਸ਼ੁਰੂ ਹੋਇਆ।

ਗੁਰਦੁਆਰੇ ਦੇ ਆਲੇ-ਦੁਆਲੇ ਫਿਲਹਾਲ ਬਰਫ ਦੀ ਚਿੱਟੀ ਚਾਦਰ ਵਿਛੀ ਹੋਈ ਹੈ। ਸਰੋਵਰ ਵੀ ਲਗਭਗ ਬਰਫ ਨਾਲ ਢਕਿਆ ਹੋਇਆ ਹੈ ਪਰ ਕੁਝ ਥਾਂ ਤੋਂ ਬਰਫ ਨੂੰ ਤੋੜ ਕੇ ਸ਼ਰਧਾਲੂਆਂ ਦੇ ਇਸ਼ਨਾਨ ਲਈ ਜਗ੍ਹਾ ਬਣਾਈ ਗਈ ਹੈ। ਬਰਫ ਵਧੇਰੇ ਪਈ ਹੋਣ ਕਾਰਨ ਲਗਭਗ ਤਿੰਨ ਕਿਲੋਮੀਟਰ ਦਾ ਰਸਤਾ ਸੰਗਤਾਂ ਨੂੰ ਬਰਫ ਵਿਚੋਂ ਲੰਘਣਾ ਪਿਆ ਹੈ। ਗੁਰਦੁਆਰਾ ਗੋਬਿੰਦਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਪਹਿਲੇ ਦਿਨ ਹੀ ਯਾਤਰੂ ਵੱਡੀ ਗਿਣਤੀ ਵਿਚ ਪੁੱਜ ਗਏ ਸਨ, ਜਿਸ ਕਾਰਨ ਲਗਭਗ ਦੋ ਹਜ਼ਾਰ ਯਾਤਰੂਆਂ ਨੂੰ ਗੁਰਦੁਆਰਾ ਗੋਬਿੰਦਧਾਮ ਵਿਖੇ ਰੋਕਣਾ ਪਿਆ ਹੈ। ਉਨ੍ਹਾਂ ਕਿਹਾ ਕਿ ਯਾਤਰਾ ਦੀ ਸ਼ੁਰੂਆਤ ਵਿਚ ਹੀ ਇਸ ਵਾਰ ਵੱਡਾ ਉਤਸ਼ਾਹ ਦਿਖਾਈ ਦੇ ਰਿਹਾ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਹੇਮਕੁੰਟ ਸਾਹਿਬ ਸਮੇਤ ਗੁਰਦੁਆਰਾ ਗੋਬਿੰਦਧਾਮ ਅਤੇ ਗੁਰਦੁਆਰਾ ਗੋਬਿੰਦਘਾਟ ਤਿੰਨਾਂ ਥਾਵਾਂ 'ਤੇ ਵਾਪਸ ਗੋਬਿੰਦਘਾਟ ਪੁੱਜ ਗਏ ਹਨ। ਇਸ ਦੌਰਾਨ ਪ੍ਰਬੰਧਕਾਂ ਵੱਲੋਂ ਬੱਚੇ ਅਤੇ ਬਜ਼ੁਰਗ ਸ਼ਰਧਾਲੂਆਂ ਨੂੰ ਮੁੜ ਅਪੀਲ ਕੀਤੀ ਗਈ ਹੈ ਕਿ ਉਹ 15 ਜੂਨ ਤੋਂ ਬਾਅਦ ਹੀ ਇਸ ਯਾਤਰਾ ਲਈ ਆਉਣ ਕਿਉਂਕਿ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਨੇੜੇ ਤਿੰਨ ਕਿਲੋਮੀਟਰ ਖੇਤਰ ਵਿਚ ਵਧੇਰੇ ਬਰਫ ਹੈ, ਇਸ ਕਾਰਨ ਬਜ਼ੁਰਗ ਯਾਤਰੂ, ਘੋੜੇ, ਖੱਚਰ ਅਤੇ ਕਾਂਡੀ ਆਦਿ ਰਾਹੀਂ ਨਹੀਂ ਜਾ ਸਕਣਗੇ।

## ਗੁਰੂ ਨਾਨਕ ਮਹਿਲ ਨੂੰ ਢਾਹੁਣ ਦੇ ਮਾਮਲੇ 'ਚ ਕੈਪਟਨ ਨੇ ਮੋਦੀ ਦਾ ਦਖਲ ਮੰਗਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਾਰੋਵਾਲ ਵਿਖੇ ਸਦੀਆਂ ਪੁਰਾਣੇ ਗੁਰੂ ਨਾਨਕ ਪੈਲੇਸ ਨੂੰ ਢਾਹੁਣ ਦੀ ਜਾਂਚ ਸਬੰਧੀ ਪਾਕਿਸਤਾਨ ਸਰਕਾਰ 'ਤੇ ਦਬਾਅ ਪਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਖਲ ਦੇਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਜੇ ਕੇਂਦਰ ਸਰਕਾਰ ਪਾਕਿਸਤਾਨ ਤੋਂ ਆਗਿਆ ਲੈ ਦੇਵੇ ਤਾਂ ਪੰਜਾਬ ਸਰਕਾਰ ਇਸ ਇਮਾਰਤ ਦੇ ਮੁੜ ਨਿਰਮਾਣ ਲਈ ਤਿਆਰ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਲਿਖੇ ਇਕ ਪੱਤਰ ਵਿਚ ਬੇਨਤੀ ਕੀਤੀ ਹੈ ਕਿ ਉਹ ਇਸ ਜਾਇਦਾਦ ਨੂੰ ਢਾਹੁਣ ਸਬੰਧੀ ਜਾਂਚ ਕਰਵਾਉਣ ਦਾ ਮਾਮਲਾ ਪਾਕਿਸਤਾਨ ਸਰਕਾਰ ਕੋਲ ਉਠਾਉਣ ਅਤੇ ਇਸ ਮੰਦਭਾਗੇ ਕਾਰਜ ਨਾਲ ਸਬੰਧਤ ਸਾਰੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਲਿਆਉਣ।

# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਸ਼ਾਇਰਾਨਾ ਸਿਜਦਾ

**ਫਰਿਜ਼ਨੋ (ਬਿਊਰੋ):** ਪੰਜਾਬੀ ਕਲਚਰਲ ਸੈਂਟਰ ਯੂ. ਐਸ. ਏ. ਵਲੋਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਯਾਦ ਨੂੰ ਸਮਰਪਿਤ ਸ਼ਹੀਦੀ ਕਵੀ ਦਰਬਾਰ 'ਚ ਸ਼ਾਇਰੀ ਅਤੇ ਗਾਇਕੀ ਰਾਹੀਂ



ਪੰਚਮ ਪਾਤਸ਼ਾਹ ਨੂੰ ਸਾਹਿਤਕ ਤੇ ਸੰਗੀਤਕ ਸਿਜਦਾ ਕੀਤਾ ਗਿਆ। ਪੰਜਾਬੀ ਰੇਡੀਓ ਯੂ. ਐਸ. ਏ. ਦੇ ਫਰਿਜ਼ਨੋ ਸਟੂਡੀਓ ਕੰਪਲੈਕਸ ਸਥਿੱਤ ਪੰਜਾਬੀ ਕਲਚਰਲ ਸੈਂਟਰ ਦੇ ਮੁੱਖ ਹਾਲ ਵਿਖੇ ਪਹਿਲੀ ਜੂਨ ਨੂੰ ਕਰਵਾਏ ਇਸ ਪਲੇਠੇ ਕਵੀ ਦਰਬਾਰ 'ਚ ਗੁਰੂ ਜੀ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਡੁੱਲ੍ਹ ਡੁੱਲ੍ਹ ਪੈਂਦਾ ਸੀ।

ਪੰਜਾਬੀ ਰੇਡੀਓ ਯੂ. ਐਸ. ਏ. ਦੇ ਹੋਸਟ ਰਾਜਕਰਨਬੀਰ ਸਿੰਘ ਨੇ ਸ਼ਾਇਰਾਂ ਤੇ ਸਰੋਤਿਆਂ ਨੂੰ ਜੀ ਆਇਆਂ ਕਿਹਾ। ਪੰਜਾਬੀ ਕਲਚਰਲ ਸੈਂਟਰ ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਸੈਂਟਰ ਦੀ ਸਥਾਪਨਾ ਦੇ ਮੰਤਵ ਅਤੇ ਭਵਿੱਖੀ ਯੋਜਨਾਵਾਂ ਸਬੰਧੀ ਵਿਚਾਰ ਸਾਂਝੇ ਕੀਤੇ। ਕਵੀ ਦਰਬਾਰ ਦੀ ਸ਼ੁਰੂਆਤ ਉਘੇ ਰੇਡੀਓ ਹੋਸਟ ਤੇ ਸ਼ਾਇਰ ਹਰਜਿੰਦਰ ਕੰਗ ਨੇ ਕੀਤੀ। ਉਪਰੰਤ ਗਾਇਕਾ ਜੋਤ ਰਣਜੀਤ ਨੇ ਆਪਣੀ ਦਮਦਾਰ ਅਵਾਜ਼ ਵਿਚ ਨਵੀਂ ਰਚਨਾ "ਤਵੀਆਂ 'ਤੇ ਬਹਿ ਕੇ ਪਾਤਸ਼ਾਹ, ਤਖਤਾਂ ਨੂੰ ਭੁੰਝੇ ਲਾਹ ਗਏ, ਪਾ ਝੋਲੀ ਸਾਡੇ 'ਸੁਖਮਨੀ', ਤੇਗਾਂ ਦਾ ਰਾਹ ਦਿਖਲਾ ਗਏ" ਰਾਹੀਂ ਮਾਹੌਲ ਨੂੰ ਸੁਰੀਲੇ ਰੰਗ 'ਚ ਰੰਗਿਆ।

ਕਵੀ ਦਰਬਾਰ ਦੌਰਾਨ ਇੰਦਰਜੀਤ ਗਰੇਵਾਲ, ਲਾਜ ਨੀਲਮ ਸੈਣੀ, ਦਿਲ ਨਿੱਜਰ, ਪਿਸ਼ੌਰਾ ਸਿੰਘ ਢਿੱਲੋਂ, ਸਾਧੂ ਸਿੰਘ ਸੰਘਾ, ਗੋਗੀ ਸੰਧੂ, ਅਸ਼ਰਫ ਗਿੱਲ, ਲਛਮਣ ਸਿੰਘ ਰਾਠੌਰ, ਸੰਤੋਖ ਸਿੰਘ ਮਿਨਹਾਸ, ਪਵਿੱਤਰ ਕੌਰ ਮਾਟੀ, ਗੁਰਦੀਪ ਸਿੰਘ ਨਿੱਝਰ, ਕੁੰਦਨ ਸਿੰਘ ਧਾਮੀ, ਗੁਰਸ਼ਰਨ ਸਿੰਘ, ਪਰਮਿੰਦਰ ਸਿੰਘ ਰਾਏ, ਅਵਤਾਰ ਸਿੰਘ ਹੀਰਾ, ਮਨਰੀਤ ਗਰੇਵਾਲ ਸਿੱਧੂ ਅਤੇ ਅਮਰੀਕ ਸਿੰਘ ਬਸਰਾ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਬੇਏਰੀਆ ਤੋਂ ਗਜ਼ਲਗੋ ਕੁਲਵਿੰਦਰ ਅਤੇ ਉਨ੍ਹਾਂ ਦੀ ਜੀਵਨ ਸਾਥਣ ਮਨਜੀਤ ਪਲਾਹੀ ਉਚੇਚਾ ਪੁਜੇ।

ਉਘੇ ਵਿਦਵਾਨ ਅਤੇ ਸ਼ਾਇਰ ਗੁਰੂਮੇਲ ਸਿੱਧੂ ਨੇ ਪੰਚਮ ਪਾਤਸ਼ਾਹ ਦੀ ਸ਼ਹਾਦਤ ਦੀ ਇਤਿਹਾਸਕ ਮਹੱਤਤਾ ਸਬੰਧੀ ਬੜੇ ਭਾਵਪੂਰਤ ਢੰਗ ਨਾਲ ਜਾਣੂੰ ਕਰਵਾਇਆ। ਉਨ੍ਹਾਂ ਦੀਆਂ ਸੱਜਰੀਆਂ ਕਾਵਿ ਰਚਨਾਵਾਂ ਦੇ ਦਾਰਸ਼ਨਿਕ ਬੋਲਾਂ, "ਸਿਰਲੱਥਾਂ ਦੇ ਸਿਰਾਂ 'ਤੇ ਕਲਗੀ, ਮੁਕਟ, ਸੁਰਖਾਬ ਨਹੀਂ ਹੁੰਦੇ; ਉਨ੍ਹਾਂ ਦੇ ਮਨਾਂ 'ਚ ਸਵਾਲਾਂ ਦੇ ਹੱਲ ਹੁੰਦੇ ਨੇ, ਜਵਾਬ ਨਹੀਂ ਹੁੰਦੇ। ਕਈ ਤਾਜ਼ਦਾਰ, ਸ਼ਹਿਨਸ਼ਾਹ, ਬਾਦਸ਼ਾਹ ਆਏ ਤੇ ਤੁਰ ਗਏ, ਪਾਤਸ਼ਾਹਾਂ ਦੀ ਤਾਂ ਇਬਾਦਤ ਹੁੰਦੀ ਹੈ, ਹਿਸਾਬ ਨਹੀਂ ਹੁੰਦੇ। ਜਿਨ੍ਹਾਂ ਦੇ ਹੇਠ ਤੱਤੀ ਤਵੀ ਅਤੇ ਸਿਰਾਂ 'ਤੇ ਤਪਦੀ ਰੇਤ ਹੋਵੇ, ਉਨ੍ਹਾਂ ਦੀ ਸ਼ਹਾਦਤ ਦੀ ਇਹ ਤਾਬੀਰ ਹੁੰਦੀ ਏ, ਖ਼ੁਆਬ ਨਹੀਂ ਹੁੰਦੇ" ਨਾਲ ਕਵੀ ਦਰਬਾਰ ਦੀ ਸਮਾਪਤੀ ਹੋਈ।



ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ/ਯੂਬਾ ਸਿਟੀ, ਇੰਡੋ ਅਮੈਰੀਕਨ ਫੋਰਮ, ਇੰਡੋ ਯੂ. ਐਸ. ਹੈਰੀਟੇਜ ਫੋਰਮ ਦੇ ਸਹਿਯੋਗ ਅਤੇ ਪੰਜਾਬੀ ਰੇਡੀਓ ਯੂ. ਐਸ. ਏ. ਦੀ ਸਮੁੱਚੀ ਟੀਮ ਦੇ ਅਣਥੱਕ ਯਤਨਾਂ ਸਦਕਾ ਸਜੇ ਕਵੀ ਦਰਬਾਰ ਦੌਰਾਨ ਸੁਰਿੰਦਰ ਕੌਰ ਸਿਆਟਲ ਦੀ ਕਿਤਾਬ 'ਸੂਰਜ ਡੁੱਬਣ ਦਾ ਆਇਆ ਵੇਲਾ' ਅਤੇ ਮਨਰੀਤ ਗਰੇਵਾਲ ਸਿੱਧੂ ਦੀ ਕਿਤਾਬ 'ਮਿੱਟੀ ਦੇ ਰੰਗ' ਲੋਕ ਅਰਪਣ ਕੀਤੀਆਂ ਗਈਆਂ।

ਪੰਜਾਬੀ ਭਾਈਚਾਰੇ ਦੀਆਂ ਨਾਮਵਰ ਸ਼ਖਸੀਅਤਾਂ ਚਰਨਜੀਤ ਸਿੰਘ ਬਾਠ, ਨਾਜ਼ਰ ਸਿੰਘ ਸਹੋਤਾ, ਰਾਣਾ ਗਿੱਲ, ਕੁਲਵਿੰਦਰ ਬਾਠ ਤੇ ਹੋਰਨਾਂ ਨੇ ਪੂਰਾ ਸਮਾਂ ਕਵੀ ਦਰਬਾਰ ਚ ਸ਼ਮੂਲੀਅਤ ਕਰਦਿਆਂ ਪ੍ਰਬੰਧਕਾਂ ਦੇ ਉਦਮ ਦੀ ਦਾਦ ਦਿੱਤੀ। ਇਸ ਮੌਕੇ ਸਰੋਤਿਆਂ ਦੀ ਭਰਵੀਂ ਸ਼ਮੂਲੀਅਤ ਸਿੱਖ ਇਤਿਹਾਸ ਦੇ ਸ਼ਹੀਦਾਂ ਦੀ ਸੂਰਬੀਰਤਾ ਪ੍ਰਤੀ ਕੌਮ ਦੀ ਪ੍ਰਤੀਬੱਧਤਾ ਦੀ ਗਵਾਹੀ ਭਰਦੀ ਸੀ। ਅਖੀਰ ਵਿਚ ਸਭਨਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਗੁਰਦੁਆਰਾ ਸਾਹਿਬ ਸੈਨ ਹੋਜੇ ਵਿਰੁਧ ਲਾਅ ਸੂਟ

## ਤਰਲੋਚਨ ਸਿੰਘ ਨਾਹਲ ਤੋਂ ਬਾਅਦ ਹੁਣ ਸਰਵਜੋਤ ਸਿੰਘ ਸਵੱਦੀ ਅਤੇ ਨੀਤੂ ਸਿੰਘ ਕਾਹਲੋਂ ਦੇ ਚਹੇਤੇ ਭੁਪਿੰਦਰ ਸਿੰਘ ਚੀਮਾ ਤੇ ਹਰਪਾਲ ਚਾਹਲ ਦੁਨੀਆਂ ਭਰ 'ਚ ਚੜ੍ਹਦੀ ਕਲਾ ਵਿਚ ਜਾ ਰਹੇ ਗੁਰਦੁਆਰਾ ਸਾਹਿਬ, ਸੈਨ ਹੋਜੇ ਨੂੰ ਕਚਹਿਰੀ 'ਚ ਲੈ ਗਏ ਹਨ

ਗੁਰੂ ਪਿਆਰੀ ਸਾਧ ਸੰਗਤ ਜੀਓ, ਬੜੇ ਦੁੱਖ ਨਾਲ ਇਹ ਖਬਰ ਤੁਹਾਡੇ ਨਾਲ ਸਾਂਝੀ ਕੀਤੀ ਜਾ ਰਹੀ ਹੈ ਕਿ ਪਹਿਲਾਂ ਤਰਲੋਚਨ ਸਿੰਘ ਨਾਹਲ ਅਤੇ ਉਸ ਦੇ ਸਾਥੀਆਂ ਨੇ ਗੁਰਦੁਆਰਾ ਸਾਹਿਬ ਸੈਨ ਹੋਜੇ ਨੂੰ 3 ਸਾਲ ਕਚਹਿਰੀ ਵਿਚ ਖੱਜਲ ਖਰਾਬ ਕੀਤਾ ਤੇ ਹੁਣ ਸਰਵਜੋਤ ਸਿੰਘ ਸਵੱਦੀ ਤੇ ਨੀਤੂ ਸਿੰਘ ਕਾਹਲੋਂ ਦੇ ਚਹੇਤੇ ਭੁਪਿੰਦਰ ਸਿੰਘ ਚੀਮਾ ਤੇ ਹਰਪਾਲ ਸਿੰਘ ਚਾਹਲ ਬਿਨਾ ਵਜ੍ਹਾ ਗੁਰਦੁਆਰਾ ਸਾਹਿਬ ਸੈਨ ਹੋਜੇ ਨੂੰ ਮੁੜ ਕਚਹਿਰੀ ਵਿਚ ਲੈ ਗਏ

SUPERIOR COURT OF CALIFORNIA, COUNTY OF SANTA CLARA

HARPAL SINGH CHAHAL and
BHUPINDER CHEEMA SINGH
Petitioners,

CASE NO. 19CV347730

vs.

SIKH GURDWARA-SAN
JOSE(CALIFORNIA) a California Non-Profit

'Sarbjot Singh Duley and Neetu Singh Kahlon, a memorandum of points and authorities, and a request for judicial notice.

ਹਨ, ਜਿਸ ਦੀ ਕਚਿਹਰੀ ਵਲੋਂ ਪਹਿਲੀ ਤਰੀਕ 29 ਮਈ ਨੂੰ ਸੀ, ਜਿਸ ਵਿਚ ਮਾਨਯੋਗ ਜੱਜ ਹੈਲਨ ਵਿਲੀਅਮ ਨੇ ਇਨ੍ਹਾਂ ਦੇ ਵਕੀਲ ਨੂੰ ਕਾਫੀ ਝਾੜਾਂ ਪਾਈਆਂ ਅਤੇ ਬਹਿਸ ਸੁਣਨ ਲਈ ਦੂਜੀ ਤਰੀਕ ਕੋਰਟ ਵਲੋਂ 28 ਜੂਨ ਮਿਥੀ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਸਰਵਜੋਤ ਸਿੰਘ ਸਵੱਦੀ, ਨੀਤੂ ਸਿੰਘ ਕਾਹਲੋਂ, ਭੂਪਿੰਦਰ ਸਿੰਘ ਚੀਮਾ ਅਤੇ ਹਰਪਾਲ ਸਿੰਘ ਚਾਹਲ ਅਜੇ ਵੀ ਸੰਗਤ ਵਿਚ ਆਖ (ਬੌਖਲਾ) ਰਹੇ ਹਨ ਕਿ ਉਨ੍ਹਾਂ ਨੇ ਕੋਈ ਵੀ ਕੋਰਟ ਕੇਸ ਨਹੀਂ ਕੀਤਾ ਹੈ।




ਸਰਵਜੋਤ ਸਿੰਘ ਸਵੱਦੀ



ਨੀਤੂ ਸਿੰਘ ਕਾਹਲੋਂ



ਭੁਪਿੰਦਰ ਸਿੰਘ ਚੀਮਾ



ਹਰਪਾਲ ਸਿੰਘ ਚਾਹਲ

ਸਾਲ 2015 ਵਿਚ ਸੰਗਤ ਵਲੋਂ ਚੁਣੀ ਗਈ ਪ੍ਰਬੰਧਕ ਕਮੇਟੀ ਦੀ 2 ਸਾਲ ਦੀ ਮਿਆਦ ਪਿਛੋਂ ਅਕਤੂਬਰ 2017 ਵਿਚ ਪ੍ਰਬੰਧਕ ਕਮੇਟੀ ਬਿਨਾ ਵਿਰੋਧ ਚੁਣੀ ਗਈ ਸੀ। ਇਸ ਤੋਂ ਬਾਅਦ ਜਦੋਂ ਪ੍ਰਬੰਧਕ ਕਮੇਟੀ ਦੀ ਮੀਟਿੰਗ ਵਿਚ ਕਮੇਟੀ ਮੈਂਬਰਾਂ ਨੂੰ ਗੁਰੂਘਰ ਦੀ ਸੇਵਾ ਦੀਆਂ ਜਿੰਮੇਵਾਰੀਆਂ ਸੌਂਪਣ ਦੀ ਗੱਲ ਚੱਲੀ ਤਾਂ ਸਰਵਜੋਤ ਸਿੰਘ ਸਵੱਦੀ ਖੜਾ ਹੋ ਕੇ ਬੋਲਿਆ ਕਿ ਇਸ ਵਾਰ ਮੈਂ ਸੇਵਾ ਦੀ ਕੋਈ ਵੀ ਜਿੰਮੇਵਾਰੀ ਨਹੀਂ ਲੈਣੀ, ਜਦੋਂ ਮਰਜੀ ਮੈਨੂੰ ਕਮੇਟੀ ਵਿਚੋਂ ਕੱਢ ਦਿਓ। ਇਸ ਦੇ ਨਾਲ ਹੀ ਨੀਤੂ ਸਿੰਘ ਕਾਹਲੋਂ ਨੇ ਵੀ ਗੁਰੂ ਘਰ ਦੀ ਕਿਸੇ ਸੇਵਾ ਦੀ ਜਿੰਮੇਵਾਰੀ ਲੈਣ ਤੋਂ ਨਾਂਹ ਕਰ ਦਿੱਤੀ।

ਸਰਵਜੋਤ ਸਿੰਘ ਸਵੱਦੀ ਅਤੇ ਨੀਤੂ ਸਿੰਘ ਕਾਹਲੋਂ ਨੂੰ 3 ਮਹੀਨੇ ਵਾਰ-ਵਾਰ ਸਮਝਾਇਆ ਗਿਆ ਕਿ ਸੰਗਤ ਨੇ ਕਮੇਟੀ ਮੈਂਬਰਾਂ ਨੂੰ ਗੁਰਦੁਆਰਾ ਸਾਹਿਬ ਦਾ ਕੰਮਕਾਜ ਚਲਾਉਣ ਅਤੇ ਇਸ ਦੀ ਸਾਂਭ ਸੰਭਾਲ ਲਈ ਚੁਣਿਆ ਹੈ, ਇਸ ਲਈ ਆਪ ਨੂੰ ਸੇਵਾ ਦੀ ਕੋਈ ਨਾ ਕੋਈ ਜਿੰਮੇਵਾਰੀ ਲੈਣੀ ਜਰੂਰੀ ਬਣਦੀ ਹੈ, ਪਰ ਸਰਵਜੋਤ ਸਿੰਘ ਸਵੱਦੀ ਦਾ ਹਰ ਕਿਸੇ ਕੋਲ ਅਤੇ ਕਮੇਟੀ ਦੀ ਮੀਟਿੰਗ ਵਿਚ ਇਹੀ ਜਵਾਬ ਰਿਹਾ ਕਿ ਮੈਂ ਸੇਵਾ ਦੀ ਕੋਈ ਵੀ ਜਿੰਮੇਵਾਰੀ ਨਹੀਂ ਲੈਣੀ, ਮੈਨੂੰ ਜਦੋਂ ਮਰਜੀ ਕਮੇਟੀ ਵਿਚੋਂ ਕੱਢ ਦਿਓ।

5 ਜਨਵਰੀ 2018 ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭੁਪਿੰਦਰ ਸਿੰਘ (ਬਾਬ) ਢਿੱਲੋਂ ਵਲੋਂ ਸਾਰੇ ਕਮੇਟੀ ਮੈਂਬਰਾਂ ਨੂੰ 12 ਜਨਵਰੀ ਦੀ ਕਮੇਟੀ ਮੀਟਿੰਗ ਦਾ ਨੋਟਿਸ ਭੇਜਿਆ ਗਿਆ, ਜਿਸ ਵਿਚ 7 ਨੰਬਰ ਵਿਸ਼ਾ ਸੀ ਕਿ ਜਿਹੜੇ ਕਮੇਟੀ ਮੈਂਬਰ ਗੁਰੂ ਘਰ ਦੀ ਸੇਵਾ ਦੀ ਕੋਈ ਵੀ ਜਿੰਮੇਵਾਰੀ ਨਹੀਂ ਲੈਂਦੇ, ਉਨ੍ਹਾਂ ਦੀ ਥਾਂ ਕਿਉਂ ਨਾ ਹੋਰਾਂ ਨੂੰ ਲਿਆ ਜਾਵੇ, ਜੋ ਗੁਰੂ ਘਰ ਅੰਦਰ ਸੇਵਾ ਨਿਭਾ ਰਹੇ ਹਨ? (Should the non-conforming Committee members step aside to be replaced by able and willing members?)

ਕਮੇਟੀ ਮੀਟਿੰਗ ਦਾ ਇਹ ਨੋਟਿਸ ਮਿਲਦੇ ਸਾਰ ਸਰਵਜੋਤ ਸਿੰਘ ਸਵੱਦੀ ਨੇ ਸਾਰੇ ਕਮੇਟੀ ਮੈਂਬਰਾਂ ਨੂੰ ਇਹ ਲਿਖ ਕੇ ਭੇਜਿਆ, "ਨੰਬਰ 7 ਵਾਲੀ ਗੱਲ ਮੈਨੂੰ ਬਹੁਤ ਪਸੰਦ ਆਈ ਹੈ ਤੇ ਖੁਸ਼ੀ ਵੀ ਹੋਵੇਗੀ ਤੇ ਭਵਿੱਖ ਦੀ ਬਹੁਤ ਵਧੀਆ ਸ਼ੁਰੂਆਤ ਹੋਵੇਗੀ!!"

12 ਜਨਵਰੀ 2018 ਨੂੰ ਪ੍ਰਬੰਧਕ ਕਮੇਟੀ ਦੀ ਮੀਟਿੰਗ ਵਿਚ ਨੀਤੂ ਸਿੰਘ ਕਾਹਲੋਂ ਨੇ ਗੁਰੂ ਘਰ ਦੀ ਸੇਵਾ ਦੀ ਜਿੰਮੇਵਾਰੀ ਲੈ ਲਈ, ਪਰ ਸਰਵਜੋਤ ਸਿੰਘ ਸਵੱਦੀ ਦਾ ਫਿਰ ਉਹੀ ਜਵਾਬ ਸੀ ਕਿ ਜਦੋਂ ਮਰਜੀ ਕੱਢ ਦਿਓ। ਇਸ ਵਿਸ਼ੇ 'ਤੇ ਕਮੇਟੀ ਮੈਂਬਰਾਂ ਨੇ ਵੋਟਾਂ ਪਾ ਕੇ ਸਰਵਜੋਤ ਸਿੰਘ ਸਵੱਦੀ ਨੂੰ ਸੇਵਾ ਮੁਕਤ ਕਰ ਦਿੱਤਾ। ਕੋਈ 20 ਮਿੰਟ ਬਾਅਦ ਨੀਤੂ ਸਿੰਘ ਕਾਹਲੋਂ ਲਿਖਤੀ ਰੂਪ ਵਿਚ ਕਮੇਟੀ ਮੈਂਬਰ ਵਜੋਂ ਅਸਤੀਫਾ ਦੇ ਗਿਆ। ਇਸ ਤੋਂ ਕੋਈ 15 ਮਿੰਟ ਬਾਅਦ ਸਰਵਜੋਤ ਸਿੰਘ ਸਵੱਦੀ 'ਜਸਵੰਤ ਸਿੰਘ ਹੋਠੀ, ਭੁਪਿੰਦਰ ਚੀਮਾ ਅਤੇ ਹੋਰ ਸਾਥੀਆਂ' ਨੂੰ ਨਾਲ ਲੈ ਕੇ ਕਮੇਟੀ ਦੀ ਚੱਲ ਰਹੀ ਮੀਟਿੰਗ ਅੰਦਰ ਆ ਵੜੇ। ਜਸਵੰਤ ਸਿੰਘ ਹੋਠੀ ਤੇ ਸਰਵਜੋਤ ਸਿੰਘ ਸਵੱਦੀ ਕੋਈ 10 ਮਿੰਟ ਕਮੇਟੀ ਨੂੰ ਧਮਕੀਆਂ ਦਿੰਦੇ ਰਹੇ ਅਤੇ ਉਨ੍ਹਾਂ ਪ੍ਰਤੀ ਗੰਦੀ ਤੇ ਬਹੁਤ ਘਟੀਆ ਸ਼ਬਦਾਵਲੀ ਵਰਤਦੇ ਰਹੇ।

29 ਅਪਰੈਲ 2019 ਨੂੰ ਭੂਪਿੰਦਰ ਸਿੰਘ ਚੀਮਾ ਅਤੇ ਹਰਪਾਲ ਸਿੰਘ ਚਾਹਲ ਨੇ ਵਕੀਲ ਮਾਰਕ ਕੋਹਨ ਤੋਂ ਲਿਖਵਾਈ ਇੱਕ ਚਿੱਠੀ ਭੇਜੀ, ਜਿਸ ਵਿਚ ਉਨ੍ਹਾਂ ਨੇ ਲਿਖਿਆ ਕਿ ਅਸੀਂ ਅਤੇ ਸਾਡੇ ਸਾਥੀ ਪ੍ਰਬੰਧਕ ਕਮੇਟੀ ਦੀ ਚੋਣ ਲੜਾਂਗੇ। ਜਿਨ੍ਹਾਂ ਮੈਂਬਰਾਂ ਦੀ ਮੈਂਬਰਸ਼ਿਪ ਖਤਮ ਹੋ ਗਈ ਹੈ, ਅਸੀਂ ਉਨ੍ਹਾਂ ਨਾਲ ਸੰਪਰਕ ਕਰਾਂਗੇ ਤਾਂਕਿ ਉਹ ਆਪਣੀ ਮੈਂਬਰਸ਼ਿੱਪ ਰਿਨਿਊ ਕਰਵਾ ਲੈਣ। ਕਿਉਂਕਿ ਏਰੀਆ ਬਹੁਤ ਵੱਡਾ ਹੈ, ਇਸ ਕਰਕੇ ਸਾਨੂੰ ਹੁਣੇ ਹੀ ਹੇਠ ਲਿਖੀ ਜਾਣਕਾਰੀ ਮੁਹੱਈਆ ਕਰਵਾਓ, ਨਹੀਂ ਤਾਂ ਅਸੀਂ ਕਚਹਿਰੀ ਵਿਚ ਜਾਵਾਂਗੇ:

(1) ਗੁਰਦੁਆਰਾ ਸਾਹਿਬ ਦੀ ਕਮੇਟੀ ਦੇ 2011 ਤੋਂ ਹੁਣ ਤੱਕ ਮੀਟਿੰਗ ਰਿਕਾਰਡ ਅਤੇ ਜਨਰਲ ਬਾਡੀ ਮੀਟਿੰਗਾਂ ਦੇ ਰਿਕਾਰਡ ਦੀ ਇੰਸਪੈਕਸ਼ਨ ਅਤੇ ਫੋਟੋ ਕਾਪੀਆਂ।

(2) ਗੁਰਦੁਆਰਾ ਸਾਹਿਬ ਦੇ ਮੈਂਬਰਸ਼ਿਪ ਰਿਕਾਰਡ ਦੀ ਇੰਸਪੈਕਸ਼ਨ ਅਤੇ ਫੋਟੋ ਕਾਪੀਆਂ, ਜਿਸ ਵਿਚ ਹਰ ਇੱਕ ਮੈਂਬਰ ਦਾ ਨਾਂ, ਫੋਨ ਨੰਬਰ, ਈਮੇਲ, ਮੈਂਬਰ ਫੋਟੋ, ਮਿਆਦ ਖਤਮ ਹੋਣ ਦੀ ਤਰੀਕ, ਭਰੀ ਫੀਸ ਆਦਿ ਹੋਵੇ।

3 ਮਈ 2019 ਨੂੰ ਗੁਰਦੁਆਰਾ ਸਾਹਿਬ ਵਲੋਂ ਇਸ ਚਿੱਠੀ ਦਾ ਹੇਠ ਲਿਖਿਆ ਜਵਾਬ ਦਿੱਤਾ ਗਿਆ:

(1) ਗੁਰਦੁਆਰਾ ਸਾਹਿਬ ਦੀ ਕਮੇਟੀ ਵਲੋਂ ਪ੍ਰਬੰਧਕ ਕਮੇਟੀ ਮੈਂਬਰਾਂ ਦੀ ਚੋਣ ਮਿਤੀ 6 ਅਕਤੂਬਰ 2019 ਨਿਸ਼ਚਿਤ ਕੀਤੀ ਗਈ ਹੈ।

(2) ਨਵੰਬਰ 2016 ਵਿਚ ਸਾਰੇ ਮੈਂਬਰਾਂ ਨੂੰ 18 ਦਸੰਬਰ 2016 ਦੀ ਜਨਰਲ ਬਾਡੀ ਮੀਟਿੰਗ ਦਾ ਨੋਟਿਸ ਭੇਜਿਆ ਗਿਆ ਸੀ, ਜਿਸ ਵਿਚ ਇਹ ਵੀ ਲਿਖਿਆ ਗਿਆ ਸੀ ਕਿ ਕਮੇਟੀ ਨੇ ਸਰਬਸੰਮਤੀ ਨਾਲ ਉਨ੍ਹਾਂ ਸਾਰੇ ਮੈਂਬਰਾਂ, ਜੋ 31 ਅਗਸਤ 2015 ਦੀ ਪ੍ਰਬੰਧਕ ਕਮੇਟੀ ਚੋਣ ਵਿਚ ਹਿੱਸਾ ਲੈਣ ਦੇ ਯੋਗ ਸਨ, ਦੀ ਮਿਆਦ 4 ਸਾਲ ਲਈ ਹੋਰ ਵਧਾ ਦਿੱਤੀ ਹੈ। ਇਸ ਕਰਕੇ ਅੱਜ ਤੱਕ ਕਿਸੇ ਵੀ ਮੈਂਬਰ ਦੀ ਮੈਂਬਰਸ਼ਿਪ ਮਿਆਦ ਖਤਮ ਨਹੀਂ ਹੋਈ ਅਤੇ ਜਿਨ੍ਹਾਂ ਮੈਂਬਰਾਂ ਦੀ ਮੈਂਬਰਸ਼ਿਪ ਮਿਆਦ 6 ਅਕਤੂਬਰ 2019 ਤੋਂ ਪਹਿਲਾਂ ਖਤਮ ਹੋਣੀ ਹੈ, ਉਨ੍ਹਾਂ ਸਾਰਿਆਂ ਨੂੰ ਕਮੇਟੀ ਵਲੋਂ ਜੁਲਾਈ ਦੇ ਪਹਿਲੇ ਹਫਤੇ ਨੋਟਿਸ ਭੇਜਿਆ ਜਾ ਰਿਹਾ ਹੈ ਤਾਂ ਜੋ ਉਹ ਆਪੋ ਆਪਣੀ ਮੈਂਬਰਸ਼ਿਪ ਰਿਨਿਊ ਕਰਵਾ ਲੈਣ।

(3) ਕਮੇਟੀ ਮੀਟਿੰਗਾਂ ਦੇ ਰਿਕਾਰਡ ਦੀ ਇੰਸਪੈਕਸ਼ਨ ਕਰਨ ਲਈ ਕਮੇਟੀ ਨਾਲ ਸਮਾਂ ਨਿਸ਼ਚਿਤ ਕਰ ਲਓ।

(4) ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਅਤੇ 2015 ਵਿਚ ਕੋਰਟ ਵਲੋਂ ਦਿੱਤੀ ਸਲਾਹ ਮੁਤਾਬਕ ਮੈਂਬਰਾਂ ਦੀ ਲਿਸਟ ਪ੍ਰਬੰਧਕ ਕਮੇਟੀ ਦੀ ਚੋਣ ਲੜ ਰਹੇ ਹਰ ਇੱਕ ਉਮੀਦਵਾਰ ਨੂੰ ਮੁਹੱਈਆ ਹੋਵੇਗੀ, ਜਿਸ ਵਿਚ ਮੈਂਬਰ ਦਾ ਨਾਂ, ਪਤਾ, ਈਮੇਲ, ਫੋਨ ਨੰਬਰ ਹੋਵੇਗਾ।

(5) 2015 ਵਿਚ ਪ੍ਰਬੰਧਕ ਕਮੇਟੀ ਦੀ ਚੋਣ ਲਈ ਭੁਪਿੰਦਰ ਸਿੰਘ ਚੀਮਾ ਉਮੀਦਵਾਰ ਸਨ ਅਤੇ ਉਨ੍ਹਾਂ ਨੂੰ ਜੋ ਮੈਂਬਰਸ਼ਿਪ ਲਿਸਟ ਦਿੱਤੀ ਗਈ ਸੀ, ਉਹ ਉਨ੍ਹਾਂ ਨੇ ਅਜੇ ਤੱਜ ਗੁਰੂ ਘਰ ਨੂੰ ਵਾਪਿਸ ਨਹੀਂ ਕੀਤੀ।

ਪਰ ਇਨ੍ਹਾਂ ਗੁਰੂ ਵਿਰੋਧੀਆਂ ਨੇ ਤਾਂ ਗੁਰੂ ਘਰ ਦੇ ਨਿਰਾਦਰ ਅਤੇ ਬਰਬਾਦੀ ਦੀ ਪ੍ਰਵਾਹ ਨਾ ਕਰਦਿਆਂ ਕਚਹਿਰੀ ਦਾ ਦਰਵਾਜਾ ਖੜਕਾ ਦਿੱਤਾ ਹੈ, ਜਿਸ ਨਾਲ ਗੁਰੂ ਘਰ ਦੀ ਗੋਲਕ, ਸੰਗਤ ਦਾ ਭਾਰੀ ਨੁਕਸਾਨ ਹੋਵੇਗਾ ਅਤੇ ਗੁਰਦੁਆਰਾ ਸਾਹਿਬ ਦਾ ਲਾਜਮ਼ੀ ਨਿਰਾਦਰ ਹੋਵੇਗਾ।

26 ਮਈ (ਐਤਵਾਰ) ਨੂੰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭੁਪਿੰਦਰ ਸਿੰਘ ਢਿੱਲੋਂ ਨੇ ਗੁਰੂ ਘਰ 'ਤੇ ਹੋਏ ਮੁਕੱਦਮੇ (ਲਾਅ ਸੂਟ) ਦੀ ਖਬਰ ਸੰਗਤ ਨਾਲ ਸਾਂਝੀ ਕਰਨ ਦੀ ਜਿੰਮੇਵਾਰੀ ਨਿਭਾਉਣ ਲਈ ਸਟੇਜ ਤੋਂ ਦੱਸਣਾ ਸ਼ੁਰੂ ਕੀਤਾ ਤਾਂ ਸਰਵਜੋਤ ਸਿੰਘ ਸਵੱਦੀ ਇਸ ਨੂੰ ਨਾ ਸਹਾਰਦੇ ਹੋਏ ਉਬਲ ਉਠਿਆ ਅਤੇ ਆਪਣੇ ਜੀਜੇ ਜਸਵੰਤ




ਸਿੰਘ ਹੋਠੀ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਪਿੱਠ ਕਰਕੇ ਉਚੀ-ਉਚੀ ਖਲਲ ਪਾਇਆ ਤੇ ਕਹਿਣ ਲੱਗਾ, ਤੂੰ ਝੂਠ ਬੋਲਦਾ ਹੈਂ, ਕੋਈ ਲਾਅ ਸੂਟ ਨਹੀਂ ਹੋਇਆ, ਤੇਰੇ ਮਾਂ/ਪੇ ਦਾ ਗੁਰਦੁਆਰਾ ਹੈ? ਅਤੇ ਹੋਰ ਬਹੁਤ ਭੈੜੀ ਸ਼ਬਦਾਵਲੀ ਵਰਤੀ, ਜਿਸ ਦਾ ਸਾਧ ਸੰਗਤ ਨੇ ਬਹੁਤ ਬੁਰਾ ਮਨਾਇਆ।

### ਸਾਧ ਸੰਗਤ ਲਈ ਜਾਣਕਾਰੀ

**ਗੁਰੂ ਪਿਆਰੀ ਸਾਧ ਸੰਗਤ ਜੀ, ਤੁਸੀਂ ਖੁਦ ਦੇਖ ਸਕਦੇ ਹੋ ਕਿ ਗੁਰਦੁਆਰਾ ਸਾਹਿਬ 'ਤੇ ਲਾਅ ਸੂਟ ਹੋਇਆ ਹੈ, ਭੁਪਿੰਦਰ ਸਿੰਘ ਚੀਮਾ ਨੇ ਹਰਪਾਲ ਸਿੰਘ ਨਾਲ ਰਲ ਕੇ ਗੁਰਦੁਆਰਾ ਸਾਹਿਬ ਸੈਨ ਹੋਜੇ 'ਤੇ ਲਾਅ ਸੂਟ ਕੀਤਾ ਹੈ। ਸਰਵਜੋਤ ਸਿੰਘ ਸਵੱਦੀ ਅਤੇ ਨੀਤੂ ਸਿੰਘ ਕਾਹਲੋਂ ਇਸ ਕੋਰਟ ਕੇਸ ਵਿਚ ਗਵਾਹ ਵਜੋਂ ਦਰਜ ਹਨ।**

**ਗੁਰੂ ਪਿਆਰੀ ਸਾਧ ਸੰਗਤ ਜੀ, ਇਸ ਗੁਰੂ ਘਰ ਨੇ ਪਿਛਲੇ ਸਮੇਂ ਵਿਚ ਜੋ ਤਰੱਕੀ ਕੀਤੀ, ਆਪ ਜੀ ਦੇ ਸਾਹਮਣੇ ਹੈ। ਸਾਲ 2011 ਵਿਚ ਜਦੋਂ ਆਪਾਂ ਨਵੀਂ ਬਿਲਡਿੰਗ ਮੁਕੰਮਲ ਕੀਤੀ, 13.5 ਮਿਲੀਅਨ ਡਾਲਰ ਲੋਨ ਦੀ 60 ਹਜ਼ਾਰ ਡਾਲਰ ਪ੍ਰਤੀ ਮਹੀਨਾ ਕਿਸ਼ਤ ਸ਼ੁਰੂ ਹੋਣ ਨਾਲ ਸਿਰਫ ਆਈ-ਚਲਾਈ ਹੀ ਚਲਦੀ ਸੀ। ਕਈ ਵਾਰ ਤਾਂ ਬਿੱਲ ਰੋਕ ਕੇ ਕਿਸ਼ਤ ਦਿੱਤੀ ਜਾਂਦੀ ਸੀ। ਅਕਾਲ ਪੁਰਖ ਦੀ ਮਿਹਰ ਅਤੇ ਪ੍ਰਬੰਧਕ ਕਮੇਟੀ ਨੂੰ ਆਪ ਜੀ ਦੇ ਲਗਾਤਾਰ ਸੰਪੂਰਨ ਸਹਿਯੋਗ ਦੁਆਰਾ, ਆਪਾਂ ਇਕ ਮਿਲੀਅਨ 50 ਹਜ਼ਾਰ ਡਾਲਰ ਦਾ ਸੋਲਰ ਸਿਸਟਮ ਕੈਸ਼ ਖਰੀਦਿਆ ਹੈ, ਬੱਚਿਆਂ ਲਈ ਖੇਡ ਮਦਾਨ ਅਤੇ ਗਰਾਊਂਡਾਂ ਬਣਾਈਆਂ, ਅਤੇ ਹੁਣ ਗੁਰੂ ਘਰ ਕੋਲ ਪੌਣੇ 2 ਮਿਲੀਅਨ ਡਾਲਰ ਬੈਂਕ ਵਿਚ ਹਨ। ਹਰ ਸਾਲ ਗੁਰੂ ਘਰ ਦਾ ਆਡਿਟ ਹੁੰਦਾ ਹੈ ਅਤੇ ਉਸ ਦੀਆਂ ਸਾਰੀਆਂ ਰਿਪੋਰਟਾਂ ਗੁਰਦੁਆਰਾ ਸਾਹਿਬ ਦੀ ਵੈਬ ਸਾਈਟ 'ਤੇ ਉਪਲਭਦ ਹਨ।**

**ਅਸੀਂ ਸਮੂਹ ਸਾਧ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਗੁਰੂ ਘਰ ਦੇ ਵੱਧ ਤੋਂ ਵੱਧ ਮੈਂਬਰ ਰਜਿਸਟਰ ਹੋਵੋ, ਤਾਂ ਕਿ ਤੁਸੀਂ ਗੁਰੂ ਘਰ ਲਈ ਇਹੋ ਜਿਹੇ ਪ੍ਰਬੰਧਕ ਕਮੇਟੀ ਮੈਂਬਰ ਚੁਣ ਸਕੋ, ਜੋ ਗੁਰਦੁਆਰਾ ਸਾਹਿਬ ਨੂੰ ਕੋਰਟ ਕਚਹਿਰੀਆਂ ਵੱਲ ਲੈ ਜਾਣ ਦੀ ਥਾਂ ਬੁਲੰਦੀਆਂ ਵੱਲ ਲੈ ਕੇ ਜਾਣ ਦੀ ਯੋਗਤਾ ਰੱਖਦੇ ਹੋਣ।**

## ਵਲੋਂ: ਪ੍ਰਬੰਧਕ ਕਮੇਟੀ, ਗੁਰਦੁਆਰਾ ਸਾਹਿਬ ਸੈਨ ਹੋਜੇ

Paid Advt.

# ਹਾਈ ਕੋਰਟ ਨੇ ਪਸ਼ੂਆਂ ਦੇ ਅਧਿਕਾਰਾਂ ਨੂੰ ਦੱਸਿਆ ਮਨੁੱਖਾਂ ਬਰਾਬਰ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਕ ਵਿਲੱਖਣ ਕਿਸਮ ਦਾ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਮਨੁੱਖਾਂ ਦੀ ਤਰ੍ਹਾਂ ਪਸ਼ੂਆਂ ਤੇ ਪੰਛੀਆਂ ਦੇ ਵੀ ਕਾਨੂੰਨੀ ਅਧਿਕਾਰ ਹਨ। ਇਸ ਦੇ ਨਾਲ ਹੀ ਮਨੁੱਖਾਂ ਨੂੰ ਪਸ਼ੂ ਸੰਸਾਰ ਦੇ ਸਰਪ੍ਰਸਤ ਐਲਾਨਦਿਆਂ ਕਿਹਾ ਹੈ ਕਿ ਇਨ੍ਹਾਂ ਦੀ ਸੁਰੱਖਿਆ ਅਤੇ ਭਲਾਈ ਕਰਨੀ ਮਨੁੱਖਾਂ ਦਾ ਫਰਜ਼ ਹੈ ਅਤੇ ਪਸ਼ੂਆਂ ਨਾਲ ਹਮਦਰਦੀ ਭਰਿਆ ਵਤੀਰਾ ਕਰਨਾ ਚਾਹੀਦਾ ਹੈ। ਅਦਾਲਤ ਨੇ ਹਰਿਆਣਾ ਵਿਚ ਪਸ਼ੂਆਂ ਦੇ ਮਨੁੱਖਾਂ ਬਰਾਬਰ ਕਾਨੂੰਨੀ ਹੱਕ ਮੰਨ ਲਏ ਹਨ।




ਇਸ ਦੇ ਨਾਲ ਹੀ ਇਸ ਮਾਮਲੇ ਵਿਚ ਕਈ ਨਿਰਦੇਸ਼ ਜਾਰੀ ਕਰਦਿਆਂ ਅਦਾਲਤ ਨੇ ਪਸ਼ੂਆਂ ਰਾਹੀਂ ਢੋਏ ਜਾਣ ਵਾਲਾ ਭਾਰ ਅਤੇ ਗੱਡੇ ਉਤੇ ਬੈਠੇ ਮਨੁੱਖਾਂ ਦੀ ਗਿਣਤੀ ਵੀ ਚਾਰ ਨਿਸ਼ਚਤ ਕਰ ਦਿੱਤਾ ਹੈ। ਇਸ ਦੇ ਨਾਲ ਹੀ ਅਦਾਲਤ ਨੇ ਵਧੇਰੇ ਗਰਮੀ ਅਤੇ ਅਤਿ ਸਰਦੀ ਵਿਚ ਪਸ਼ੂਆਂ ਦੇ ਰੇਹੜੇ- ਰੇਹੜੀਆਂ ਖਿੱਚਣ ਉਤੇ ਵੀ ਰੋਕ ਲਾ ਦਿੱਤੀ ਹੈ। ਗਰਮੀਆਂ ਵਿਚ ਸਵੇਰੇ ਗਿਆਰਾਂ ਵਜੇ ਤੋਂ ਸ਼ਾਮ ਚਾਰ ਵਜੇ ਅਤੇ ਸਰਦੀਆਂ ਵਿਚ ਰਾਤ ਦਸ ਵਜੇ ਤੋਂ ਸਵੇਰੇ ਸੱਤ ਵਜੇ ਤੱਕ ਪਸ਼ੂਆਂ ਤੋਂ ਕੰਮ ਨਹੀਂ ਲਿਆ ਜਾ ਸਕਦਾ। ਇਸ ਦੇ ਨਾਲ ਹੀ ਬਲਦ, ਖੱਚਰ, ਘੋੜੇ ਹੱਕਣ ਲਈ ਛੈਂਟਾ, ਪਰੈਣੀ ਵਿਚ ਆਰ ਲਾਉਣੀ ਜਾਂ ਜੂਲੇ ਦੇ ਥੱਲੇ ਜੋਤ ਲਾਉਣ ਆਦਿ ਦੇ ਨਾਲ ਪਸ਼ੂਆਂ ਨੂੰ ਹੋਰ ਤਸੀਹੇ ਦੇਣ ਵਾਲੇ ਯੰਤਰ ਵਰਤਣ ਉਤੇ ਵੀ ਪਾਬੰਦੀ ਲਾ ਦਿੱਤੀ ਹੈ। ਇਹ ਪਾਬੰਦੀ ਹਰਿਆਣਾ ਵਿੱਚ ਲਾਗੂ ਹੋਵੇਗੀ।

ਪਸ਼ੂਆਂ ਨੂੰ ਬੇਆਰਾਮੀ ਤੋਂ ਬਚਾਉਣ ਲਈ ਜਸਟਿਸ ਰਾਜੀਵ ਸ਼ਰਮਾ ਨੇ ਪੁਲਿਸ ਨੂੰ ਹਦਾਇਤ ਦਿੱਤੀ ਹੈ ਕਿ ਬਲਦਾਂ ਵੱਲੋਂ ਗੱਡੇ ਖਿੱਚਣ ਲਈ ਵੀ ਰਸਤੇ ਦਾ ਹੱਕ ਦਿੱਤਾ ਜਾਵੇ। ਪਸ਼ੂਆਂ ਦੀ ਵਰਤੋਂ ਸਿਰਫ ਦਿਨ ਦੇ ਵਿਚ 9 ਘੰਟੇ ਹੀ ਕੀਤੀ ਜਾ ਸਕਦੀ ਹੈ। ਇਕ ਸਮੇਂ ਵਿਚ ਪੰਜ ਘੰਟੇ ਤੋਂ ਵੱਧ ਬਲਦਾਂ, ਖੱਚਰਾਂ ਜਾਂ ਹੋਰ ਪਸ਼ੂਆਂ ਤੋਂ ਕੰਮ ਨਹੀਂ ਲਿਆ ਜਾ ਸਕਦਾ। ਜਸਟਿਸ ਸ਼ਰਮਾ ਨੇ ਆਪਣੇ 104 ਸਫਿਆਂ ਦੇ ਫੈਸਲੇ ਵਿਚ ਕਿਹਾ ਹੈ ਕਿ 'ਜੀਓ ਅਤੇ ਜਿਉਣ ਦਿਓ' ਤਹਿਤ ਪਸ਼ੂਆਂ ਦੇ ਵੀ ਹੱਕ ਹਨ। ਇਹ ਫੈਸਲਾ ਉਨ੍ਹਾਂ ਨੇ 29 ਗਾਵਾਂ ਨੂੰ ਬੇਹਰਿਮੀ ਨਾਲ ਨੂੜ ਕੇ ਦੋ ਟਰੱਕਾਂ ਵਿਚ ਹਰਿਆਣਾ ਤੋਂ ਉਤਰ ਪ੍ਰਦੇਸ਼ ਨੂੰ ਭਰ ਕੇ ਲੈ ਜਾਏ ਜਾਣ ਦੀ ਇਕ ਸ਼ਿਕਾਇਤ ਦਾ ਨਿਪਟਾਰਾ ਕਰਦਿਆਂ ਸੁਣਾਇਆ ਹੈ।

# ਮਜ਼ਦੂਰਾਂ ਦੀ ਕਰਜ਼ਾ ਮੁਆਫੀ ਤੋਂ ਭੱਜੀ ਸਰਕਾਰ

**ਪਟਿਆਲਾ:** ਪੰਜਾਬ ਸਰਕਾਰ ਨੇ ਬੇਜ਼ਮੀਨੇ ਕਰਜ਼ਾਈ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰਨ ਤੋਂ ਹੱਥ ਪਿੱਛੇ ਖਿੱਚ ਲਿਆ ਹੈ। ਇਸ ਤੋਂ ਪਹਿਲਾਂ ਖੇਤ ਮਜ਼ਦੂਰ ਯੂਨੀਅਨ ਨਾਲ ਵੀ ਕਿਸਾਨ ਕਮਿਸ਼ਨ ਵੱਲੋਂ ਗੱਲ ਕੀਤੀ ਗਈ ਸੀ ਪਰ ਉਸ ਤੋਂ ਬਾਅਦ ਪੰਜਾਬ ਸਰਕਾਰ ਨੇ ਅੱਗੇ ਕੋਈ ਕਾਰਵਾਈ ਨਹੀਂ ਕੀਤੀ।



ਜਾਣਕਾਰੀ ਅਨੁਸਾਰ ਪੰਜਾਬ ਦੇ ਮਜ਼ਦੂਰ ਵਿੱਤ ਤੇ ਭੌਂ ਕਾਰਪੋਰੇਸ਼ਨ ਦੇ 50 ਕਰੋੜ ਦੇ ਦੇਣਦਾਰ ਹਨ ਜਦ ਕਿ ਸਹਿਕਾਰੀ ਸਭਾਵਾਂ ਦਾ 450 ਕਰੋੜ ਰੁਪਏ ਦਾ ਕਰਜਾ ਹੈ। ਬਾਕੀ ਕਰਜ਼ਾ ਮਜ਼ਦੂਰਾਂ ਨੇ ਨਿੱਜੀ ਸੰਸਥਾਵਾਂ ਤੋਂ ਲਿਆ ਹੋਇਆ ਹੈ। ਸਹਿਕਾਰੀ ਸਭਾ ਦੇ ਅਧਿਕਾਰਤ ਸੂਤਰਾਂ ਅਨੁਸਾਰ ਪੰਜਾਬ ਵਿਚ ਸਹਿਕਾਰੀ ਸਭਾਵਾਂ ਇਕ ਸਾਲ ਵਿਚ ਖੇਤ ਮਜ਼ਦੂਰ ਨੂੰ 10 ਹਜ਼ਾਰ ਰੁਪਏ ਦਾ ਕਰਜ਼ਾ ਦਿੰਦੀਆਂ ਹਨ, ਜਿਸ ਵਿਚੋਂ ਦੋ ਹਜ਼ਾਰ ਦਾ ਸੌਦਾ ਪੱਤਾ ਲੈਣਾ ਹੁੰਦਾ ਹੈ ਤੇ ਬਾਕੀ 8 ਹਜ਼ਾਰ ਉਸ ਨੂੰ ਨਗਦ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ 25 ਹਜ਼ਾਰ ਦਾ ਕਰਜ਼ਾ ਦੇਣ ਬਾਰੇ ਵੀ ਮਨਜ਼ੂਰੀ ਦਿੱਤੀ ਗਈ ਹੈ ਪਰ ਇਹ ਕਰਜ਼ਾ ਕੋਈ ਜ਼ਮੀਨ ਵਾਲੇ ਦੀ ਜ਼ਾਮਨੀ 'ਤੇ ਹੀ ਦਿੱਤਾ ਜਾਂਦਾ ਹੈ। ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਇਨ੍ਹਾਂ ਮਜ਼ਦੂਰਾਂ ਦਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਗਿਆ ਸੀ ਤਾਂ ਮਜ਼ਦੂਰਾਂ ਨੇ ਵੀ ਕਰਜ਼ਾ ਭਰਨਾ ਬੰਦ ਕਰ ਦਿੱਤਾ ਜਿਸ ਕਰਕੇ ਉਹ ਡਿਫਾਲਟਰ ਹੋ ਗਏ ਹੁਣ ਉਨ੍ਹਾਂ ਦੇ ਕਰਜ਼ੇ 'ਤੇ 11.50 ਦੀ ਥਾਂ 14% ਵਿਆਜ ਲੱਗ ਰਿਹਾ ਹੈ। ਸਹਿਕਾਰੀ ਸਭਾ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਕੋਲੋਂ ਪੰਜਾਬ ਸਰਕਾਰ ਨੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਲਈ ਤਾਂ ਲਿਸਟਾਂ ਮੰਗੀਆਂ ਹਨ ਪਰ ਮਜ਼ਦੂਰਾਂ ਦੇ ਕਰਜ਼ੇ ਮੁਆਫ਼ੀ ਦੀਆਂ ਲਿਸਟਾਂ ਅਜੇ ਤੱਕ ਨਹੀਂ ਮੰਗੀਆਂ ਗਈਆਂ।

## ਪੰਜਾਬ 'ਚ ਕਰਜ਼ੇ ਦੇ ਦੈਂਤ ਦਾ ਕਹਿਰ ਜਾਰੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 2017 'ਚ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਤੁਸੀਂ ਖੁਦਕੁਸ਼ੀਆਂ ਨਾ ਕਰੋ, ਸਰਕਾਰ ਬਣਨ 'ਤੇ ਤੁਹਾਡੇ ਸਾਰੇ ਕਰਜ਼ੇ ਮੁਆਫ ਕਰ ਦਿੱਤੇ ਜਾਣਗੇ ਪਰ ਕੈਪਟਨ ਦੀ ਸਰਕਾਰ ਬਣਨ ਪਿੱਛੋਂ ਪੰਜਾਬ 'ਚ ਕਰਜ਼ੇ ਦੇ ਦੈਂਤ ਦਾ ਕਹਿਰ ਜਾਰੀ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਸੰਗਰੂਰ ਵਿਖੇ ਜਾਰੀ ਰਿਪੋਰਟ 'ਚ ਦੱਸਿਆ ਗਿਆ ਕਿ 1 ਅਪ੍ਰੈਲ ਤੋਂ ਲੈ ਕੇ 31 ਮਈ ਤੱਕ ਦੇ ਦੋ ਮਹੀਨਿਆਂ ਦੇ ਅਰਸੇ ਦੌਰਾਨ ਹੀ ਸੂਬੇ 'ਚ 66 ਕਿਸਾਨਾਂ, 19 ਮਜ਼ਦੂਰਾਂ ਅਤੇ 6 ਔਰਤਾਂ ਨੇ ਮੌਤ ਨੂੰ ਗਲੇ ਲਗਾ ਲਿਆ ਹੈ। ਭਾਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਅਤੇ ਪ੍ਰੈੱਸ ਸਕੱਤਰ ਸੁਖਪਾਲ ਸਿੰਘ ਕਣਕਵਾਲ ਨੇ ਰਿਪੋਰਟ ਜਾਰੀ ਕਰਨ ਤੋਂ ਬਾਅਦ ਕਿਹਾ ਕਿ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਹਰੀ ਕ੍ਰਾਂਤੀ ਅਤੇ ਮੌਜੂਦਾ ਰਾਜ ਪ੍ਰਬੰਧ ਦੀ ਦੇਣ ਹਨ।

# ਜੀ.ਐਸ.ਟੀ. ਵਿਚ ਨਰਮੀ ਬਾਰੇ ਕੈਪਟਨ ਨੇ ਮੋਦੀ ਨੂੰ ਭੇਜੇ ਸੁਝਾਅ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜੀ.ਐਸ.ਟੀ. 1.1 ਦੇ ਪਾੜੇ ਨੂੰ ਭਰਨ ਅਤੇ ਇਸ ਨੂੰ ਲਾਗੂ ਕਰਨ ਨਾਲ ਵਪਾਰ ਨੂੰ ਦਰਪੇਸ਼ ਸਮੱਸਿਆਵਾਂ ਨੂੰ ਖਤਮ ਕਰਨ ਲਈ 101 ਠੋਸ ਸੁਝਾਵਾਂ ਨਾਲ ਜੀ.ਐਸ.ਟੀ. 2.0 ਅਮਲ ਵਿਚ ਲਿਆਉਣ ਲਈ ਸੁਝਾਅ ਦਿੱਤੇ ਹਨ।

ਪ੍ਰਧਾਨ ਮੰਤਰੀ ਨੂੰ ਭੇਜੇ ਆਪਣੇ ਪੱਤਰ ਵਿਚ ਕੈਪਟਨ ਨੇ ਮੋਦੀ ਨੂੰ ਲੋਕ ਸਭਾ ਚੋਣਾਂ ਵਿਚ ਮਿਲੀ ਸ਼ਾਨਦਾਰ ਜਿੱਤ ਲਈ ਵਧਾਈ ਦਿੰਦਿਆਂ ਕਿਹਾ ਕਿ ਉਹ ਸੂਬੇ ਤੇ ਭਾਰਤ ਦੇ ਲੋਕਾਂ ਦੀ ਖੁਸ਼ਹਾਲੀ ਲਈ ਪ੍ਰਧਾਨ ਮੰਤਰੀ ਨਾਲ ਮਿਲ ਕੇ ਕੰਮ ਕਰਨ ਦੀ ਤਵੱਕੋ ਰੱਖਦੇ ਹਨ। ਮੁੱਖ ਮੰਤਰੀ ਨੇ ਜੀ.ਐਸ.ਟੀ. ਮਾਲੀਏ ਵਿਚ ਸੁਧਾਰ ਲਿਆਉਣ ਲਈ ਬਹੁਤ ਸਾਰੇ ਸੁਝਾਅ ਦਿੱਤੇ ਹਨ, ਜਿਨ੍ਹਾਂ ਨਾਲ ਪੰਜਾਬ ਨੂੰ ਆਪਣਾ ਮਾਲੀ ਘਾਟਾ ਘਟਾਉਣ ਵਿਚ ਮਦਦ ਮਿਲੇਗੀ। ਉਨ੍ਹਾਂ ਸੀ.ਜੀ.ਐਸ.ਟੀ. ਦਰਾਂ ਤੋਂ ਐਸ.ਜੀ.ਐਸ.ਟੀ. ਦਰਾਂ ਵੱਧ ਰੱਖਣ ਦਾ ਵੀ ਸੁਝਾਅ ਦਿੱਤਾ ਤਾਂ ਜੋ ਸਾਰੇ ਸੂਬਿਆਂ ਨੂੰ ਭਾਰੀ ਭਰਕਮ ਘਾਟੇ ਦੀ ਢਾਹ ਨਾ ਲੱਗੇ।

ਮੁੱਖ ਮੰਤਰੀ ਨੇ ਜੀ.ਐਸ.ਟੀ. ਦੇ ਮੁਢਲੇ ਪੜਾਅ ਵਿਚ ਵਪਾਰਕ ਸਰਕਲ ਵਿਚ ਪੈਦਾ ਹੋਏ ਗੰਭੀਰ ਭੰਬਲਭੂਸੇ ਕਾਰਨ ਨਿਯਮਾਂ ਦੀਆਂ ਹੋਈਆਂ ਉਲੰਘਣਾਵਾਂ ਵਿਚੋਂ ਉਭਰਨ ਲਈ ਆਮ ਮੁਆਫੀ ਸਕੀਮ ਦਾ ਸੁਝਾਅ ਦਿੱਤਾ। ਉਨ੍ਹਾਂ ਕਿਹਾ ਕਿ ਵੈਟ ਵਰਾਸਤੀ ਮੁੱਦੇ ਲਗਾਤਾਰ ਜਾਰੀ ਰੱਖਣ ਦੀ ਕੋਈ ਜ਼ਰੂਰਤ ਨਹੀਂ ਹੈ ਤੇ ਇਨ੍ਹਾਂ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਆਦਰਸ਼ ਰੂਪ ਵਿਚ ਇਕਹਿਰੀਆਂ ਜੀ.ਐਸ.ਟੀ. ਦਰਾਂ ਹੋਣੀਆਂ ਚਾਹੀਦੀਆਂ ਹਨ। ਇਹ ਕਿਸੇ ਵੀ ਚੈਪਟਰ ਲਈ ਦੋ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆਂ। ਇਸ ਦੇ ਨਾਲ ਇਕੋ ਕਿਸਮ ਦੀ ਸਪਲਾਈ ਲਈ ਟੈਕਸ ਦਰਾਂ ਵਿਚ ਇਕਸਾਰਤਾ ਯਕੀਨੀ ਬਣੇਗੀ ਤੇ ਇਸ ਨਾਲ ਵਰਗੀਕ੍ਰਿਤ ਝਗੜਿਆਂ ਤੋਂ ਬਚਿਆ ਜਾ ਸਕੇਗਾ।

ਇਸ ਦੇ ਨਾਲ ਹੀ ਕੈਪਟਨ ਨੇ ਬਿਜਲੀ, ਰੀਅਲ ਅਸਟੇਟ ਤੇ ਪੈਟਰੋਲੀਅਮ ਨੂੰ ਸ਼ਾਮਲ ਕਰਕੇ ਜੀ.ਐਸ.ਟੀ. ਦੇ ਘੇਰੇ ਨੂੰ ਵਧਾਉਣ ਦਾ ਸੁਝਾਅ ਦਿੱਤਾ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਕੁੰਜੀਵਤ ਸੈਕਟਰਾਂ ਵਿਚ ਬਿਜਲੀ ਉਤਪਾਦਨ ਲਾਗਤ ਦਾ 30 ਫੀਸਦ ਤੱਕ ਹੈ ਤੇ ਇਸ ਨੂੰ ਜੀ.ਐਸ.ਟੀ. ਤੋਂ ਵੱਖਰਾ ਕਰਨ ਦੇ ਨਤੀਜੇ ਵਜੋਂ ਇਸ ਵਿਚ 10 ਫੀਸਦ ਤੱਕ ਵੱਡੀ ਕਮੀ ਆਵੇਗੀ। ਜੀ.ਐਸ.ਟੀ. ਮਗਰੋਂ ਸੁਭਾਵਿਕ ਤੌਰ 'ਤੇ ਐਮ.ਐਸ.ਐਮ.ਈ. ਕਠਿਨਾਈ ਦਾ ਸਾਹਮਣਾ ਕਰ ਰਹੀ ਹੈ। ਇਸ ਸਥਿਤੀ ਵਿਚ ਪੰਜਾਬ ਵਰਗੇ ਬਹੁਤ ਸਾਰੇ ਸੂਬਿਆਂ ਨੂੰ ਮਾਲੀਏ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ ਕਿਉਂਕਿ ਇਨ੍ਹਾਂ ਉਤਪਾਦਾਂ 'ਤੇ ਲੱਗੇ ਟੈਕਸ ਪੈਦਾ ਹੋਣ ਵਾਲੀ ਥਾਂ 'ਤੇ ਪ੍ਰਾਪਤ ਕੀਤੇ ਜਾਂਦੇ ਹਨ।

# ਪੰਜਾਬ 'ਚ ਮੱਧ ਵਰਗ ਦੇ ਗਰੀਬਾਂ ਨੂੰ ਮਿਲੇਗਾ 10 ਫੀਸਦੀ ਰਾਖਵਾਂਕਰਨ

**ਚੰਡੀਗੜ੍ਹ:** ਮੱਧ ਵਰਗ ਦੇ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਨੌਕਰੀਆਂ ਵਿਚ 10 ਫੀਸਦੀ ਰਾਖਵਾਂਕਰਨ ਦਾ ਲਾਭ ਮਿਲ ਸਕੇਗਾ। ਇਹ ਲਾਭ ਸਿੱਧੀ ਭਰਤੀ ਅਤੇ ਹੋਰ ਸਰਕਾਰੀ ਨੌਕਰੀਆਂ ਲਈ ਮਿਲੇਗਾ। ਪੰਜਾਬ ਦੀ ਕਾਂਗਰਸ ਸਰਕਾਰ ਨੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਲਾਗੂ ਕਰਨ ਦਾ ਫੈਸਲਾ ਲੈਂਦਿਆਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਸਮਾਜਿਕ ਨਿਆਂ, ਅਧਿਕਾਰ ਅਤੇ ਘੱਟ ਗਿਣਤੀਆਂ ਵਿਭਾਗ ਨੇ ਰਾਖਵਾਂਕਰਨ ਸੈੱਲ ਨੇ ਸਾਰੇ ਵਿਭਾਗਾਂ ਨੂੰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

ਰਾਖਵਾਂਕਰਨ ਦਾ ਲਾਭ ਲੈਣ ਲਈ ਸਬੰਧਤ ਪਰਿਵਾਰ ਨੂੰ ਤਹਿਸੀਲਦਾਰ ਜਾਂ ਉਸ ਤੋਂ ਉਚ ਅਹੁਦੇ ਦੇ ਅਧਿਕਾਰੀ ਤੋਂ ਆਮਦਨ ਅਤੇ ਸੰਪਤੀ ਦਾ ਪ੍ਰਮਾਣ ਪੱਤਰ ਲੈਣਾ ਪਵੇਗਾ। ਇਸ ਪ੍ਰਮਾਣ ਪੱਤਰ ਨੂੰ ਹਾਸਲ ਕਰ ਸਕਣ ਵਾਲੇ ਲੋਕ, ਜੋ ਬਾਕੀ ਮਾਪਦੰਡਾਂ ਨੂੰ ਵੀ ਪੂਰਾ ਕਰਦੇ ਹੋਣ, ਪਹਿਲੀ ਫਰਵਰੀ 2019 ਜਾਂ ਇਸ ਪਿਛੋਂ ਆਏ ਇਸ਼ਤਿਹਾਰਾਂ ਤੇ ਨੋਟੀਫਾਈ ਹੋਈਆਂ ਕੇਂਦਰ ਦੀਆਂ ਸਾਰੀਆਂ ਨੌਕਰੀਆਂ 'ਚ ਰਾਖਵਾਂਕਰਨ ਦਾ ਲਾਭ ਲੈ ਸਕਣਗੇ। ਇਸ ਤੋਂ ਇਲਾਵਾ 28 ਮਈ ਪਿਛੋਂ ਉਹ ਰਾਜ ਸਰਕਾਰ ਦੀਆਂ ਨੌਕਰੀਆਂ ਵਿਚ ਰਾਖਵਾਂਕਰਨ ਦਾ ਲਾਭ ਲੈ ਸਕਣਗੇ।

ਰਾਖਵਾਂਕਰਨ ਲਈ ਅਪਲਾਈ ਕਰਨ ਵਾਲਿਆਂ ਨਾਲ ਮਾਤਾ-ਪਿਤਾ, 18 ਸਾਲ ਤੋਂ ਘੱਟ ਉਮਰ ਦੇ ਭੈਣ-ਭਰਾ, ਪਤਨੀ, ਨਾਬਾਲਗ ਬੱਚਿਆਂ ਨੂੰ ਪਰਿਵਾਰ ਦੀ ਸ਼੍ਰੇਣੀ ਵਿਚ ਰੱਖਿਆ ਜਾਵੇਗਾ। ਇਸ ਦੌਰਾਨ ਖੇਤੀ, ਨੌਕਰੀ, ਵਪਾਰ ਅਤੇ ਹੋਰ ਮੱਦਾਂ ਦੇ ਪੱਖ ਤੋਂ ਪਰਿਵਾਰ ਦੀ ਕੁੱਲ ਆਮਦਨ ਜੋੜੀ ਜਾਵੇਗੀ, ਇਹ 8 ਲੱਖ ਤੋਂ ਘੱਟ ਹੋਣੀ ਚਾਹੀਦੀ ਹੈ। ਜਿਨ੍ਹਾਂ ਪਰਿਵਾਰਾਂ ਕੋਲ ਪੰਜ ਏਕੜ ਜਾਂ ਇਸ ਤੋਂ ਵੱਧ ਦੀ ਖੇਤੀ ਯੋਗ ਜ਼ਮੀਨ ਜਾਂ ਇਕ ਹਜ਼ਾਰ ਵਰਗ ਫੁੱਟ ਜਾਂ ਇਸ ਤੋਂ ਵੱਧ ਖੇਤਰਫਲ ਦਾ ਘਰ ਹੋਵੇਗਾ, ਉਨ੍ਹਾਂ ਨੂੰ ਰਾਖਵਾਂਕਰਨ ਨਹੀਂ ਮਿਲੇਗਾ। ਉਹ ਲੋਕ ਜਿਨ੍ਹਾਂ ਕੋਲ 200 ਗਜ਼ ਤੋਂ ਵੱਧ ਦੀ ਨਿਗਮ ਦੀ ਗੈਰ-ਨੋਟੀਫਾਈਡ ਜ਼ਮੀਨ ਹੈ ਜਾਂ ਜਿਨ੍ਹਾਂ ਕੋਲ 100 ਗਜ਼ ਜਾਂ ਇਸ ਤੋਂ ਵੱਧ ਦੀ ਨੋਟੀਫਾਈਡ ਜ਼ਮੀਨ ਹੈ, ਉਹ ਵੀ ਰਾਖਵਾਂਕਰਨ ਸੀਮਾ ਤੋਂ ਬਾਹਰ ਹੋਣਗੇ।

# ਬੁਰਜ, ਬਰਗਾੜੀ ਬੇਅਦਬੀ ਸਬੰਧੀ ਪਸ਼ਚਾਤਾਪ ਦਿਹਾੜਾ ਮਨਾਇਆ

**ਬਰਗਾੜੀ:** ਸਿੱਖ ਜਥੇਬੰਦੀਆਂ ਨੇ ਗੁਰਦੁਆਰਾ ਸਾਹਿਬ ਬਰਗਾੜੀ ਵਿਖੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਦੀ ਅਗਵਾਈ ਹੇਠ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 2015 'ਚ ਹੋਈ ਬੇਅਦਬੀ ਦੇ ਰੋਸ ਵਜੋਂ ਸਾਲਾਨਾ ਪਸ਼ਚਾਤਾਪ ਦਿਹਾੜਾ ਮਨਾਇਆ ਗਿਆ।

ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਰਕਾਰੀ ਤੰਤਰ ਦੀ ਨਾਕਾਮੀ ਕਾਰਨ ਬੇਅਦਬੀ ਦੇ ਦੋਸ਼ੀ ਅਜੇ ਤੱਕ ਗ੍ਰਿਫਤਾਰ ਨਹੀਂ ਕੀਤੇ ਗਏ। ਬਾਦਲ ਸਰਕਾਰ ਸਮੇਂ ਬੇਅਦਬੀ ਦੇ ਦੋਸ਼ੀਆਂ ਨੂੰ ਸੁਰੱਖਿਆ ਮਿਲਦੀ ਰਹੀ ਅਤੇ ਹੁਣ ਬਾਦਲ ਸਾਹਿਬ ਬੇਅਦਬੀ ਦੇ ਦੋਸ਼ਾਂ ਕਾਰਨ ਜੇਲ੍ਹ ਜਾਣਗੇ। ਉਨ੍ਹਾਂ ਕਿਹਾ ਕਿ ਕੁਝ ਬਰਗਾੜੀ ਮੋਰਚੇ 'ਚ ਸ਼ਾਮਲ ਲੋਕਾਂ ਨੇ ਹੀ ਮੋਰਚੇ ਨਾਲ ਗੱਦਾਰੀ ਕੀਤੀ। ਉਨ੍ਹਾਂ ਗਿਲਾ ਕਰਦਿਆਂ ਕਿਹਾ ਕਿ ਸਿੱਖ ਕੌਮ ਨੇ ਬਰਗਾੜੀ ਬੇਅਦਬੀ ਅਤੇ 1984 ਦੇ ਦੋਸ਼ੀਆਂ ਨੂੰ ਹੀ ਫਿਰ ਵੋਟਾਂ ਪਾ ਦਿੱਤੀਆਂ ਅਤੇ ਪੰਥਕ ਆਗੂਆਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਸਮਾਗਮ ਦੀ ਸਮਾਪਤੀ ਤੋਂ ਬਾਅਦ ਮੀਡੀਆ ਵੱਲੋਂ ਪੁੱਛੇ ਕੁਝ ਸਵਾਲਾਂ ਤੋਂ ਤਲਖੀ 'ਚ ਆਏ ਸਿਮਰਨਜੀਤ ਸਿੰਘ ਮਾਨ ਨੇ ਕੁਝ ਮੀਡੀਆ ਨੂੰ ਵਿਕਾਊ ਦੱਸਿਆ।

ਜਥੇਦਾਰ ਧਿਆਨ ਸਿੰਘ ਮੰਡ ਨੇ ਕਿਹਾ ਕਿ ਪਸ਼ਚਾਤਾਪ ਦਿਹਾੜਾ ਹਰ ਸਾਲ ਮਨਾਇਆ ਜਾਵੇਗਾ। ਸਰਕਾਰੀ ਸਿਸਟਮ ਨੇ ਬੇਅਦਬੀ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਥਾਂ ਬਚਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਖੁਲਾਸਾ ਕਰਦਿਆਂ ਕਿਹਾ ਕਿ ਲੋਕ ਸਭਾ ਚੋਣਾਂ ਸਮੇਂ ਸੁਖਪਾਲ ਸਿੰਘ ਖਹਿਰਾ, ਸਿਮਰਨਜੀਤ ਸਿੰਘ ਬੈਂਸ, ਰਣਜੀਤ ਸਿੰਘ ਬ੍ਰਹਮਪੁਰਾ, ਭਗਵੰਤ ਸਿੰਘ ਮਾਨ, ਬੀਬੀ ਖਾਲੜਾ, ਬਹੁਜਨ ਸਮਾਜ ਪਾਰਟੀ ਆਦਿ ਕੋਲ ਜਾ ਕੇ ਇਕੱਠੇ ਚੋਣਾਂ ਲੜਨ ਦੀ ਅਪੀਲ ਕੀਤੀ ਜੋ ਕਿਸੇ ਨੇ ਨਹੀਂ ਮੰਨੀ। ਇਹ ਸਾਰੇ ਆਗੂ ਬਰਗਾੜੀ ਮੋਰਚੇ 'ਚ ਸਿਆਸੀ ਲਾਭ ਲਈ ਹੀ ਆਉਂਦੇ ਰਹੇ ਪਰ ਸਿਮਰਨਜੀਤ ਸਿੰਘ ਮਾਨ ਨੂੰ ਰੋੜਾ ਸਮਝਦਿਆਂ ਏਕਤਾ ਨਹੀਂ ਕੀਤੀ ਜੋ ਸਭ ਤੋਂ ਮਾੜੀ ਗੱਲ ਰਹੀ।

# ਪੰਜਾਬ ਦੀਆਂ ਖ਼ੂਨੀ ਸੜਕਾਂ ਨੇ 8 ਸਾਲਾਂ 'ਚ 38 ਹਜ਼ਾਰ ਤੋਂ ਵੱਧ ਜਾਨਾਂ ਲਈਆਂ

**ਮੁਹਾਲੀ:** ਪੰਜਾਬ ਦੀਆਂ ਲਹੂ ਪੀਣੀਆਂ ਸੜਕਾਂ ਨੇ ਪਿਛਲੇ ਅੱਠ ਸਾਲਾਂ ਵਿਚ 38 ਹਜ਼ਾਰ ਤੋਂ ਵੱਧ ਲੋਕਾਂ ਦੀ ਜਾਨ ਲਈ ਹੈ। ਪੰਜਾਬ ਪੁਲਿਸ ਦਾ ਮੰਨਣਾ ਹੈ ਕਿ ਜ਼ਿਆਦਾਤਰ ਸੜਕ ਹਾਦਸੇ ਆਵਾਜਾਈ ਨਿਯਮਾਂ ਦੀ ਘੋਰ ਉਲੰਘਣਾ ਤੇ ਤੇਜ ਰਫਤਾਰੀ ਕਾਰਨ ਵਾਪਰੇ ਹਨ। 2011 ਤੋਂ 31 ਦਸੰਬਰ 2018 ਤੱਕ ਪੰਜਾਬ ਵਿਚ 51,846 ਸੜਕ ਹਾਦਸੇ ਵਾਪਰੇ, ਜਿਨ੍ਹਾਂ ਵਿਚ 38,054 ਲੋਕਾਂ ਦੀ ਜਾਨ ਚਲੀ ਗਈ, ਜਦਕਿ 32,991 ਗੰਭੀਰ ਰੂਪ ਵਿਚ ਜਖਮੀ ਹੋਏ। ਇਹ ਅੰਕੜੇ ਪੁਲਿਸ ਦੇ ਰਿਕਾਰਡ ਵਿਚ ਦਰਜ ਹਨ। ਇਨ੍ਹਾਂ ਤੋਂ ਬਿਨਾਂ ਵੱਡੀ ਗਿਣਤੀ ਮਾਮਲੇ ਅਜਿਹੇ ਵੀ ਹਨ, ਜੋ ਪੁਲਿਸ ਕੋਲ ਪਹੁੰਚੇ ਹੀ ਨਹੀਂ।



ਪੰਜਾਬ ਪੁਲਿਸ ਦੇ ਟਰੈਫਿਕ ਵਿੰਗ ਤੋਂ ਹਾਸਲ ਕੀਤੀ ਜਾਣਕਾਰੀ ਅਨੁਸਾਰ 2018 'ਚ 6411 ਸੜਕ ਹਾਦਸੇ ਵਾਪਰੇ, ਜਿਨ੍ਹਾਂ ਵਿਚ 4725 ਮੌਤਾਂ ਹੋਈਆਂ ਤੇ 3380 ਗੰਭੀਰ ਜਖਮੀ ਹੋਏ। 2017 'ਚ 6213 ਸੜਕ ਦੁਰਘਟਨਾਵਾਂ ਵਿਚ 4459 ਮੌਤਾਂ ਤੇ 4218 ਜਖਮੀ, 2016 'ਚ 6952 ਸੜਕ ਹਾਦਸਿਆਂ ਵਿਚ 5077 ਮੌਤਾਂ ਤੇ 4351 ਜਖਮੀ, 2015 'ਚ 8702 ਸੜਕ ਹਾਦਸਿਆਂ ਵਿਚ 4893 ਮੌਤਾਂ ਤੇ 4414 ਜਖਮੀ ਹੋਏ। ਇਸੇ ਤਰ੍ਹਾਂ 2014 ਵਿਚ ਵਾਪਰੇ 6391 ਸੜਕ ਹਾਦਸਿਆਂ ਵਿਚ 4621 ਲੋਕਾਂ ਦੀ ਮੌਤ ਤੇ 4127 ਵਿਅਕਤੀ ਜਖਮੀ, 2013 ਵਿਚ 6323 ਸੜਕ ਦੁਰਘਟਨਾਵਾਂ ਵਿਚ 4528 ਮੌਤਾਂ ਤੇ 4383 ਲੋਕ ਜਖਮੀ ਹੋਏ।

2012 ਵਿਚ 6341 ਸੜਕ ਹਾਦਸਿਆਂ ਵਿਚ 4820 ਲੋਕਾਂ ਦੀ ਮੌਤ ਤੇ 3997 ਜਖਮੀ ਅਤੇ ਸਾਲ 2011 ਦੇ 6513 ਸੜਕ ਹਾਦਸਿਆਂ ਵਿਚ 4931 ਮੌਤਾਂ ਤੇ 4081 ਜਖਮੀ ਹੋਏ।

## ਹਾਦਸਿਆਂ ਵਾਲੀਆਂ ਥਾਵਾਂ ਦੀ ਸ਼ਨਾਖਤ ਕਰਨ ਦਾ ਫੈਸਲਾ

ਪੰਜਾਬ ਪੁਲਿਸ ਦੇ ਏ.ਡੀ.ਜੀ.ਪੀ. (ਟਰੈਫਿਕ) ਡਾ. ਐਸ.ਐਸ. ਚੌਹਾਨ ਨੇ ਕਿਹਾ ਕਿ ਸੜਕ ਹਾਦਸਿਆਂ ਵਿਚ ਪੰਜਾਬ ਵਿਚ ਰੋਜਾਨਾ 10 ਤੋਂ 12 ਮੌਤਾਂ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਆਵਾਜਾਈ ਸਮੱਸਿਆ ਗੰਭੀਰ ਰੂਪ ਧਾਰਦੀ ਜਾ ਰਹੀ ਹੈ। ਸੜਕ ਹਾਦਸਿਆਂ ਨੂੰ ਠੱਲ੍ਹ ਪਾਉਣ ਲਈ ਉਨ੍ਹਾਂ ਲੋਕਾਂ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਟਰੈਫਿਕ ਪੁਲਿਸ ਨੇ ਹੁਣ ਹਾਦਸਿਆਂ ਨੂੰ ਠੱਲ੍ਹ ਪਾਉਣ ਲਈ ਹਾਦਸਿਆਂ ਵਾਲੀਆਂ ਥਾਵਾਂ ਦੀ ਸ਼ਨਾਖ਼ਤ ਕਰਨ ਦਾ ਫੈਸਲਾ ਕੀਤਾ ਹੈ, ਜਿਸ ਤਹਿਤ ਮੁਹਾਲੀ ਸ਼ਹਿਰ ਲਈ ਦੋ ਡਰੋਨ ਲਗਾਏ ਜਾਣਗੇ। ਇਸ ਸਬੰਧੀ ਇਕ ਪ੍ਰਾਈਵੇਟ ਕੰਪਨੀ ਨਾਲ ਸਮਝੌਤਾ ਹੋ ਚੁੱਕਾ ਹੈ।

# ਸਪੈਲਿੰਗ ਬੀ ਚੈਂਪੀਅਨਸ਼ਿਪ: 7 ਭਾਰਤੀ ਬੱਚਿਆਂ ਨੇ ਰਚਿਆ ਇਤਿਹਾਸ

**ਵਾਸ਼ਿੰਗਟਨ:** ਭਾਰਤੀ ਅਮਰੀਕੀ ਵਿਦਿਆਰਥੀਆਂ ਨੇ ਅਮਰੀਕਾ ਦੀ ਸਪੈਲਿੰਗ ਬੀ ਚੈਂਪੀਅਨਸ਼ਿਪ-2019 ਵਿਚ ਆਪਣੀ ਸਰਦਾਰੀ ਕਾਇਮ ਕਰ ਲਈ ਹੈ। ਪਹਿਲੀ ਵਾਰ ਸਾਂਝੇ ਤੌਰ ਉੱਤੇ ਜੇਤੂ ਐਲਾਨੇ ਅੱਠ ਵਿਦਿਆਰਥੀਆਂ ਵਿਚ ਸੱਤ ਭਾਰਤੀ ਵਿਦਿਆਰਥੀਆਂ ਨੇ ਥਾਂ ਬਣਾਈ ਹੈ। ਇਸ ਵੱਕਾਰੀ ਮੁਕਾਬਲੇ ਵਿਚ ਹਰ ਵਿਦਿਆਰਥੀ 50,000 ਅਮਰੀਕੀ ਡਾਲਰ ਜਿੱਤਣ ਵਿਚ ਕਾਮਯਾਬ ਹੋਇਆ ਹੈ। ਇਹ ਚੈਂਪੀਅਨਸ਼ਿਪ ਦੇ ਇਤਿਹਾਸ ਵਿਚ ਪਿਛਲੇ 94 ਸਾਲ ਵਿਚ ਇਹ ਪਹਿਲੀ ਵਾਰ ਹੈ ਕਿ ਦੋ ਤੋਂ ਵੱਧ ਵਿਦਿਆਰਥੀਆਂ ਨੂੰ ਸਾਂਝੇ ਤੌਰ ਉੱਤੇ ਜੇਤੂ ਐਲਾਨਿਆ ਗਿਆ ਹੈ। ਸਾਲ 2007 ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਕੋਈ ਅਮਰੀਕੀ ਵਿਦਿਆਰਥੀ ਜੇਤੂਆਂ ਵਿਚ ਸ਼ਾਮਲ ਹੈ। ਇਸ ਵਿਦਿਆਰਥੀ ਦਾ ਨਾਂ ਐਰਿਨ ਹਾਵਰਡ ਹੈ। ਜੇਤੂਆਂ ਵਿਚ 2 ਲੜਕੀਆਂ ਸ਼ਾਮਲ ਹਨ।

ਜੇਤੂ ਵਿਦਿਆਰਥੀਆਂ ਵਿਚ ਰਿਸ਼ਿਕ ਗੰਧਾਸਰੀ (13) ਕੈਲੀਫੋਰਨੀਆ, ਸਾਕੇਤ ਸੁੰਦਰ (13) ਮੈਰੀਲੈਂਡ, ਸ਼ਰੂਤਿਕਾ ਪਾਧੀ (13) ਨਿਊਜਰਸੀ, ਸੋਹੁਮ ਸੁਖਾਤੰਕਰ (13) ਟੈਕਸਸ, ਅਭਿਜੈ ਕੋਡਾਲੀ (12) ਟੈਕਸਸ, ਰੋਹਨ ਰਾਜਾ (13) ਟੈਕਸਸ, ਕ੍ਰਿਸਟੋਫਰ ਸੇਰਾਓ (13) ਨਿਊਜਰਸੀ ਅਤੇ ਹਾਵਰਡ (14) ਅਲਬਾਮਾ ਦੇ




ਨਾਂ ਸ਼ਾਮਲ ਹਨ। ਮੁਕਾਬਲੇ ਦੇ ਹਰ ਜੇਤੂ ਵਿਦਿਆਰਥੀ ਨੂੰ 50000 ਡਾਲਰ ਇਨਾਮ ਵਿਚ ਮਿਲਣਗੇ। ਕੁੱਲ 562 ਵਿਦਿਆਰਥੀਆਂ ਦੇ ਵਿਚੋਂ 50 ਵਿਦਿਆਰਥੀ ਫਾਈਨਲ ਵਿਚ ਪੁੱਜੇ ਸਨ ਅਤੇ ਇਨ੍ਹਾਂ ਵਿਚੋਂ 34 ਫਾਈਨਲ ਵਿਚ ਪੁੱਜਣ ਤੋਂ ਪਹਿਲਾਂ ਹੀ ਮੁਕਾਬਲੇ ਵਿਚੋਂ ਬਾਹਰ ਹੋ ਗਏ ਸਨ ਇਨ੍ਹਾਂ ਨੇ ਪੰਜ ਗੇੜਾਂ ਦੇ ਮੁਕਾਬਲੇ ਵਿਚ 47 ਸ਼ਬਦਾਂ ਦੇ ਸਪੈਲਿੰਗ ਦੱਸੇ।

ਇਨ੍ਹਾਂ ਵਿਚੋਂ ਅੱਠ ਵਿਦਿਆਰਥੀਆਂ ਨੇ ਸਾਂਝੇ ਤੌਰ ਉੱਤੇ ਇਹ ਪੁਰਸਕਾਰ ਜਿੱਤ ਕੇ ਇਤਿਹਾਸ ਸਿਰਜ ਦਿੱਤਾ। ਪ੍ਰਬੰਧਕਾਂ ਦੇ ਅਨੁਸਾਰ ਪਿਛਲੇ 92 ਸਾਲ ਦੇ ਇਤਿਹਾਸ ਦੇ ਵਿਚ ਇਹ ਪਹਿਲੀ ਵਾਰ ਵਾਪਰਿਆ ਹੈ। ਇਸ ਮੁਕਾਬਲੇ ਵਿਚ ਅਮਰੀਕਾ ਤੋਂ ਇਲਾਵਾ ਕੈਨੇਡਾ, ਘਾਨਾ ਜਮਾਇਕਾ ਵਰਗੇ ਦੇਸ਼ਾਂ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ। ਜੇਤੂ ਵਿਦਿਆਰਥੀਆਂ ਵਿਚੋਂ ਬਹੁਤਿਆਂ ਨੇ ਨਿਜੀ ਕੋਚਾਂ ਤੋਂ ਕੋਚਿੰਗ ਲਈ ਸੀ। ਇਨ੍ਹਾਂ ਨੇ ਸ਼ੋਭਾ ਦੇਸਾਈ ਅਤੇ ਉਸ ਦੇ ਛੋਟੇ ਭਰਾ ਸੌਰਵ ਵੱਲੋਂ ਤਿਆਰ ਕੀਤਾ ਮਟੀਰੀਅਲ ਪੜ੍ਹਿਆ ਸੀ। ਇਹ ਦੋਵੇਂ ਭੈਣ ਭਾਰਾ ਵੀ ਸਾਬਕਾ ਚੈਂਪੀਅਨ ਹਨ।

## ਗੋਲੀ ਨਾਲ ਸਬ ਇੰਸਪੈਕਟਰ ਦੀ ਮੌਤ

**ਜਲੰਧਰ:** ਸਬ ਇੰਸਪੈਕਟਰ ਦੀ ਭੇਤਭਰੀ ਹਾਲਤ 'ਚ ਗੋਲੀ ਚੱਲਣ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਵਿਪਿਨ ਕੁਮਾਰ ਵਜੋਂ ਹੋਈ ਹੈ।

ਜਾਂਚ ਅਧਿਕਾਰੀ ਨੇ ਦੱਸਿਆ ਕਿ ਸੀ.ਆਈ.ਏ. ਦਿਹਾਤੀ 'ਚ ਤਾਇਨਾਤ ਵਿਪਿਨ ਮਾਡਲ ਹਾਊਸ ਸਥਿਤ ਘਰ 'ਚ ਸੀ ਜਦੋਂ ਉਸ ਦੇ ਸਰਵਿਸ ਰਿਵਾਲਵਰ 'ਚੋਂ ਅਚਾਨਕ ਗੋਲੀ ਚੱਲ ਗਈ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ।

COVERED CALIFORNIA
Certified Insurance Agent
Global Green INSURANCE AGENCY ®


Gurdawar Singh Mann

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM


Gurcharan Singh Mann

Mann Insurance Brokers Inc.
4123 Dyer St., #230, Union City, CA 94587

Raja SWEETS & CATERING
AUTHORIZED CATERER FOR MAJOR 5-STAR HOTELS
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

# ਨਕਲਾਂ ਦੇ ਰੰਗ

ਕਲਾ ਪਰਿਕਰਮਾ

**ਕਿਸੇ ਵੇਲੇ ਪੰਜਾਬੀ ਸਭਿਆਚਾਰ ਦਾ ਅਨਿੱਖੜ ਅੰਗ ਰਹੀਆਂ ਨਕਲਾਂ ਹੁਣ ਤਕਰੀਬਨ ਬੀਤੇ ਦੀ ਬਾਤ ਹੋ ਗਈਆਂ ਹਨ। ਭੰਡਾਂ ਦੀ ਜੋੜੀ ਹੁਣ ਕਿਤੇ ਕਿਤੇ ਹੀ ਨਜ਼ਰੀਂ ਪੈਂਦੀ ਹੈ। ਨਵੀਂ ਪੀੜ੍ਹੀ ਹੁਣ ਇਸ ਜੱਦੀ ਕਿੱਤੇ ਦੀ ਥਾਂ ਹੋਰ ਕਸਬ ਅਪਨਾ ਰਹੀ ਹੈ। ਇਸ ਲੇਖ ਵਿਚ ਰਣਜੀਤ ਸਿੰਘ ਨੂਰਪੁਰਾ ਨੇ ਨਕਲਾਂ ਅਤੇ ਭੰਡਾਂ ਬਾਰੇ ਖੂਬ ਜਾਣਕਾਰੀ ਦਿੱਤੀ ਹੈ ਅਤੇ ਦੱਸਿਆ ਹੈ ਕਿ ਕਿਸ ਤਰ੍ਹਾਂ ਆਧੁਨਿਕੀਕਰਨ ਦੀ ਮਾਰ ਇਨ੍ਹਾਂ ਕਲਾਕਾਰਾਂ ਉਤੇ ਪਈ ਹੈ। -ਸੰਪਾਦਕ**

ਆਧੁਨਿਕੀਕਰਨ ਨੇ ਪੰਜਾਬੀ ਸਭਿਆਚਾਰ ਵਿਚੋਂ ਮਨੋਰੰਜਨ ਦੀਆਂ ਕਈ ਵੰਨਗੀਆਂ ਲੋਪ ਕਰ ਦਿੱਤੀਆਂ ਹਨ। ਇਨ੍ਹਾਂ ਵੰਨਗੀਆਂ 'ਚ ਨਕਲਾਂ ਸ਼ਾਮਲ ਸਨ ਜਿਹੜੀਆਂ ਭੰਡ ਬਿਰਾਦਰੀ ਦੇ ਹੱਸਮੁੱਖ ਤੇ ਹਾਜ਼ਰ-ਜਵਾਬੀ ਵਿਚ ਨਿਪੁੰਨ ਦੋ ਵਿਅਕਤੀਆਂ ਵਲੋਂ ਲਗਾਈਆਂ ਜਾਂਦੀਆਂ ਸਨ। ਮਨੋਰੰਜਨ ਲਈ ਨਵੇਂ ਤੋਂ ਨਵੇਂ ਸਾਧਨ ਵਿਕਸਤ ਹੋ ਜਾਣ ਨਾਲ ਨਕਲਾਂ ਲਗਾਉਣ ਵਾਲਿਆਂ ਦੇ ਢਿੱਡਾਂ ਵਿਚ ਇਕ ਪ੍ਰਕਾਰ ਦੀ ਲੱਤ ਵੱਜ ਗਈ ਹੈ। ਸਦੀਆਂ ਤੋਂ ਚਲਿਆ ਆ ਰਿਹਾ ਇਹ ਪਿਤਾ-ਪੁਰਖੀ ਕਿੱਤਾ ਭੰਡਾਂ ਨੂੰ ਬਦਲਣਾ ਪੈ ਗਿਆ ਜਦਕਿ ਕਿਸੇ ਸਮੇਂ ਪੰਜਾਬ ਵਿਚ ਇਨ੍ਹਾਂ ਦੀ ਤੂਤੀ ਬੋਲਦੀ ਹੁੰਦੀ ਸੀ।

ਭੰਡ ਬਿਰਾਦਰੀ ਤੋਂ ਇਲਾਵਾ ਮੁਸਲਮਾਨ ਮਰਾਸੀ ਵੀ ਨਕਲਾਂ ਵਿਚ ਵਿਸ਼ੇਸ਼ ਦਿਲਚਸਪੀ ਲੈਂਦੇ ਸਨ। ਮਰਾਸੀ ਨੂੰ ਤਾਂ ਉਂਜ ਵੀ ਵੱਧ ਗੱਲ ਫੁਰਦੀ ਹੈ ਜਿਸ ਕਰਕੇ ਇਸ ਬਿਰਾਦਰੀ ਨੂੰ ਇਹ ਕਿੱਤਾ ਕਾਫੀ ਰਾਸ ਆਇਆ। ਭੰਡ ਦਾ ਭਾਵ ਹੈ, ਕਿਸੇ ਮਨੁੱਖ ਜਾਂ ਸਮਾਜਿਕ ਬੁਰਾਈ ਨੂੰ ਭੰਡਣ ਜਾਂ ਨਿੰਦਣ ਵਾਲਾ, ਹਾਸੇ-ਮਖੌਲ ਲਈ ਕਿਸੇ ਦੀ ਫੋਕੀ ਪਰ ਵਿਅੰਗਮਈ ਢੰਗ ਨਾਲ ਤਾਰੀਫ ਕਰਨ ਵਾਲਾ। ਸਭਿਅਕ ਢੰਗ ਨਾਲ ਹਾਸੇ-ਠੱਠੇ ਦੀ ਗੱਲ ਲੈ ਕੇ ਅਗਲੇ ਦੀ ਨਕਲ ਕਰਨੀ, ਘੁਮਾ ਫਿਰਾ ਕੇ ਗੱਲ ਲਾਉਣੀ। ਗੱਲ ਵੀ ਅਜਿਹੇ ਗਿੱਟੇ-ਗੋਡੇ ਲਾਉਣੀ ਕਿ ਅਗਲਾ ਹਾਸੇ ਨਾਲ ਲੋਟ-ਪੋਟ ਹੁੰਦਾ ਲੁੜਕ ਜਾਵੇ।

ਪੁਰਾਣੇ ਵੇਲਿਆਂ ਵਿਚ ਸਰਕਾਰੇ-ਦਰਬਾਰੇ ਇਨ੍ਹਾਂ ਦੀ ਕਾਫੀ ਪੁੱਛ-ਗਿੱਛ ਹੁੰਦੀ ਸੀ। ਰਾਜਿਆਂ, ਮੰਤਰੀਆਂ ਤੇ ਦਰਬਾਰੀਆਂ ਲਈ ਇਹ ਮਨੋਰੰਜਨ ਦਾ ਢੁਕਵਾਂ ਸਾਧਨ ਹੁੰਦੇ ਸਨ। ਕੰਮ ਦੀ ਬਹੁਲਤਾ ਕਾਰਨ ਹੋਏ ਅਕੇਵਿਆਂ ਤੋਂ ਨਿਜਾਤ ਪਾਉਣ ਲਈ ਭੰਡਾਂ ਨੂੰ ਰਾਜ ਦਰਬਾਰਾਂ ਵਿਚ ਸੱਦ ਕੇ ਇਨ੍ਹਾਂ ਦੀ ਕਲਾਕਾਰੀ ਦਾ ਅਨੰਦ ਮਾਣਿਆ ਜਾਂਦਾ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਰੱਖੇ ਭੰਡਾਂ ਵਿਚੋਂ ਮੁਹੰਮਦ ਬਖਸ਼ ਨਾਲ ਮਹਾਰਾਜਾ ਰਣਜੀਤ ਸਿੰਘ ਬਹੁਤ ਪਿਆਰ ਕਰਦਾ ਸੀ।

ਜਦੋਂ ਬਰਾਤਾਂ ਜਾਂਦੀਆਂ ਤਾਂ ਵਾਜੇ ਵਾਲਿਆਂ ਅਤੇ ਆਤਿਸ਼ਬਾਜ਼ੀ ਕਰਨ ਵਾਲਿਆਂ ਤੋਂ ਇਲਾਵਾ ਭੰਡਾਂ ਦੀ ਜੋੜੀ ਲਾਜ਼ਮੀ ਤੌਰ 'ਤੇ ਨਾਲ ਲਿਜਾਈ ਜਾਂਦੀ। ਉਸ ਸਮੇਂ ਬਰਾਤ ਕੁੜੀ-ਪਰਿਵਾਰ ਘਰ ਤਿੰਨ ਦਿਨ ਰਹਿੰਦੀ ਹੁੰਦੀ ਸੀ। ਬਰਾਤ ਦੇ ਮਨੋਰੰਜਨ ਲਈ ਇਹ ਸਵੇਰ, ਦੁਪਹਿਰ ਤੇ ਸ਼ਾਮ ਵੇਲੇ ਆਪਣੇ ਪਿੜ ਜਮਾਉਂਦੇ ਜਿਸ ਕਾਰਨ ਬਰਾਤੀਆਂ ਨੂੰ ਅਕੇਵਾਂ ਨਾ ਹੁੰਦਾ।

ਵਿਆਹ ਦੀ ਖੁਸ਼ੀ, ਮੇਲੇ, ਤਿੱਥ-ਤਿਉਹਾਰ ਜਾਂ ਘਰ 'ਚ ਜਨਮੇ ਲੜਕੇ ਸਮੇਂ ਨਕਲੀਆਂ ਦਾ ਜੋੜਾ ਆਪਣੇ-ਆਪ ਪੁੱਜ ਜਾਂਦਾ ਸੀ। ਲੜਕੇ ਵਾਲੇ ਘਰੋਂ ਵਧਾਈ ਲੈਣ ਲਈ ਉਹ ਘੰਟਾ ਭਰ ਮਾਈਆਂ ਨੂੰ ਹਸਾਉਂਦੇ। ਇਨ੍ਹਾਂ ਨੂੰ ਵਧਾਈ ਦੇਣ ਲਈ ਲੜਕੇ ਦੇ ਪਰਿਵਾਰਕ ਮੈਂਬਰ ਮੱਥੇ ਵੱਟ ਨਾ ਪਾਉਂਦੇ ਸਗੋਂ ਖੁਸ਼ੀ ਮਨ ਨਾਲ ਉਨ੍ਹਾਂ ਨੂੰ ਵਧਾਈ ਦੇ ਕੇ ਤੋਰਦੇ। ਇਸੇ ਪ੍ਰਕਾਰ ਕੁੜੀ-ਮੁੰਡੇ ਦੇ ਵਿਆਹ ਵਾਲੇ ਘਰ ਜਾ ਕੇ ਵੀ ਉਹ ਮਾਹੌਲ ਅਨੁਸਾਰ ਨਕਲਾਂ ਲਗਾ ਵਧਾਈਆਂ ਲੈਂਦੇ।

ਨਕਲੀਆਂ ਦੀ ਮੁਹਾਰ ਖਾਸ ਕਰ ਪਿੰਡਾਂ ਵਲ ਵੱਧ ਹੁੰਦੀ, ਕਿਉਂਕਿ ਪੇਂਡੂ ਲੋਕ ਇਨ੍ਹਾਂ ਦੀ ਵੱਧ ਤੋਂ ਵੱਧ ਕਦਰ ਕਰਨ ਤੋਂ ਇਲਾਵਾ ਮਾਨ-ਸਨਮਾਨ ਵਿਚ ਕੋਈ ਕਸਰ ਨਹੀਂ ਸਨ ਛੱਡਦੇ। ਪਿੰਡ 'ਚ ਨਕਲਾਂ ਲਗਾਉਣ ਲਈ 15-15 ਦਿਨ ਪਹਿਲਾਂ ਸਬੰਧਿਤ ਪਿੰਡ ਦੀ ਪੰਚਾਇਤ ਨੂੰ ਸੂਚਨਾ ਪਹੁੰਚਾ ਦਿੱਤੀ ਜਾਂਦੀ। ਪਿੰਡ 'ਚ ਨਕਲਾਂ ਲੱਗਣ

**ਰਣਜੀਤ ਸਿੰਘ ਨੂਰਪੁਰਾ**

ਦਾ ਲੋਕਾਂ ਨੂੰ ਬਹੁਤ ਚਾਅ ਹੁੰਦਾ। ਇਸ ਬਾਰੇ ਚੌਕੀਦਾਰ ਰਾਹੀਂ ਪਿੰਡ 'ਚ ਹੋਕਾ ਵੀ ਦਿਵਾਇਆ ਜਾਂਦਾ। ਆਮ ਤੌਰ 'ਤੇ ਨਕਲਾਂ ਪਿੰਡ ਦੇ ਬਾਹਰਵਾਰ ਤੇ ਆਬਾਦੀ ਤੋਂ ਦੂਰ ਲਗਦੀਆਂ। ਨਕਲਾਂ ਕਰੀਬ ਰਾਤ 9 ਵਜੇ ਸ਼ੁਰੂ ਹੋ ਕੇ ਤੜਕੇ 3-4 ਵਜੇ ਤਕ ਨਿਰਵਿਘਨ ਚੱਲਦੀਆਂ। ਨਕਲੀਏ, ਨਕਲਾਂ ਲਗਾਉਣ ਵਕਤ ਨਾ ਅੱਕਦੇ ਤੇ ਨਾ ਭੁੱਲਦੇ। ਉਹ ਇਕਸਾਰ ਢਾਈ ਨਾਲ ਢਾਈ ਜੋੜਦੇ ਰਹਿੰਦੇ।

ਨਕਲਾਂ ਲਗਾਉਣ ਲਈ ਆਮ ਤੌਰ 'ਤੇ ਦੋ ਕਲਾਕਾਰ ਹੀ ਪੁੱਜਦੇ। ਕੁੜੀ-ਬੁੜੀ ਦਾ ਰੋਲ ਵੀ ਇਹ ਆਪ ਹੀ ਨਿਭਾਉਂਦੇ। ਨਕਲਾਂ ਲਗਾਉਣ ਵਾਲੇ ਕਲਾਕਾਰਾਂ 'ਚੋਂ ਇਕ ਜਣਾ ਰੰਗੇ ਦਾ ਰੋਲ ਨਿਭਾਉਂਦਾ ਜਦਕਿ ਦੂਜਾ ਬਿਲਗੇ ਦਾ। ਰੰਗੇ ਦੇ ਹੱਥ 'ਚ ਚਮੜਾ ਜਾਂ ਮੋਮੀਕਾਗਜ਼ਾਂ ਦਾ ਬਣਿਆ ਥਾਪੀ ਨੁਮਾ ਚਮੋਟਾ ਹੁੰਦਾ ਜਦਕਿ ਬਿਲਗੇ ਦੇ ਹੱਥ 'ਚ ਡਫਲੀਨੁਮਾ ਨਿਕਾ ਜਿਹਾ ਤਬਲਾ। ਰੰਗੇ ਦਾ ਕੰਮ ਕਿਸੇ ਵੀ ਗੱਲਬਾਤ ਦਾ ਮੁੱਢ ਬੰਨ੍ਹਣਾ ਹੁੰਦਾ ਜਦਕਿ ਬਿਲਗਾ ਗੱਲਬਾਤ ਨੂੰ ਟਿੱਚਰ ਦਾ ਪਲੇਥਣ ਲਾ ਕੇ ਹਾਸੇ-ਠੱਠੇ ਦਾ ਮੁਲੰਮਾ ਚੜ੍ਹਾਉਂਦਾ ਜਿਸ ਸਦਕਾ ਹਾਸਾ ਫੈਲਦਾ। ਰੰਗਾ, ਬਿਲਗੇ ਦੀਆਂ ਟਿੱਚਰਾਂ ਬਦਲੇ ਉਸ ਦੀ ਵੱਖੀ ਨੇੜੇ 'ਠਾਹ-ਠਾਹ' ਚਮੋਟਾ ਮਾਰਦਾ। ਚਮੋਟਾ ਵੱਜਣ ਦੀ ਆਵਾਜ਼ ਬਹੁਤ ਦੂਰ ਤਕ ਜਾਂਦੀ ਪਰ ਉਸ ਦੀ ਸੱਟ ਨਾਂਮਾਤਰ ਹੁੰਦੀ। ਇਹ ਛੋਟੀ ਜਿਹੀ ਘਟਨਾ ਨੂੰ ਢੌਂਗ ਨਾਲ ਲਮਕਾਉਂਦੇ ਜਿਸ ਨਾਲ ਗੱਲਬਾਤ 'ਚ ਰੌਚਕਤਾ ਦੇ ਅੰਸ਼ ਵਧ ਜਾਂਦੇ।

ਪੰਜਾਬ ਦੀ ਵੰਡ ਤੋਂ ਪਹਿਲਾਂ ਨਕਲਾਂ ਨਾਲ ਸਬੰਧਿਤ ਅੱਠ ਘਰਾਣੇ ਸਨ। ਕੁਝ ਨਕਲੀਏ ਆਪਣੀ ਕਲਾ ਦੇ ਬਲਬੂਤੇ ਇੰਨੇ ਮਸ਼ਹੂਰ ਹੋਏ ਕਿ ਪਿਛਲੀ ਪੀੜ੍ਹੀ ਦੇ ਲੋਕ ਤਾਂ ਉਨ੍ਹਾਂ ਨੂੰ ਅੱਜ ਵੀ ਚੇਤੇ ਕਰਦੇ ਹਨ। ਨਕਲਾਂ ਦੇ ਜ਼ਮਾਨੇ 'ਚ ਛਾਏ ਰਹੇ ਨਕਲੀਆਂ ਵਿਚ ਸ਼ਾਹਦੀਨ ਮੰਡੇਰ, ਮਿਲਖਾ ਪਿੱਪਲਵਾਲੀਆ, ਘਮਨਾ, ਬੱਗਾ, ਦੌਲਤ ਰਾਏ, ਪ੍ਰਕਾਸ਼ ਪਾਸੀ, ਪ੍ਰਕਾਸ਼ ਭੂੰਡੀ ਉਚੇ ਵਾਲਾ, ਦੁੱਲਾ ਲੰਗੜਾ, ਮਿਲਖੀ ਰਾਮ, ਦੀਨ ਮੰਡੇਰਾਂ ਵਾਲਾ। ਦੁਆਬੇ ਦੇ ਛੱਜੂ ਖਾਂ ਸੀਂਗੜੇਵਾਲੇ ਤੇ ਉਨ੍ਹਾਂ ਦੇ ਭਤੀਜੇ ਤਾਲਿਬ, ਤਾਤੀ ਤੇ ਘੱਗਾ ਬੜੇ ਮਸ਼ਹੂਰ ਸਨ।

ਭਾਰਤ-ਪਾਕਿਸਤਾਨ ਵੰਡ ਵੇਲੇ ਇਹ ਚਰਚਿਤ ਨਕਲੀਏ ਪਾਕਿਸਤਾਨ ਚਲੇ ਗਏ। ਰੌਣਕੀ, ਨਾਨਕ ਅਤੇ ਨਸਬੋ ਬਹੁਤ ਮਸ਼ਹੂਰ ਨਕਲੀਏ ਸਨ। ਦੀਨੂੰ, ਭਗਤੂ ਪੁਰੀਏ, ਦੌਲਾ ਪੱਦੀ ਮੱਟ ਵਾਲੇ ਅਤੇ ਸ਼ਾਹਦੀਨ ਮੰਡੇਰਾਂ ਵਾਲੇ ਦੇ ਘਰਾਣੇ ਅਜੇ ਵੀ ਪੰਜਾਬ ਵਿਚ ਹਨ ਪਰ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਨਕਲਾਂ ਦੀ ਬਜਾਏ ਹੋਰ ਕਿੱਤੇ ਅਪਣਾ ਲਏ।

ਭੰਡਾਂ ਜਾਂ ਨਕਲੀਆਂ ਦੀ ਉਤਪਤੀ ਬਾਰੇ ਖੋਜੀਆਂ ਦੇ ਵਖੋ-ਵਖਰੇ ਵਿਚਾਰ ਹਨ। ਕਈ ਖੋਜੀ ਇਨ੍ਹਾਂ ਨੂੰ ਭੱਟਾਂ ਦਾ ਵਿਗੜਿਆ ਹੋਇਆ ਰੂਪ ਦੱਸਦੇ ਹਨ। ਕੁਝ ਖੋਜੀਆਂ ਨੇ ਇਨ੍ਹਾਂ ਨੂੰ ਆਰੀਆ ਨਾਲ ਸਬੰਧਿਤ ਦੱਸਿਆ ਹੈ। ਉਨ੍ਹਾਂ ਦੀ ਦਲੀਲ ਹੈ ਕਿ ਸਾਂਗ ਲਗਾਉਣ ਵਾਲੇ ਆਰੀਆ ਜਾਤੀ (ਭਾਰਤੀ) ਵਿਚੋਂ ਹੁੰਦੇ ਸਨ ਪਰ ਆਰਥਿਕ ਪੱਖੋਂ ਕਮਜ਼ੋਰ ਹੋਣ ਕਾਰਨ ਉਨ੍ਹਾਂ ਦਾ ਕੰਮ ਭੰਡਾਂ ਨੇ ਸੰਭਾਲ ਲਿਆ ਤੇ ਕਲਾ ਦੇ ਬਲਬੂਤੇ ਜਦ ਇਨ੍ਹਾਂ ਭੰਡਾਂ ਦੀ ਤੂਤੀ ਬੋਲਣ ਲੱਗੀ ਤਾਂ ਆਰੀਆ ਜਾਤੀ ਵਾਲੇ ਪਿਛਾਂਹ ਹਟ ਗਏ। ਇੰਜ ਨਕਲਾਂ 'ਤੇ ਮਰਾਸੀਆਂ ਤੇ ਭੰਡਾਂ ਦਾ ਕਬਜ਼ਾ ਹੋ ਗਿਆ ਤੇ ਮੁੜ ਕੋਈ ਵੀ ਬਿਰਾਦਰੀ ਇਨ੍ਹਾਂ ਦੇ ਇਸ ਕੰਮ 'ਚ ਰੁਕਾਵਟ ਨਹੀਂ ਪਾ ਸਕੀ।

ਅਜੋਕੇ ਯੁੱਗ ਵਿਚ ਮਨੋਰੰਜਨ ਦੇ ਨਵੀਨ ਤੋਂ ਨਵੀਨ ਸਾਧਨ ਆ ਜਾਣ ਕਾਰਨ ਭੰਡਾਂ ਦਾ ਰਵਾਇਤੀ ਕਿੱਤਾ 'ਨਕਲਾਂ' ਦਮ ਤੋੜ ਗਿਆ ਹੈ। ਇਹ ਜਦੋਂ ਰੋਟੀ ਤੋਂ ਵੀ ਔਖੇ ਰਹਿਣ ਲੱਗੇ ਤਾਂ ਇਨ੍ਹਾਂ ਦੀਆਂ ਔਲਾਦਾਂ ਨੇ ਹੋਰ ਕੰਮ ਸ਼ੁਰੂ ਕਰ ਲਏ। ਟੀ.ਵੀ. ਵਿਚ ਭਾਵੇਂ ਕਾਮੇਡੀ ਕਲਾਕਾਰ ਲੋਕਾਂ ਨੂੰ ਹਸਾਉਣ ਲਈ ਇਨ੍ਹਾਂ ਭੰਡਾਂ ਦਾ ਹੀ ਰੂਪ ਧਾਰਦੇ ਹਨ ਪਰ ਉਹ ਗੱਲ ਨਹੀਂ ਬਣਦੀ। ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਨਕਲੀਆਂ ਨੂੰ ਮੁੜ ਤੋਂ ਮਾਣ-ਸਤਿਕਾਰ ਦੇ ਪਾਤਰ ਬਣਾਉਣ ਤੇ ਇਨ੍ਹਾਂ ਦੇ ਅਖਾੜਿਆਂ ਦੀ ਸ਼ੁਰੂਆਤ ਕਰਨ। ਜੇ ਉਹ ਲੋਪ ਹੋ ਚੁੱਕੇ ਮਨੋਰੰਜਨ ਦੇ ਇਸ ਸਸਤੇ ਤੇ ਸੌਖੇ ਸਾਧਨ ਨੂੰ ਮੁੜ ਸੁਰਜੀਤ ਕਰਨ ਲਈ ਹੰਭਲਾ ਮਾਰਨ ਤਾਂ ਆਪਣੀ ਜ਼ਿੰਦਗੀ ਨੂੰ ਸਹਿਜ ਤੇ ਤਣਾਅ ਰਹਿਤ ਬਣਾ ਸਕਦੇ ਹਨ।




*ਜੱਦੀ-ਪੁਸ਼ਤੀ ਭੰਡ ਪਿੰਡਾਂ ਵਿਚ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਹੋਏ।*



*ਦਿੱਲੀ ਵਿਚ ਭੰਡਾਂ ਬਾਰੇ ਖੇਡੇ ਇਕ ਨਾਟਕ ਦੀ ਝਲਕ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਜੂਨ 2019 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-381



*ਜਲਵੇ ਨਹੀਂ ਇਹ ਸੌਂਕ ਹੈ ਸਾਡਾ, ਰਹਿੰਦੀ ਚੜ੍ਹੀ ਖੁਮਾਰੀ ਹੈ।*
*ਜਿਹਦੇ ਨਾਲ ਪਛਾਣ ਹੈ ਸਾਡੀ, ਜੱਗ ਵਿਚ ਵੱਖਰੇ ਦਿਸਦੇ ਹਾਂ*
*ਅਣਖ ਹੈ ਸਾਡੀ ਪੱਗ ਵਿਚ ਮਿੱਤਰੋ, ਪੱਗ ਸਾਡੀ ਸਰਦਾਰੀ ਹੈ।*

### ਕੈਪਸ਼ਨ ਮੁਕਾਬਲਾ-379



ਵਿਚ ਗਰੀਬੀ ਰੁਲਿਆ ਬਚਪਨ
ਸੋਚਾਂ ਦੇ ਵਿਚ ਡੁਬਦਾ ਜਾਵੇ।
ਪੀਲੀ ਬਸ ਵਿਚ ਸਕੂਲ ਜਾਣ ਨੂੰ
ਉਹਦਾ ਮਨ ਲਲਚਾਵੇ।
ਇਹ ਕਿਉਂ, ਤੇ ਮੈਂ ਕਿਉਂ ਨ੍ਹੀਂ?
ਸਮਝ ਨਾ ਉਹਨੂੰ ਆਵੇ।

***-ਜਗਮੀਤ ਸਿੰਘ ਪੰਧੇਰ***
***ਵਿੰਨੀਪੈਗ, ਐਮ. ਬੀ. (ਕੈਨੇਡਾ)***
***ਫੋਨ: 1-431-887-7222***

---

ਅਸੀਂ ਇੱਕੋ ਮਾਂ ਧਰਤੀ ਦੇ ਜਾਏ
ਸਾਡੇ ਚੰਦਰੇ ਸੜੇ ਨਸੀਬ।
ਦਿਲ ਵਿਚ ਬਹੁਤ ਸ਼ੌਕ ਪੜ੍ਹਨ ਦਾ
ਕੋਈ ਸੁੱਝਦੀ ਨਹੀਂ ਤਰਕੀਬ।
ਸੂਟ-ਬੂਟ ਪਾ ਪਹਿਨ-ਪਚਰ ਕੇ
ਬੱਚੇ ਸੜਕ ਉਤੇ ਆ ਖੜ੍ਹਦੇ।
ਕਈ ਲਾਚਾਰ ਨੇ ਬੈਗ ਚੁੱਕਣ ਤੋਂ
ਛੱਡ ਜਾਂਦੇ ਆ ਘਰ ਦੇ।
ਮਾਯੂਸ ਹੋਇਆਂ ਕੁਝ ਨਹੀਂ ਬਣਨਾ ਮਾਂ
ਕੋਈ ਫਾਇਦਾ ਨਹੀਂ ਕੀਤੇ ਸਾੜੇ ਦਾ।
ਕੱਲ ਨੂੰ ਜਾਣਾ ਮੈਂ ਪੜ੍ਹਨ ਸਕੂਲੇ
ਕਾਇਦਾ ਲੈ ਦੇ ਇਕ ਊੜੇ-ਆੜੇ ਦਾ।

***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

ਸੋਹਣੀ ਵਰਦੀ, ਬੱਚਿਆਂ ਦੀ ਕਤਾਰ
ਦੇਖ, ਗਰੀਬੜੀ ਨੇ ਮੂੰਹ ਲਿਆ ਘੁਮਾ।
ਹਾਣ ਦੇ ਬੱਚੇ ਪੜ੍ਹਨੇ ਜਾਂਦੇ
ਦੇਖ ਕੇ ਮਨ ਗਿਆ ਕੁਰਲਾ।
ਉਂਗਲਾਂ ਚੱਬਦੀ, ਹੰਝੂ ਪੀ ਗਈ
ਦਰਦ ਨੂੰ ਅੰਦਰ ਲਿਆ ਛੁਪਾ।

***-ਦਵਿੰਦਰ ਕੌਰ***

---

ਉਚੇ ਮਿਆਰ ਹੋਏ ਰਹਿਣ ਦੇ
ਹਰ ਕੋਈ ਚੰਗੀ ਸਿੱਖਿਆ ਚਾਹੇ।
ਪੈਸਾ ਆਪਣੇ ਰੰਗ ਦਿਖਾਉਂਦਾ
ਹੁਣ ਬੱਚਾ ਨਾ ਤੁਰਦਾ ਕੋਈ ਰਾਹੇ।
ਬੱਚੇ ਪਾ ਕੇ ਰੰਗ ਬਰੰਗੀ ਵਰਦੀ
ਚੜ੍ਹ ਬੱਸ ਸਕੂਲ ਵੱਲ ਜਾਂਦੇ।
ਮਹਿੰਗੀ ਪੜ੍ਹਾਈ ਵੱਸੋਂ ਬਾਹਰੀ
ਇੰਜ ਗਰੀਬ ਦਾ ਮਖੌਲ ਉਡਾਂਦੇ।

***-ਸੇਵਾ ਸਿੰਘ ਨੂਰਪੁਰੀ***

---

ਨੰਗ ਧੜੰਗੇ ਰਹਿ ਛੰਨਾਂ ਢਾਰਿਆਂ 'ਚ
ਹਨੇਰਿਆਂ ਦੀ ਕਾਲਖ ਵਿਰਸੇ 'ਚ ਮਿਲੀ
ਕੱਖ ਚੁਗਦੀ ਅੰਮੜੀ ਦੀ ਝੋਲੀ 'ਚ ਲਟਕ
ਸੁਰਤ ਸੰਭਾਲਦਿਆਂ ਹੀ
ਜਿੰਦੜੀ ਸਿਰ ਪਿੰਡੇ ਹੰਢਾਈ
ਬਣ ਠਣ ਬੱਚੀਆਂ ਸਕੂਲ ਜਾ ਰਹੀਆਂ
ਮਜਲੂਮ ਬੱਚਾ ਅੱਖਾਂ ਅੱਡ ਅੱਡ ਦੇਖਦਾ
ਮੇਰੇ ਕਿਉਂ ਹਨ ਪਾਟੇ ਹੋਏ ਕੱਪੜੇ
ਪੈਰ ਜੁੱਤੀ ਨਹੀਂ,
ਨਹਾਉਣ ਧੋਣ ਲਈ ਕੁਝ ਨਹੀਂ
ਹਰ ਸਹੂਲਤ ਤੋਂ ਵਾਂਝੇ
ਜਨਮੇ ਕੰਮੀਆਂ ਦੇ ਘਰ
ਸਰਕਾਰਾਂ ਦੇ ਲਾਰੇ
ਮੁੜ ਵਸੇਵੇ ਦੀਆਂ ਖਾਲੀ ਗੱਲਾਂ
ਸਿਰਫ ਕਾਗਜ਼ਾਂ 'ਚ ਹੀ
ਲਿਖੀਆਂ ਰਹਿ ਜਾਂਦੀਆਂ।
ਸੋਚ, ਦੇਖ ਬੱਚੇ ਅਮੀਰਜ਼ਾਦਿਆਂ ਦੇ
ਕਿੱਦਾਂ ਉਹ ਲੁੱਡੀਆਂ ਪਾ ਰਹੇ।

***-ਦਰਸ਼ਨਪਾਲ ਦੋਸਾਂਝ***

# ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ

## ਖੇਡ ਅਤੇ ਸਭਿਆਚਾਰਕ ਮੇਲਾ

### ਕਬੱਡੀ ਤੇ ਵਾਲੀਬਾਲ ਦੇ ਮੈਚ ਹੋਣਗੇ

## Sports and Cultural Festival

PUNJAB SPORTS & CULTURAL CLUB CHICAGO

## 7 ਜੁਲਾਈ 2019

ਐਤਵਾਰ, ਸਵੇਰੇ 11 ਤੋਂ 7 ਵਜੇ ਤੱਕ
ਬੱਸੀਵੁਡਜ਼ ਫਾਰੈਸਟ ਪ੍ਰਿਜ਼ਰਵ
ਐਲਕ ਗਰੂਵ ਵਿਲੇਜ, ਇਲੀਨਾਇ

**July 7th, 2019**
**Sunday**
**11AM to 7PM**

(Busse Wood Forest Preserve South, Elk Grove Village, IL 60007)




ਗੈਰੀ ਸੰਧੂ, ਸਾਰਿਕਾ ਗਿੱਲ ਅਤੇ ਕੁਵਰ ਵਿਰਕ ਤਿੰਨ ਘੰਟੇ ਸਭਿਆਚਾਰਕ ਗਾਇਕੀ ਦਾ ਅਖਾੜਾ ਲਾਉਣਗੇ। ਫਰੀ ਪਾਰਕਿੰਗ, ਫਰੀ ਫੂਡ ਅਤੇ ਬੀਬੀਆਂ ਲਈ ਫਰੀ ਮਹਿੰਦੀ

### ਸਾਡੇ ਮੁੱਖ ਸਪਾਂਸਰ ਅਤੇ ਮਹਿਮਾਨ



ਸ. ਦਰਸ਼ਨ ਸਿੰਘ ਧਾਲੀਵਾਲ | ਸ. ਹੈਰੀ ਘੁਮਾਣ ਤੇ ਸ. ਅਮਰਵੀਰ ਘੁਮਾਣ ਇੰਡੀਆਨਾ | ਸ੍ਰੀ ਸੁਧਾਕਰ ਦਲੇਲਾ ਭਾਰਤੀ ਕੌਂਸਲ ਜਨਰਲ, ਸ਼ਿਕਾਗੋ | ਸ. ਬਲਦੇਵ ਸਿੰਘ ਸੱਲ੍ਹਾਂ | ਸ. ਜੇ ਪੀ ਐਸ ਖਹਿਰਾ | ਸ. ਪਾਲ ਸਿੰਘ ਖਲੀਲ | ਸ. ਹਰਵਿੰਦਰ ਵਾਲੀਆ | Raja Krishnamoorthi Congressman | ਸ. ਅਮੋਲਕ ਸਿੰਘ ਗਾਖਲ | ਸ. ਲਵ ਮਿਨਹਾਸ ਕਲੱਬ ਚੇਅਰਮੈਨ



ਸ. ਰਜਿੰਦਰ ਸਿੰਘ ਦਿਆਲ (ਪ੍ਰਧਾਨ) | ਸ. ਅੰਮ੍ਰਿਤਪਾਲ ਸਿੰਘ ਸੰਘਾ (ਮੀਤ ਪ੍ਰਧਾਨ)

### ਕਲੱਬ ਮੈਂਬਰ




ਸ. ਹੈਪੀ ਸਿੰਘ ਹੀਰ | ਸ. ਨਰਿੰਦਰ ਸਿੰਘ ਸਰਾਂ | ਸ. ਹਰਵਿੰਦਰ ਸਿੰਘ ਬਿੱਲਾ | ਸ. ਜਸਕਰਨ ਸਿੰਘ ਧਾਲੀਵਾਲ | ਸ. ਗੁਰਮੀਤ ਸਿੰਘ ਭੋਲਾ | ਸ. ਲਵਦੀਪ ਸਿੰਘ ਦੁੱਲਤ | ਸ. ਲਖਵੀਰ ਸਿੰਘ ਸਹੋਤਾ | ਡਾ. ਹਰਜਿੰਦਰ ਸਿੰਘ ਖਹਿਰਾ | ਸ. ਹਰਦੀਪ ਸਿੰਘ ਗਿੱਲ | ਸ. ਮਿੱਡਾ ਮਾਹਿਲਪੁਰੀਆ | ਸ. ਯਾਦਵਿੰਦਰ ਸਿੰਘ ਗਰੇਵਾਲ

### ਸਭਨਾਂ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ



**Free Entry, Free Parking & Free Food**

ਰੱਖੜੇ ਦਾ ਮਾਣ
ਸੂਬੇਦਾਰ ਬਾਪੂ ਕਰਤਾਰ ਸਿੰਘ



ਕਬੱਡੀ ਦਾ ਪਹਿਲਾ ਇਨਾਮ ਸੂਬੇਦਾਰ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ ਸ. ਦਰਸ਼ਨ ਸਿੰਘ ਧਾਲੀਵਾਲ ਵਲੋਂ

ਕਬੱਡੀ ਦਾ ਦੂਜਾ ਇਨਾਮ ਸਵਰਗੀ ਹਰਭਜਨ ਸਿੰਘ ਘੁਮਾਣ ਦੀ ਯਾਦ ਵਿਚ ਘੁਮਾਣ ਬ੍ਰਦਰਜ਼ ਇੰਡੀਆਨਾ ਵਲੋਂ



ਵਾਲੀਬਾਲ ਦਾ ਟੂਰਨਾਮੈਂਟ ਸਵਰਗੀ ਹਰਭਜਨ ਸਿੰਘ ਗਾਖਲ, ਹਰਜਾਪ ਸਿੰਘ ਸੰਘਾ ਤੇ ਮੇਜਰ ਸਿੰਘ ਮੌਜੀ ਨੂੰ ਸਮਰਪਿਤ



ਮਰਹੂਮ ਹਰਭਜਨ ਸਿੰਘ ਗਾਖਲ | ਮਰਹੂਮ ਹਰਜਾਪ ਸਿੰਘ ਸੰਘਾ | ਮਰਹੂਮ ਮੇਜਰ ਸਿੰਘ ਮੌਜੀ



ਕੁਮੈਂਟੇਟਰ ਮੱਖਣ ਅਲੀ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ:**
ਜਿੰਦੀ ਦਿਆਲ, ਫੋਨ: 214-457-1808
ਅੰਮ੍ਰਿਤਪਾਲ ਸਿੰਘ ਸੰਘਾ, ਫੋਨ: 630-673-9000
ਹੈਪੀ ਹੀਰ, ਫੋਨ: 630-398-7052
ਨਰਿੰਦਰ ਸਰਾਂ, ਫੋਨ: 630-205-9264
ਜਸਕਰਨ ਸਿੰਘ ਧਾਲੀਵਾਲ, ਫੋਨ: 630-290-7993
ਗੁਰਮੀਤ ਸਿੰਘ ਭੋਲਾ, ਫੋਨ: 773-406-2131
ਡਾ. ਹਰਜਿੰਦਰ ਸਿੰਘ ਖਹਿਰਾ, ਫੋਨ: 630-479-0031
ਲਵਦੀਪ ਦੁੱਲਤ, ਫੋਨ: 224-425-0705
ਹਰਵਿੰਦਰ ਸਿੰਘ, ਫੋਨ: 708-228-8520
ਲਖਵੀਰ ਸਹੋਤਾ, ਫੋਨ: 847-489-7773
ਹਰਦੀਪ ਗਿੱਲ, ਫੋਨ: 847-226-2515
ਮਿੱਢਾ ਮਾਹਿਲਪੁਰੀਆ, ਫੋਨ: 224-578-5885
ਯਾਦਵਿੰਦਰ ਸਿੰਘ ਗਰੇਵਾਲ, ਫੋਨ: 773-627-9113

# ਪਰਵਾਸੀ ਘਰ ਨਹੀਂ ਮੁੜਦੇ...

***ਪਰਵਾਸ ਮੁੱਢ-ਕਦੀਮ ਤੋਂ ਹੀ ਮਨੁੱਖ ਦੇ ਨਾਲ-ਨਾਲ ਤੁਰਿਆ ਹੈ। ਰੋਜ਼ੀ-ਰੋਟੀ ਨੇ ਮਨੁੱਖ ਦੇ ਪੈਰੀਂ ਚੱਕਰ ਪਾਈ ਰੱਖਿਆ ਹੈ। ਇਸੇ ਗੇੜ ਵਿਚ ਬਹੁਤ ਲੋਕ ਹੋਰ ਮੁਲਕਾਂ ਵਿਚ ਗਏ, ਉਥੇ ਆਪਣੀ ਜਨਮ ਭੋਇੰ ਨੂੰ ਸਦਾ ਹੀ ਲੋਚਦੇ ਰਹੇ ਪਰ ਫਿਰ ਵੀ ਆਪਣੇ ਮੁਲਕ ਨਹੀਂ ਪਰਤੇ। ਵਲਾਇਤ (ਬਰਤਾਨੀਆ) ਵੱਸਦੇ ਲਿਖਾਰੀ ਕੇ.ਸੀ. ਮੋਹਨ ਨੇ ਪਰਵਾਸ ਦੀਆਂ ਇਨ੍ਹਾਂ ਘੁੰਡੀਆਂ ਦੀ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਪੰਛੀ ਚੋਗਾ ਚੁਗ ਕੇ ਸ਼ਾਮੀਂ ਆਲ੍ਹਣਿਆਂ ਵਿਚ ਪਰਤ ਆਉਂਦੇ ਨੇ। ਕੁਝ ਪੰਛੀ ਰੁੱਤ ਬਦਲਣ ਨਾਲ ਹਜ਼ਾਰਾਂ ਮੀਲਾਂ ਦਾ ਸਫਰ ਤੈਅ ਕਰਕੇ ਦੂਰ-ਦੁਰਾਡੇ ਥਾਂਵਾਂ/ਦੇਸ਼ਾਂ ਵੱਲ ਚੋਗਾ ਚੁਗਣ ਲਈ ਉਡਾਰੀਆਂ ਭਰਦੇ ਹਨ। ਚੋਗਾ ਚੁਗ ਕੇ ਆਪਣੇ ਘਰੀਂ ਪਰਤ ਆਉਂਦੇ ਹਨ ਪਰ ਆਪਣੀ ਜਨਮ ਭੋਇੰ ਛੱਡ ਕੇ ਪਰਦੇਸਾਂ ਵਿਚ ਗਏ ਭਾਰਤੀ ਮੂਲ ਦੇ ਪਰਵਾਸੀ ਵਤਨ ਨਹੀਂ ਪਰਤਦੇ। ਇਹ ਵਿਚਾਰਨ ਵਾਲੀ ਗੱਲ ਹੈ।

ਦੁਨੀਆਂ ਦਾ ਇਤਿਹਾਸ ਇਕ ਮੁਲਕ ਦੇ ਵਸਨੀਕਾਂ ਵਲੋਂ ਦੂਜੇ ਮੁਲਕਾਂ ਵਿਚ ਜਾ ਕੇ ਕੰਮ ਕਰਨ/ਪੈਸੇ ਕਮਾਉਣ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਇਕੋ ਦੇਸ਼ ਦੇ ਵਾਸੀਆਂ ਦਾ ਆਪਣੇ ਹੀ ਦੇਸ਼ ਦੇ ਦੂਜੇ ਖਿੱਤਿਆਂ ਵਿਚ ਜਾ ਕੇ ਕੰਮ ਕਰਨ ਤੇ ਵਸਣ ਦਾ ਸਿਲਸਿਲਾ ਤਾਂ ਆਮ ਹੈ।

ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਕੈਨੇਡਾ ਤੇ ਬਰਤਾਨੀਆ ਵੱਲ ਭਾਰਤੀ ਨੌਜਵਾਨਾਂ ਦੇ ਅੰਨ੍ਹੇਵਾਹ ਕੂਚ ਦਾ ਵਿਸ਼ਲੇਸ਼ਣ ਹਾਲ ਦੀ ਘੜੀ ਪਾਸੇ ਛੱਡਦਿਆਂ, ਪਿਛਲੀ ਸਦੀ ਦੇ 60ਵਿਆਂ ਵਿਚ ਭਾਰਤ ਤੋਂ ਬਰਤਾਨੀਆ/ਕੈਨੇਡਾ ਵੱਲ ਸਿਰਫ ਪੈਸੇ ਕਮਾਉਣ ਗਏ ਭਾਰਤੀਆਂ, ਖਾਸ ਕਰ ਪੰਜਾਬੀਆਂ ਦੀ ਦਾਸਤਾਨ ਦਾ



**ਕੇ. ਸੀ. ਮੋਹਨ**

ਲੇਖਾ-ਜੋਖਾ ਕਰੀਏ। ਇਹ ਪੰਜਾਬੀ ਜ਼ਾਹਿਰ ਤੌਰ 'ਤੇ ਵਲਾਇਤ ਗਏ ਕਿ ਖੁਸ਼ਹਾਲ ਵਿਕਸਿਤ ਮੁਲਕ ਵਿਚ ਕੁਝ ਪੈਸੇ ਕਮਾਵਾਂਗੇ ਤੇ ਫਿਰ ਵਤਨ ਪਰਤ ਕੇ ਉਸ ਕਮਾਏ ਪੈਸੇ ਨਾਲ ਆਪਣੇ ਮੁਲਕ ਵਿਚ ਹੀ ਖੁਸ਼ਹਾਲੀ ਲਿਆਵਾਂਗੇ ਅਤੇ ਮੌਜਾਂ ਕਰਾਂਗੇ।

ਤੱਥ ਗਵਾਹ ਹਨ ਕਿ ਇਨ੍ਹਾਂ ਪੰਜਾਬੀਆਂ ਨੇ ਵਲਾਇਤ ਵਿਚ ਜਾ ਕੇ ਹੱਡ-ਭੰਨਵੀਂ ਮਿਹਨਤ ਕੀਤੀ। ਓਵਰਟਾਈਮ ਲਾਏ। ਪੈਸੇ ਇਕੱਠੇ ਕਰਨ ਲਈ ਦਿਨ-ਰਾਤ ਇਕ ਕੀਤਾ। ਚੋਖੇ ਪੈਸੇ ਕਮਾਏ। ਆਪ ਕਠਿਨਾਈਆਂ ਝੱਲ ਕੇ ਪਿੰਡ ਵਾਲਿਆਂ ਨੂੰ ਆਪਣੀ ਕਮਾਈ ਦਾ ਬਹੁਤਾ ਹਿੱਸਾ ਭੇਜਿਆ। ਭਾਰਤ ਵਿਚਲੀ 'ਅੰਨ ਦੀ ਤੋਟ' ਦਾ ਫਾਹਾ ਵੱਢਿਆ। ਹਰੇ ਇਨਕਲਾਬ ਦੇ ਅਲੰਬਰਦਾਰ ਬਣੇ ਪਰ ਹੈਰਾਨੀ ਦੀ ਗੱਲ ਹੈ ਕਿ ਚਾਹੁੰਦੇ ਹੋਏ ਵੀ ਆਪਣੇ ਇਕਰਾਰ ਮੁਜਬ ਇਨ੍ਹਾਂ ਪਰਵਾਸੀਆਂ ਵਿਚੋਂ ਇਕ ਫੀਸਦੀ ਵੀ ਵਾਪਸ ਨਹੀਂ ਆਏ। ਜਿਹੜੇ ਮੁੜੇ ਵੀ ਜਾਂ ਜਿਨ੍ਹਾਂ ਨੇ ਵਾਪਸ ਭਾਰਤ ਵਿਚ ਪੈਰ ਜਮਾਉਣ ਦੇ ਯਤਨ ਕੀਤੇ, ਉਹ ਬੇਰੰਗ ਖਤ ਵਾਂਗ ਵਾਪਸ



*ਵਲਾਇਤ 'ਚ 1958 ਵਿਚ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੀ ਮੀਟਿੰਗ ਦੀ ਝਲਕ*

ਵਲਾਇਤ ਚਲੇ ਆਏ। ਇਹ ਕਿੰਜ ਹੋ ਗਿਆ? ਇਹ ਪਰਵਾਸੀ ਪੰਜਾਬੀ ਵਾਪਸ ਕਿਉਂ ਨਹੀਂ ਮੁੜੇ?

ਦਰਅਸਲ, 60ਵਿਆਂ ਵਿਚ ਬਰਤਾਨੀਆ ਨੂੰ ਵਿਦੇਸ਼ੀ ਕਾਮਿਆਂ ਦੀ ਲੋੜ ਸੀ। ਬਹੁਤੇ ਪੰਜਾਬੀ/ਭਾਰਤੀ 'ਕੰਮ ਕਰਨ ਦੇ ਪਰਮਿਟਾਂ' ਦੀ ਸਕੀਮ ਰਾਹੀਂ ਬਰਤਾਨੀਆ ਗਏ। ਇਸ ਸਿਲਸਿਲੇ ਵਿਚ ਦੁਆਬੇ ਦੇ ਪੰਜਾਬੀ ਮੋਹਰੀ ਸਨ। ਮੁੱਖ ਤੌਰ 'ਤੇ ਪੈਸੇ ਕਮਾ ਕੇ ਵਤਨ ਪਰਤਣ ਦੇ ਇਰਾਦੇ ਨਾਲ ਬਾਹਰ ਗਏ ਇਨ੍ਹਾਂ ਪੰਜਾਬੀਆਂ ਨੂੰ ਨਹੀਂ ਸੀ ਪਤਾ ਕਿ ਉਨ੍ਹਾਂ ਦਾ ਜੀਵਨ ਵਲਾਇਤ ਵਿਚ ਕਿਹੋ ਜਿਹਾ ਹੋਵੇਗਾ ਅਤੇ ਉਨ੍ਹਾਂ ਦੇ ਉਥੇ ਰਹਿਣ ਦੀਆਂ ਕੀ ਸੰਭਾਵਨਾਵਾਂ ਹੋਣਗੀਆਂ। ਇਹ ਪੰਜਾਬੀ 'ਕੱਲੇ-'ਕਹਿਰੇ ਹੀ ਆਪਣੇ ਟੱਬਰਾਂ ਨੂੰ ਛੱਡ ਕੇ ਵਤਨੋਂ ਗਏ ਸਨ। ਇਨ੍ਹਾਂ ਨੂੰ ਪਤਾ ਨਹੀਂ ਸੀ ਕਿ ਇਨ੍ਹਾਂ ਦੇ ਟੱਬਰਾਂ ਦਾ ਭਵਿਖ ਵੀ ਕਿਹੋ ਜਿਹਾ ਹੋਵੇਗਾ।

ਪਹਿਲੇ ਪੂਰ ਦੇ ਇਨ੍ਹਾਂ ਪਰਵਾਸੀਆਂ ਦਾ ਜੀਵਨ ਬਹੁਤ ਸੰਘਰਸ਼ਪੂਰਨ ਸੀ। ਇਨ੍ਹਾਂ ਨੇ ਨਵੇਂ ਮੁਲਕਾਂ ਦੀ ਬੋਲੀ ਤੇ ਤਹਿਜ਼ੀਬ ਨਾਲ ਨਜਿਠਿਆ। ਜਾਨ ਤੋੜ ਕੇ ਕੰਮ ਕੀਤਾ। ਆਪ ਤੰਗੀਆਂ ਕੱਟ ਕੇ ਪਿਛਲਿਆਂ ਨੂੰ ਸੁਖਾਲੇ ਕਰਨ ਲਈ ਪੈਸੇ ਭੇਜੇ। ਨਵੇਂ ਮੁਲਕ ਦੇ ਮੌਸਮਾਂ ਦਾ ਗੁੱਸਾ ਝੱਲਿਆ। ਰਹਿਣ ਦੇ ਹਾਲਾਤ ਮੰਦੇ ਸਨ। ਨਸਲੀ ਵਿਤਕਰੇ ਦਾ ਸਾਹਮਣਾ ਕੀਤਾ। ਅੰਗਰੇਜ਼ ਲੋਕ ਇਨ੍ਹਾਂ ਪਰਵਾਸੀਆਂ ਨੂੰ ਕਿਰਾਏ 'ਤੇ ਮਕਾਨ ਦੇ ਕੇ ਰਾਜ਼ੀ ਨਹੀਂ ਸਨ। ਇਕ-ਇਕ ਕਮਰੇ ਵਿਚ ਦਸ-ਦਸ ਬੰਦੇ ਰਹੇ। ਅਨੇਕਾਂ ਦੁਸ਼ਵਾਰੀਆਂ ਬਰਦਾਸ਼ਤ ਕਰਕੇ ਪਿਛਲਿਆਂ ਦਾ ਖਿਆਲ ਰੱਖਿਆ।

ਵਕਤ ਪੈਣ ਨਾਲ ਇਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਬਰਤਾਨੀਆ ਵਿਚ ਲੰਮੇ ਸਮੇਂ ਲਈ ਰਹਿਣ ਦੀ ਇਜਾਜ਼ਤ ਮਿਲਣ ਲੱਗੀ। ਬੰਦੇ ਪੱਕੇ ਹੋਣ ਲੱਗੇ। ਇਹ ਵਤਨ ਨਾ ਮੁੜਨ ਦੇ ਸਿਲਸਿਲੇ ਦੀ ਸ਼ੁਰੂਆਤ ਸੀ। ਫਿਰ ਹੌਲੀ-ਹੌਲੀ ਇਨ੍ਹਾਂ ਪਰਵਾਸੀਆਂ ਨੂੰ ਟੱਬਰ ਮੰਗਵਾਉਣ ਦੀ ਆਗਿਆ ਵੀ ਮਿਲਣ ਲੱਗੀ। ਪਿੰਡਾਂ ਵਿਚ ਇੰਤਜ਼ਾਰ ਕਰਦੀਆਂ ਪਤਨੀਆਂ ਅਤੇ ਬੱਚੇ ਵਲਾਇਤ ਪੁੱਜਣ ਲੱਗੇ। ਇਹ ਮਿਹਨਤਕਸ਼ ਪੰਜਾਬੀ ਆਪਣੇ ਘਰ ਖਰੀਦਣ ਲੱਗੇ। ਬੱਚੇ ਵਲਾਇਤ ਦੇ ਸਕੂਲੀਂ ਜਾਣ ਲੱਗੇ। ਪਤਨੀਆਂ ਨੂੰ ਵੀ ਕੰਮ ਮਿਲਣ ਲੱਗਾ। ਇਉਂ ਗੈਰ ਮੁਲਕਾਂ ਵਿਚ ਇਨ੍ਹਾਂ ਦੇ ਪੈਰ ਜੰਮਣ ਲੱਗੇ। ਹੁਣ ਇਨ੍ਹਾਂ ਪੰਜਾਬੀਆਂ ਦਾ ਵਲਾਇਤ ਨਾਲ ਨਾਤਾ ਜੁੜਨ ਲੱਗਾ। ਇਹ ਉਹੀ ਪਰਵਾਸੀ ਸਨ ਜਿਹੜੇ ਰਹਿੰਦੇ ਵਲਾਇਤ ਵਿਚ ਸਨ ਪਰ ਸੁਪਨੇ ਭਾਰਤ ਦੇ ਲੈਂਦੇ ਸਨ। ਇਹ ਵੀ ਕਿਹਾ ਕਰਦੇ ਸਨ ਕਿ ਮਰਾਂਗੇ ਤਾਂ ਇੰਡੀਆ ਹੀ; ਸਾਡੇ ਫੁੱਲ ਵੀ ਉਥੇ ਹੀ ਪੈਣਗੇ।

ਹੁਣ ਤਕ ਪਰਵਾਸੀ ਪੰਜਾਬੀਆਂ ਦੀ ਚੌਥੀ ਪੀੜ੍ਹੀ ਵੀ ਸਾਹਮਣੇ ਆ ਚੁਕੀ ਹੈ ਪਰ ਨਾ ਤਾਂ ਪਹਿਲੀ ਪੀੜ੍ਹੀ ਦੇ ਪਰਵਾਸੀ ਵਾਪਸ ਮੁੜੇ ਤੇ ਨਾ ਹੀ ਅਗਲੀਆਂ ਪੀੜ੍ਹੀਆਂ ਦੇ। ਇਥੋਂ ਤਕ ਕਿ ਪਹਿਲੀ/ਦੂਜੀ ਪੀੜ੍ਹੀ ਆਪਣੀ ਸੇਵਾਮੁਕਤੀ ਕੱਟਣ ਲਈ ਵੀ ਇੰਡੀਆ ਨਹੀਂ ਜਾ ਰਹੀ। ਜਿਨ੍ਹਾਂ ਬੱਚਿਆਂ ਦਾ ਜਨਮ ਵਲਾਇਤ ਵਿਚ ਹੋਇਆ ਹੈ, ਉਨ੍ਹਾਂ ਦਾ ਭਾਰਤ ਨਾਲ ਦੂਰ ਦਾ ਨਾਤਾ ਬਣ ਰਿਹਾ ਹੈ, ਭਾਵੇਂ ਉਹ ਆਪਣੀ ਸ਼ਨਾਖਤ ਤੋਂ ਮੁਨਕਰ ਨਹੀਂ ਹਨ। ਪਹਿਲੀ ਪੀੜ੍ਹੀ ਵਿਚੋਂ ਬਹੁਤੀ ਤਾਂ ਰੱਬ ਨੂੰ ਪਿਆਰੀ ਹੋ ਚੁੱਕੀ ਹੈ ਤੇ ਬਾਕੀ ਦੀ ਹੌਲੀ-ਹੌਲੀ ਕਿਰ ਰਹੀ ਹੈ। ਇਹ ਭਾਵੇਂ ਪਾਰਕਾਂ ਦੇ ਬੈਂਚਾਂ 'ਤੇ ਬਹਿ ਕੇ ਆਪਣੇ ਪਿੰਡਾਂ ਦੀਆਂ ਗੱਲਾਂ ਅਜੇ ਵੀ ਕਰਦੇ ਹਨ ਪਰ ਕੋਈ ਆਪਣੇ ਪਿੰਡ ਪਰਤ ਕੇ ਰਾਜ਼ੀ ਨਹੀਂ।

ਦੁਨੀਆਂ ਦੇ ਕੁਝ ਮੁਲਕ ਬਾਹਰਲਿਆਂ ਨੂੰ ਨੌਕਰੀਆਂ ਤਾਂ ਦੇ ਦਿੰਦੇ ਹਨ, ਕੱਚੀ ਠਹਿਰ ਵੀ ਪਰ ਉਹ ਕੌਮੀਅਤ/ਪਾਸਪੋਰਟ ਨਹੀਂ ਦਿੰਦੇ। ਅਜਿਹੇ ਲੋਕ ਇਨ੍ਹਾਂ ਮੁਲਕਾਂ ਵਿਚ ਦਿਲ ਨਹੀਂ ਲਾਉਂਦੇ। ਪਰਵਾਸੀ ਭਾਰਤੀਆਂ ਕੋਲ ਬਰਤਾਨਵੀ ਕੌਮੀਅਤ ਅਤੇ ਪਾਸਪੋਰਟ ਲੈਣ ਦੀ ਸਹੂਲਤ ਹੈ। ਪੱਕੀ ਜ਼ਿੰਦਗੀ ਜਿਉਣ ਦਾ ਮਾਹੌਲ ਹੈ। ਪਿਛਲੇ ਸੱਠ ਸਾਲਾਂ ਵਿਚ ਪਰਵਾਸੀਆਂ ਦੇ ਹਵਾਲੇ ਨਾਲ ਬਰਤਾਨੀਆ ਦੇ ਹਾਲਾਤ ਵਿਚ ਬਹੁਤ ਫਰਕ ਆਇਆ ਹੈ। ਹੁਣ ਪਰਵਾਸੀ ਭਾਰਤੀ ਬਰਤਾਨੀਆ ਦੇ ਹਰ ਖਿੱਤੇ ਵਿਚ ਵਧੀਆ ਭੂਮਿਕਾ ਨਿਭਾ ਰਹੇ ਹਨ। ਇਕ ਵੀ ਖੇਤਰ ਨਹੀਂ ਜਿਥੇ ਭਾਰਤੀ ਮੂਲ ਦੇ ਲੋਕ ਸਰਗਰਮ ਨਹੀਂ। ਭਾਰਤੀ ਮੂਲ ਵਾਸੀਆਂ ਦਾ ਕਾਫੀ ਹਿੱਸਾ ਅਜੇ ਵੀ ਹੈ, ਜੋ ਭਾਰਤ ਮੁੜ ਜਾਣ ਦੀ ਗੱਲ ਕਰਦਾ ਹੈ, ਚਾਹੁੰਦਾ ਵੀ ਹੈ, ਖਾਸ ਕਰਕੇ ਲੋਕ ਆਪਣੀ ਸੇਵਾਮੁਕਤੀ ਪਿਛੋਂ ਦਾ ਸਮਾਂ ਆਪਣੀ ਜਨਮ ਭੂਮੀ ਵਿਚ ਗੁਜ਼ਾਰਨਾ ਚਾਹੁੰਦੇ ਹਨ ਪਰ ਇਹ ਵਰਗ ਇੰਡੀਆ ਵਿਚ ਰਹਿਣ ਤੋਂ ਡਰਦਾ ਅਤੇ ਘਬਰਾਉਂਦਾ ਹੈ।

ਇੰਗਲੈਂਡ ਵਿਚ ਵਸ ਗਏ ਭਾਰਤੀਆਂ ਕੋਲ 'ਓਵਰਸੀਜ਼ ਸਿਟੀਜ਼ਨ ਆਫ ਇੰਡੀਆ' (ਇਕ ਤਰ੍ਹਾਂ ਨਾਲ ਭਾਰਤੀ ਕੌਮੀਅਤ) ਬਣਨ ਦੀ ਸਹੂਲਤ ਵੀ ਹੈ। ਇਸ ਦਾ ਭਾਵ ਹੈ ਕਿ ਭਾਰਤੀ ਮੂਲ ਦਾ ਕੋਈ ਵੀ ਬਰਤਾਨਵੀ ਸ਼ਹਿਰੀ ਅਣਮਿਥੇ ਸਮੇਂ ਲਈ ਭਾਰਤ ਵਿਚ ਰਹਿ ਸਕਦਾ ਹੈ ਅਤੇ ਕੰਮ ਵੀ ਕਰ ਸਕਦਾ ਹੈ, ਭਾਵੇਂ ਕੁਝ ਹੋਰ ਬੰਦਿਸ਼ਾਂ ਵੀ ਹਨ। ਫਿਰ ਵੀ ਪਰਵਾਸੀ ਭਾਰਤੀ ਭਾਰਤ ਵਿਚ ਮੁੜਨ ਜਾਂ ਰਹਿਣ ਲਈ ਅੱਗੇ ਨਹੀਂ ਆਉਂਦੇ।



*1960ਵਿਆਂ ਦੇ ਅਖੀਰ ਵਿਚ ਵਲਾਇਤ ਪੁੱਜੇ ਪੰਜਾਬੀ।*

ਜਿਹੜੀ ਚੀਜ਼ ਤੋਂ ਪਰਵਾਸੀ ਭਾਰਤੀ ਸਭ ਤੋਂ ਵੱਧ ਤ੍ਰਭਕਦੇ ਹਨ, ਉਹ ਹੈ ਭਾਰਤ ਦਾ ਦਫਤਰੀ ਸਿਲਸਿਲਾ (ਪ੍ਰਸ਼ਾਸਨ)। ਬਰਤਾਨੀਆ ਦੀ ਬਾਬੂ ਜਮਾਤ ਦਾ ਰਵੱਈਆ ਅਤੇ ਕੰਮ ਕਰਨ ਦਾ ਤਰੀਕਾ ਭਾਰਤ ਦੀ ਬਾਬੂ ਜਮਾਤ ਤੋਂ ਕਿਤੇ ਬਿਹਤਰ ਹੈ। ਬਹੁਤੇ ਭਾਰਤੀ ਬਾਬੂ ਤੁਹਾਨੂੰ ਤੰਗ ਕਰਕੇ ਖੁਸ਼ੀ ਲੈਂਦੇ ਹਨ ਜਦੋਂਕਿ ਵਲਾਇਤੀ ਦਫਤਰੀ ਅਮਲਾ ਪ੍ਰੇਸ਼ਾਨ ਨਹੀਂ ਕਰਦਾ। ਭਾਰਤੀ ਬਾਬੂ ਆਪਣੀ ਤਾਕਤ ਨੂੰ ਨਾਕਾਰਾਤਮਕ ਤਰੀਕੇ ਨਾਲ ਵਰਤਦੇ ਹਨ ਜਦੋਂਕਿ ਬਰਤਾਨਵੀ ਦਫਤਰੀ ਢਾਂਚਾ ਅਜੇ ਵੀ ਕਾਫੀ ਹੱਦ ਤਕ ਸੇਵਾ ਭਾਵ ਵਾਲਾ ਹੈ। ਯੂ. ਕੇ. ਤੋਂ ਭਾਰਤ ਗਿਆ ਪਰਵਾਸੀ ਦਫਤਰੀ ਪ੍ਰਬੰਧਾਂ ਤੋਂ ਅੱਕ ਜਾਂਦਾ ਹੈ। ਗੇੜੇ ਕੱਢਦਾ ਥੱਕ ਜਾਂਦਾ ਹੈ।

ਇਸ ਨੁਕਤੇ ਦੇ ਹਵਾਲੇ ਨਾਲ ਹੀ ਬਰਤਾਨੀਆ ਵਿਚ ਕੰਮ-ਕਾਰ ਕਰਵਾਉਣ ਲਈ ਵੱਢੀ ਦੇਣ/ਲੈਣ ਦਾ ਕੋਈ ਸਿਲਸਿਲਾ ਨਹੀਂ। ਜੇ ਕਿਤੇ ਹੋਵੇਗਾ ਵੀ ਤਾਂ ਆਟੇ ਵਿਚ ਲੂਣ ਦੇ ਬਰਾਬਰ ਵੀ ਨਹੀਂ। ਭਾਰਤ ਵਿਚ ਬਿਨਾ ਵੱਢੀ ਦਿੱਤੇ ਕੰਮ ਹੋਣਾ ਹੁਣ ਗੁਜ਼ਰੇ ਵਕਤਾਂ ਦੀ ਗੱਲ ਜਾਪਦਾ ਹੈ। ਬਰਤਾਨੀਆ ਵਿਚ ਤੁਹਾਨੂੰ ਤੁਹਾਡੇ ਗੁਆਂਢ/ਮੁਹੱਲੇ ਜਾਂ ਸ਼ਹਿਰ ਵਿਚ ਰਹਿੰਦੇ ਕਿਸੇ ਥਾਣੇਦਾਰ, ਜੱਜ, ਸਿਆਸਤਦਾਨ, ਮੌਲਵੀ, ਪਟਵਾਰੀ, ਬਦਮਾਸ਼ ਤੋਂ ਡਰਨ ਦੀ ਲੋੜ ਨਹੀਂ। ਕੋਈ ਨਾਗਰਿਕ ਪੁਲਿਸ ਵਾਲਿਆਂ ਨਾਲ ਗੱਲ ਕਰਨ ਤੋਂ ਨਹੀਂ ਘਬਰਾਉਂਦਾ।

ਬਰਤਾਨੀਆ ਵਿਚ ਰਹਿ ਕੇ ਬੰਦਾ ਆਪਣੀ ਨਿੱਜੀ ਥਾਂ (ਸਪੇਸ)/ਜ਼ਿੰਦਗੀ, ਇਕਾਂਤ/ਓਟ ਨੂੰ ਮਾਣ ਕੇ ਖੁਸ਼ੀ ਲੈਂਦਾ ਹੈ। ਤੁਸੀਂ ਚਾਹੋ ਤਾਂ ਕੋਈ ਦੂਸਰਾ ਤੁਹਾਡੀ ਨਿੱਜੀ ਜ਼ਿੰਦਗੀ ਵਿਚ ਦਖਲਅੰਦਾਜ਼ੀ ਨਹੀਂ ਕਰ ਸਕਦਾ। ਤੁਸੀਂ ਕੀ ਖਾਂਦੇ-ਪੀਂਦੇ ਹੋ, ਕੀਹਨੂੰ ਮਿਲਦੇ ਹੋ, ਕੀਹਦੇ ਨਾਲ ਤੁਹਾਡਾ ਕੀ ਵਾਸਤਾ ਹੈ, ਇਹ ਕਿਸੇ ਦੂਜੇ ਦੇ ਜਾਣਨ/ਪੁੱਛਣ ਦੀ ਗੱਲ ਨਹੀਂ। ਭਾਰਤ ਵਿਚ ਤੁਹਾਡੀ ਜ਼ਿੰਦਗੀ ਵਿਚ ਦੂਜਿਆਂ ਦੀ ਦਖਲਅੰਦਾਜ਼ੀ ਬਹੁਤ ਹੈ। ਸਮਾਜ, ਗੁਆਂਢੀਆਂ, ਰਿਸ਼ਤੇਦਾਰਾਂ ਦੀ। ਲੋਕ ਆਪ ਜੋ ਮਰਜ਼ੀ ਕਰੀ ਜਾਣ ਪਰ ਤੁਹਾਡੇ 'ਤੇ ਕਿੰਤੂ-ਪ੍ਰੰਤੂ ਕਰਨਾ ਨਹੀਂ ਛੱਡਦੇ। ਧਰਮ, ਸਿਆਸਤ ਅਤੇ ਅਖੌਤੀ ਨੈਤਿਕਤਾ ਤੁਹਾਡੀ ਜ਼ਿੰਦਗੀ ਵਿਚ ਖਲਲ ਪਾ ਸਕਦੀ ਹੈ।

ਪਰਵਾਸੀਆਂ ਦੇ ਵਤਨ ਨਾ ਪਰਤਣ ਦਾ ਇਕ ਹੋਰ ਵੱਡਾ ਕਾਰਨ ਇਹ ਵੀ ਹੈ ਕਿ ਉਨ੍ਹਾਂ ਨੂੰ ਭਾਰਤ ਵਿਚ ਆਪਣੀ ਜ਼ਮੀਨ ਜਾਇਦਾਦ ਆਦਿ ਨੂੰ ਲੈ ਕੇ ਬਹੁਤ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਮੈਨੂੰ ਅਜੇ ਤਕ ਕੋਈ ਵਿਰਲਾ ਹੀ ਪਰਵਾਸੀ ਪੰਜਾਬੀ ਮਿਲਿਆ ਹੈ ਜਿਸ ਦਾ ਜਾਇਦਾਦ/ਮਕਾਨ/ਜ਼ਮੀਨ ਆਦਿ ਦੇ ਸਬੰਧ ਵਿਚ ਚੰਗਾ ਤਜਰਬਾ ਰਿਹਾ ਹੋਵੇ। ਪਰਵਾਸੀ ਪੰਜਾਬੀਆਂ ਦੀ ਆਮ ਸ਼ਿਕਾਇਤ ਹੈ ਕਿ ਉਨ੍ਹਾਂ ਦੇ ਆਪਣੇ ਸਕਿਆਂ ਨੇ ਹੀ ਉਨ੍ਹਾਂ ਦੇ ਹੱਕ ਮਾਰੇ ਹਨ। ਬਹੁਤਿਆਂ ਨਾਲ ਧੋਖੇ ਹੋਏ ਹਨ। ਜ਼ਮੀਨਾਂ, ਮਿਹਨਤ ਨਾਲ ਉਸਾਰੇ ਮਕਾਨ/ਕੋਠੀਆਂ/ਦੁਕਾਨਾਂ ਦੱਬੇ ਗਏ ਹਨ। ਲੰਮੇ-ਲੰਮੇ ਮੁਕੱਦਮੇ ਚੱਲੇ ਹਨ। ਪਰਵਾਸੀ ਭਾਰਤੀ ਹੁਣ ਕਿਸੇ 'ਤੇ ਵੀ ਇਤਬਾਰ ਕਰਕੇ ਰਾਜ਼ੀ ਨਹੀਂ।

ਕੁਝ ਪਰਵਾਸੀ ਪੰਜਾਬੀ ਅਜਿਹੇ ਵੀ ਹਨ ਜਿਨ੍ਹਾਂ ਨੇ ਭਾਰਤ ਵਿਚ ਚੈਰੀਟੇਬਲ ਕਾਰਜ ਅਰੰਭੇ ਸਨ। ਇਨ੍ਹਾਂ ਵਿਚੋਂ ਬਹੁਤਿਆਂ ਦਾ ਤਜਰਬਾ ਮਾੜਾ ਹੀ ਰਿਹਾ। ਸਰਕਾਰੀ ਢਾਂਚਾ ਜਾਂ ਬਾਕੀ ਸਬੰਧਤ ਸੰਸਥਾਵਾਂ ਜਾਂ ਸ਼ਖਸ ਸਹਾਇਕ ਤਰੀਕੇ ਨਾਲ ਪੇਸ਼ ਨਹੀਂ ਆਉਂਦੇ। ਲੋਕ ਭਲਾਈ ਦਾ ਕੰਮ ਕਰਨ ਵਾਲਿਆਂ ਦੇ ਕਾਰਜ ਨੂੰ ਮੋਕਲਾ ਕਰਨ ਦੀ ਬਜਾਏ ਉਨ੍ਹਾਂ ਦੇ ਰਾਹਾਂ ਵਿਚ ਰੋੜੇ ਅਟਕਾਏ ਜਾਂਦੇ ਹਨ। ਮੈਂ ਕਈ ਅਜਿਹੇ ਸ਼ਖਸਾਂ ਦੇ ਚੈਰਿਟੀ ਨਾਲ ਸਬੰਧਿਤ ਕੰਮਾਂ ਬਾਰੇ ਜਾਣਦਾ ਹਾਂ ਜਿਹੜੇ ਅੱਕ ਕੇ ਆਪਣੇ ਕਾਰਜ ਬੰਦ ਕਰਕੇ ਵਾਪਸ ਆ ਗਏ।

ਪਰਵਾਸੀ ਬੰਦਾ ਆਪਣੇ ਭਾਰਤੀ ਪਰਿਵਾਰ, ਰਿਸ਼ਤੇਦਾਰਾਂ, ਸਮਾਜ ਜਾਂ ਪਿੰਡ ਲਈ ਓਨੀ ਦੇਰ ਹੀ ਖਾਸ ਹੈ, ਜਿੰਨੀ ਦੇਰ ਉਹ ਬਾਹਰ ਰਹਿੰਦਾ ਹੈ। ਜਦੋਂ ਉਹ ਵਾਪਸ ਆ ਕੇ ਰਹਿਣ ਲੱਗ ਜਾਂਦਾ ਹੈ, ਉਹਦੀ ਵੁੱਕਤ ਖਤਮ ਹੋ ਜਾਂਦੀ ਹੈ। ਬੰਦਾ ਬਾਹਰੋਂ ਮਦਦ ਕਰਦਾ ਰਹੇ ਤਾਂ ਸਭ ਠੀਕ-ਠਾਕ ਰਹਿੰਦਾ ਹੈ।




*ਵਲਾਇਤ ਵਿਚ ਬੱਚਿਆਂ ਲਈ ਬਰਾਬਰ ਦੀ ਪੜ੍ਹਾਈ ਲਈ ਜੂਝਦੇ ਲੋਕ।*

ਉਂਗਲੀਆਂ 'ਤੇ ਗਿਣਨ ਜੋਗੇ ਬੰਦੇ ਹੋਣਗੇ ਜਿਨ੍ਹਾਂ ਨੇ ਵਾਪਸ ਇੰਡੀਆ ਜਾ ਕੇ ਰਹਿਣ ਜਾਂ ਕੋਈ ਕੰਮ ਸ਼ੁਰੂ ਕਰਨ ਦੇ ਯਤਨ ਕੀਤੇ ਤੇ ਇਹ ਪਰਵਾਸੀ ਬੁਰੀ ਤਰ੍ਹਾਂ ਫੇਲ੍ਹ ਕਰ ਦਿੱਤੇ ਗਏ। ਜਿਨ੍ਹਾਂ ਨੇ ਭਾਈਵਾਲੀਆਂ ਕੀਤੀਆਂ, ਉਨ੍ਹਾਂ ਦੇ ਭਾਈਵਾਲਾਂ ਨੇ ਹੀ ਇਨ੍ਹਾਂ ਦੀ ਜ਼ਿੰਦਗੀ ਦੁੱਭਰ ਕਰ ਦਿੱਤੀ। ਇਹ ਪਰਵਾਸੀ ਭਾਰਤੀ ਸਮਾਜ ਵਿਚ 'ਮਿਸਫਿੱਟ' ਹੋ ਗਏ। ਮੁਕੱਦਮੇ ਚੱਲੇ ਤੇ ਆਖਰ ਹੰਭ ਕੇ ਇਹ ਪਰਵਾਸੀ ਵਾਪਸ ਆ ਗਏ।

ਵਲਾਇਤ ਦਾ ਮੌਸਮ ਅੱਠ-ਨੌਂ ਮਹੀਨੇ ਠੰਢਾ ਰਹਿੰਦਾ ਹੈ। ਗਰਮੀ ਬਹੁਤੀ ਕੜਾਕੇ ਵਾਲੀ ਨਹੀਂ ਪੈਂਦੀ। ਭਾਰਤ ਵਿਚ ਨੌਂ ਮਹੀਨੇ ਤਾਬੜਤੋੜ ਗਰਮੀ ਪੈਂਦੀ ਹੈ। ਵਲਾਇਤ ਵਿਚ ਮੱਛਰ, ਮੱਖੀ, ਕੋਹੜ-ਕਿਰਲੀ, ਸੱਪ ਆਦਿ ਵੀ ਨਹੀਂ ਹੁੰਦੇ। ਉਥੇ ਰਹਿ ਕੇ ਬੰਦੇ ਨੂੰ ਭਾਰਤੀ ਗਰਮੀ ਨਾਲ ਦੋ ਹੱਥ ਕਰਨ ਦਾ ਸਾਹਸ ਨਹੀਂ ਹੁੰਦਾ। ਅਸਲ ਵਿਚ ਮਨੁੱਖ ਮੂਲ ਰੂਪ 'ਚ ਆਰਾਮਪਸੰਦ ਹੈ, ਜਿਥੇ ਕਿਤੇ ਵੀ ਉਹਦੇ ਕੋਲ ਠੀਕ ਵਾਤਾਵਰਨ ਚੁਣਨ ਦੀ ਤਰਜੀਹ ਹੈ, ਉਹ ਉਥੇ ਹੀ ਰਹਿਣਾ ਪਸੰਦ ਕਰੇਗਾ। ਕੈਨੇਡਾ ਦੇ ਕੁਝ ਸ਼ਹਿਰਾਂ ਵਿਚ ਤਾਪਮਾਨ ਖੂਬ ਠੰਢਾ ਹੁੰਦਾ ਹੈ ਪਰ ਉਥੇ ਸਰਕਾਰਾਂ ਨੇ ਮੌਸਮ ਨਾਲ ਨਜਿੱਠਣ ਲਈ ਠੀਕ ਬੰਦੋਬਸਤ ਕੀਤੇ ਹੋਏ ਹਨ।

ਵਲਾਇਤ ਵਿਚ ਅਸੀਂ ਪ੍ਰਦੂਸ਼ਣ ਨੂੰ ਲੈ ਕੇ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹਾਂ ਪਰ ਭਾਰਤ ਵਿਚ ਤਾਂ ਪ੍ਰਦੂਸ਼ਣ ਹੱਦਾਂ ਬੰਨੇ ਟੱਪ ਗਿਆ ਹੈ। ਵਲਾਇਤ ਵਿਚ ਪ੍ਰਦੂਸ਼ਣ ਭਾਰਤ ਨਾਲੋਂ ਕਿਤੇ ਘੱਟ ਹੈ। ਭਾਰਤ ਵਿਚ ਟਰੈਫਿਕ ਪੂਰਾ ਘੜਮੱਸ ਹੈ। ਯੂ. ਕੇ. ਵਿਚ ਟਰੈਫਿਕ ਭਾਰਤ ਤੋਂ ਕਿਤੇ ਵੱਧ ਕੰਟਰੋਲ ਵਾਲਾ ਹੈ।

ਪਰਵਾਸੀ ਭਾਰਤੀ, ਇੰਡੀਆ ਦੀਆਂ ਖਾਣ-ਪੀਣ ਦੀਆਂ ਚੀਜ਼ਾਂ ਦੀ ਗੁਣਵੱਤਾ ਜਾਂ ਉਨ੍ਹਾਂ ਦੇ ਖਾਲਸ ਹੋਣ ਬਾਰੇ ਵੀ ਸ਼ੱਕ ਦੀ ਨਿਗ੍ਹਾ ਨਾਲ ਦੇਖਦਾ ਹੈ। ਭਾਰਤ ਵਿਚ ਸਬਜ਼ੀਆਂ, ਦੁੱਧ, ਫਲਾਂ ਆਦਿ ਵਿਚ ਰਸਾਇਣਕ ਪਦਾਰਥਾਂ ਦੇ ਦਖਲ ਬਾਰੇ ਵੀ ਫਿਕਰ ਦਾ ਆਲਮ ਹੈ।

ਪਰਵਾਸੀ ਪੰਜਾਬੀ ਇੰਡੀਆ ਵਿਚ ਬਿਮਾਰ ਹੋਣ ਤੋਂ ਬਹੁਤ ਘਬਰਾਉਂਦੇ ਹਨ। ਤੱਥ ਇਹ ਵੀ ਹੈ ਕਿ ਬਹੁਤ ਸਾਰੇ ਆ ਕੇ ਬਿਮਾਰ ਹੋ ਵੀ ਜਾਂਦੇ ਹਨ। ਇਨ੍ਹਾਂ ਨੂੰ ਇੰਡੀਆ ਦੇ ਡਾਕਟਰਾਂ ਹੱਥੋਂ ਖਰਾਬ ਹੋਣ ਦਾ ਤੌਖਲਾ ਲੱਗਾ ਰਹਿੰਦਾ ਹੈ। ਬਿਮਾਰ ਤਾਂ ਪਰਵਾਸੀ ਆਪਣੇ ਮੁਲਕ ਵਿਚ ਵੀ ਹੁੰਦੇ ਨੇ ਪਰ ਇਥੇ ਉਨ੍ਹਾਂ ਨੂੰ ਸਰਕਾਰੀ/ਪ੍ਰਾਈਵੇਟ ਸਿਹਤ ਸੇਵਾਵਾਂ ਦੀ ਵਿਵਸਥਾ ਸਹਾਈ ਹੁੰਦੀ ਹੈ। ਦਵਾਈਆਂ ਖਾਲਸ ਮਿਲਦੀਆਂ ਹਨ। ਸੇਵਾਮੁਕਤੀ ਪਿਛੋਂ ਦਵਾਈਆਂ ਮੁਫਤ ਮਿਲਦੀਆਂ ਹਨ। ਵੱਡੇ ਤੋਂ ਵੱਡੇ ਅਪਰੇਸ਼ਨ ਵੀ ਮੁਫਤ ਹੁੰਦੇ ਨੇ (ਭਾਵੇਂ ਤੁਸੀਂ ਸਾਰੀ ਉਮਰ ਇਹਦੀ ਕੀਮਤ ਤਾਰੀ ਹੁੰਦੀ ਹੈ)। ਇਹ ਸਹੂਲਤ ਭਾਰਤ ਵਿਚ ਹਰ ਕਿਸੇ ਕੋਲ ਨਹੀਂ।

ਵਤਨ ਪਰਤਣ ਦੇ ਹਵਾਲੇ ਨਾਲ ਪਰਵਾਸੀ ਭਾਰਤੀ ਇਹ ਤਾਂ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਹਰ ਕੋਈ ਪੈਰੀਂ ਹੱਥ ਲਾਵੇ ਜਾਂ ਉਨ੍ਹਾਂ ਦੇ ਹਾਰ ਪਾਏ ਜਾਂਦੇ ਰਹਿਣ; ਨਾ ਉਹ ਇਹ ਸੋਚਦੇ ਹਨ ਕਿ ਉਹ ਕੋਈ ਉਪਰੋਂ ਉਤਰੇ ਮਨੁੱਖ ਨੇ, ਉਹ ਤਾਂ ਸਿਰਫ ਇੰਨਾ ਚਾਹੁੰਦੇ ਹਨ ਕਿ ਜਦ ਉਹ ਭਾਰਤ ਆਉਣ/ਵਸਣ, ਉਨ੍ਹਾਂ ਨੂੰ ਦਫਤਰਾਂ ਦੇ ਬਾਬੂਆਂ ਹੱਥੋਂ ਜ਼ਲੀਲ ਨਾ ਹੋਣਾ ਪਵੇ; ਉਨ੍ਹਾਂ ਨੂੰ ਆਰਾਮ ਨਾਲ ਰਹਿਣ ਦਿੱਤਾ ਜਾਵੇ। ਕੋਈ ਸਿਆਸਤਦਾਨ, ਧਰਮ, ਹਮਸਾਇਆ, ਰਿਸ਼ਤੇਦਾਰ, ਚੌਧਰੀ ਉਨ੍ਹਾਂ ਦੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਰੋੜਾ ਨਾ ਬਣੇ। ਉਹ ਆਪਣਾ ਮਾੜਾ-ਮੋਟਾ ਤਜਰਬਾ ਭਾਰਤੀ ਸਮਾਜ ਅਤੇ ਲੋਕਾਂ ਨਾਲ ਸਾਂਝਾ ਕਰਨਾ ਚਾਹੁੰਦੇ ਹਨ।

ਮੈਨੂੰ ਯਕੀਨ ਹੈ ਕਿ ਬਹੁਤ ਸਾਰੇ ਪਰਵਾਸੀ ਭਾਰਤੀ, ਖਾਸਕਰ ਸੇਵਾਮੁਕਤ ਭਾਰਤੀ, ਇੰਡੀਆ ਪਰਤਣਾ ਚਾਹੁਣਗੇ, ਜੇ ਉਨ੍ਹਾਂ ਨੂੰ ਮੁੱਢਲੀ ਸੁਰੱਖਿਆ, ਚੰਗਾ ਪ੍ਰਸ਼ਾਸਨ ਅਤੇ ਨਿੱਜੀ ਸਪੇਸ (ਥਾਂ) ਮਿਲ ਸਕੇ। ਆਪਣੀ ਜਨਮ ਭੂਮੀ ਨੂੰ ਭੁੱਲਣਾ ਕਿਸੇ ਲਈ ਵੀ ਆਸਾਨ ਨਹੀਂ ਹੁੰਦਾ।

### ਬਾਬਾ ਭਕਨਾ ਦਾ ਇਕ ਦੁਰਲੱਭ ਦਸਤਾਵੇਜ਼-3

# ਗੁਲਾਮੀ ਕਿ ਆਜ਼ਾਦੀ?

*ਯੁਵਕ ਕੇਂਦਰ, ਜਲੰਧਰ ਨੇ ਬਾਬਾ ਸੋਹਣ ਸਿੰਘ ਭਕਨਾ ਨੂੰ ਕੁਝ ਸਵਾਲਾਂ ਦੇ ਜਵਾਬ ਦੇਣ ਲਈ ਬੇਨਤੀ ਕੀਤੀ ਸੀ। ਬਾਬਾ ਜੀ ਨੇ ਇਨ੍ਹਾਂ ਸਵਾਲਾਂ ਦੇ ਨਾਲ ਨਾਲ ਕੁਝ ਹੋਰ ਸਵਾਲ ਜੋੜ ਕੇ ਉਨ੍ਹਾਂ ਦੇ ਉਰਦੂ ਵਿਚ ਜਵਾਬ ਲਿਖ ਦਿਤੇ। ਅਮਰੀਕਾ ਵਿਚ 4 ਅਪਰੈਲ 1968 ਨੂੰ ਮਾਰਟਿਨ ਲੂਥਰ ਕਿੰਗ ਦੇ ਕਤਲ ਤੋਂ ਪਿਛੋਂ ਦੇ ਹਾਲਾਤ ਵਿਚ ਬਾਬਾ ਜੀ ਨੇ ਸਮਾਜਵਾਦ, ਧਰਮ, ਦੇਸ਼ ਦੇ ਹਾਲਾਤ ਆਦਿ ਮਸਲਿਆਂ ਨੂੰ ਛੋਹਿਆ ਸੀ, ਜਿਸ ਤੋਂ ਉਨ੍ਹਾਂ ਅਤੇ ਉਨ੍ਹਾਂ ਦੇ ਗਦਰੀ ਸਾਥੀਆਂ ਦੇ ਵਿਚਾਰਾਂ ਦੀ ਸਪਸ਼ਟਤਾ ਮਿਲਦੀ ਹੈ। ਇਸ ਦੇ ਕੁਝ ਹਿੱਸੇ ਪੈਂਫਲਿਟ ਦੀ ਸ਼ਕਲ ਵਿਚ 'ਦੇਸ਼ ਅਤੇ ਕੌਮ' ਸਵਾਲ-ਜਵਾਬ ਦੇ ਰੂਪ ਵਿਚ ਯੁਵਕ ਕੇਂਦਰ ਨੇ ਉਸ ਵਕਤ ਛਪਵਾਏ ਪਰ ਇਹ ਸੰਪੂਰਨ ਇਤਿਹਾਸਕ ਲਿਖਤ ਅਨਪ੍ਰਕਾਸ਼ਿਤ ਰਹਿ ਗਈ। ਯੁਵਕ ਕੇਂਦਰ ਨੇ ਉਦੋਂ ਬਾਬਾ ਜੀ ਦੇ ਲਿਖੇ ਕਈ ਹੋਰ ਪੈਂਫਲਿਟ ਜਿਵੇਂ ਦੁੱਖ, ਗਰੀਬੀ, ਇਸਤਰੀ ਜਾਤੀ ਦਾ ਸਵਾਲ ਵੀ ਛਪਵਾਏ ਸਨ। ਇਸ ਲਿਖਤ ਦੇ ਪੰਜਾਬੀ ਅਨੁਵਾਦ ਦੀ ਕਾਪੀ ਪ੍ਰੋ. ਜਗਮੋਹਨ ਸਿੰਘ (ਜਨਰਲ ਸਕੱਤਰ, ਜਮਹੂਰੀ ਸਭਾ, ਪੰਜਾਬ) ਪਾਸ ਬੀਬੀ ਅਮਰ ਕੌਰ ਮੈਮੋਰੀਅਲ ਲਾਇਬਰੇਰੀ ਵਿਚ ਪਈ ਹੈ। ਯੁਵਕ ਕੇਂਦਰ 'ਚ ਮੁੱਖ ਤੌਰ 'ਤੇ ਪ੍ਰੋਫੈਸਰ ਮਲਵਿੰਦਰ ਜੀਤ ਸਿੰਘ ਵੜੈਚ, ਜਗਮੋਹਨ ਸਿੰਘ ਅਤੇ ਰਾਜਿੰਦਰ ਸਿੰਘ ਚੀਮਾ ਛਪਾਈ ਦਾ ਕੰਮ ਦੇਖਦੇ ਸਨ। ਉਰਦੂ ਤੋਂ ਉਲਥਾ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਕਰਦੇ ਸਨ। -ਸੰਪਾਦਕ*

## ਅੱਧੀ ਸਦੀ ਪਹਿਲਾਂ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸੁਆਲ: ਅਮਰੀਕਾ ਵਾਲਿਆਂ ਦੀ ਆਮ ਖੁਰਾਕ ਕੀ ਹੈ?**

**ਜੁਆਬ:** ਗੋਸ਼ਤ, ਆਂਡੇ, ਫਲ, ਮੱਖਣ, ਪਨੀਰ, ਵਗੈਰਾ। ਸੁਬ੍ਹਾ ਚਾਹ ਨਾਲ ਆਂਡੇ ਮੱਖਣ, ਡਬਲਰੋਟੀ, ਫਲ; ਦੁਪਹਿਰ ਤੇ ਸ਼ਾਮ ਚੌਲ ਮਿਲੇ ਹੋਏ ਤੇ ਕਾਗਜ਼ੀ ਬਦਾਮ, ਜਿਸ ਦੀ ਹੱਥ ਨਾਲ ਗਿਰੀ ਨਿਕਲ ਸਕਦੀ ਹੈ। ਕਾਰਖਾਨੇ ਨੂੰ ਕੰਮ 'ਤੇ ਜਾਣ ਵੇਲੇ ਮਜ਼ਦੂਰ ਜੇਬਾਂ ਭਰ ਲੈਂਦੇ ਹਨ। ਜਦ ਕਾਰਖਾਨਾ 5 ਮਿੰਟ ਲਈ ਬੰਦ ਹੋ ਜਾਂਦਾ ਹੈ ਤਾਂ ਸਭ ਬਦਾਮ ਖਾ ਰਹੇ ਹੁੰਦੇ ਹਨ।

**ਸੁਆਲ: ਇੰਨੀ ਚੰਗੀ ਖੁਰਾਕ, ਫਿਰ ਵੀ ਮਜ਼ਦੂਰ ਕਿਉਂ ਐਜੀਟੇਸ਼ਨ ਕਰਦੇ ਸਨ?**

**ਜੁਆਬ:** ਅਮਰੀਕਨ ਮਜ਼ਦੂਰ ਦੀ ਮਿਆਰੀ ਜ਼ਿੰਦਗੀ ਉਨੀ ਹੀ ਉਚੀ ਹੈ, ਜਿੰਨੀ ਉਸ ਦੇ ਦੇਸ਼ ਦੀ। ਜਦ ਉਸ ਦੀ ਖੁਰਾਕ ਤੇ ਕੱਪੜੇ ਵਗੈਰਾ ਵਿਚ ਕਮੀ ਹੋ ਜਾਏ ਤੇ ਤਨਖਾਹ, ਖਰਚ (ਹੀ) ਪੂਰਾ ਨਾ ਕਰੇ ਤਾਂ ਉਸ ਦਾ ਹੱਕ ਹੀ ਹੈ ਕਿ ਉਹ ਐਜੀਟੇਸ਼ਨ ਕਰੇ ਅਤੇ ਸਰਮਾਏਦਾਰ ਤੋਂ ਪੂਰੀ ਤਨਖਾਹ ਲਏ।

**ਸੁਆਲ: ਤੁਸਾਂ ਦੱਸਿਆ ਸੀ ਕਿ ਅਮਰੀਕੀ ਨੌਜਵਾਨ ਬੜਾ ਸਖਤਜਾਨ ਹੈ, ਕੀ ਸਖਤ ਮਿਹਨਤ ਦੇ ਇਲਾਵਾ ਸੈਰ ਸਪਾਟਾ ਤੇ ਸਿਨੇਮਾ ਦਾ ਸ਼ੌਕ ਨਹੀਂ?**

**ਜੁਆਬ:** ਦੁਸਰੀ ਚੜ੍ਹੀ-ਗੜ੍ਹੀ ਦੁਨੀਆਂ ਤੋਂ ਉਹ ਘੱਟ ਸ਼ੁਕੀਨ ਨਹੀਂ। ਤੁਸੀਂ ਕਹੋਗੇ, ਪੈਰਿਸ ਤੋਂ ਵੀ? ਪੈਰਿਸ ਦੀ ਸ਼ੁਕੀਨੀ ਵਿਚ ਇਕ ਦੋਸ਼ ਹੈ ਕਿ ਉਹ ਨੌਜਵਾਨ ਲੜਕੇ-ਲੜਕੀਆਂ ਨੂੰ ਮਿਹਨਤ ਵਲ ਨਹੀਂ, ਸਗੋਂ ਆਰਾਮਪ੍ਰਸਤੀ ਤੇ ਬਨਾਵਟੀ ਖੂਬਸੂਰਤੀ ਵਲ ਲੈ ਜਾਂਦੀ ਹੈ, ਜਿਥੋਂ ਐਸ਼ਪ੍ਰਸਤੀ ਤੋਂ ਸਿਵਾਏ ਹੋਰ ਨਤੀਜਾ ਨਹੀਂ ਨਿਕਲਦਾ। ਲੇਕਿਨ ਅਮਰੀਕਾ ਦੇ ਨੌਜਵਾਨ ਕਿਸਾਨ ਮਜ਼ਦੂਰ ਮਿਹਨਤ ਦੀ ਕਦਰ ਕਰਦੇ ਹਨ। ਮਿਹਨਤ ਤੋਂ ਪੈਦਾ ਹੋਇਆ ਸੁਖ ਵੀ ਮਾਣਦੇ ਹਨ। ਨੌਜਵਾਨ ਹੀ ਨਹੀਂ, ਸਗੋਂ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਲੜਕੀਆਂ ਵੀ ਆਦਮੀ ਤੋਂ ਘੱਟ ਮਿਹਨਤ ਨਹੀਂ ਕਰਦੀਆਂ। ਇਹੀ ਜਵਾਬ ਹੈ ਕਿ ਅਮਰੀਕਾ ਪੈਦਾਵਾਰ ਦੇ ਲਿਹਾਜ਼ ਨਾਲ ਦੁਨੀਆਂ ਦੇ ਸਭ ਮੁਲਕਾਂ ਤੋਂ ਅੱਗੇ ਹੈ। ਸੁਣੋ, ਅਮਰੀਕਨ ਨੌਜਵਾਨ, ਕਿਸਾਨ ਕਿਸ ਤਰ੍ਹਾਂ ਆਪਣੀ ਫੁਰਸਤ ਦੀ ਝਾਕ ਉਤੇ ਵਿਹਲਾ ਨਹੀਂ ਬੈਠਾ ਰਹਿੰਦਾ। ਜਦ ਤੱਕ ਬੱਚਾ ਨਾਬਾਲਗ ਹੈ, ਉਸ ਦੀ ਪਰਵਰਿਸ਼ ਤੇ ਵਿਦਿਆ ਦੀ ਜ਼ਿੰਮੇਵਾਰੀ ਮਾਂ-ਬਾਪ ਦੀ ਹੈ, ਬਾਅਦ ਵਿਚ ਮਾਂ-ਬਾਪ ਫਾਰਗ।

**ਸੁਆਲ: ਫਿਰ ਬਾਲਗ ਹੋ ਕੇ ਅਮਰੀਕਨ ਨੌਜਵਾਨ ਆਪਣਾ ਆਪ ਕਿਵੇਂ ਸੰਭਾਲਦੇ ਹਨ?**

**ਜੁਆਬ:** ਇਹ ਅਮਰੀਕਨਾਂ ਦੇ ਪਾਲਣ ਪੋਸ਼ਣ ਤਰੀਕੇ ਦੀ ਸਿਫਤ ਹੈ, ਜੋ ਬਾਲਗ ਹੋਣ 'ਤੇ ਬੱਚਾ ਆਪਣਾ ਆਪ ਸੰਭਾਲ ਲੈਂਦਾ ਹੈ, ਇਥੋਂ ਤੱਕ ਕਿ ਮਾਂ-ਬਾਪ ਦਾ ਵੀ ਮੁਥਾਜ ਨਹੀਂ ਰਹਿੰਦਾ।

**ਸੁਆਲ: ਉਹ ਤਰੀਕਾ ਕੀ ਹੈ?**

**ਜੁਆਬ:** ਸੁਣੀਏ, ਸੱਤ ਸਾਲ ਦੀ ਉਮਰ ਤੱਕ ਗੌਰਮਿੰਟ ਤੇ ਮਾਂ-ਬਾਪ ਬੱਚੇ 'ਤੇ ਕੋਈ ਦਬਾਅ ਨਹੀਂ ਪਾਉਂਦੇ। ਇਸ ਪਿਛੋਂ ਆਵਾਰਾ ਨਹੀਂ ਫਿਰਨ ਦਿੰਦੇ। ਵਿਦਿਆ ਵਿਭਾਗ ਬੱਚਿਆਂ ਦੀ ਉਮਰ ਦੀ ਪੜਤਾਲ ਕਰਦਾ ਰਹਿੰਦਾ ਹੈ ਅਤੇ ਸੱਤ ਸਾਲ ਦੇ ਅੰਦਰ ਹੀ ਕਿਸੇ ਸਕੂਲ ਵਿਚ ਦਾਖਲ ਕੀਤਾ ਜਾਂਦਾ ਹੈ। ਜਦ ਬੱਚਾ ਪੜ੍ਹ ਕੇ ਆਉਂਦਾ ਹੈ, ਚਾਹੇ ਲੜਕਾ ਹੋਵੇ ਜਾਂ ਲੜਕੀ, ਮਾਂ-ਬਾਪ ਤਾਕਤ ਤੇ ਸਿਆਸਤ ਦੇ ਮੁਤਾਬਕ ਘਰ ਦਾ ਕੋਈ ਕੰਮ ਘੰਟਾ ਦੋ ਘੰਟੇ ਉਸ ਦੇ ਸਪੁਰਦ ਕਰ ਦਿੰਦੇ ਹਨ। ਜੇ ਮਾਂ-ਬਾਪ ਗਰੀਬ ਹੋਣ ਤਾਂ ਕਿਸੇ ਹੋਰ ਕੰਮ 'ਤੇ ਲਾਉਂਦੇ ਹਨ। ਚਾਹੇ ਆਪਣੇ ਘਰ ਜਾਂ ਬਾਹਰ ਕੰਮ ਕਰੇ, ਮੁਫਤ ਨਹੀਂ ਕਰਾਇਆ ਜਾਂਦਾ। ਉਸ ਦੇ ਕੰਮ ਦੀ ਜੋ ਮਜ਼ਦੂਰੀ ਬਣੇਗੀ, ਉਸ ਦੇ ਅੱਗੇ ਰੱਖੀ ਜਾਵੇਗੀ ਤੇ ਬੱਚਾ, ਜਾਂ ਮਾਂ ਬਾਪ ਦੀ ਮਾਰਫਤ ਬੈਂਕ ਵਿਚ ਜਮਾਂ ਕਰਾਈ ਜਾਏਗਾ। ਬੈਂਕ ਵਿਚੋਂ ਬੱਚਾ ਰੁਪਿਆ ਖੁਦ ਨਹੀਂ ਕਢਾ ਸਕੇਗਾ ਕਿਉਂਕਿ ਮਾਂ-ਬਾਪ ਦੀ ਮਾਰਫਤ ਹੈ। ਜਦ ਤੱਕ ਉਹ ਇਜਾਜ਼ਤ ਨਾ ਦੇਣ, ਉਹ ਪੈਸੇ ਕਢਾ ਕੇ ਬਰਬਾਦ ਨਹੀਂ ਕਰ ਸਕਦਾ। ਜਦੋਂ ਬੱਚਾ ਬਾਲਗ ਹੋ ਜਾਵੇ, ਮਾਂ-ਬਾਪ ਜਿਸ ਦੀ ਮਾਰਫਤ ਬੈਂਕ ਦਾ ਹਿਸਾਬ ਹੈ, ਉਹ ਬੈਂਕ ਬੁੱਕ ਉਸ ਦੇ ਹਵਾਲੇ ਕਰ ਦੇਣਗੇ। ਉਸ ਦਿਨ ਤੋਂ ਹੀ ਰੋਟੀ ਦਾ ਖਰਚ ਬੱਚੇ ਨੂੰ ਕਰਨ ਦੇਣਾ ਪਵੇਗਾ। ਨਹੀਂ ਤਾਂ ਮੌਜ ਕਰੇ। ਮਾਂ-ਬਾਪ ਸੁਰਖਰੂ ਹਨ।


**ਸੁਆਲ: ਫਿਰ ਬੱਚੇ ਅਗਲਾ ਜੀਵਨ ਚਲਾਉਣ ਲਈ ਕੀ ਕਰਦੇ ਹਨ?**

**ਜੁਆਬ:** ਅਮੀਰਾਂ ਦੇ ਬੱਚੇ ਮਜ਼ਦੂਰਾਂ ਨਾਲ ਕੰਮ 'ਤੇ ਲੱਗ ਜਾਂਦੇ ਹਨ ਤੇ ਮਜ਼ਦੂਰਾਂ ਦੇ ਦਾਓ ਪੇਚਾਂ ਦਾ ਮੁਤਾਲਿਆ ਕਰਦੇ ਰਹਿੰਦੇ ਹਨ, ਜਿਸ ਤੋਂ ਉਹ ਕਾਫੀ ਫਾਇਦਾ ਉਠਾਉਂਦੇ ਹਨ। ਗਰੀਬ ਮਜ਼ਦੂਰ ਦੇ ਬੱਚੇ ਲਈ ਔਖਾ ਹੁੰਦਾ ਹੈ, ਜਿਸ ਪਾਸ ਸਰਮਾਇਆ ਘਟ ਹੁੰਦਾ ਹੈ ਅਤੇ ਕੋਈ ਕੰਮ ਨਹੀਂ ਚਲਾ ਸਕਦਾ, ਸਿਰਫ ਮਜ਼ਦੂਰੀ ਕਰਦਾ ਹੈ। ਅਜਿਹਾ ਜ਼ਿਮੀਂਦਾਰ ਆਪਣੇ ਸਰਮਾਏ ਨਾਲ ਸਸਤਾ ਜੰਗਲ ਖਰੀਦ ਲੈਂਦਾ ਹੈ ਅਤੇ ਘੋੜੇ, ਗਾਈਆਂ, ਸੂਰਾਂ, ਮੁਰਗੀਆਂ ਦੇ ਬੱਚੇ ਖਰੀਦ ਕੇ ਆਪਣੇ ਫਾਰਮ ਵਿਚ ਜਾ ਤੰਬੂ ਗੱਡਦਾ ਹੈ। ਆਪ ਲੱਕੜੀ ਕੱਟਣੀ ਤੇ ਜ਼ਮੀਨ ਸਾਫ ਕਰਨ ਲੱਗ ਜਾਂਦਾ ਹੈ। ਬੱਚੇ ਮੁਫਤ ਪਲਦੇ ਰਹਿੰਦੇ ਹਨ ਅਤੇ ਮੁਰਗੀਆਂ ਦੋ ਤਿੰਨ ਮਹੀਨੇ ਪਿਛੋਂ ਆਂਡੇ ਦੇਣੇ ਸ਼ੁਰੂ ਕਰ ਦਿੰਦੀਆਂ ਹਨ, ਇਸ ਨਾਲ ਰੋਟੀ ਦਾ ਖਰਚ ਚੱਲ ਜਾਂਦਾ ਹੈ। ਪਿਛੋਂ ਸੂਰੀਆਂ ਤਿਆਰ ਹੋ ਜਾਂਦੀਆਂ ਹਨ, ਤੇ ਇਕ ਸਾਲ ਬਾਅਦ ਗਾਈਆਂ ਤੇ ਘੋੜੇ। ਲੱਕੜੀ ਕੱਟ ਕੇ ਕਿਸਾਨ ਠੇਕੀਆਂ ਲਾ ਦਿੰਦਾ ਹੈ। ਅੰਦਾਜ਼ਾ ਹੈ ਕਿ ਲੱਕੜੀ ਜ਼ਮੀਨ ਦਾ ਮੁੱਲ ਕੱਢ ਜਾਂਦੀ ਹੈ। ਜ਼ਮੀਨ ਨੂੰ 4 ਹਿੱਸਿਆਂ ਵਿਚ ਵੰਡੇਗਾ। 1/4 ਬਾਗ, 1/4 ਚਰਗਾਹ ਤੇ 1/2 ਖੇਤੀ ਵਾਸਤੇ। ਮਹਿਕਮਾ ਜਾਂ ਸਰਕਾਰ, ਲੋੜ ਹੋਵੇ ਤਾਂ ਕਰਜ਼ਾ ਵੀ ਦੇ ਦਿੰਦੇ ਹਨ। ਮਹਿਕਮਾ, ਪੈਦਾਵਾਰ ਕਰਨ ਵਿਚ ਪੂਰੀ ਮਦਦ ਕਰੇਗਾ। ਜਦ ਇਹ ਖੇਤੀ ਦੇ ਲਾਇਕ ਜ਼ਮੀਨ, ਬਾਗ ਵਗੈਰਾ ਕਰ ਲਏਗਾ ਤਾਂ ਰਹਿਣ ਲਈ ਮਕਾਨ ਵੀ ਬਣਾ ਲਵੇਗਾ। ਇਸ ਕੰਮ ਵਿਚ ਉਸ ਨੂੰ 5-6 ਸਾਲ ਲੱਗ ਜਾਣਗੇ। ਬਾਅਦ ਵਿਚ ਇਸ ਫਾਰਮ ਦੇ ਘਰਾਂ ਦੀ ਵਿਕਰੀ ਕਰ ਦਏਗਾ। ਹੁਣ ਇਸ ਦੇ ਪਾਸ ਅੱਛਾ ਸਰਮਾਇਆ ਹੋ ਗਿਆ ਹੈ ਤੇ ਵੱਡਾ ਫਾਰਮ ਏਸੇ ਤਰ੍ਹਾਂ ਹੋਰ ਤਿਆਰ ਕਰ ਲਏਗਾ। ਅਮਰੀਕਨਾਂ ਦਾ ਆਮ ਖਿਆਲ ਹੈ ਕਿ ਜ਼ਿਮੀਂਦਾਰ ਅਵਲ ਤਾਂ 3 ਵਾਰ ਨਹੀਂ ਤਾਂ ਦੋ ਵਾਰ ਤਾਂ ਜ਼ਰੂਰ ਉਜੜਦਾ ਹੈ ਤੇ ਉਜੜੇ ਹੀ ਇਸ ਨੂੰ ਲੱਖਪਤੀ ਕਰ ਦਿੰਦੇ ਹਨ। ਹੁਣ ਤੁਹਾਨੂੰ ਅਮਰੀਕਾ ਦੀ ਬੜੀ ਚੜ੍ਹੀ ਹੋਈ ਪੈਦਾਵਾਰ ਤੇ ਅਮੀਰ ਹੋਣ ਦੀ ਤਵਾਰੀਖ ਦਾ ਕੁਝ ਨਾ ਕੁਝ ਪਤਾ ਲੱਗ ਗਿਆ ਹੋਵੇਗਾ। ਅਮਰੀਕਾ ਦੀ ਸਰਮਾਏਦਾਰੀ, ਕਾਰਖਾਨਿਆਂ ਤੇ ਜ਼ਿਮੀਂਦਾਰੀ ਨੇ ਕਿਵੇਂ ਤਰੱਕੀ ਕੀਤੀ ਤੇ ਮਜ਼ਦੂਰ ਕਿਸ ਤਰ੍ਹਾਂ ਮਿਹਨਤ ਵੇਚਣ ਤੋਂ ਪਹਿਲਾਂ ਤੋਂ ਹੁਣ ਵੀ ਮਜਬੂਰ ਕੀਤਾ ਗਿਆ ਹੈ। ਸਰਮਾਏਦਾਰੀ ਜਾਂ ਜ਼ਿਮੀਂਦਾਰੀ ਨੇ ਜਮਹੂਰੀਅਤ ਦੇ ਨਾਅਰੇ ਹੇਠਾਂ ਕਿਵੇਂ ਮਜ਼ਦੂਰ ਜਮਾਤ ਨੂੰ ਧੋਖੇ ਵਿਚ ਰੱਖਿਆ ਤੇ ਹੁਣ ਤਾਈਂ ਤਾਕਤ ਦੇ ਜ਼ਰੀਏ ਕਿਵੇਂ ਕਮਜ਼ੋਰ ਮੁਲਕਾਂ ਨੂੰ ਗੁਲਾਮ ਬਣਾ ਕੇ ਜਾਂ ਜ਼ਰ ਦੀ ਤਾਕਤ ਨਾਲ ਗੁਲਾਮ ਰੱਖ ਕੇ ਸਾਮਰਾਜਵਾਦ ਅੱਗੇ ਉਚੀ ਦੀਵਾਰ ਖੜ੍ਹੀ ਕਰ ਦਿੱਤੀ, ਪਰ ਇਸ ਦੀ ਇਹ ਦੀਵਾਰ ਜਿਸ 'ਤੇ ਅਮਰੀਕਾ ਨੂੰ ਫਖਰ ਹੈ ਕਿ ਢਹਿਣ ਵਾਲੀ ਨਹੀਂ, ਉਸ ਦੀ ਗਲਤਫਹਿਮੀ ਹੈ। ਕਿਉਂ? ਮਨੁੱਖ ਜਾਤੀ ਦਾ ਗਿਆਨ ਇਥੋਂ ਤੱਕ ਵਧ ਗਿਆ ਹੈ ਕਿ ਸਰਪ੍ਰਸਤੀ ਦੀ ਗੁਲਾਮ ਹੁਣ ਨਹੀਂ ਰਹਿ ਸਕਦੀ।

ਅਮਰੀਕਾ ਵਿਚ 4 ਅਪਰੈਲ 1968 ਨੂੰ ਚਾਰ ਜਣਿਆਂ, ਜੋ ਹਬਸ਼ੀਆਂ ਦੇ ਹੱਕਾਂ ਲਈ ਅਵਾਜ਼ ਉਠਾਉਂਦੇ ਸਨ, ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਇਹ ਖਬਰ ਰੇਡੀਓ ਦੀ ਹੈ, ਜੋ ਅਮਰੀਕਾ ਦੀ ਜਮਹੂਰੀਅਤ ਦਾ ਪਾਜ ਤੇ ਦਾਅਵੇ ਦੀ ਕਲੀ ਖੋਲ੍ਹ ਦਿੰਦੀ ਹੈ ਕਿ ਅਮਰੀਕਾ, ਜੋ ਹਬਸ਼ੀਆਂ ਨੂੰ ਆਜ਼ਾਦ ਕਰਾਉਣ ਲਈ ਆਪਣੇ ਭਰਾਵਾਂ ਨਾਲ ਹੀ ਲੜਿਆ, ਜਿਸ 'ਤੇ ਅੱਜ ਵੀ ਉਸ ਨੂੰ ਮਾਣ ਹੈ, ਇਸ ਵਿਚ ਕਿੰਨਾ ਕੁ ਸੱਚ ਹੈ ਜਦਕਿ ਇਸ ਰੌਸ਼ਨੀ ਦੇ ਸਮੇਂ ਵਿਚ ਵੀ ਉਸ ਦੇ ਅੰਦਰ ਏਨਾ ਰੰਗ ਤੇ ਨਸਲ ਦਾ ਤੁਅੱਸਬ ਹੈ।

ਇਸ ਖਬਰ ਨੇ ਮੇਰੇ ਕਹਿਣ ਦੀ ਹੋਰ ਵੀ ਤਸਦੀਕ ਕਰ ਦਿੱਤੀ ਹੈ ਕਿ ਅੱਜ ਹਰ ਉਠ ਰਹੇ ਮੁਲਕ ਤੇ ਨੀਮ ਆਜ਼ਾਦ ਮੁਲਕ ਨੂੰ ਅਮਰੀਕਾ ਤੋਂ ਖਬਰਦਾਰ ਹੋ ਜਾਣ ਦੀ ਲੋੜ ਹੈ। ਉਹ ਅੱਗੇ ਅੱਗੇ ਜ਼ਰ ਦਾ ਛੱਟਾ ਗਰੀਬ ਮੁਲਕਾਂ ਨੂੰ ਦੇ ਰਿਹਾ ਹੈ ਤੇ ਪਿੱਛੇ ਪਿੱਛੇ ਗੁਲਾਮੀ ਦੀਆਂ ਜ਼ੰਜੀਰਾਂ ਫੜੀ ਉਨ੍ਹਾਂ ਮੁਲਕਾਂ ਦੇ ਗਲ ਪਾਉਣ ਲਈ ਆ ਰਿਹਾ ਹੈ।

ਇਸ ਲਈ ਮੈਂ ਆਪਣੇ ਦੇਸ਼ ਦੀ ਜਨਤਾ ਤੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਅਜੇ ਵੇਲਾ ਹੈ, ਅਮਰੀਕਾ ਪਾਸੋਂ ਬਚੋ! ਪਰ ਤੁਸੀਂ ਤਦ ਹੀ



ਬਾਬਾ ਸੋਹਣ ਸਿੰਘ ਭਕਨਾ

ਬਚ ਸਕੋਗੇ ਜਦ ਇਸ ਸਾਮਰਾਜਸ਼ਾਹੀ ਨੂੰ ਤਿਲਾਂਜਲੀ ਦੇ ਕੇ ਸਮਾਜਵਾਦ ਦੀ ਸ਼ਰਨ ਲਓਗੇ।

**ਸੁਆਲ: ਮੌਜੂਦਾ ਸਾਮਰਾਜਸ਼ਾਹੀ ਦੇ ਮੁਕਾਬਲੇ ਜਿਸ ਦੇ ਹੱਥ ਵਿਚ ਫੌਜ, ਪੁਲਿਸ ਤੇ ਪ੍ਰਾਪੇਗੰਡੇ ਦੇ ਸਭ ਸਾਧਨ ਹਨ, ਕਿਸ ਤਰ੍ਹਾਂ ਕਾਮਯਾਬ ਹੋ ਸਕਦੇ ਹਾਂ?**

**ਜੁਆਬ:** ਜਨਤਾ ਤੇ ਨੌਜਵਾਨਾਂ ਨੂੰ ਆਪਣੇ ਉਤੇ ਭਰੋਸਾ ਹੋਣਾ ਚਾਹੀਦਾ ਹੈ। ਫੌਜ ਤੇ ਪੁਲਿਸ ਵਿਚ ਤੇ ਦੂਸਰੇ ਆਵਾਜਾਈ ਦੇ ਸਾਧਨਾਂ 'ਤੇ ਕਿਸ ਦਾ ਕਬਜ਼ਾ ਹੈ? ਜਨਤਾ ਤੇ ਜਨਤਾ ਦੇ ਸਪੁਤਰਾਂ ਦਾ। ਕੀ ਕੋਈ ਹਿੰਦੀ ਇਹ ਗੱਦਾਰੀ ਦੇਸ਼ ਤੇ ਕੌਮ ਨਾਲ ਕਦੀ ਕਰ ਸਕਦਾ ਹੈ ਕਿ ਸਮਾਜਵਾਦ ਦੇ ਆਦਰਸ਼ ਦੇ ਮੁਕਾਬਲੇ ਉਸ ਸਾਮਰਾਜਵਾਦ ਦੀ ਮਦਦ ਕਰੇ? ਕਦੀ ਨਹੀਂ। ਮੈਨੂੰ ਭਰੋਸਾ ਹੈ।

**ਸੁਆਲ: ਜੇ ਭਰੋਸਾ ਹੈ ਤਾਂ ਫਿਰ ਢਿੱਲ ਕਿਉਂ?**

**ਜੁਆਬ:** ਕਸੂਰ ਤੇ ਢਿੱਲ, ਜਨਤਾ ਤੇ ਨੌਜਵਾਨਾਂ ਵਲੋਂ ਨਹੀਂ ਕਸੂਰ ਤੇ ਢਿੱਲ ਹੈ ਤਾਂ ਖੁਦਗਰਜ਼ ਰਾਜਸੀ ਲੀਡਰਾਂ ਵਲੋਂ ਜੋ ਅਮਲ ਤੋਂ ਖਾਲੀ ਤੇ ਲੀਡਰੀ ਦੇ ਭੁੱਖੇ ਹਨ। ਉਹ ਜਨਤਾ ਤੇ ਨੌਜਵਾਨਾਂ ਨੂੰ ਸਹੀ ਰਸਤੇ ਨਹੀਂ, ਸਗੋਂ ਔਝੜੇ ਪਾਈ ਰੱਖਦੇ ਹਨ ਅਤੇ ਸੌਦੇਬਾਜ਼ੀਆਂ ਨਾਲ ਆਪਣਾ ਉਲੂ ਸਿੱਧਾ ਕਰਦੇ ਹਨ। ਜੇ ਇਨ੍ਹਾਂ ਰਾਜਸੀ ਪਾਰਟੀਆਂ ਵਿਚ ਕੁਝ ਵੀ ਦੇਸ਼ ਤੇ ਕੌਮ ਭਗਤੀ ਬਾਕੀ ਹੈ ਤਾਂ ਇਨ੍ਹਾਂ ਨੂੰ ਸ਼ਹੀਦਾਂ ਦੇ ਬਰਾਬਰੀ ਤੇ ਆਜ਼ਾਦੀ ਦੇ ਆਦਰਸ਼ ਸਾਮਯਵਾਦ ਨੂੰ ਛੇਤੀ ਤੋਂ ਛੇਤੀ ਕਾਇਮ ਕਰਨ ਲਈ ਦ੍ਰਿੜ ਵਿਸ਼ਵਾਸ ਨਾਲ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ। ਨਹੀਂ ਤਾਂ ਦੇਸ਼ ਤੇ ਕੌਮ ਦਾ ਦਾਅਵੇਦਾਰ ਕਹਾਉਣ ਦੀ ਕੋਈ ਵੀ ਪਾਰਟੀ ਹੱਕਦਾਰ ਨਹੀਂ ਹੈ।

**ਸੁਆਲ: ਸਮਾਜਵਾਦ ਦਾ ਨਾਅਰਾ ਤੇ ਪ੍ਰਾਪੇਗੰਡਾ ਤਾਂ ਮੌਜੂਦਾ ਹਕੂਮਤ ਕਰ ਰਹੀ ਹੈ, ਐਡਾ ਵੱਡਾ ਕੰਮ ਕਿਤੇ ਇਕ ਰਾਤ ਵਿਚ ਤਾਂ ਨਹੀਂ ਹੋ ਸਕਦਾ! ਉਸ ਨੂੰ ਸਮਾਂ ਚਾਹੀਦਾ ਹੈ।**

**ਜੁਆਬ:** ਸਮਾਂ ਚਾਹੀਦਾ ਹੈ। ਠੀਕ ਹੈ, 22 ਸਾਲ ਦਾ ਸਮਾਂ ਤਾਂ ਦੇਸ਼ ਤੇ ਕੌਮ ਨੇ ਦਿੱਤਾ ਪਰ ਦੇਸ਼ ਦਿਨੋ-ਦਿਨ ਗਰੀਬੀ, ਜਹਾਲਤ, ਬਿਮਾਰੀਆਂ, ਰਿਸ਼ਵਤਖੋਰੀ ਜੈਸੀ ਬੁਰਾਈਆਂ ਦੀ ਗਾਰ ਵਿਚ ਡੂੰਘਾ ਜਾ ਫਸਿਆ ਹੈ। ਹੋਰ ਉਡੀਕ ਦਾ ਅਰਥ ਹੈ, ਖੁਦਕੁਸ਼ੀ। ਜੇ ਵਕਤ ਨਾ ਸੰਭਾਲਿਆ ਤਾਂ ਦੁਨੀਆਂ ਦੇ ਵਧ ਰਹੇ ਮੁਲਕਾਂ ਦੀ ਦੌੜ ਨਾਲ ਅਸੀਂ ਕਦੀ ਨਹੀਂ ਮਿਲ ਸਕਾਂਗੇ। ਨਤੀਜਾ ਬਰਬਾਦੀ ਦੇ ਸਿਵਾਏ ਹੋਰ ਨਹੀਂ ਨਿਕਲੇਗਾ। ਨਾ ਪੈਦਾਵਾਰ ਵਧੇਗੀ ਤੇ ਨਾ ਹੀ ਸਨਅਤੀ ਤਰੱਕੀ ਹੋਵੇਗੀ। ਤੇ ਮੁਲਕ ਜ਼ਰ ਦੀ ਗੁਲਾਮੀ ਹੇਠ ਦੱਬ ਜਾਏਗਾ। ਇਸ ਕਹਾਵਤ ਮੁਜਬ, 'ਫਿਰ ਪਛਤਾਏ ਕਿਹਾ ਹੋਤ, ਜਬ ਚਿੜੀਆ ਚੁਗ ਗਈ ਖੇਤ।'

**ਸੁਆਲ: ਚੌਥੀ ਪੰਜ ਸਾਲਾ ਪਲਾਨ ਤਾਂ ਹਕੂਮਤ ਨੇ ਤਿਆਰ ਕਰ ਲਈ ਹੈ, ਜਿਸ ਵਿਚ 3 ਅਰਬ ਰੁਪਏ ਦੀ ਲੋੜ ਹੋਵੇਗੀ। ਇਹ 3 ਅਰਬ ਰੁਪਏ ਲੋਕਾਂ 'ਤੇ ਭਾਰ ਪਾਏ ਬਗੈਰ, ਹਕੂਮਤ ਨੇ ਪੂਰਾ ਕਰਨ ਦੀ ਵਿਉਂਤ ਕਰ ਲਈ ਹੈ?**

**ਜੁਆਬ:** ਮੌਜੂਦਾ ਹਕੂਮਤੀ ਮੌਜੂਦਾ ਢਿਲਮੱਠ ਕਾਰਨ ਚੌਥੀ ਪਲਾਨ ਦਾ ਵੀ ਉਹੀ ਹਾਲ ਹੋਵੇਗਾ, ਜੋ ਪਹਿਲਿਆਂ ਪਲਾਨਾਂ ਦਾ ਹੋਇਆ ਹੈ।

**ਸੁਆਲ: ਫਿਰ ਕੀ ਕੀਤਾ ਜਾਵੇ?**

**ਜੁਆਬ:** ਉਹੀ ਇਲਾਜ, ਜੋ ਸਮਾਜਵਾਦੀ ਦੇਸ਼ਾਂ ਦੀ ਜਨਤਾ ਤੇ ਨੌਜਵਾਨਾਂ ਨੇ ਕੀਤਾ ਹੈ। ਉਹ ਇਲਾਜ ਤੇ ਸਾਮਰਾਜ ਦਾ ਖਾਤਮਾ ਤੇ ਸਮਾਜਵਾਦ ਦੀ ਸਥਾਪਨਾ। ਜਦ ਤੱਕ ਇਨਸਾਨ ਨੂੰ ਸੱਚੇ ਅਰਥਾਂ ਵਿਚ ਆਰਥਕ, ਰਾਜਨੀਤਿਕ, ਸਮਾਜਕ ਪੂਰੇ ਹੱਕ ਨਹੀਂ ਮਿਲਦੇ; ਜ਼ਬਾਨੀ ਕਾਗਜ਼ਾਂ ਵਿਚ ਹੀ ਨਹੀਂ ਸਗੋਂ ਅਮਲੀ ਤੌਰ 'ਤੇ, ਉਹ ਉਸ ਦੇਸ਼ ਨੂੰ ਆਪਣਾ ਦੇਸ਼ ਤੇ ਦੇਸ਼ ਅੰਦਰ ਰਹਿਣ ਵਾਲੇ ਲੋਕਾਂ ਨੂੰ ਹਮ-ਕੌਮ ਨਹੀਂ ਕਹਿ ਸਕਦਾ। ਦੇਸ਼ ਉਹ ਹੈ, ਜਿਸ ਵਿਚ ਹਰ ਵਸਨੀਕ ਨੂੰ ਬਰਾਬਰ ਸ਼ਹਿਰੀ ਹੱਕ ਹੋਣ ਤੇ ਕੌਮ ਉਹ ਹੈ, ਜਿਸ ਵਿਚ ਸਮਾਜਕ ਵਿਤਕਰੇ ਨਾ ਹੋਣ। ਕੀ ਕਰੋੜਾਂ ਬੇਘਰ ਲੋਕ ਇਸ ਦੇਸ਼ ਨੂੰ ਆਪਣਾ ਦੇਸ਼ ਮੰਨਣ ਨੂੰ ਤਿਆਰ ਹੋਣਗੇ? ਕਦਾਚਿਤ ਨਹੀਂ। ਟਪਰੀਵਾਸ ਕਹੇਗਾ ਕਿ ਮੈਂ ਇਸ ਦੇਸ਼ ਦਾ ਵਸਨੀਕ ਹਾਂ ਤੇ ਇਸ ਦੇਸ਼ ਅੰਦਰ ਰਹਿਣ ਵਾਲੇ ਮੇਰੇ ਜਾਤ ਭਰਾ ਹਨ? ਕਦੀ ਨਹੀਂ। ਇਹ ਸਮਾਜਵਾਦ ਹੀ ਉਨ੍ਹਾਂ ਨੂੰ ਭਰੋਸਾ ਦਿਵਾ ਸਕਦਾ ਹੈ। ਸਾਮਰਾਜਵਾਦ ਨਹੀਂ।

**ਸੁਆਲ: ਸਾਮਰਾਜਵਾਦ ਕਿਉਂ ਨਹੀਂ ਭਰੋਸਾ ਦਿਵਾ ਸਕਦਾ?**

**ਜੁਆਬ:** ਜਿਥੇ ਨਿੱਜੀ ਮਾਲਕੀ ਦੀ ਬਿਮਾਰੀ ਹੈ, ਉਥੇ ਹਰ ਆਦਮੀ ਆਪਣੀ ਢਾਈ ਪਾ ਖਿਚੜੀ ਅੱਡ ਹੀ ਪਕਾਵੇਗਾ, ਤੇ ਕਹੇਗਾ 'ਆਪ ਸੁਖੀ ਤਾਂ ਜਗ ਸੁਖੀ, ਆਪ ਦੁਖੀ ਤਾਂ ਜੱਗ ਦੁਖੀ।' ਉਸ ਨੂੰ ਦੂਸਰੇ ਨੂੰ ਲੁੱਟਣ ਦਾ ਖਿਆਲ ਤਾਂ ਆ ਸਕਦਾ ਹੈ, ਪਰ ਸੁੱਖ ਦੇਣ ਦਾ ਨਹੀਂ। ਚਾਹੇ ਵੇਦ, ਪੋਥੀਆਂ, ਕੁਰਾਨ, ਅੰਜੀਲ ਤੇ ਮਜ਼ਹਬਾਂ ਦੇ ਬਾਨੀ ਹਜ਼ਾਰ ਸਿਰ ਖਪਾਣ, ਮਾਇਆਧਾਰੀ ਦੇ ਦਿਮਾਗ 'ਤੇ ਕੋਈ ਅਸਰ ਨਹੀਂ ਹੋ ਸਕਦਾ। ਜੇ ਭਲਾ ਬਜ਼ੁਰਗਾਂ ਦੇ ਵਾਕ ਕਿਸੇ ਮਜਬੂਰੀ ਕਰਕੇ ਸੁਣ ਵੀ ਲਏ ਤਾਂ ਸੁਣਨ ਪਿਛੋਂ ਲੀੜੇ ਝਾੜ ਕੇ ਤੁਰ ਜਾਵੇਗਾ।

**ਸੁਆਲ: ਇਹ ਕਿਸ ਦਾ ਦੋਸ਼ ਹੈ, ਉਸ ਆਦਮੀ ਦਾ ਜਾਂ ਬਜ਼ੁਰਗਾਂ ਤੇ ਗ੍ਰੰਥ ਪੋਥੀਆਂ ਦਾ?**

**ਜੁਆਬ:** ਦੋਹਾਂ ਵਿਚੋਂ ਕਿਸੇ ਦਾ ਵੀ ਨਹੀਂ, ਨਾ ਉਸ ਆਦਮੀ ਦਾ ਤੇ ਨਾ ਹੀ ਗ੍ਰੰਥ ਪੋਥੀਆਂ ਦਾ। ਜੇ ਕਸੂਰ ਹੈ ਤਾਂ ਜ਼ਰਪ੍ਰਸਤੀ ਨਿਜ਼ਾਮ ਦਾ, ਜਿਸ ਨੇ ਆਦਮੀ ਦੇ ਦਿਮਾਗ ਨੂੰ ਗੰਦਾ ਅਤੇ ਬਿਮਾਰ ਕਰਕੇ ਉਸ ਵਿਚੋਂ ਮਨੁੱਖਤਾ ਦੇ ਪਿਆਰ ਨੂੰ ਖਤਮ ਕਰ ਦਿੱਤਾ ਹੈ। ਇਸ ਲਈ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਦ ਤਾਈਂ ਅਸੀਂ ਇਸ ਕੋਹੜ ਦੇ, ਬਿਮਾਰੀ (ਜ਼ਰਪ੍ਰਸਤੀ) ਦੇ ਉਨ੍ਹਾਂ ਕਾਰਨਾਂ ਦਾ ਇਲਾਜ ਨਹੀਂ ਕਰਦੇ, ਜਿਨ੍ਹਾਂ ਕਾਰਨਾਂ ਨੇ ਇਸ ਕੋਹੜ ਨੂੰ ਪੈਦਾ ਕੀਤਾ, ਮਰੀਜ਼ ਰਾਜ਼ੀ ਨਹੀਂ ਹੋ ਸਕਦਾ। ਜਦ ਤਾਈਂ ਸਮਾਜ ਵਿਚ ਨਿੱਜੀ ਮਲਕੀਅਤ ਦੂਰ ਨਹੀਂ ਹੁੰਦੀ, ਤਦ ਤੱਕ ਮਨੁੱਖ ਜਾਤੀ ਵਿਚ ਸੱਚੀ ਏਕਤਾ ਤੇ ਪਿਆਰ ਪੈਦਾ ਨਹੀਂ ਹੋ ਸਕਦੇ। ਏਕਤਾ ਤੇ ਪਿਆਰ ਉਥੇ ਹੀ ਠੀਕ ਹੋ ਸਕਦੇ ਹਨ, ਜਿਥੇ ਸਮਾਜਵਾਦ ਦਾ ਗਿਆਨ ਤੇ ਅਮਲ ਹੋਵੇ। ਤੇ ਉਹੀ ਦੇਸ਼ ਤੇ ਕੌਮ ਸੱਚੇ ਅਰਥਾਂ ਵਿਚ ਸਮਾਜਵਾਦੀ ਕਹਾਉਣ ਦੇ ਹੱਕਦਾਰ ਹਨ, ਜਿਸ ਵਿਚ ਅਮਲ ਤੇ ਸੂਝ ਦੀ ਡਿਸਿਪਲਿਨ ਹੋਵੇ।

**ਨੋਟ:** 4 ਅਪਰੈਲ 1968 ਦਾ ਹੋਇਆ ਕਾਂਡ ਸਿਰਫ ਹਬਸ਼ੀ ਕੌਮ ਨੂੰ ਗੋਰੀ ਕੌਮ ਤੋਂ ਆਜ਼ਾਦ ਕਰਾਉਣ ਲਈ ਨਹੀਂ ਬਣੇਗਾ ਬਲਕਿ 6-4-68 ਦੀਆਂ ਖਬਰਾਂ ਦੱਸਦੀਆਂ ਹਨ ਕਿ ਵੀਅਤਨਾਮ ਵਿਚ ਵੀ ਅਮਰੀਕਾ ਦੀ ਹਾਰ ਲਾਜ਼ਮੀ ਹੈ ਅਤੇ ਸਮਾਜਵਾਦ ਦੇ ਸਾਹਮਣੇ ਜੋ ਸਾਮਰਾਜੀ ਦੀਵਾਰ ਖੜ੍ਹੀ ਕੀਤੀ ਹੋਈ ਹੈ, ਰੇਤ ਦੀ ਕੰਧ ਵਾਂਗ ਕਿਸੇ ਵੇਲੇ ਵੀ ਧੜੰਮ ਜ਼ਮੀਨ 'ਤੇ ਡਿੱਗ ਸਕਦੀ ਹੈ। ਤੇ ਅਮਰੀਕਾ ਦਾ ਵੱਕਾਰ ਵੀ ਖਤਮ ਹੋ ਸਕਦਾ ਹੈ ਅਤੇ ਹੋਵੇਗਾ। ਡਾਲਰ ਵੀ ਹੁਣ ਅਮਰੀਕਾ ਨੂੰ ਨਹੀਂ ਬਚਾ ਸਕਦਾ। ਤੇ ਨਾ ਹੀ ਹਬਸ਼ੀ ਗੁਲਾਮ ਰਹਿ ਸਕਦੇ ਹਨ। ਇਹ ਸਮਾਜਵਾਦ ਦਾ ਯੁੱਗ ਹੈ, ਸਾਮਰਾਜਵਾਦ ਦਾ ਨਹੀਂ।

(ਸਮਾਪਤ)

## ਮਿਨੀ ਕਹਾਣੀ

### ਮਾਪਦੰਡ

ਅਜੇ ਪੂਰਾ ਦਿਨ ਵੀ ਨਹੀਂ ਸੀ ਚੜ੍ਹਿਆ ਕਿ ਦੂਰ ਦੇ ਕਿਸੇ ਰਿਸ਼ਤੇਦਾਰ ਦਾ ਫੋਨ ਆ ਗਿਆ। ਮਨ ਇੱਕ ਅਣਜਾਣੇ ਡਰ ਕਾਰਨ ਬੈਠ ਗਿਆ। ਆਮ ਤੌਰ 'ਤੇ ਅਜਿਹੇ ਰਿਸ਼ਤੇਦਾਰ ਉਦੋਂ ਹੀ ਫੋਨ ਕਰਦੇ ਹਨ, ਜਦੋਂ ਕੋਈ ਸ਼ਹਿਰ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਹੋਵੇ ਜਾਂ ਫਿਰ ਕਿਸੇ ਦੀ ਮੌਤ ਦੀ ਖਬਰ ਹੋਵੇ।

ਖੈਰ! ਰਸਮੀ ਹਾਲ-ਚਾਲ ਪੁੱਛਣ ਮਗਰੋਂ ਉਸ ਨੇ ਆਪਣਾ ਮਕਸਦ ਦੱਸਿਆ, "ਬਾਈ ਜੀ ਕੀ ਦੱਸਾਂ, ਤੁਹਾਡਾ ਭਤੀਜਾ ਬਹੁਤ ਵਿਗੜ ਗਿਆ ਹੈ। ਆਸੇ-ਪਾਸੇ ਮੂੰਹ ਮਾਰਨ ਲੱਗਾ ਹੈ, ਨਿੱਤ ਉਲਾਂਭੇ ਆਉਂਦੇ ਆ। ਇੱਕ ਵਾਰੀ ਤਾਂ ਥਾਣੇ ਤੱਕ ਵੀ ਗੱਲ ਪਹੁੰਚ ਗਈ ਸੀ। ਸੋਚਿਆ ਨੱਥ ਦੇਈਏ, ਨੇੜਿਓਂ ਕੋਈ ਚੰਗਾ ਰਿਸ਼ਤਾ ਸਿਰੇ ਨਹੀਂ ਚੜ੍ਹਿਆ, ਤੁਹਾਡੇ ਇਧਰੋਂ ਦੱਸ ਪਈ ਸੀ। ਕੁੜੀ ਹੈ ਤਾਂ ਗਰੀਬ ਘਰੋਂ ਪਰ ਪੜ੍ਹੀ-ਲਿਖੀ ਤੇ ਸੋਹਣੀ ਸੁਨੱਖੀ ਆ। ਬਸ ਉਹ ਹੀ ਪੜਤਾਲ ਕਰਨੀ ਸੀ। ਤੁਸੀਂ ਉਥੇ ਹੀ ਪੜ੍ਹਾਉਂਦੇ ਹੋ, ਉਸ ਬਾਰੇ ਪਤਾ ਕਰਨਾ ਸੀ, ਮਾੜੀ ਜਿਹੀ ਖੇਚਲ ਕਰਿਓ।"

ਜਦ ਉਸ ਨੇ ਕੁੜੀ ਤੇ ਉਸ ਦੇ ਬਾਪ ਦਾ ਨਾਂ ਦੱਸਿਆ ਤਾਂ ਮੈਨੂੰ ਸਭ ਕੁਝ ਯਾਦ ਆ ਗਿਆ। ਅਸਲ ਵਿਚ ਮਨਪ੍ਰੀਤ ਅਜੇ ਪਿਛਲੇ ਸਾਲ ਹੀ ਬਾਰਵੀਂ ਕਰ ਕੇ ਗਈ ਸੀ। ਉਸ ਦੇ ਮਾਪੇ ਕਾਫੀ ਗਰੀਬ ਸਨ। ਮੈਂ ਹੀ ਖਿੱਚ ਧੂਹ ਕਰ, ਕੋਲੋਂ ਫੀਸ ਭਰ ਉਸ ਨੂੰ ਇੱਥੋਂ ਤੱਕ ਲਿਆਇਆ ਸੀ, ਪਿਉ ਤਾਂ ਕਾਫੀ ਪਹਿਲਾਂ ਹੀ ਉਸ ਨੂੰ ਹਟਾਉਣ ਨੂੰ ਫਿਰਦਾ ਸੀ। ਮਨਪ੍ਰੀਤ ਵਾਕਿਆ ਹੀ ਬਹੁਤ ਖੂਬਸੂਰਤ, ਹੁਸ਼ਿਆਰ ਅਤੇ ਸਿਆਣੀ ਕੁੜੀ ਸੀ। ਗਰੀਬੀ ਨੇ ਉਸ ਦੀਆਂ ਸੱਧਰਾਂ ਮਿੱਟੀ 'ਚ ਰੋਲ ਦਿੱਤੀਆਂ ਸਨ।

"ਹਾਂ...ਹਾਂ, ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਬਹੁਤ ਵਧੀਆ ਪਰਿਵਾਰ ਹੈ, ਕੁੜੀ ਵੀ ਸਿਆਣੀ ਤੇ ਸਾਊ ਏ। ਬੇਫਿਕਰ ਹੋ ਕੇ ਰਿਸ਼ਤਾ ਲੈ ਲਓ।" ਮੈਂ ਤਸੱਲੀ ਦਿੰਦਿਆਂ ਕਿਹਾ।

"ਉਹ ਤਾਂ ਠੀਕ ਹੈ ਬਾਈ ਜੀ, ਤੇਰੀ ਭਰਜਾਈ ਕਹਿੰਦੀ ਸੀ, ਕੁੜੀ ਹੱਸਦੀ ਬਹੁਤ ਹੈ। ਇਸੇ ਸ਼ੱਕ ਜਿਹੇ ਕਾਰਨ ਉਸ ਬਾਰੇ ਪਤਾ ਕਰਨਾ ਸੀ। ਚੰਗਾ, ਵੇਖਦੇ ਆਂ ਫਿਰ।" ਕਹਿ ਕੇ ਉਸ ਨੇ ਫੋਨ ਕੱਟ ਦਿੱਤਾ।

ਮੁੰਡੇ ਤੇ ਕੁੜੀ ਦੇ ਚਰਿੱਤਰ ਸਬੰਧੀ ਉਨ੍ਹਾਂ ਦੇ ਮਾਪਦੰਡ ਨੇ ਮੈਨੂੰ ਸੋਚਾਂ ਵਿਚ ਪਾ ਦਿੱਤਾ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

## ਗੁਰਬਾਣੀ ਵਿਚਾਰ

# ਆਦਿ ਬੀੜ ਕਿਵੇਂ ਬਣੀ-ਕਿਸ਼ਤ ਚੌਥੀ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

**(ਅ) ਬਾਬਾ ਫਰੀਦ ਜੀ ਦੀ ਬਾਣੀ ਨਾਲ ਸਾਂਝ**

**1. ਦੁਧਾਥਣੀ ਸ਼ਬਦ ਦੀ ਸਾਂਝ ਸ਼ੇਖ ਫਰੀਦ ਜੀ ਦੀ ਬਾਣੀ ਨਾਲ:**

ਰਾਗੁ ਗਉੜੀ ਪੂਰਬੀ ਛੰਤ ਮਹਲਾ ਪਹਿਲਾ॥
ਮੈ ਮਤ ਜੋਬਨਿ ਗਰਬਿ ਗਾਲੀ
ਦੁਧਾਥਣੀ ਨ ਆਵਏ॥
(ਗੁਰੂ ਗ੍ਰੰਥ ਸਾਹਿਬ, ਪੰਨਾ 242)

ਬਾਣੀ ਸ਼ੇਖ ਫਰੀਦ ਜੀ (ਸੰਨ 1173-1266, ਸੰਤਾਨ 6 ਲੜਕੇ ਅਤੇ 2 ਲੜਕੀਆਂ)
ਦੁਧਾਥਣੀ ਨ ਆਵਈ ਫਿਰਿ ਹੋਇ ਨ ਮੇਲਾ॥
(ਪੰਨਾ 794)

**ਵਿਚਾਰ:** ਦੁਧਾਥਣੀ-ਉਹ ਅਵਸਥਾ ਜਦੋਂ ਇਸਤਰੀ ਦੇ ਥਣਾਂ ਵਿਚ ਦੁੱਧ ਆਉਂਦਾ ਹੈ। ਸੁਹਾਗ-ਭਾਗ ਵਾਲੀ ਅਵਸਥਾ। ਦੁਧਾ ਅਤੇ ਥਣੀ ਦੋ ਸ਼ਬਦ ਵੱਖ-ਵੱਖ ਨਹੀਂ। ਪਦ-ਛੇਦ ਕਰਨ ਵਾਲਿਆਂ ਨੇ ਉਕਾਈ ਖਾ ਕੇ 'ਦੁਧਾਥਣੀ' ਸ਼ਬਦ ਨੂੰ 'ਦੁਧਾ' ਅਤੇ 'ਥਣੀ' ਲਿਖ ਦਿੱਤਾ ਹੋਇਆ ਹੈ।

**ਕਸ਼ਮੀਰਾ ਸਿੰਘ**
**ਫੋਨ: 801-414-0171**

ਇਹ ਸ਼ਬਦ-ਸਾਂਝ ਕੇਵਲ ਗੁਰੂ ਨਾਨਕ ਸਾਹਿਬ ਅਤੇ ਬਾਬਾ ਫਰੀਦ ਜੀ ਦੀ ਬਾਣੀ ਵਿਚ ਹੀ ਹੈ, ਜਿਸ ਤੋਂ ਪ੍ਰਗਟ ਹੈ ਕਿ ਫਰੀਦ ਜੀ ਦੀ ਬਾਣੀ ਗੁਰੂ ਨਾਨਕ ਪਾਤਿਸ਼ਾਹ ਕੋਲ ਸੀ।

**2. ਸ਼ੇਖ ਫਰੀਦ ਜੀ ਦੇ ਸ਼ਲੋਕਾਂ ਵਿਚ ਵਿਆਖਿਆ:**

**ਸ਼ਲੋਕ ਫਰੀਦ ਜੀ**
ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ॥
ਪਿਰੁ ਵਾਤੜੀ ਨ ਪੁਛਈ
ਧਨ ਸੋਹਾਗਣਿ ਨਾਉ॥ (ਪੰਨਾ 1379)

**ਗੁਰੂ ਨਾਨਕ ਸਾਹਿਬ**
ਸਾਹੁਰੈ ਪੇਈਐ ਕੰਤ ਕੀ
ਕੰਤੁ ਅਗੰਮੁ ਅਥਾਹੁ॥
ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ॥
(ਪੰਨਾ 137)

**ਵਿਚਾਰ:** ਇਨ੍ਹਾਂ ਸ਼ਲੋਕਾਂ ਵਿਚ ਸੁਹਾਗਣੀ ਦੇ ਲੱਛਣਾਂ ਨੂੰ ਸਪੱਸ਼ਟ ਕੀਤਾ ਗਿਆ ਹੈ। ਪ੍ਰਭੂ ਨੂੰ ਭਾਅ ਜਾਣ ਵਾਲੀ ਜੀਵ ਇਸਤਰੀ ਹੀ ਸੁਹਾਗਣ ਕਹੀ ਜਾ ਸਕਦੀ ਹੈ।

**3. ਸੂਹੀ ਰਾਗ ਦੇ ਸ਼ਬਦਾਂ ਵਿਚ ਸਾਂਝ:**
**ਫਰੀਦ ਜੀ ਦੀ ਬਾਣੀ**
ਸੂਹੀ ਲਲਿਤ॥
ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ
ਤਬ ਤਰਣੁ ਦੁਹੇਲਾ॥1॥
ਹਥੁ ਨ ਲਾਇ ਕਸੁੰਭੜੈ
ਜਲਿ ਜਾਸੀ ਢੋਲਾ॥1॥ ਰਹਾਉ॥
ਇਕ ਆਪੀਨੈ ਪਤਲੀ ਸਹ ਕੇ ਰੇ ਬੋਲਾ॥
ਦੁਧਾਥਣੀ ਨ ਆਵਈ
ਫਿਰਿ ਹੋਇ ਨ ਮੇਲਾ॥2॥
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥
ਹੰਸੁ ਚਲਸੀ ਡੁੰਮਣਾ
ਅਹਿ ਤਨੁ ਢੇਰੀ ਥੀਸੀ॥3॥ (ਪੰਨਾ 794)

**ਬਾਬੇ ਨਾਨਕ ਦੀ ਬਾਣੀ**
ਸੂਹੀ ਮਹਲਾ ਪਹਿਲਾ॥
ਜਪ ਤਪ ਕਾ ਬੰਧੁ ਬੇੜੁਲਾ
ਜਿਤੁ ਲੰਘਹਿ ਵਹੇਲਾ॥
ਨਾ ਸਰਵਰੁ ਨਾ ਊਛਲੈ
ਐਸਾ ਪੰਥੁ ਸੁਹੇਲਾ॥1॥
ਤੇਰਾ ਏਕੋ ਨਾਮੁ ਮੰਜੀਠੜਾ
ਰਤਾ ਮੇਰਾ ਚੋਲਾ
ਸਦ ਰੰਗ ਢੋਲਾ॥1॥ ਰਹਾਉ॥
ਸਾਜਨ ਚਲੇ ਪਿਆਰਿਆ
ਕਿਉ ਮੇਲਾ ਹੋਈ॥
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥2॥
ਮਿਲਿਆ ਹੋਇ ਨ ਵੀਛੁੜੈ
ਜੇ ਮਿਲਿਆ ਹੋਈ॥
ਆਵਾ ਗਉਣੁ ਨਿਵਾਰਿਆ
ਹੈ ਸਾਚਾ ਸੋਈ॥3॥
ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ॥
ਗੁਰ ਬਚਨੀ ਫਲੁ ਪਾਇਆ
ਸਹ ਕੇ ਅੰਮ੍ਰਿਤ ਬੋਲਾ॥4॥
ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ॥
ਹਮ ਸਹ ਕੇਰੀਆ ਦਾਸੀਆ
ਸਾਚਾ ਖਸਮੁ ਹਮਾਰਾ॥5॥ (ਪੰਨਾ 729)

**ਵਿਚਾਰ:** ਉਪਰੋਕਤ ਸ਼ਬਦਾਂ ਦਾ ਪਾਠ ਕੀਤਿਆਂ ਦੋਹਾਂ ਸ਼ਬਦਾਂ ਦੀ ਸ਼ਬਦ-ਸਾਂਝ ਦਾ ਪਤਾ ਲੱਗ ਜਾਂਦਾ ਹੈ, ਜਿਵੇਂ ਬੇੜਾ-ਬੇੜੁਲਾ, ਸਰਵਰੁ, ਊਛਲੈ, ਬੰਧੁ-ਬੰਧਨ, ਦੁਹੇਲਾ-ਵਹੇਲਾ-ਸੁਹੇਲਾ, ਕਹੈ ਫਰੀਦੁ ਸਹੇਲੀਓ-ਨਾਨਕੁ ਕਹੈ ਸਹੇਲੀਓ, ਸਹ ਕੇ ਰੇ ਬੋਲਾ-ਸਹ ਕੇ ਅੰਮ੍ਰਿਤ ਬੋਲਾ, ਸਹੁ ਆਦਿ। ਇਹ ਸਾਂਝ ਇਸ ਕਰਕੇ ਹੈ ਕਿ 12ਵੀਂ ਸਦੀ 'ਚ ਲਿਖੀ ਫਰੀਦ ਜੀ ਦੀ ਬਾਣੀ ਗੁਰੂ ਨਾਨਕ ਪਾਤਿਸ਼ਾਹ ਕੋਲ ਮੌਜੂਦ ਸੀ, ਜੋ ਫਰੀਦ ਜੀ ਦੀ ਗੱਦੀ ਸੰਭਾਲਣ ਵਾਲੇ ਸ਼ੇਖ ਬ੍ਰਹਮ (ਸੰਨ 1510-1552) ਤੋਂ ਆਪਣੀ ਅਯੋਧਣ (ਹੁਣ ਪਾਕਪਟਨ) ਫੇਰੀ ਸਮੇਂ ਉਤਾਰਾ ਕਰ ਕੇ ਪ੍ਰਾਪਤ ਕੀਤੀ ਸੀ। ਕੇਰੇ ਸ਼ਬਦ ਦਾ ਪਦ-ਛੇਦ ਕੇ ਰੇ ਅਤੇ ਦੁਧਾ ਥਣੀ ਦਾ ਸ਼ੁੱਧ ਸ਼ਬਦ-ਜੋੜ ਦੁਧਾਥਣੀ ਹੈ। 'ਦੁਧਾਥਣੀ' ਸ਼ਬਦ ਦੀ ਵਰਤੋਂ ਇਸੇ ਸ਼ਬਦ ਵਿਚੋਂ ਲੈ ਕੇ ਹੀ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਕੀਤੀ ਹੈ।

**(ੲ) ਕੀ ਭਗਤ ਬੇਣੀ ਜੀ ਦੀ ਬਾਣੀ ਪ੍ਰਥਮ ਪਾਤਿਸ਼ਾਹ ਕੋਲ ਸੀ?**

**1. ਸ੍ਰੀ ਰਾਗ ਵਿਚ ਸ਼ਬਦਾਂ ਦੀ ਸਾਂਝ:**
ਸ੍ਰੀ ਰਾਗ ਬਾਣੀ ਭਗਤ ਬੇਣੀ ਜੀਉ ਕੀ॥
ਪਹਰਿਆ ਕੈ ਘਰਿ ਗਾਵਣਾ॥
ਰੇ ਨਰ ਗਰਭ ਕੁੰਡਲ ਜਬ ਆਛਤ
ਉਰਧ ਧਿਆਨ ਲਿਵ ਲਾਗਾ॥
ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ
ਏਕੁ ਅਗਿਆਨ ਸੁ ਨਾਗਾ॥
ਤੇ ਦਿਨ ਸੰਮਲੁ ਕਸਟ ਮਹਾ ਦੁਖ
ਅਬ ਚਿਤੁ ਅਧਿਕ ਪਸਾਰਿਆ॥
ਗਰਭ ਛੋਡਿ ਮ੍ਰਿਤ ਮੰਡਲ ਆਇਆ
ਤਉ ਨਰਹਰਿ ਮਨਹੁ ਬਿਸਾਰਿਆ॥1॥
(ਪੰਨਾ 93)

**ਵਿਚਾਰ:** ਗੁਰੂ ਨਾਨਕ ਸਾਹਿਬ ਨੇ ਭਗਤ ਬੇਣੀ ਜੀ ਦੇ ਸ੍ਰੀ ਰਾਗ ਵਿਚ ਲਿਖੇ 5 ਬੰਦਾਂ ਦੇ ਸ਼ਬਦ ਨੂੰ ਪੜ੍ਹਿਆ ਅਤੇ ਉਸੇ ਲੈਅ ਵਿਚ ਸ੍ਰੀ ਰਾਗ ਵਿਚ ਹੀ ਪਹਰਿਆਂ ਦੀ ਬਾਣੀ ਘਰੁ ਪਹਿਲਾ ਵਿਚ ਰਚੀ। ਪਹਰਿਆਂ ਦੀ ਚਾਲ ਅਤੇ ਸ਼ਬਦ-ਜੋੜਾਂ ਦੀ ਸਾਂਝ ਦੇਖੋ,

ਸਿਰੀਰਾਗੁ ਮਹਲਾ ਪਹਿਲਾ ਪਹਰੇ ਘਰੁ 1॥
ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਹੁਕਮਿ ਪਇਆ ਗਰਭਾਸਿ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ
ਖਸਮ ਸੇਤੀ ਅਰਦਾਸਿ॥
ਖਸਮ ਸੇਤੀ ਅਰਦਾਸਿ ਵਖਾਣੈ
ਉਰਧ ਧਿਆਨਿ ਲਿਵ ਲਾਗਾ॥
ਨਾ ਮਰਜਾਦੁ ਆਇਆ ਕਲਿ ਭੀਤਰਿ
ਬਾਹੁੜਿ ਜਾਸੀ ਨਾਗਾ॥
ਜੈਸੀ ਕਲਮ ਵੁੜੀ ਹੈ ਮਸਤਕਿ
ਤੈਸੀ ਜੀਅੜੇ ਪਾਸਿ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ
ਹੁਕਮਿ ਪਇਆ ਗਰਭਾਸਿ॥1॥ (ਪੰਨਾ 74)

**ਵਿਚਾਰ:** ਦੋਹਾਂ ਮੁਕੰਮਲ ਸ਼ਬਦਾਂ ਵਿਚ ਰਾਗ ਅਤੇ ਘਰ ਦੀ, ਗਰਭ-ਗਰਭਾਸਿ ਦੀ, ਉਰਧ ਧਿਆਨ-ਉਰਧ ਤਪੁ ਦੀ, ਲਿਵ ਲਾਗਾ-ਲਿਵ ਲਾਗਾ ਦੀ, ਨਾਗਾ-ਨਾਗਾ ਦੀ, ਉਛਲਿਆ ਕਾਮੁ-ਕਾਮਿ ਵਿਆਪਿਆ ਦੀ, ਸੰਜਮ-ਸੰਜਮ ਦੀ, ਬਿਆਪੈ-ਵਿਆਪੈ ਦੀ, ਪਛੁਤਾਵਹਿਗਾ-ਪਛੁਤਾਸੀ ਦੀ, ਬੁਧਿ ਨਾਠੀ-ਬੁਧਿ ਵਿਸਰਜੀ ਦੀ, ਮਾਨ-ਮਾਣੁ ਦੀ, ਉਰਧ ਧਿਆਨ ਲਿਵ ਲਾਗਾ-ਉਰਧ ਧਿਆਨਿ ਲਿਵ ਲਾਗਾ ਦੀ ਅਤੇ ਭਾਵ ਅਰਥਾਂ ਦੀ ਪਿਆਰੀ ਸਾਂਝ ਹੈ।

**2. ਪ੍ਰਭਾਤੀ ਰਾਗ ਵਿਚ ਸ਼ਬਦਾਂ ਦੀ ਸਾਂਝ:**
ਪ੍ਰਭਾਤੀ ਭਗਤ ਬੇਣੀ ਜੀ ਕੀ
ਜਿਨਿ ਆਤਮ ਤਤੁ ਨ ਚੀਨ੍ਹਿਆ॥
ਸਭ ਫੋਕਟ ਧਰਮ ਅਬੀਨਿਆ॥
ਕਹੁ ਬੇਣੀ ਗੁਰਮੁਖਿ ਧਿਆਵੈ॥
ਬਿਨੁ ਸਤਿਗੁਰ ਬਾਟ ਨ ਪਾਵੈ॥5॥
(ਪੰਨਾ 1351)

ਪ੍ਰਭਾਤੀ ਮਹਲਾ ਪਹਿਲਾ॥
ਗੀਤ ਨਾਦ ਹਰਖ ਚਤੁਰਾਈ॥
ਰਹਸ ਰੰਗ ਫੁਰਮਾਇਸਿ ਕਾਈ॥
ਪੈਨ੍ਹਣੁ ਖਾਣਾ ਚੀਤਿ ਨ ਪਾਈ॥
ਸਾਚੁ ਸਹਜੁ ਸੁਖੁ ਨਾਮਿ ਵਸਾਈ॥1॥
(ਪੰਨਾ 1331)

**ਵਿਚਾਰ:** ਭਗਤ ਬੇਣੀ ਜੀ ਦੇ ਪ੍ਰਭਾਤੀ ਰਾਗ ਵਿਚ ਰਚੇ ਸ਼ਬਦ ਨੂੰ ਪੜ੍ਹ ਵਿਚਾਰ ਕੇ ਗੁਰੂ ਨਾਨਕ ਨੇ ਵੀ ਪ੍ਰਭਾਤੀ ਰਾਗ ਵਿਚ ਸ਼ਬਦ ਰਚਿਆ। ਦੋਹਾਂ ਸ਼ਬਦਾਂ ਵਿਚ ਇੱਕੋ ਚਾਲ, ਪੰਜ-ਪੰਜ ਬੰਦ ਅਤੇ ਹਰ ਬੰਦ ਦੀਆਂ ਚਾਰ-ਚਾਰ ਤੁਕਾਂ ਦੀ ਸਾਂਝ ਹੈ।

**3. ਭਗਤ ਬੇਣੀ ਜੀ ਦੇ ਸ਼ਬਦ ਦੀਆਂ ਤੁਕਾਂ ਦੀ ਸਾਂਝ:**
ਕਹੁ ਬੇਣੀ ਗੁਰਮੁਖਿ ਧਿਆਵੈ॥
ਬਿਨੁ ਸਤਿਗੁਰ ਬਾਟ ਨ ਪਾਵੈ॥5॥
(ਪੰਨਾ 1351)
ਕਹੁ ਨਾਨਕ ਨਿਹਚਉ ਧਿਆਵੈ॥
ਵਿਣੁ ਸਤਿਗੁਰ ਵਾਟ ਨ ਪਾਵੈ॥2॥
(ਪੰਨਾ 470)

ਉਪਰੋਕਤ ਤੁਕਾਂ ਦੀ ਸਾਂਝ ਦੇਖ ਕੇ ਇਹੀ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਕੋਲ ਭਗਤ ਬੇਣੀ ਦੀ ਬਾਣੀ ਮੌਜੂਦ ਸੀ।

**4. ਰਾਮਕਲੀ ਰਾਗ 'ਚ ਸ਼ਬਦ ਸਾਂਝ:**
ਰਾਮਕਲੀ ਬਾਣੀ ਬੇਣੀ ਜੀਉ ਕੀ॥
ਇੜਾ ਪਿੰਗੁਲਾ ਅਉਰ ਸੁਖਮਨਾ
ਤੀਨਿ ਬਸਹਿ ਇਕ ਠਾਈ॥
ਬੇਣੀ ਸੰਗਮੁ ਤਹ ਪਿਰਾਗੁ
ਮਨੁ ਮਜਨੁ ਕਰੇ ਤਿਥਾਈ॥1॥
ਸੰਤਹੁ ਤਹਾ ਨਿਰੰਜਨ ਰਾਮੁ ਹੈ॥
ਗੁਰ ਗਮਿ ਚੀਨੈ ਬਿਰਲਾ ਕੋਇ॥
ਤਹਾਂ ਨਿਰੰਜਨੁ ਰਮਈਆ ਹੋਇ॥1॥ ਰਹਾਉ॥ (ਪੰਨਾ 974)

ਰਾਮਕਲੀ ਮਹਲਾ ਪਹਿਲਾ॥
ਖਟੁ ਮਟੁ ਦੇਹੀ ਮਨੁ ਬੈਰਾਗੀ॥
ਸੁਰਤਿ ਸਬਦੁ ਧੁਨਿ ਅੰਤਰਿ ਜਾਗੀ॥
ਵਾਜੈ ਅਨਹਦੁ ਮੇਰਾ ਮਨੁ ਲੀਣਾ॥
ਗੁਰ ਬਚਨੀ ਸਚਿ ਨਾਮਿ ਪਤੀਣਾ॥1॥
(ਪੰਨਾ 903)

**ਵਿਚਾਰ:** ਭਗਤ ਬੇਣੀ ਜੀ ਨੇ ਆਪਣੇ ਸ਼ਬਦ ਵਿਚ ਅਲੰਕਾਰਾਂ ਦੀ ਬਹੁਤ ਵਰਤੋਂ ਕੀਤੀ ਹੈ, ਜਿਸ ਕਾਰਨ ਅਰਥ ਅਤੇ ਸ਼ਬਦ ਦਾ ਪਾਠ ਕੁਝ ਕਠਿਨ ਜਾਪਦੇ ਹਨ। ਗੁਰੂ ਨਾਨਕ ਪਾਤਿਸ਼ਾਹ ਨੇ ਇਸੇ ਰਾਗ ਰਾਮਕਲੀ ਵਿਚ ਆਪਣੀ ਇੱਕ ਅਸ਼ਟਪਦੀ ਰਾਹੀਂ ਭਗਤ ਬੇਣੀ ਜੀ ਦੇ ਸ਼ਬਦ ਦੀਆਂ ਘੁੰਡੀਆਂ ਖੋਲ੍ਹ ਕੇ ਉਸ ਨੂੰ ਸਮਝਣਾ ਸੌਖਾ ਜ਼ਰੂਰ ਕਰ ਦਿੱਤਾ ਹੈ। ਦੋਹਾਂ ਸ਼ਬਦਾਂ ਵਿਚ ਕਈ ਸ਼ਬਦ-ਜੋੜਾਂ ਦੀ ਸਾਂਝ ਵੀ ਹੈ, ਜਿਵੇਂ ਸੁੰਨ ਸਮਾਧਿ, ਅਨਾਹਦ, ਜਾਗਿ ਰਹੇ, ਦੁਰਮਤਿ, ਨਾਮੁ ਰਤਨੁ, ਪੰਚ ਤਸਕਰ ਆਦਿ।



**(ਸ) ਭਗਤ ਕਬੀਰ ਜੀ ਅਤੇ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਸਾਂਝ:**
ਭਗਤ ਕਬੀਰ ਜੀ
1. ਸਾਹਿਬੁ ਹੋਇ ਦਇਆਲੁ ਕਿਰਪਾ ਕਰੇ
ਅਪੁਨਾ ਕਾਰਜੁ ਸਵਾਰੇ॥ (ਪੰਨਾ 334)
ਗੁਰੂ ਨਾਨਕ ਸਾਹਿਬ
ਪਉੜੀ॥
ਸਾਹਿਬੁ ਹੋਇ ਦਇਆਲੁ ਕਿਰਪਾ ਕਰੇ
ਤਾ ਸਾਈ ਕਾਰ ਕਰਾਇਸੀ॥

**ਵਿਚਾਰ:** ਉਪਰੋਕਤ ਦੋ ਤੁਕਾਂ ਵਿਚ ਅੱਧਾ ਹਿੱਸਾ ਸਾਂਝਾ ਹੈ। ਭਗਤ ਕਬੀਰ ਜੀ ਦੀ ਬਾਣੀ ਪਹਿਲੇ ਗੁਰੂ ਜੀ ਕੋਲ ਮੌਜੂਦ ਸੀ।

**2. ਸੂਤਕ ਬਾਰੇ ਵਿਚਾਰਾਂ ਦੀ ਸਾਂਝ**
ਭਗਤ ਕਬੀਰ ਜੀ
ਜਲਿ ਹੈ ਸੂਤਕੁ ਥਲਿ ਹੈ ਸੂਤਕੁ
ਸੂਤਕ ਓਪਤਿ ਹੋਈ॥
ਜਨਮੇ ਸੂਤਕੁ ਮੂਏ ਫੁਨਿ ਸੂਤਕੁ
ਸੂਤਕ ਪਰਜ ਬਿਗੋਈ॥1॥
ਕਹੁ ਰੇ ਪੰਡੀਆ ਕਉਨ ਪਵੀਤਾ॥
ਐਸਾ ਗਿਆਨੁ ਜਪਹੁ ਮੇਰੇ ਮੀਤਾ॥1॥ ਰਹਾਉ॥
ਨੈਨਹੁ ਸੂਤਕੁ ਬੈਨਹੁ ਸੂਤਕੁ
ਸੂਤਕੁ ਸ੍ਰਵਨੀ ਹੋਈ॥
ਊਠਤ ਬੈਠਤ ਸੂਤਕੁ ਲਾਗੈ
ਸੂਤਕੁ ਪਰੈ ਰਸੋਈ॥2॥
ਫਾਸਨ ਕੀ ਬਿਧਿ ਸਭੁ ਕੋਊ ਜਾਨੈ
ਛੂਟਨ ਕੀ ਇਕੁ ਕੋਈ॥
ਕਹਿ ਕਬੀਰ ਰਾਮੁ ਰਿਦੈ ਬਿਚਾਰੈ
ਸੂਤਕੁ ਤਿਨੈ ਨ ਹੋਈ॥3॥41॥
ਗੁਰੂ ਨਾਨਕ ਸਾਹਿਬ
ਸੂਤਕੁ ਅਗਨਿ ਭਖੈ ਜਗੁ ਖਾਇ॥
ਸੂਤਕੁ ਜਲਿ ਥਲਿ ਸਭ ਹੀ ਥਾਇ॥
(ਪੰਨਾ 413)

ਸਲੋਕੁ ਮ: ਪਹਿਲਾ॥
ਜੇ ਕਰਿ ਸੂਤਕੁ ਮੰਨੀਐ
ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ
ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉ ਕਰਿ ਰਖੀਐ
ਸੂਤਕੁ ਪਵੈ ਰਸੋਇ॥
ਨਾਨਕ ਸੂਤਕੁ ਏਵ ਨ ਉਤਰੈ
ਗਿਆਨੁ ਉਤਾਰੇ ਧੋਇ॥1॥
ਮਹਲਾ ਪਹਿਲਾ॥
ਮਨ ਕਾ ਸੂਤਕੁ ਲੋਭੁ ਹੈ
ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ
ਪਰ ਤ੍ਰਿਅ ਪਰ ਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥
ਨਾਨਕ ਹੰਸਾ ਆਦਮੀ
ਬਧੇ ਜਮ ਪੁਰਿ ਜਾਹਿ॥2॥ (ਪੰਨਾ 472)

**ਵਿਚਾਰ:** ਗੁਰੂ ਨਾਨਕ ਸਾਹਿਬ ਕੋਲ ਭਗਤ ਕਬੀਰ ਜੀ ਦੀ ਬਾਣੀ ਸੀ। ਉਪਰੋਕਤ ਸ਼ਬਦਾਂ ਦੀ ਸਾਂਝ ਇਸ ਗੱਲ ਦੀ ਪੁਸ਼ਟੀ ਕਰਦੀ ਹੈ।

**(ਹ) ਭਗਤ ਬਾਣੀ ਗੁਰੂ ਅਮਰਦਾਸ ਜੀ ਕੋਲ ਸੀ।**

**1. ਭਗਤ ਨਾਮਦੇਉ ਜੀ ਦੀ ਬਾਣੀ ਨਾਲ ਸਾਂਝ:**
ਸਾਹਿਬੁ ਸੰਕਟਵੈ ਸੇਵਕੁ ਭਜੈ॥
ਚਿਰੰਕਾਲ ਨ ਜੀਵੈ ਦੋਊ ਕੁਲ ਲਜੈ॥1॥
ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ॥
ਚਰਨ ਕਮਲ ਮੇਰੇ ਹੀਅਰੇ ਬਸੈਂ॥1॥ ਰਹਾਉ॥
ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ॥
ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ॥2॥
ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ॥
ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ॥3॥1
ਬਸੰਤੁ ਮਹਲਾ 3 ਇਕ ਤੁਕਾ॥
ਸਾਹਿਬ ਭਾਵੈ ਸੇਵਕੁ ਸੇਵਾ ਕਰੈ॥
ਜੀਵਤੁ ਮਰੈ ਸਭਿ ਕੁਲ ਉਧਰੈ॥1॥
ਤੇਰੀ ਭਗਤਿ ਨ ਛੋਡਉ ਕਿਆ ਕੋ ਹਸੈ॥
ਸਾਚੁ ਨਾਮੁ ਮੇਰੈ ਹਿਰਦੈ ਵਸੈ॥1॥ ਰਹਾਉ॥
ਜੈਸੇ ਮਾਇਆ ਮੋਹਿ ਪ੍ਰਾਣੀ ਗਲਤੁ ਰਹੈ॥
ਤੈਸੇ ਸੰਤ ਜਨ ਰਾਮ ਨਾਮ ਰਵਤ ਰਹੈ॥2॥
ਮੈ ਮੂਰਖ ਮੁਗਧ ਊਪਰਿ ਕਰਹੁ ਦਇਆ॥
ਤਉ ਸਰਣਾਗਤਿ ਰਹਉ ਪਇਆ॥3॥
ਕਹਤੁ ਨਾਨਕੁ ਸੰਸਾਰ ਕੇ ਨਿਹਫਲ ਕਾਮਾ॥
ਗੁਰ ਪ੍ਰਸਾਦਿ ਕੋ ਪਾਵੈ ਅੰਮ੍ਰਿਤ ਨਾਮਾ॥4॥

**ਵਿਚਾਰ:** ਉਪਰ ਦਿੱਤੇ ਦੋਹਾਂ ਸ਼ਬਦਾਂ ਨੂੰ ਪੜ੍ਹ ਕੇ ਯਕੀਨ ਆ ਜਾਂਦਾ ਹੈ ਕਿ ਭਗਤ ਬਾਣੀ ਤੀਜੇ ਗੁਰੂ ਜੀ ਕੋਲ ਆ ਚੁਕੀ ਸੀ। ਤੀਜੇ ਗੁਰੂ ਜੀ ਨੇ ਭਗਤ ਨਾਮ ਦੇਵ ਦਾ ਬਸੰਤ ਰਾਗ ਵਿਚ ਰਚਿਆ ਸ਼ਬਦ ਪੜ੍ਹ ਕੇ ਆਪ ਵੀ ਉਸੇ ਰਾਗ ਵਿਚ ਸ਼ਬਦ ਰਚਿਆ ਅਤੇ ਦੋਹਾਂ ਵਿਚ ਸ਼ਬਦ-ਜੋੜਾਂ ਅਤੇ ਭਾਵਾਂ ਦੀ ਡੂੰਘੀ ਸਾਂਝ ਹੈ।

**2. ਭਗਤ ਫਰੀਦ ਜੀ ਦੀ ਬਾਣੀ ਨਾਲ ਸਾਂਝ:**

**(ੳ) ਭਗਤ ਫਰੀਦ ਜੀ**
ਫਰੀਦਾ ਕਾਲੀ ਜਿਨੀ ਨ ਰਾਵਿਆ
ਧਉਲੀ ਰਾਵੈ ਕੋਇ॥
ਕਰਿ ਸਾਂਈ ਸਿਉ ਪਿਰਹੜੀ
ਰੰਗੁ ਨਵੇਲਾ ਹੋਇ॥12॥

ਤੀਜੇ ਸਤਿਗੁਰੂ ਜੀ 12ਵੇਂ ਸ਼ਲੋਕ ਦੀ ਵਿਆਖਿਆ ਕਰਦੇ ਹਨ,
ਮਹਲਾ ਤੀਜਾ॥
ਫਰੀਦਾ ਕਾਲੀ ਧਉਲੀ ਸਾਹਿਬੁ
ਸਦਾ ਹੈ ਜੇ ਕੋ ਚਿਤਿ ਕਰੇ॥
ਆਪਣਾ ਲਾਇਆ ਪਿਰਮੁ ਨ ਲਗਈ
ਜੇ ਲੋਚੈ ਸਭੁ ਕੋਇ॥
ਏਹੁ ਪਿਰਮੁ ਪਿਆਲਾ ਖਸਮ ਕਾ
ਜੈ ਭਾਵੈ ਤੈ ਦੇਇ॥ (ਪੰਨਾ 1378)

**ਵਿਚਾਰ:** ਤੀਜੇ ਗੁਰੂ ਜੀ ਨੇ 'ਕਾਲੀ' ਅਤੇ 'ਧਉਲੀ' ਅਵਸਥਾ ਦੀ ਸੁੰਦਰ ਵਿਆਖਿਆ ਕੀਤੀ ਹੈ ਕਿ ਜਵਾਨੀ ਅਤੇ ਬੁਢਾਪੇ ਦੀ ਅਵਸਥਾ ਵਿਚ ਜਪ ਉਹੀ ਸਕਦਾ ਹੈ, ਜਿਸ ਨੂੰ ਮਾਲਕ ਪਿਰਮ ਪਿਆਲਾ ਦੇ ਦੇਵੇ। ਇਹ ਵਿਆਖਿਆ ਇਸ ਗੱਲ ਦਾ ਸਬੂਤ ਹੈ ਕਿ ਤੀਜੇ ਗੁਰੂ ਜੀ ਕੋਲ ਭਗਤ ਬਾਣੀ ਮੌਜੂਦ ਸੀ, ਜੋ ਪਹਿਲੇ ਗੁਰੂ ਜੀ ਕੋਲੋਂ ਹੀ ਦੂਜੇ ਗੁਰੂ ਜੀ ਰਾਹੀਂ ਆਈ ਸੀ।

(ਅ) ਭਗਤ ਫਰੀਦ ਜੀ ਲਿਖਦੇ ਹਨ,
ਫਰੀਦਾ ਰਤੀ ਰਤੁ ਨ ਨਿਕਲੈ
ਜੇ ਤਨੁ ਚੀਰੈ ਕੋਇ॥
ਜੋ ਤਨ ਰਤੇ ਰਬ ਸਿਉ
ਤਿਨ ਤਨਿ ਰਤੁ ਨ ਹੋਇ॥51॥

**ਗੁਰੂ ਅਮਰਦਾਸ ਜੀ,**
ਮਹਲਾ ਤੀਜਾ॥
ਇਹੁ ਤਨੁ ਸਭੋ ਰਤੁ ਹੈ
ਰਤੁ ਬਿਨੁ ਤੰਨੁ ਨ ਹੋਇ॥
ਜੋ ਸਹ ਰਤੇ ਆਪਣੇ
ਤਿਤੁ ਤਨਿ ਲੋਭੁ ਰਤੁ ਨ ਹੋਇ॥
ਭੈ ਪਇਐ ਤਨੁ ਖੀਣੁ ਹੋਇ
ਲੋਭੁ ਰਤੁ ਵਿਚਹੁ ਜਾਇ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ
ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥
ਨਾਨਕ ਤੇ ਜਨ ਸੋਹਣੇ
ਜਿ ਰਤੇ ਹਰਿ ਰੰਗੁ ਲਾਇ॥ (ਪੰਨਾ 1380)

**ਵਿਚਾਰ:** ਭਗਤ ਫਰੀਦ ਜੀ ਦੇ ਵਰਤੇ ਸ਼ਬਦ 'ਰਤੀ ਰਤੁ ਨ ਨਿਕਲੈ' ਦੀ ਸੁੰਦਰ ਵਿਆਖਿਆ ਰਾਹੀਂ ਤੀਜੇ ਪਾਤਿਸ਼ਾਹ ਨੇ ਦੱਸ ਦਿੱਤਾ ਹੈ ਕਿ ਇਹ ਰੱਤ ਲੋਭ ਦੀ ਰੱਤ ਹੈ ਅਤੇ ਇਹ ਖੂਨ ਨਹੀਂ, ਜੋ ਸਰੀਰ ਵਿਚ ਦੌੜ ਰਿਹਾ ਹੈ। ਸਪਸ਼ਟ ਹੈ ਕਿ ਇਹ ਵਿਆਖਿਆ ਤਾਂ ਹੀ ਸੰਭਵ ਸੀ, ਜੇ ਭਗਤ ਫਰੀਦ ਜੀ ਦੀ ਬਾਣੀ ਤੀਜੇ ਗੁਰੂ ਜੀ ਕੋਲ ਹੁੰਦੀ।

**(ੲ) ਭਗਤ ਫਰੀਦ ਜੀ ਲਿਖਦੇ ਹਨ,**
ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥
ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥

ਅਗਲੇ ਸ਼ਲੋਕ ਵਿਚ ਤੀਜੇ ਗੁਰੂ ਜੀ ਵਿਆਖਿਆ ਕਰਦੇ ਹਨ,
ਮਹਲਾ ਤੀਜਾ॥
ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥
ਨਾਨਕ ਘਰ ਹੀ ਬੈਠਿਆ
ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥
(ਪੰਨਾ 1383)

**ਵਿਚਾਰ:** ਤੀਜੇ ਸਤਿਗੁਰੂ ਕੋਲ ਭਗਤ ਫਰੀਦ ਦੀ ਬਾਣੀ ਦੂਜੇ ਗੁਰੂ ਜੀ ਤੋਂ ਆ ਚੁਕੀ ਸੀ।

**(ਸ) ਭਗਤ ਕਬੀਰ ਜੀ ਦੀ ਬਾਣੀ ਨਾਲ ਚਉਥੇ ਗੁਰੂ ਜੀ ਦੀ ਸਾਂਝ:**
1. ਕਬੀਰ ਬਾਣੀ
ਜੋਗੀ ਗੋਰਖੁ ਗੋਰਖੁ ਕਰੈ॥
ਹਿੰਦੂ ਰਾਮ ਨਾਮੁ ਉਚਰੈ॥
ਮੁਸਲਮਾਨ ਕਾ ਏਕੁ ਖੁਦਾਇ॥
ਕਬੀਰ ਕਾ ਸੁਆਮੀ ਰਹਿਆ ਸਮਾਇ॥4
(ਪੰਨਾ 1160)
ਗਉੜੀ ਗੁਆਰੇਰੀ ਮਹਲਾ 4 ਚਉਥਾ॥
ਪੰਡਿਤੁ ਸਾਸਤ ਸਿਮ੍ਰਿਤਿ ਪੜਿਆ॥
ਜੋਗੀ ਗੋਰਖੁ ਗੋਰਖੁ ਕਰਿਆ॥
ਮੈ ਮੂਰਖ ਹਰਿ ਹਰਿ ਜਪੁ ਪੜਿਆ॥1॥
(ਪੰਨਾ 163)

**ਵਿਚਾਰ:** ਦੋਹਾਂ ਰਚਨਾਵਾਂ ਵਿਚ ਸ਼ਬਦ-ਜੋੜਾਂ ਅਤੇ ਭਾਵ ਅਰਥਾਂ ਦੀ ਸਾਂਝ ਸਾਫ ਝਲਕ ਰਹੀ ਹੈ, ਜਿਸ ਤੋਂ ਸਿੱਧ ਹੈ ਕਿ ਭਗਤ ਬਾਣੀ ਗੁਰੂ ਰਾਮਦਾਸ ਜੀ ਕੋਲ ਮੌਜੂਦ ਸੀ, ਜੋ ਸਿਲਸਿਲੇਵਾਰ ਗੁਰਗੱਦੀ ਬਦਲਣ ਨਾਲ ਉਨ੍ਹਾਂ ਕੋਲ ਤੀਜੇ ਗੁਰੂ ਜੀ ਕੋਲੋਂ ਪਹੁੰਚੀ ਸੀ।

**ਨੋਟ:** '4 ਚਉਥਾ' ਲਿਖਣ ਤੋਂ ਸੰਕੇਤ '4' ਨੂੰ 'ਚਉਥਾ' ਬੋਲਣ ਤੋਂ ਹੈ। ਪਾਠ ਵਿਚ '4 ਚਉਥਾ' ਨੂੰ 'ਚਉਥਾ ਚਉਥਾ' ਪੜ੍ਹਨਾ ਚਾਹੀਦਾ ਹੈ ਤਾਂ ਜੁ ਸਰੋਤਿਆਂ ਨੂੰ ਵੀ ਗੁਰੂ ਜੀ ਵਲੋਂ ਦਿੱਤੇ ਸੰਕੇਤ ਦਾ ਬੋਧ ਹੋ ਸਕੇ।

**(ਚਲਦਾ)**

# ਗੁਰੂ ਨਾਨਕ ਵੱਲ ਖਤ

*ਗੁਰੂ ਨਾਨਕ ਦੇਵ ਜੀ ਦਾ 550ਵਾਂ ਜਨਮ ਦਿਵਸ ਮਨਾਉਣ ਦੀਆਂ ਤਿਆਰੀਆਂ ਥਾਂ-ਥਾਂ ਅਰੰਭ ਹਨ। ਹਰ ਸ਼ਰਧਾਲੂ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਆਪੋ-ਆਪਣੇ ਢੰਗ ਨਾਲ ਵਿਚਾਰ ਰਿਹਾ ਹੈ। ਪੰਜਾਬੀ ਸਾਹਿਤ ਦੇ ਵਿਦਵਾਨ ਲੇਖਕ ਡਾ. ਹਰਿਭਜਨ ਸਿੰਘ ਨੇ ਕਈ ਦਹਾਕੇ ਪਹਿਲਾਂ ਆਪਣੇ ਉਨ੍ਹਾਂ ਲੋਕਾਂ ਨੂੰ ਜਗਾਉਣ ਲਈ ਇਕ ਖਤ ਰਾਹੀਂ ਬਾਬੇ ਨਾਨਕ ਨਾਲ ਸੰਵਾਦ ਰਚਾਉਣ ਦਾ ਤਰੱਦਦ ਕੀਤਾ ਹੈ, ਜੋ ਬਾਬੇ ਨਾਨਕ ਦੀਆਂ ਸਿਖਿਆਵਾਂ ਤੋਂ ਭਟਕ ਗਏ ਸਨ। ਖਤ ਦੇ ਰੂਪ ਵਿਚ ਲਿਖਿਆ ਇਹ ਲੇਖ ਅੱਜ ਵੀ ਓਨਾ ਹੀ ਸਾਰਥਕ ਹੈ ਅਤੇ ਸਾਨੂੰ ਵਿਚਾਰਨ ਲਈ ਪ੍ਰੇਰਦਾ ਹੈ। -ਸੰਪਾਦਕ*

ਬਾਬਾ ਜੀ,

ਤੁਸੀਂ ਸਾਡੇ ਸਭਿਆਚਾਰ ਦੇ ਆਦਿ ਬਾਬਾ ਜੀ ਹੋ। ਸਮੇਂ ਦੀ ਲੜੀ ਵਿਚ ਤੁਹਾਥੋਂ ਵੀ ਪਹਿਲਾਂ ਸ਼ੇਖ ਫਰੀਦ ਹੋਏ, ਪਰ ਉਨ੍ਹਾਂ ਨੂੰ ਬਾਬਾ ਕਹਿਣ ਦੀ ਜਾਚ ਅਸਾਂ ਤੁਹਾਨੂੰ ਬਾਬਾ ਜੀ ਕਹਿਣ ਤੋਂ ਬਾਅਦ ਹੀ ਸਿੱਖੀ। ਜਦੋਂ ਕੋਈ 'ਬਾਬਾ ਜੀ' ਉਚਾਰਦਾ ਹੈ ਤਾਂ ਸਹਿਵਨ ਹੀ ਤੁਹਾਡਾ ਮੂੰਹ-ਮੁਹਾਂਦਰਾ ਅੱਖਾਂ ਸਾਹਮਣੇ ਆ ਖਲੋਂਦਾ ਹੈ। ਦੂਜੇ ਬਾਬਿਆਂ ਨੂੰ ਯਾਦ ਕਰਨ ਲਈ ਉਨ੍ਹਾਂ ਦੇ ਨਾਂ ਲੈਣ ਦੀ ਲੋੜ ਪੈਂਦੀ ਹੈ ਪਰ ਨਿਰੋਲ ਬਾਬਾ ਜੀ ਤੁਹਾਡਾ ਹੀ ਸਭਿਆਚਾਰ-ਨਾਂ ਹੈ। ਤੁਸੀਂ ਸਾਡੇ ਮੂਲ ਆਦਰਸ਼ ਹੋ।

ਅੱਜ ਤੁਹਾਡੇ ਨਾਲ ਗੱਲਾਂ ਕਰਨ ਨੂੰ ਜੀ ਕਰ ਆਇਆ। ਇਸ ਮਹੀਨੇ ਤੁਹਾਡਾ ਪੁਰਬ-ਦਿਹਾੜਾ ਹੈ ਤੇ ਮੈਂ ਆਪਣੇ ਜ਼ਾਤੀ ਸੁਭਾਉ ਮੁਤਾਬਕ, ਕਦੀ-ਕਦੀ ਤੁਹਾਡੀ ਬਾਣੀ ਦੇ ਕੁਝ-ਕੁਝ ਹਿੱਸਿਆਂ ਨੂੰ ਚਿਤਾਰਨ ਲੱਗ ਪਿਆ ਹਾਂ। ਤੁਸੀਂ ਤਾਂ ਟੁਕੜੇ ਟੋਟਿਆਂ ਵਿਚ ਵੀ ਪੂਰਨ-ਸੰਪੂਰਨ ਹੋ ਕੇ ਬੋਲਦੇ ਹੋ। ਅਸੀਂ ਆਪਣੀਆਂ ਵਕਤੀ ਲੋੜਾਂ ਸਾਰਨ ਲਈ ਕਦੀ ਕੁਝ ਬੋਲਦੇ ਹਾਂ ਤੇ ਕਦੀ ਕੁਝ। ਸਾਡੇ ਬੋਲ ਇਕ ਦੂਜੇ ਨੂੰ ਕੱਟਦੇ, ਰੱਦ ਕਰਦੇ ਤੁਰੇ ਜਾਂਦੇ ਹਨ। ਇਸੇ ਲਈ ਸਾਡੇ ਬੋਲਾਂ ਵਿਚ ਪਕਿਆਈ ਨਹੀਂ, ਕਦੀ ਕੋਈ ਸਾਡੀ



ਡਾ. ਹਰਿਭਜਨ ਸਿੰਘ

ਕਹੀ-ਸੁਣੀ ਗੱਲ ਨੂੰ ਮੰਨ ਲੈਂਦਾ ਹੈ, ਕਦੀ ਨਹੀਂ ਵੀ ਮੰਨਦਾ ਪਰ ਤੁਹਾਡੀ ਸਾਰੀ ਬਾਣੀ ਤਾਂ ਇਕ ਵੱਡਾ ਸਮੁੰਦਰ ਹੈ, ਹਰ ਥਾਂ ਇਕੋ ਜਿਹੀ। ਕਿਤੋਂ ਵੀ ਚੂਲੀ ਭਰ ਲਵੋ, ਹੱਥ ਵਿਚ ਨਿਰਮਲ ਤੇ ਸਵੱਛ ਜਲ ਹੀ ਆਉਂਦਾ ਹੈ। ਤੁਹਾਡੀ ਕਹੀ ਗੱਲ ਦੇ ਨਿੱਕੇ ਜਿਹੇ ਟੋਟੇ ਵਿਚ ਵੀ ਪੂਰੀ ਗੱਲ ਦਾ ਜ਼ੋਰ ਹੈ। ਤੁਸੀਂ ਧੁਰ ਮੂਲ ਵਿਚੋਂ ਬੋਲਦੇ ਹੋ। ਸਤਹ ਤੋਂ ਬੋਲਣ ਵਾਲੇ ਅਸੀਂ ਤੁਹਾਡੇ ਬੋਲ ਸਾਹਮਣੇ ਸ਼ਰਮਸਾਰ ਹਾਂ।

ਅੱਜ ਵੀ ਮੈਂ ਆਪਣੀ ਗੱਲ ਸਤਹ ਤੋਂ ਹੀ ਸ਼ੁਰੂ ਕਰ ਰਿਹਾ ਹਾਂ। ਤੁਸੀਂ ਹੱਸੋਗੇ ਕਿ ਸਤਹ ਤੇ ਧੁਰ ਦੇ ਅੰਤਰ ਨੂੰ ਜਾਣਨ ਦਾ ਦਾਅਵਾ ਕਰਨ ਵਾਲਾ 'ਏਕ ਘੜੀ ਆਧੀ ਘੜੀ' ਮੇਰੇ ਨਾਲ ਗੋਸ਼ਟ ਕਰਨ ਦੀ ਚਾਹ ਪ੍ਰਗਟਾ ਰਿਹਾ ਹੈ ਤੇ ਇਹ ਥੋੜ੍ਹਾ ਜਿਹਾ ਸਮਾਂ ਵੀ ਸਤਹ ਦੇ ਲੇਖੇ ਲਾ ਦੇਣਾ ਚਾਹੁੰਦਾ ਹੈ। ਬਾਬਾ ਜੀ, ਤੁਸੀਂ ਤਾਂ ਜਾਣਦੇ ਹੋ ਜਿਸ ਦੁਨੀਆਂ ਵਿਚ ਮੈਂ ਰਹਿੰਦਾ ਹਾਂ, ਉਸ ਦੇ ਦੁਖ ਤੇ ਸੁਖ ਸਾਰੇ ਤੇ ਸਮੁੱਚੇ ਸਤਹੀ ਹਨ। ਮੇਰੀ ਤਾਂ ਬੋਲੀ ਵੀ ਸਤਹੀ ਹੈ। ਮੈਂ ਆਪਣੇ ਸਤਹੀ ਵਸੀਲਿਆਂ ਨਾਲ ਹੀ ਧੁਰ ਡੂੰਘ ਬਾਰੇ ਕੁਝ ਪੁੱਛਾਂ ਪੁੱਛਾਂਗਾ। ਆਪਣੇ ਸਤਹ-ਦੇਸ ਨੂੰ ਛੱਡ ਕੇ ਮੈਂ ਕਦੀ ਤੁਹਾਡੇ ਧੁਰ-ਦੇਸ ਪਹੁੰਚਣ ਦੇ ਯੋਗ ਹੋ ਵੀ ਸਕਾਂਗਾ ਕਿ ਨਹੀਂ? ਅਜੇ ਤਾਂ ਮੈਂ ਸਤਹ ਉਪਰ ਵਿਚਰ ਰਿਹਾ ਹਾਂ, ਇਸ ਲਈ ਏਥੋਂ ਹੀ ਤੁਹਾਨੂੰ ਅਵਾਜ਼ ਦੇ ਰਿਹਾ ਹਾਂ।

ਮੇਰੀ ਪਹਿਲੀ ਬੇਨਤੀ ਤਾਂ ਤੁਹਾਡੇ ਨਾਲ ਆਪਣੇ ਸਬੰਧਾਂ ਬਾਰੇ ਹੀ ਹੈ। ਮੇਰੀ ਦੁਨੀਆਂ ਨੇ ਤੁਹਾਡੇ ਨਾਲ ਮੇਰਾ ਸਬੰਧ 'ਡਰ' ਵਾਲਾ ਬਣਾ ਦਿੱਤਾ ਹੈ। ਤੁਹਾਡੇ ਨਾਲ ਆਪਣੀ ਗੱਲ ਕਰਦਿਆਂ ਮੈਂ ਡਰਦਾ ਹਾਂ। ਡਰ ਮੈਨੂੰ ਤੁਹਾਡਾ ਨਹੀਂ ਸਗੋਂ ਆਪਣੇ ਆਲੇ-ਦੁਆਲੇ ਦਾ ਹੈ, ਜੋ ਤੁਹਾਡਾ ਪ੍ਰਮਾਣਿਕ ਬੁਲਾਰਾ ਹੋਣ ਦੇ ਸ਼ੌਕ ਵਿਚ ਕਿਸੇ ਵੀ ਹੋਰ ਦਾ ਸਿਰ ਭੰਨਣਾ ਜ਼ਰੂਰੀ ਸਮਝਦੇ ਹਨ। ਹੁਣ ਤੁਹਾਡੇ ਬੋਲਾਂ ਤੋਂ ਵਧੀਕ ਉਨ੍ਹਾਂ ਦੀ ਵਿਆਖਿਆ ਦਾ ਵਾਰਾ-ਪਹਿਰਾ ਹੈ। ਤੁਹਾਡੇ ਰੂਹਾਨੀ ਬੋਲਾਂ ਦੀ ਲੋਕਾਂ ਨੇ ਫਿਰਕੂ ਵਿਆਖਿਆ ਕਰ ਦਿੱਤੀ ਹੈ ਤੇ ਹੁਣ ਉਹ ਆਪਣੇ ਆਲੇ-ਦੁਆਲੇ ਤੋਂ ਇਹੋ ਉਮੀਦ ਰੱਖਦੇ ਹਨ ਕਿ ਇਸੇ ਵਿਆਖਿਆ ਨੂੰ ਹੀ, ਤੁਹਾਡੇ ਬੋਲਾਂ ਦਾ ਅਸਲੀ ਅਰਥ ਮੰਨਿਆ ਜਾਏ।

ਸਭਿਆਚਾਰਕ ਬੰਦਿਸ਼ਾਂ ਵਿਚ ਜਿਊਣ ਵਾਲੇ ਅਸੀਂ ਦੁਜੈਲੀਆਂ ਤਿਜੈਲੀਆਂ ਵਿਆਖਿਆਵਾਂ ਵਿਚ ਜਿਉਂਦੇ ਹਾਂ। ਸਭਿਆਚਾਰ ਦੇ ਮੂਲ ਸੋਮਿਆਂ ਤਕ ਸਾਡੀ ਪਹੁੰਚ ਦੇ ਰਾਹ ਵਿਚ ਰੋਕਾਂ, ਕਈ ਅੜਿੱਚਣਾਂ ਹਨ। ਕਈ ਵਾਰ ਇਉਂ ਜਾਪਦਾ ਹੈ ਕਿ ਤੁਹਾਡੇ ਸ਼ਰਧਾਲੂਆਂ ਨੇ ਤੁਹਾਨੂੰ ਆਪਣੇ ਹਾਣ ਦੇ ਪਿੰਜਰੇ ਵਿਚ ਬੰਦ ਕਰ ਰਖਿਆ ਹੈ। ਉਨ੍ਹਾਂ ਤੁਹਾਨੂੰ ਇਸ ਹੱਦ ਤਕ ਆਪਣੇ ਮੇਚ ਦਾ ਬਣਾ ਲਿਆ ਹੈ ਕਿ ਤੁਹਾਡੇ ਫੈਲਣ ਵਿਗਸਣ ਦੀ ਸੰਭਾਵਨਾ ਨੂੰ ਵੀ ਖਤਮ ਕਰਦੇ ਜਾਪਦੇ ਹਨ। ਤੁਸਾਂ ਆਪਣੇ ਸਮੇਂ ਵਿਚ ਪ੍ਰਚਲਤ ਸਭਿਆਚਾਰਕ ਢੰਗ ਤੋਂ ਮੁਕਤ ਹੋਣ ਦਾ ਰਾਹ ਸੁਝਾਇਆ ਸੀ, ਪਰ ਸਾਡੇ ਆਪਣੇ ਸਮੇਂ ਦੇ ਦੰਭੀਆਂ ਨੇ ਤੁਹਾਨੂੰ ਆਪਣੀਆਂ ਲੋੜਾਂ ਮੁਤਾਬਕ ਢਾਲਣ ਦਾ ਸੁਚੇਤ ਜਾਂ ਅਚੇਤ ਨਿਰਣਾ ਕਰ ਰੱਖਿਆ ਹੈ ਤੇ ਉਨ੍ਹਾਂ ਦੇ ਵਸੀਲੇ ਏਨੇ ਜ਼ੋਰਾਵਰ ਹਨ ਕਿ ਹਰ ਕਿਸੇ ਨੂੰ ਉਨ੍ਹਾਂ ਦੇ ਨਿਰਣੇ ਮੁਤਾਬਕ ਤੁਰਨਾ ਪੈਂਦਾ ਹੈ। ਤੁਹਾਡੀ ਬਾਣੀ ਸੰਪਰਦਾਇਕ ਦਾਇਰੇ ਤੋਂ ਪਾਰ ਹੈ, ਪਰ ਅਫਸੋਸ ਹੈ ਕਿ ਸ਼ਰਧਾਲੂਆਂ ਨੇ ਤੁਹਾਨੂੰ ਵੀ ਸੰਪਰਦਾਇ ਵਿਚ ਸ਼ਾਮਲ ਕਰ ਲਿਆ ਹੈ।

ਹਰ ਖੂਬਸੂਰਤ ਫੁੱਲ ਦੀ ਇਹੋ ਹੋਣੀ ਹੈ ਕਿ ਉਸ ਨੂੰ ਆਪਣੀ ਡਾਲੀ ਤੋਂ ਤੋੜ ਕੇ ਬਦਸੂਰਤ ਬੰਦਾ ਆਪਣੇ ਗਲ ਦਾ ਸ਼ਿੰਗਾਰ ਬਣਾ ਲੈਂਦਾ ਹੈ। ਤੁਹਾਡੇ ਤਕ ਪਹੁੰਚਣ ਵਾਲਾ ਰਾਹ ਸੰਪਰਦਾਇ ਦੀ ਸੰਘਣੀ ਭੀੜ ਥਾਣੀਂ ਲੰਘਦਾ ਹੈ। ਅਸੀਂ ਸ਼ੋਰ ਨੂੰ ਸੱਚ ਮੰਨਣ ਵਾਸਤੇ ਮਜਬੂਰ ਕਰ ਦਿੱਤੇ ਗਏ ਹਾਂ। ਸੱਚ ਦੀ ਆਜ਼ਾਦੀ ਤਕ ਪਹੁੰਚਣ ਦਾ ਚਾਹਵਾਨ ਸ਼ੋਰ ਦੀ ਗੁਲਾਮੀ ਵਿਚ ਕੈਦ ਹੈ। ਬਾਬਾ ਜੀ, ਤੁਸੀਂ ਯਥਾਰਥ ਨੂੰ ਬੰਧਨ ਸਮਝਿਆ ਸੀ ਤੇ ਇਸ ਤੋਂ ਛੁਟਕਾਰੇ ਲਈ ਮੁਕਤੀ ਦਾ ਸੰਕਲਪ ਪੇਸ਼ ਕੀਤਾ ਸੀ। ਅਸੀਂ ਬੰਧਨ ਵਿਚ ਹਾਂ ਤੇ ਮੁਕਤੀ ਦਾ ਰਾਹ ਅਜੇ ਪੂਰੀ ਤਰ੍ਹਾਂ ਸਾਡੇ ਵਸ ਵਿਚ ਨਹੀਂ।

ਨਾਲੇ ਮੁਕਤੀ ਨਿਰਾ ਰਾਹ ਤਾਂ ਨਹੀਂ, ਉਸ ਰਾਹ ਦਾ ਸਫਰ ਵੀ ਤਾਂ ਹੈ। ਅਣਤੁਰੇ ਰਾਹਾਂ ਦੀ ਦੌਲਤ ਕਿਸ ਕੰਮ? ਸਾਡੇ ਸਮਿਆਂ ਵਿਚ 'ਕਲਿ ਕਾਤੀ' ਚਲਾਉਣ ਵਾਲੇ 'ਰਾਜੇ ਕਸਾਈ' ਤਾਂ ਨਹੀਂ ਰਹੇ, ਪਰ ਨਵੀਂ ਕਿਸਮ ਦੇ ਸੰਪਰਦਾਇਕ ਜਾਬਰ ਪੈਦਾ ਹੋ ਗਏ ਹਨ ਜਿਨ੍ਹਾਂ ਦੇ ਪਰਚਾਰੇ 'ਕੂੜ' ਦੀ ਮੱਸਿਆ ਵਿਚ 'ਸਚੁ ਚੰਦ੍ਰਮਾ' ਕਿਤੇ ਨਜ਼ਰ ਨਹੀਂ ਆਉਂਦਾ। ਆਪਣੀ ਵਿਥਿਆ ਤੁਹਾਡੇ ਹੀ ਬੋਲ ਰਾਹੀਂ ਤੁਹਾਨੂੰ ਸੁਣਾ ਰਿਹਾ ਹਾਂ,

ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਇ॥
ਵਿਚ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨ ਬਿਧਿ ਗਤਿ ਹੋਈ॥

ਤੁਸੀਂ ਆਪਣਾ ਬੋਲ ਪ੍ਰਸ਼ਨ ਉਪਰ ਖਤਮ ਕਰ ਦਿੱਤਾ ਸੀ। ਇਹ ਪ੍ਰਸ਼ਨ ਅੱਜ ਵੀ ਆਪਣੇ ਉਤਰ ਦੀ ਉਡੀਕ ਵਿਚ ਹੈ। ਕਦੀ-ਕਦੀ ਜਾਪਦਾ ਹੈ, ਮਨੁੱਖ ਜਾਤੀ ਦੇ ਦੁੱਖ ਦਾ ਅੰਤਿਮ ਦਾਰੂ ਕੋਈ ਨਹੀਂ। ਇਸ ਨੇ ਦੁਖ ਦੇ ਸੰਗ-ਸਾਥ ਵਿਚ ਜੀਣਾ-ਥੀਣਾ ਹੈ। ਮਨੁੱਖ ਜਾਤੀ ਆਪਣੇ ਦੁੱਖ ਤੋਂ ਛੁਟਕਾਰਾ ਪਾਉਣ ਲਈ ਵੱਧ ਤੋਂ ਵੱਧ ਇਕ ਪ੍ਰਸ਼ਨ ਹੀ ਕਰ ਸਕਦੀ ਹੈ ਤੇ ਏਦਾਂ ਦੁੱਖ ਦੇ ਵਿਰੁਧ ਸੰਗਰਾਮ ਹੀ ਰਚ ਸਕਦੀ ਹੈ। ਮੈਂ ਵੀ ਸੱਚ-ਵਿਰੋਧੀ, ਕੂੜ-ਪੱਖੀ ਸੰਪਰਦਾਇਕਤਾ ਦੇ ਵਿਰੁਧ ਤੁਹਾਡੇ ਬੋਲਾਂ ਵਿਚੋਂ ਪ੍ਰਾਪਤ ਪ੍ਰਸ਼ਨ ਖੜ੍ਹਾ ਕਰ ਰਿਹਾ ਹਾਂ।

ਤੁਸੀਂ ਮੇਰੀ ਮੂਰਖਤਾ 'ਤੇ ਹੱਸੋਗੇ। ਕਹੋਗੇ, ਮੈਨੂੰ ਸ਼ੁਦਾਅ ਹੋ ਗਿਐ। ਸੰਪਰਦਾਇਕਤਾ ਕੋਈ ਨਵੀਂ ਸ਼ੈ ਥੋੜ੍ਹੀ ਹੈ। ਇਹ ਤਾਂ ਆਦਿ-ਜੁਗਾਦਿ ਸਮਿਆਂ ਤੋਂ ਚਲੀ ਆ ਰਹੀ ਹੈ। ਮਨੁੱਖ ਤਾਂ ਰਹਿ ਹੀ ਸੰਪਰਦਾਇ ਵਿਚ ਸਕਦਾ ਹੈ। ਸੰਪਰਦਾਇਕਤਾ ਮਨੁੱਖੀ ਜੀਵਨ ਦੀ ਬੁਨਿਆਦੀ ਸ਼ਰਤ ਹੈ, ਪਰ ਤੁਸੀਂ ਲੋਕ ਵਿਚ ਰਹਿੰਦੇ ਉਸ ਤੋਂ ਪਾਰ ਜਾਣ ਦੇ ਰਾਹ ਵੱਲ ਸੰਕੇਤ ਕੀਤਾ ਸੀ। ਪੰਕ ਵਿਚ ਪੰਕਜ 'ਜਲ ਮਹਿ ਕਮਲੁ ਨਿਰਾਲਮੁ' ਤੁਹਾਡੀ ਜੀਵਨ-ਜਾਚ ਦਾ ਕੇਂਦਰੀ ਨੁਕਤਾ ਸੀ। ਤੁਹਾਡੀ ਪਹੁੰਚ ਆਪਣਿਆਂ-ਬੇਗਾਨਿਆਂ ਤੋਂ ਪਾਰ ਸਭਨਾਂ ਤਕ ਸੀ ਪਰ ਤੁਹਾਡੇ ਮੁੱਦਈ ਤਾਂ ਉਹ ਬਣ ਬੈਠੇ ਹਨ, ਜੋ ਆਪਣਿਆਂ ਤੋਂ ਵੀ ਉਰ੍ਹਾਂ ਸਵੈ ਤਕ ਸੁੰਗੜੇ ਹੋਏ ਹਨ। ਸਵੈ ਨੂੰ ਪਰਪੱਕ ਕਰਨ ਲਈ ਉਹ 'ਆਪਣਿਆਂ' ਉਤੇ ਵਾਰ ਕਰਨ ਤੋਂ ਸੰਕੋਚ ਨਹੀਂ ਕਰਦੇ। ਰਾਜਨੀਤਕ ਸ਼ਕਤੀਵਰਾਂ ਦੇ ਸਦਾ ਸੰਗ-ਸਾਥ ਵਿਚਰਨ ਵਾਲੇ ਤੁਹਾਡੇ ਵਿਆਖਿਆਕਾਰ ਬਣ ਗਏ ਹਨ। ਰਾਜਿਆਂ, ਮੁਕੱਦਮ ਦੀ ਨਿਖੇਧੀ ਕਰਨ ਵਾਲੇ ਤੁਸੀਂ ਬਾਬਾ ਜੀ, ਅੱਜ ਰਾਜਿਆਂ, ਮੁਕੱਦਮਾਂ ਤੱਕ ਪਹੁੰਚਣ ਦੇ ਵਸੀਲੇ ਬਣਾ ਦਿੱਤੇ ਗਏ ਹੋ। ਇਸੇ ਧੁੰਦੂਕਾਰ ਥਾਣੀਂ ਮੈਂ ਆਪਣੀ ਅਵਾਜ਼ ਤੁਹਾਡੇ ਤੱਕ ਪਹੁੰਚਾ ਰਿਹਾ ਹਾਂ।

ਮੈਂ ਆਪ ਨਵੀਂ ਤਾਲੀਮ ਦਾ ਇਕ ਪੁਰਜ਼ਾ ਹਾਂ ਤੇ ਜਾਣਦਾ ਹਾਂ ਕਿ ਇਸ ਤਾਲੀਮ ਨੇ ਤੁਹਾਡੇ ਸਬੰਧੀ ਕਿਸ ਤਰ੍ਹਾਂ ਦੀ ਜਾਚ ਪ੍ਰਸਾਰ ਦਿੱਤੀ ਹੈ। ਯੂਨੀਵਰਸਿਟੀਆਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਨਜ਼ਰ ਵਿਚ 'ਸੱਚ' ਤੋਂ ਕਿਤੇ ਵਧੀਕ 'ਪ੍ਰਵਚਨ' ਦਾ ਮੁੱਲ ਹੈ। ਤੁਸੀਂ ਸਾਡੇ ਪਾਠ-ਕ੍ਰਮ ਦਾ ਅੰਗ ਹੋ, ਪਰ ਤੁਹਾਡੇ ਸਦਾ-ਫੈਲਦੇ ਸੱਚ ਨੂੰ ਉਘਾੜਨ ਦੀ ਥਾਂ ਅਸੀਂ ਆਪਣਾ ਉਦਮ ਆਪਣੇ ਹਾਣ-ਮੇਚਦੇ ਸਦਾ-ਸੁੰਗੜੇ ਪ੍ਰਵਚਨ ਨੂੰ ਪਰਪੱਕ ਕਰਨ ਦੇ ਲੇਖੇ ਲਾ ਰਖਿਆ ਹੈ। ਇਹ ਜਾਚ ਸਾਡੇ ਚਾਲੀ-ਪੰਜਾਹ ਮਿੰਟ ਫੀ ਲੈਕਚਰ ਦੀ ਮਜਬੂਰੀ ਅਧੀਨ ਹੋਂਦ ਵਿਚ ਆਈ ਅਤੇ ਤੀਹ-ਪੈਂਤੀ ਮਿੰਟ ਫੀ ਪ੍ਰਸ਼ਨੋਤਰ ਦੀ ਇਮਤਿਹਾਨੀ ਲੋੜ ਅਧੀਨ ਪਰਵਾਨ ਚੜ੍ਹੀ। ਅਧਿਆਪਕ ਜਾਂ ਵਿਦਿਆਰਥੀ, ਕਿਸੇ ਪਾਸ ਤੁਹਾਡੇ ਬੋਲ ਦਾ ਸੰਪੂਰਨ ਦੀਦਾਰ ਕਰਨ ਦੀ ਵਿਹਲ ਨਹੀਂ। ਜੇ ਕਿਸੇ-ਕਿਸੇ ਮੌਖਿਕ ਪ੍ਰੀਖਿਆ ਸਮੇਂ ਅਧਿਆਪਕ ਜਾਂ ਵਿਦਿਆਰਥੀ ਨੂੰ ਤੁਹਾਡਾ ਕੋਈ ਬੋਲ ਹਵਾਲੇ ਵਜੋਂ ਪੇਸ਼ ਕਰਨ ਲਈ ਕਿਹਾ ਜਾਏ ਤਾਂ ਉਹ ਅਜਿਹੀ



ਮੰਗ ਕਰਨ ਵਾਲੇ ਨਾਲ ਛਿੱਥੇ ਪੈਣ ਵਿਚ ਹੀ ਆਪਣੀ ਜਿੱਤ ਸਮਝਦਾ ਹੈ।

ਇਹ ਜੀਵਨ-ਜਾਚ ਆਧੁਨਿਕ ਕਹਾਉਣ ਵਾਲੀ ਲੁਕਾਈ ਵਿਚਕਾਰ ਚਲਦਾ ਸਿੱਕਾ ਹੈ। ਤੁਹਾਡੇ ਬੋਲ ਵਿਸਮ੍ਰਿਤੀ ਦਾ ਅੰਗ ਬਣਦੇ ਜਾ ਰਹੇ ਹਨ ਤੇ ਉਨ੍ਹਾਂ ਦੀ ਥਾਂ ਕੁਝ ਪ੍ਰਵਚਨਾਂ, ਕੁਝ ਰਾਵਾਂ ਨੂੰ ਥਾਪ ਦਿੱਤਾ ਗਿਆ ਹੈ। ਕੁਝ ਅਜਿਹੇ ਵੀ ਹਨ, ਜਿਨ੍ਹਾਂ ਪਾਸ ਪ੍ਰਸੰਗ ਤੋਂ ਟੁੱਟੀਆਂ ਤੁਹਾਡੀਆਂ ਪੰਗਤੀਆਂ ਦੀ ਭੀੜ ਹੈ। ਖੰਡਣ ਜੋਗ ਜਾਂ ਮੰਡਣ ਜੋਗ ਕੋਈ ਵੀ ਮੌਕਾ ਹੋਵੇ, ਇਹ ਲੋਕ ਤੁਹਾਡੇ ਕਥਨ 'ਜੇ ਕੋ ਪੁਛੈ ਤਾ ਪੜਿ ਸੁਣਾਏ' ਨੂੰ ਸੱਚ ਕਰ ਵਿਖਾਉਂਦੇ ਹਨ। ਵਿਆਖਿਆਕਾਰਾਂ, ਪ੍ਰਵਚਨਕਾਰਾਂ ਤੇ ਪੰਗਤੀ-ਪੇਸ਼ਕਾਰਾਂ ਦੀ ਭੀੜ ਵਿਚ 'ਹੈ ਭੀ, ਹੋਸੀ ਸਚੁ' ਕਿਤੇ ਗੁੰਮ-ਗੁਆਚ ਗਿਆ ਹੈ।

ਅਪ੍ਰਗਟ ਨੂੰ ਪ੍ਰਗਟਾਉਣਾ, ਨਿਰਾਕਾਰ ਨੂੰ ਪਛਾਨਣਾ ਤੁਹਾਡੇ ਜੀਵਨ ਕਾਰਜ ਦਾ ਪ੍ਰਥਮ ਆਧਾਰ ਸੀ ਤੇ ਅੰਤਿਮ ਪ੍ਰਯੋਜਨ ਵੀ। ਮਾਇਆ ਦੇ ਪਿੱਛੇ ਲੁਕੇ ਨਾਮ, ਰਚਨਾ-ਵਸਤੂ ਦੇ ਪਿੱਛੇ ਕਾਰਜਸ਼ੀਲ ਨੇਮ ਵੀ ਨਿਰੰਤਰ ਸੰਕੇਤ ਕਰਦੇ ਰਹੇ। ਇਹੋ ਤੁਹਾਡੀ ਵਿਗਿਆਨ-ਚੇਤਨਾ ਦਾ ਆਧਾਰ ਹੈ। ਤੁਸੀਂ ਸਾਡੇ ਸਭਿਆਚਾਰ ਦੇ ਪਹਿਲੇ ਸਿਧਾਂਤਕਾਰ ਹੋ। ਵਾਸਤਵਿਕਤਾ ਦੇ ਛੋਟੇ ਤੋਂ ਛੋਟੇ ਖੰਡ ਨੂੰ ਤੁਸੀਂ ਪਰਮ-ਸਿਧਾਂਤ ਨਾਲ ਜੋੜ ਕੇ ਵਿਚਾਰਿਆ। ਜੀਵਨ-ਵਿਹਾਰ ਨੂੰ ਤੁਸੀਂ ਗਿਆਨ ਦਾ ਆਧਾਰ ਦੇਣਾ ਚਾਹਿਆ। ਤੁਸੀਂ ਗਿਆਨ-ਵਿਹੂਣੇ ਗੀਤ ਦੀ ਕਮਜ਼ੋਰੀ ਉਜਾਗਰ ਕੀਤੀ।

ਕਈ ਵਾਰ ਪ੍ਰਤੀਤ ਹੋਇਆ ਹੈ, ਤੁਸੀਂ ਸਾਡੇ ਪਹਿਲੇ ਵਿਦਿਆ-ਵਿਸ਼ੇਸ਼ੱਗ ਹੋ ਤੇ ਤੁਸੀਂ ਸਾਡੇ ਸਭਿਆਚਾਰ ਨੂੰ ਬੋਲ-ਖੇਤਰ ਦੀ ਥਾਂ ਲਿਖਤ ਖੇਤਰ ਵਿਚ ਸਥਾਪਤ ਕਰਨਾ ਚਾਹਿਆ। ਤੁਸੀਂ ਪੜ੍ਹੇ ਹੋਣ ਦੇ ਦੰਭ ਦਾ ਹਮੇਸ਼ਾ ਖੰਡਨ ਕਰਦੇ ਰਹੇ, ਪੜ੍ਹਾਈ-ਲਿਖਾਈ ਦੇ ਮੁੱਲ ਨੂੰ ਵੀ ਲਗਾਤਾਰ ਉਜਾਗਰ ਕਰਦੇ ਰਹੇ। 'ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥' ਜਿਹੇ ਸਪਸ਼ਟ ਸੰਕੇਤਾਂ ਨਾਲ ਤੁਸੀਂ ਪਾਪ-ਪੁੰਨ, ਸਚ-ਕੂੜ, ਦੁਖ-ਸੁਖ, ਖਰੇ-ਖੋਟੇ ਨੂੰ ਤਾਲੀਮ ਨਾਲ, ਵਿਚਾਰ ਨਾਲ ਸਬੰਧਤ ਕੀਤਾ। ਮੈਨੂੰ ਇਉਂ ਜਾਪਦਾ ਹੈ, ਤੁਹਾਡੇ ਮਨ ਵਿਚ ਸਿਖਿਆ ਦਾ ਨਿਸ਼ਚਿਤ ਸੰਕਲਪ ਸੀ, ਜਿਸ ਪ੍ਰਤੀ ਤੁਹਾਡੇ 'ਸਿੱਖੀ' ਦਾ ਧਿਆਨ ਅਜੇ ਵੀ ਪੂਰੀ ਤਰ੍ਹਾਂ ਨਹੀਂ ਗਿਆ। ਜਿਸ ਸਿੱਖਿਆ ਨੂੰ ਤੁਸੀਂ ਜੀਵਨ ਦੇ ਕੇਂਦਰ-ਬਿੰਦੂ ਵਾਂਗ ਸਥਾਪਤ ਕਰਨਾ ਚਾਹਿਆ, ਉਹ 'ਨਿਰਾਕਾਰ' ਨਾਲ ਸਬੰਧਿਤ ਹੈ ਅਤੇ ਨਿਰਾਕਾਰ ਵਾਸਤਵਿਕਤਾ ਨਹੀਂ, ਵਾਸਤਵਿਕਤਾ ਦਾ ਨੇਮ ਹੈ। ਮਨੁੱਖ ਜਿੰਨੀ ਵੀ ਸਾਕਾਰ ਰਚਨਾ ਕਰਦਾ ਹੈ, ਉਸ ਦੇ ਪਿੱਛੇ ਕੋਈ ਨਾ ਕੋਈ ਨਿਰਾਕਾਰ ਗਰਾਮਰ ਕੰਮ ਕਰਦੀ ਹੈ। ਭਾਸ਼ਾ ਹੋਵੇ ਜਾਂ ਕੋਈ ਕਾਰ-ਵਿਹਾਰ, ਉਹ ਗਰਾਮਰ ਦੇ ਬਗੈਰ ਅਰਥਵਾਨ ਨਹੀਂ ਹੋ ਸਕਦਾ। ਪੜ੍ਹੇ ਅਤੇ ਅਨਪੜ੍ਹ ਵਿਚ ਇਹੋ ਅੰਤਰ ਹੈ ਕਿ ਅਨਪੜ੍ਹ ਵੀ 'ਬੋਲਦਾ' ਹੈ, 'ਕਾਰ-ਵਿਹਾਰ' ਕਰਦਾ ਹੈ, ਪਰ ਉਹ ਆਪਣੇ ਬੋਲ ਅਤੇ 'ਕਾਰ-ਵਿਹਾਰ' ਦੀ ਗਰਾਮਰ ਤੋਂ ਵਾਕਫ ਨਹੀਂ। ਇਸ ਲਈ ਉਸ ਦਾ ਉਹ ਹਰ ਬੋਲ, ਹਰ ਕਾਰਜ ਕੋਈ ਵਕਤੀ ਲੋੜ ਸਾਰਦਾ ਹੈ ਅਤੇ ਸਦਾ ਹੈ ਭੀ, ਸਦਾ ਹੋਸੀ ਭੀ ਨੇਮ-ਪ੍ਰਬੰਧ ਦੀ ਚੇਤਨਾ ਤੋਂ ਵਿਛੁੰਨਿਆ ਰਹਿੰਦਾ ਹੈ।

ਅਜਿਹਾ ਵਿਅਕਤੀ ਆਪਣੇ ਆਪ ਨੂੰ ਭਾਵੇਂ ਕਿੰਨਾ ਵੀ ਸਫਲ-ਕਰਮ ਸਮਝੇ, ਉਹ 'ਗਿਆਨ ਵਿਹੂਣਾ ਗਾਵੇ ਗੀਤ' ਦੀ ਅਵਸਥਾ ਵਿਚ ਹੈ। ਅਧਿਆਤਮਕ-ਸਾਧਨਾ ਵਿਚ ਲੀਨ ਤੁਸੀਂ ਜਿਸ ਨਤੀਜੇ 'ਤੇ ਪਹੁੰਚੇ, ਵਿਗਿਆਨ-ਸਾਧਨਾ ਦੀ ਰਾਹੇ ਪਏ ਵਿਅਕਤੀ ਵੀ ਆਪਣੇ ਢੰਗ ਨਾਲ ਉਸੇ ਨਤੀਜੇ 'ਤੇ ਪਹੁੰਚਦੇ ਹਨ। ਵਿਗਿਆਨ ਦੀ ਆਪਣੀ ਕਿਸਮ ਦੀ ਅਧਿਆਤਮਕਤਾ ਹੈ। ਉਹ ਵੀ ਅਨੇਕ ਰੰਗ ਵਾਸਤਵਿਕਤਾ ਦੇ ਨੇਮ ਵੱਲ ਰੁਚਿਤ ਹੈ। ਉਹ ਵੀ ਸਾਕਾਰ ਵੇਰਵਿਆਂ ਨੂੰ ਛਾਂਗਦਾ ਉਸ ਨਿਰਾਕਾਰ ਸ਼ਕਤੀ ਤੱਕ ਪਹੁੰਚਦਾ ਹੈ, ਜਿਸ ਦੀ ਹੋਂਦ ਕਾਰਨ ਸਭ ਕੁਝ ਸਾਕਾਰ ਪ੍ਰਗਟ ਹੈ। ਬਾਬਾ ਜੀ, ਮੈਨੂੰ ਹਰ ਪ੍ਰਕਾਰ ਦੀ ਸਿਖਿਆ ਆਸਤਕ ਧਰਮ ਜਾਪਦਾ ਹੈ। ਭਾਵੇਂ ਧਰਮ ਵਾਲੇ ਪਾਸਿਉਂ ਵੇਖੀਏ, ਭਾਵੇਂ ਸਾਇੰਸ ਵਾਲੇ ਪਾਸਿਉਂ, 'ਹੁਕਮ' ਤੋਂ ਬਿਨਾ 'ਸਰਬ-ਨੇਮ' ਤੋਂ ਬਿਨਾ ਕਿਤੇ ਕੋਈ ਪੱਤਾ ਵੀ ਝੂਲਦਾ ਨਜ਼ਰ ਨਹੀਂ ਆਉਂਦਾ।

ਬਾਬਾ ਜੀ, ਤੁਸੀਂ ਮੈਨੂੰ ਵਾਰ ਵਾਰ ਯਾਦ ਆਉਂਦੇ ਹੋ, ਖਾਸ ਤੌਰ 'ਤੇ ਉਦੋਂ, ਜਦੋਂ ਕੋਈ ਕੱਟੜ ਕਾਰਜ ਕਰਦਾ ਹੈ ਅਤੇ ਆਪਣੀ ਕੱਟੜਤਾ ਦੇ ਸਮਰਥਨ ਵਜੋਂ ਤੁਹਾਡਾ ਨਾਂ ਵਰਤਦਾ ਹੈ। ਤੁਹਾਡਾ ਜੀਵਨ-ਕਾਲ, ਭਾਰਤੀ ਇਤਿਹਾਸ ਦਾ ਮੱਧਕਾਲ, ਬੜਾ ਕੱਟੜ ਕਾਲ ਸੀ, ਪਰ ਤੁਹਾਡੀ ਸੰਚਾਰ-ਵਿਧੀ ਵਿਚ ਕੱਟੜਤਾ ਲਈ ਕੋਈ ਦਖਲ ਨਹੀਂ ਸੀ। ਤੁਹਾਡੀ ਬੋਲੀ ਦੀ ਚੋਣ ਹਮੇਸ਼ਾ ਸਰੋਤੇ ਦੇ ਪੱਖੋਂ ਹੁੰਦੀ ਰਹੀ, ਤੁਸੀਂ ਆਪਣੀ ਗੱਲ ਵੀ ਦੂਜੇ ਦੀ ਜ਼ਬਾਨ ਵਿਚ ਕਹਿਣ ਦਾ ਯਤਨ ਕੀਤਾ। ਅੱਜ ਕਦੀ-ਕਦੀ ਪੜ੍ਹਦਾ ਹਾਂ ਕਿ ਸਾਹਿਤ ਭਾਸ਼ਾ ਤੋਂ ਪਾਰ ਖਾਮੋਸ਼ੀ ਵਿਚ ਵਾਸ ਕਰਦਾ ਹੈ ਜਾਂ ਸਾਹਿਤ ਉਹ ਨਹੀਂ, ਜੋ ਲੇਖਕ ਲਿਖਦਾ ਹੈ ਸਗੋਂ ਸਾਹਿਤ ਉਹ ਹੈ, ਜੋ ਪਾਠਕ ਪੜ੍ਹਨ ਸਮੇਂ ਆਪਣੇ ਮਨ ਵਿਚ ਰਚਦਾ ਹੈ, ਤਾਂ ਤੁਹਾਡੀ ਯਾਦ ਆਉਂਦੀ ਹੈ। ਤੁਸੀਂ ਬਾਹਰਲੇ ਬੋਲ ਨੂੰ ਅੰਦਰਲੀ ਖਾਮੋਸ਼ੀ ਤਕ ਪਹੁੰਚਾਉਣ ਦਾ ਜਤਨ ਕੀਤਾ।

ਇਹ ਚਮਤਕਾਰ ਉਦੋਂ ਹੀ ਸੰਭਵ ਹੈ ਜਦੋਂ ਸਾਹਿਤਕਾਰ ਆਪਣੇ ਆਪ ਨੂੰ ਹੀ ਨਹੀਂ ਸਗੋਂ ਆਪਣੇ ਸਰੋਤਿਆਂ ਨੂੰ ਵੀ ਦਰੋਂ-ਘਰੋਂ ਵਰੋਸਾਇਆ ਸਮਝਦਾ ਹੈ। 'ਧੁਰ' ਉਪਰ ਕਿਸੇ ਖਾਸ ਵਿਅਕਤੀ ਦਾ ਵਿਸ਼ੇਸ਼ ਅਧਿਕਾਰ ਨਹੀਂ। ਧੁਰ ਸਭਨਾਂ ਦਾ ਸਾਂਝਾ ਸਰਮਾਇਆ ਹੈ। ਇਹੋ ਚੇਤਨਾ ਹਉਮੈ ਤੋਂ, ਨਿੱਜੀ ਕੱਟੜਤਾ ਤੋਂ, ਪਾਰ ਜਾਣ ਦਾ ਵਸੀਲਾ ਹੈ। 'ਧੁਰ' ਹੀ ਐਸਾ ਦੇਸ ਹੈ ਜਿਥੇ 'ਮੈਂ' ਨਹੀਂ, ਭਾਸ਼ਾ ਬੋਲਦੀ ਹੈ, ਜਿਥੇ ਸਾਹਿਤ ਕਿਸੇ ਖਾਸ ਸਾਹਿਤਕਾਰ ਦੀ ਜ਼ਾਤੀ ਵਿਲੱਖਣਤਾ ਨਹੀਂ ਪ੍ਰਗਟਾਉਂਦਾ, ਸਮੁੱਚੀ ਲੋਕਾਈ ਦੀ ਸਾਂਝ ਪੇਸ਼ ਕਰਦਾ ਹੈ। ਏਸ ਥਾਂ ਸੁਣਨ ਵਾਲੇ ਨੂੰ ਜਾਪਦਾ ਹੈ, ਜਿਵੇਂ ਉਹ ਆਪ ਹੀ ਬੋਲ ਰਿਹਾ ਹੈ।

ਤੁਹਾਡੀ ਧੁਰ ਕੀ ਬਾਣੀ ਨੂੰ ਪੜ੍ਹਦਿਆਂ ਮੈਨੂੰ ਪ੍ਰਤੀਤ ਹੁੰਦਾ ਹੈ ਕਿ ਤੁਹਾਡੇ 'ਧੁਰ' ਵਿਚ ਮੈਂ ਵੀ ਸ਼ਾਮਿਲ ਹਾਂ। ਹਰ ਵਿਅਕਤੀ ਦੇ 'ਧੁਰ ਅਵਚੇਤਨ' ਵਿਚ ਬਾਕੀ ਦੀ ਸਾਰੀ ਲੋਕਾਈ ਬੈਠੀ ਹੈ। ਜਦੋਂ ਬੰਦਾ ਆਪਣੇ ਵਿਚ ਦੂਜੇ ਨੂੰ ਸ਼ਾਮਲ ਕਰਕੇ ਬੋਲਦਾ ਹੈ, ਉਦੋਂ ਹੀ ਉਸ ਥਾਣੀਂ ਧੁਰ ਕੀ ਬਾਣੀ ਬੋਲਦੀ ਹੈ। ਤੁਹਾਡੀ ਬਾਣੀ ਵਿਚੋਂ ਮੈਨੂੰ ਇਹੋ ਜਿਹੇ ਸੱਚ ਦੀ ਹੀ ਪ੍ਰਤੀਤੀ ਹੋਈ ਹੈ। ਸਭਨਾਂ ਨੂੰ ਆਪਣੇ ਵਿਚ ਸ਼ਾਮਲ ਕਰਨ ਵਾਲੇ ਤੁਸੀਂ ਕਦੀ ਠੇਠ ਪੰਜਾਬੀ, ਕਦੀ ਫਾਰਸੀ, ਕਦੇ ਸੰਸਕ੍ਰਿਤ ਮਿਲੀ ਹਿੰਦੀ ਤੇ ਕਦੇ ਡੱਬ-ਖੜੱਬੀ ਸਾਧ ਭਾਸ਼ਾ ਵਿਚ ਬੋਲਦੇ ਰਹੇ। ਤੁਹਾਨੂੰ ਬੋਲੀ ਦੀ ਨਹੀਂ, ਬੋਲ ਦੀ ਚਿੰਤਾ ਸੀ। ਅੱਜ ਜਦੋਂ ਕੋਈ ਤੁਹਾਡਾ ਨਾਮ-ਲੇਵਾ ਆਪਣੀ ਪੰਜਾਬੀ ਤੋਂ ਵੱਖਰੇ ਸੁਭਾਅ ਵਾਲੀ ਪੰਜਾਬੀ ਨੂੰ ਹੀ ਬਰਦਾਸ਼ਤ ਨਹੀਂ ਕਰਦਾ ਤਾਂ ਤੁਹਾਡੇ ਹੀ ਘਰ ਵਿਚ ਤੁਹਾਡੀ ਅਵੱਗਿਆ ਹੁੰਦੀ ਜਾਪਦੀ ਹੈ। ਆਪਣੇ ਮੁਹਾਂਦਰੇ ਵਾਲੇ ਬੋਲ ਤੋਂ ਛੁੱਟ ਕਿਸੇ ਹੋਰ ਮੁਹਾਂਦਰੇ ਵਾਲੇ ਬੋਲ ਨੂੰ ਬਰਦਾਸ਼ਤ ਨਾ ਕਰ ਸਕਣਾ ਹਉਮੈ ਦੀ ਅੱਤ ਹੈ।

ਅਜਿਹਾ ਮਨੁੱਖ ਹਰ ਥਾਂ ਆਪਣੀ 'ਮੈਂ' ਦਾ ਪਸਾਰਾ ਵੇਖਣਾ ਚਾਹੁੰਦਾ ਹੈ। ਜੋ 'ਤੂੰ' ਤੇ 'ਉਹ' ਦੀ ਥਾਂ ਵੀ 'ਮੈਂ' ਦੀ ਵਰਤੋਂ ਕਰੀ ਜਾਂਦਾ ਹੈ, ਉਹਦੇ ਬੋਲ ਆਪਣੇ ਸਿਵਾ ਕਿਸੇ ਹੋਰ ਦੀ ਸਮਝ ਨਹੀਂ ਆਉਂਦੇ। ਕੁਝ ਇਸੇ ਤਰ੍ਹਾਂ ਦਾ ਭਾਣਾ ਅੱਜ ਕੱਲ੍ਹ ਸਾਡੇ ਸਭਿਆਚਾਰ ਵਿਚ ਵਰਤਿਆ ਹੋਇਆ ਹੈ। ਤੁਸੀਂ ਆਪਣੀ 'ਬੋਲੀ' ਨੂੰ ਸਹਿਜੇ ਪਿਆਰਦੇ ਹੋਏ ਵੀ ਆਪਣੇ ਬੋਲ ਦੂਜਿਆਂ ਦੀਆਂ ਬੋਲੀਆਂ ਥਾਣੀਂ ਪ੍ਰਸਾਰਨ ਤੋਂ ਸੰਕੋਚ ਨਾ ਕਰਦੇ ਰਹੇ, ਪਰ ਹੁਣ ਆਪਣੀ 'ਬੋਲੀ' ਨੂੰ ਪਿਆਰਨ ਦਾ ਦੰਭ ਸਾਡੀ ਮਜਬੂਰੀ ਬਣਦਾ ਜਾ ਰਿਹਾ ਹੈ ਅਤੇ ਅਸੀਂ ਆਪਣੀ ਬੋਲੀ ਦੇ ਨਾਂ 'ਤੇ ਆਪਣਿਆਂ ਨੂੰ ਵੀ ਤ੍ਰਿਸਕਾਰਨ ਤੋਂ ਗੁਰੇਜ਼ ਨਹੀਂ ਕਰਦੇ। ਦੂਜਿਆਂ ਨੂੰ ਹਰ ਥਾਂਓਂ ਖਾਰਜ ਕਰਕੇ ਨਿਰੋਲ ਮੈਂ-ਮੇਰੀ ਨੂੰ ਸਥਾਪਤ ਕਰਨ ਦੀ ਲਾਲਸਾ ਨੂੰ ਨਕੇਲ ਕਦੋਂ ਪਏਗੀ? ਤੁਹਾਡੇ ਅੱਗੇ, ਆਪਣੇ ਸਭਿਆਚਾਰ ਦੇ ਆਦਿ ਬਾਬੇ ਅੱਗੇ ਤੁਹਾਡਾ ਹੀ ਸੁਆਲ ਮੁੜ ਪੇਸ਼ ਹੈ,

ਆਧੇਰੈ ਰਾਹੁ ਨ ਕੋਇ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥

# ਜਸਵੰਤ ਸਿੰਘ ਕੰਵਲ ਅਤੇ ਮਲਵਈ ਸਭਿਆਚਾਰ

***ਹਰਮਨ ਪਿਆਰੇ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਉਮਰ ਦੇ 100 ਸਾਲ ਪੂਰੇ ਕਰ ਲਏ ਹਨ। ਉਸ ਦੇ ਨਾਵਲਾਂ ਨੇ ਕਈ ਪੀੜ੍ਹੀਆਂ ਨੂੰ ਪ੍ਰਭਾਵਿਤ ਕੀਤਾ ਅਤੇ ਅੱਜ ਵੀ ਵਿਕ ਰਹੇ ਹਨ। ਸੁਰਜੀਤ ਗਿੱਲ ਨੇ ਜਸਵੰਤ ਸਿੰਘ ਕੰਵਲ ਬਾਰੇ ਇਹ ਲੇਖ ਕੋਈ ਇਕ ਦਹਾਕਾ ਪਹਿਲਾਂ ਲਿਖਿਆ ਸੀ, ਜੋ 'ਪੰਜਾਬ ਟਾਈਮਜ਼' ਦੇ ਮੱਦਾਹ ਵਾਸਦੇਵ ਸਿੰਘ ਪਰਹਾਰ ਨੇ ਉਚੇਚਾ ਭੇਜਿਆ ਹੈ। ਉਨ੍ਹਾਂ ਦੀ ਸਿਫਾਰਿਸ਼ 'ਤੇ ਅਸੀਂ ਇਹ ਰਚਨਾ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਮਾਲਵਾ ਕਿੱਕਰਾਂ ਤੇ ਟਾਹਲੀਆਂ ਦਾ ਸੋਹਣਾ ਦੇਸ਼ ਹੈ। ਇਸ ਦੇ ਗੱਭਰੂ ਤੇ ਮੁਟਿਆਰਾਂ ਵੀ ਟਾਹਲੀਆਂ ਤੇ ਕਿੱਕਰਾਂ ਵਾਂਗ ਲੰਮੇ-ਝੰਮੇ ਤੇ ਸੁਨੱਖੇ ਹਨ। ਮਾਲਵੇ ਦਾ ਸਭਿਆਚਾਰ ਪੰਜਾਬੀ ਸਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦਿਆਂ ਵੀ ਵਿਲੱਖਣ ਹੈ। ਉਚੇਚੇ ਤੌਰ 'ਤੇ ਮਾਲਵੇ ਦੀ ਗੱਲ ਕਰਦਿਆਂ ਅਸੀਂ ਸੰਸਾਰ ਤੇ ਆਪਣੇ ਦੇਸ਼ ਨੂੰ ਨਹੀਂ ਭੁੱਲਦੇ। ਇਹ ਦੋਨੋਂ ਵੀ ਸਾਨੂੰ ਪਿਆਰੇ ਹਨ। ਜਦੋਂ ਅਸੀਂ ਵਿਸ਼ੇਸ਼ ਤੌਰ 'ਤੇ ਮਾਲਵੇ ਦੀ ਗੱਲ ਕਰਦੇ ਹਾਂ ਤਾਂ ਇਨ੍ਹਾਂ ਦੋਵਾਂ ਨੂੰ ਅੱਖੋਂ-ਪਰੋਖੇ ਨਹੀਂ ਕਰਦੇ। ਮਾਲਵੇ ਦੀ ਵਿਲੱਖਣਤਾ ਤੇ ਅਪਣੱਤ ਨੂੰ ਭੁੱਲ ਸਕਣਾ ਵੀ ਸੰਭਵ ਨਹੀਂ।

ਸਾਡੇ ਇਸ ਖੇਤਰ ਵਿਚ ਮਨੁੱਖੀ ਕਦਰਾਂ ਨੂੰ ਜੋ ਕੁਝ ਵੀ ਚਾਹੀਦਾ ਹੈ, ਉਹ ਸਾਰਾ ਕੁਝ ਸਾਡੇ ਸਭਿਆਚਾਰ ਵਿਚ ਕਾਇਮ ਹੈ, ਪਰ ਸਮਾਜ ਦੇ ਵਿਕਾਸ ਨਾਲ ਸਮਾਜਿਕ ਕਦਰਾਂ ਬਦਲਦੀਆਂ ਹਨ। ਪਹਿਲਾਂ ਬਾਹਰਮੁਖੀ ਤੌਰ 'ਚ ਬਦਲਦੀਆਂ ਹਨ, ਪਿੱਛੋਂ ਸਮਾਂ ਪਾ ਕੇ ਮਾਨਸਿਕ ਸਭਿਆਚਾਰ ਵਿਚ ਵੀ ਤਬਦੀਲੀ ਆਉਂਦੀ ਹੈ। ਬਹੁਤੇ ਲੋਕ ਇਸ ਨੂੰ

**ਸੁਰਜੀਤ ਗਿੱਲ**

ਸਮਝਣੋਂ ਸਮਰੱਥ ਹੁੰਦੇ ਹਨ। ਉਨ੍ਹਾਂ ਨੂੰ ਹਰ ਤਬਦੀਲੀ ਡਰਾਉਂਦੀ ਹੈ। ਉਨ੍ਹਾਂ ਨੂੰ ਆ ਰਹੇ ਕੱਲ੍ਹ ਤੋਂ ਡਰ ਲਗਦਾ ਹੈ ਤੇ ਉਹ ਕੁਝ ਗਵਾਚਣ ਦੀਆਂ ਗੱਲਾਂ ਕਰਦੇ ਰਹਿੰਦੇ ਹਨ। ਹਕੀਕਤ ਵਿਚ ਆਰਥਿਕ ਹਾਲਾਤ, ਸਮੇਂ ਅਤੇ ਸਭਿਆਚਾਰ ਨੂੰ ਨਿਰਧਾਰਤ ਕਰਦੇ ਹਨ।

ਜਾਗੀਰੂ ਯੁੱਗ ਦਾ ਆਪਣਾ ਸਭਿਆਚਾਰ ਸੀ। ਤਬਦੀਲੀ ਦੇ ਕਿਸੇ ਵੱਡੇ ਯਤਨ ਤੋਂ ਬਿਨਾ ਵੀ ਸਹਿਜ ਹੀ ਜਾਗੀਰੂ ਸਬੰਧਾਂ, ਜਾਗੀਰੂ ਸੰਸਕਾਰਾਂ ਤੇ ਸਭਿਆਚਾਰ ਨੇ ਬਦਲ ਜਾਣਾ ਹੈ। ਅਸੀਂ ਸਹਿਜ ਤੌਰ 'ਤੇ ਭੂਤ ਨਾਲ ਜੁੜੇ ਰਹਿੰਦੇ ਹਾਂ ਪਰ ਚੇਤਨਾ ਮੰਗ ਕਰਦੀ ਹੈ ਕਿ ਅਸੀਂ ਭੂਤ ਨੂੰ ਆਪਣੇ ਥਾਂ ਛੱਡ ਕੇ ਭਵਿਖ ਦਾ ਸਵਾਗਤ ਕਰੀਏ ਅਤੇ ਅੱਗੇ ਵਧੀਏ। ਇਸ ਤਬਦੀਲੀ ਲਈ ਜਿਥੇ ਹੋਰ ਪੱਖ ਜ਼ਿੰਮੇਵਾਰ ਹੁੰਦੇ ਹਨ, ਉਥੇ ਸਾਹਿਤਕਾਰ ਵੀ ਆਪਣਾ ਯੋਗਦਾਨ ਪਾਉਂਦਾ ਹੈ। ਸਾਡੀ ਖੁਸ਼ਕਿਸਮਤੀ ਹੈ ਕਿ ਸਾਡੇ ਕੋਲ ਜਸਵੰਤ ਸਿੰਘ ਕੰਵਲ ਵਰਗਾ ਪ੍ਰਤਿਭਾਵਾਨ ਲੇਖਕ ਹੈ, ਜਿਸ ਨੇ ਸਾਡੇ ਸਭਿਆਚਾਰ ਦੇ ਭੂਤ ਤੇ ਸਮਕਾਲ ਤੋਂ ਬਿਨਾ ਭਵਿਖ ਵੱਲ ਵੀ ਸੰਕੇਤ ਕੀਤੇ ਹਨ।


ਅਸੀਂ ਕੰਵਲ ਦੇ ਸਾਡੇ ਮਲਵਈ ਸਭਿਆਚਾਰ ਨੂੰ ਪੇਸ਼ ਕਰਨ ਤੇ ਜਾਗੀਰੂ ਸੰਸਕਾਰਾਂ ਨੂੰ ਤੋੜ ਕੇ ਇਸ ਦੀਆਂ ਹੱਦਾਂ ਚੌੜੀਆਂ ਕਰਨ ਲਈ ਦੇਣਦਾਰ ਹਾਂ। ਇਸ ਦੇ ਬਾਵਜੂਦ ਕਿ ਕੰਵਲ ਕਦੇ ਵੀ ਪੂਰੀ ਤਰ੍ਹਾਂ ਆਪ ਜਾਗੀਰੂ ਸੰਸਕਾਰਾਂ ਤੋਂ ਮੁਕਤ ਨਹੀਂ ਹੋਇਆ, ਪਰ ਉਹਦੀ ਵਡਿਆਈ ਇਸ ਵਿਚ ਹੈ ਕਿ ਇਹਨੇ ਜਾਗੀਰੂ ਸੰਸਕਾਰਾਂ ਨੂੰ ਤੋੜਨ 'ਚ ਆਪਣਾ ਕਲਮੀ ਯੋਗਦਾਨ ਪਾਇਆ ਹੈ।

ਜਸਵੰਤ ਸਿੰਘ ਕੰਵਲ ਨੇ ਉਸ ਸਮੇਂ ਲਿਖਣਾ ਸ਼ੁਰੂ ਕੀਤਾ, ਜਦੋਂ ਆਜ਼ਾਦੀ ਪਿਛੋਂ ਦੇਸ਼ ਦੇ ਨਾਲ ਹੀ ਮਾਲਵੇ ਵਿਚ ਵੀ ਖੁੱਲ੍ਹੀਆਂ ਹਵਾਵਾਂ ਵਗਣ ਲੱਗੀਆਂ, ਜਿਥੇ ਕੁਦਰਤ ਦੀਆਂ ਹੋਰ ਨੇਹਮਤਾਂ ਸਾਡੇ ਕੋਲ ਵਾਫਰ ਸਨ, ਉਥੇ ਅੱਖਰ ਗਿਆਨ ਤੇ ਵਿੱਦਿਆ ਦੀ ਬਹੁਤ ਥੋੜ੍ਹ ਸੀ, ਜਿਸ ਤੋਂ ਬਿਨਾ ਸਭਿਆਚਾਰ ਦੇ ਅੰਦਰਲੇ ਤੇ ਬਾਹਰੀ ਪੱਖਾਂ ਦਾ ਵਿਕਾਸ ਅੰਸਭਵ ਸੀ। ਪਿੰਡਾਂ ਵਿਚ ਸਕੂਲ ਖੁੱਲ੍ਹੇ, ਨਵੇਂ ਪੜ੍ਹੇ-ਲਿਖੇ ਵਰਗ, ਖਾਸ ਕਰਕੇ ਸ਼ਹਿਰੀ ਮੱਧ ਵਰਗ ਵਿਚੋਂ ਮੁੰਡੇ-ਕੁੜੀਆਂ ਅਧਿਆਪਕ ਬਣ ਕੇ ਪਿੰਡਾਂ ਵਿਚ ਆਏ।


ਪਹਿਲਾਂ ਇਹ ਤਬਕਾ ਪਿੰਡਾਂ ਵਿਚ ਨਾ ਹੋਏ ਵਰਗਾ ਸੀ। ਇਸ ਤਬਕੇ ਨੇ ਅੰਗਰੇਜ਼ਾਂ ਦੇ ਸਮੇਂ ਦੇ ਉਰਦੂ ਦੀ ਥਾਂ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਪੜ੍ਹਾਉਣੀ ਅਰੰਭ ਕੀਤੀ ਤੇ ਥੋੜ੍ਹੇ ਸਾਲਾਂ ਵਿਚ ਹੀ ਮੁੰਡੇ-ਕੁੜੀਆਂ ਦਾ ਅਜਿਹਾ ਵਰਗ ਪੈਦਾ ਹੋ ਗਿਆ, ਜੋ ਪੰਜਾਬੀ ਲਿਖਤਾਂ ਪੜ੍ਹਨ ਤੇ ਸਮਝਣ ਦੇ ਸਮਰੱਥ ਹੋ ਗਿਆ। ਸ਼ਹਿਰਾਂ ਤੋਂ ਆਏ ਅਧਿਆਪਕਾਂ ਦੇ ਤਕੜੇ ਹਿੱਸੇ ਦਾ ਕਿਸੇ ਨਾ ਕਿਸੇ ਰੂਪ ਵਿਚ ਪਿੰਡਾਂ ਨਾਲ ਸਬੰਧ ਸੀ। ਮੱਧ ਵਰਗੀ ਸ਼ਹਿਰੀ ਸਭਿਆਚਾਰ ਨੂੰ ਅਪਨਾਉਂਦਿਆਂ ਵੀ ਉਨ੍ਹਾਂ ਦੀ ਸੋਚ ਵਿਚ ਪਿੰਡ ਦੇ ਜਾਗੀਰੂ ਸਭਿਆਚਾਰ ਦਾ ਤਕੜਾ ਹਿੱਸਾ ਸੀ। ਇਨ੍ਹਾਂ ਨੇ ਜਸਵੰਤ ਸਿੰਘ ਕੰਵਲ ਦੀਆਂ ਲਿਖਤਾਂ ਨੂੰ ਬੜੇ ਚਾਅ ਨਾਲ ਪੜ੍ਹਿਆ ਤੇ ਉਸੇ ਚਾਅ ਨਾਲ ਅੱਗੇ ਨਵ-ਸਾਖਰ ਹੋ ਰਹੇ ਮੁੰਡੇ-ਕੁੜੀਆਂ ਨੂੰ ਪੜ੍ਹਾਇਆ।

ਪੰਜਾਬੀ ਵਿਚ ਪਹਿਲਾਂ ਲਿਖਣ ਵਾਲਾ ਨਾਵਲਕਾਰ ਨਾਨਕ ਸਿੰਘ ਸੀ, ਜੋ ਆਪਣੇ ਨਾਵਲਾਂ ਵਿਚ ਸ਼ਹਿਰੀ ਮੱਧ ਵਰਗ ਤੇ ਨਿਮਨ ਮੱਧ ਵਰਗ ਦੀ ਗੱਲ ਕਰਦਾ ਸੀ। ਉਹ ਲੋਕ ਪੜ੍ਹਦੇ ਤਾਂ ਸਨ ਪਰ ਉਹ ਆਮ ਮਨਾਂ ਵਿਚ ਕੋਈ ਅਪਣੱਤ ਪੈਦਾ ਨਹੀਂ ਕਰ ਸਕੇ ਸਨ। ਇਸ ਦੇ ਉਲਟ ਜਸਵੰਤ ਸਿੰਘ ਕੰਵਲ ਦੀਆਂ ਲਿਖਤਾਂ ਨੇ ਨਿਰੋਲ ਮਲਵਈ ਸਭਿਆਚਾਰ ਦਾ ਜ਼ਿਕਰ ਕਰਕੇ ਅਪਣੱਤ ਪੈਦਾ ਕੀਤੀ। ਪਾਠਕ ਨੂੰ ਕੰਵਲ ਦੇ ਨਾਵਲਾਂ ਦੇ ਨਾਇਕ ਤੇ ਨਾਇਕਾਵਾਂ ਆਪਣੇ-ਆਪਣੇ ਲੱਗੇ। ਮਾਲਵੇ ਦੀਆਂ ਟਾਹਲੀਆਂ ਬਾਰੇ ਪੜ੍ਹ ਕੇ ਪਾਠਕ ਮੋਹ ਨਾਲ ਟਾਹਲੀ ਨੂੰ ਜੱਫੀ ਪਾਉਣ ਤੱਕ ਜਾਂਦਾ।

ਸਮਾਂ ਬੀਤਣ ਨਾਲ ਜਸਵੰਤ ਸਿੰਘ ਕੰਵਲ ਦੇ ਨਾਵਲ 'ਸੱਚ ਨੂੰ ਫਾਂਸੀ', 'ਪਾਲੀ', 'ਪੂਰਨਮਾਸ਼ੀ', 'ਰਾਤ ਬਾਕੀ ਹੈ' ਆਦਿ 'ਸੁੱਚੇ ਸੂਰਮੇ' ਤੇ 'ਜਿਉਣੇ ਮੌੜ' ਦੇ ਕਿੱਸਿਆਂ ਵਾਂਗ ਘਰ-ਘਰ ਪੁੱਜਣ ਲੱਗੇ। ਸਕੂਲਾਂ ਵਿਚ ਤੁਰ ਕੇ ਜਾਣਾ, ਨੇੜੇ-ਨੇੜੇ ਦੇ ਪਿੰਡਾਂ ਦੇ ਮੁੰਡੇ-ਕੁੜੀਆਂ ਨੇ ਆਪਸੀ ਸਾਂਝਾਂ ਕਾਇਮ ਕਰ ਲਈਆਂ। ਇਹ ਸਾਂਝਾਂ ਕੋਈ ਭੈੜੀਆਂ ਨਹੀਂ ਸਨ, ਜਿਨ੍ਹਾਂ 'ਤੇ ਪਿਛਲੇ ਸਮੇਂ ਵਿਚ ਪਾਬੰਦੀ ਲੱਗੀ ਰਹੀ ਸੀ। ਇਹ ਨਿਰਛਲ ਤੇ ਵਿਅਕਤੀਤਵ ਦਾ ਵਿਕਾਸ ਕਰਨ ਵਾਲੀਆਂ ਸਨ। ਇਹ ਗੱਲ ਸਹਿਵਨ ਹੀ ਸੀ ਕਿ ਕੁੜੀਆਂ ਵਿਚੋਂ ਕੋਈ ਕੁੜੀ ਆਪਣੇ-ਆਪ ਨੂੰ ਪਾਲੀ ਜਾਂ ਰਾਜ ਸਮਝ ਲਵੇ ਤੇ ਮੁੰਡਾ ਆਪਣੇ-ਆਪ ਵਿਚ ਬਲਵੀਰ, ਰੂਪ ਜਾਂ ਚਰਨ ਬਣਨ ਦੀ ਲਾਲਸਾ ਉਤਪੰਨ ਕਰ ਲਵੇ।



ਇਸ ਤਰ੍ਹਾਂ ਮਾਸਟਰ-ਮਾਸਟਰਨੀਆਂ ਤੇ ਮੁੰਡੇ-ਕੁੜੀਆਂ ਦਾ ਖੁੱਲ੍ਹੇਆਮ ਸਕੂਲ ਵਿਚ ਜਾਂ ਸੜਕ 'ਤੇ ਖੜ੍ਹ ਕੇ ਗੱਲਾਂ ਕਰਨਾ ਕੋਈ ਅਲੋਕਾਰ ਗੱਲ ਨਾ ਰਹੀ। ਇਹ ਗੱਲ ਸਮੇਂ ਦੇ ਵਿਕਾਸ ਤੇ ਵਿੱਦਿਆ ਦੇ ਪਾਸਾਰ ਨਾਲ ਇਸ ਗੱਲ ਤੱਕ ਪਹੁੰਚ



ਜਸਵੰਤ ਸਿੰਘ ਕੰਵਲ ਦੀ ਤਾਜ਼ਾ ਫੋਟੋ

ਗਈ ਕਿ ਨਵੇਂ ਪੜ੍ਹੇ-ਲਿਖੇ ਮੁੰਡੇ-ਕੁੜੀਆਂ ਉਹ 'ਗੁਨਾਹ' ਕਰਨ ਲੱਗ ਪਏ, ਜਿਸ ਕਾਰਨ 'ਪੂਰਨਮਾਸ਼ੀ' ਵਿਚ ਚੰਨੋ ਤੇ ਰੂਪ ਦੀ ਜੋੜੀ ਨਹੀਂ ਸੀ ਬਣ ਸਕੀ। ਹੌਲੀ-ਹੌਲੀ ਇਹ ਖੁੱਲ੍ਹ ਜਾਤਾਂ, ਗੋਤਾਂ ਦੀਆਂ ਵਲਗਣਾਂ ਵੀ ਉਲੰਘਣ ਲੱਗ ਪਈ। ਇਸ ਤਰ੍ਹਾਂ ਔਰਤ ਵਲ ਜਾਗੀਰੂ ਸਭਿਆਚਾਰ ਦੀ ਪਹੁੰਚ ਜੇ ਪੂਰਨ ਤੌਰ 'ਤੇ ਟੁੱਟੀ ਨਹੀਂ ਤਾਂ ਜਰਜਰੀ ਹੋ ਕੇ ਜ਼ਰੂਰ ਰਹਿ ਗਈ ਹੈ।

ਮੁੱਢ ਵਿਚ ਜਸਵੰਤ ਸਿੰਘ ਕੰਵਲ ਆਦਰਸ਼ਵਾਦੀ ਸੀ ਤੇ ਉਹ ਇਸਤਰੀ-ਮਰਦ ਦੇ ਪਿਆਰ ਨੂੰ ਇਸੇ ਨਜ਼ਰੀਏ ਤੋਂ ਵੇਖਦਾ ਸੀ। ਆਪਣੇ ਦੂਜੇ ਨਾਵਲ 'ਪਾਲੀ' ਵਿਚ ਕੰਵਲ ਦਾ ਨਾਇਕ, ਨਾਇਕਾ ਦੀ ਬਾਹਰੀ ਦਿੱਖ ਤੋਂ ਡਰਦਾ ਉਸ ਨਾਲ ਰੂਹਾਨੀ ਪਿਆਰ ਦੀਆਂ ਗੱਲਾਂ ਕਰਦਾ ਹੈ। ਕੰਵਲ ਨੂੰ ਹਕੀਕਤ ਵਿਚ ਉਸ ਸਮੇਂ ਦਾ ਪਤਾ ਸੀ ਕਿ ਇਹ ਅਫਲਾਤੂਨੀ ਪਿਆਰ ਕੇਵਲ ਗੱਲਾਂ ਤੱਕ ਹੀ ਸੀਮਤ ਹੈ। ਹਕੀਕਤ ਵਿਚ ਇਹ ਘੱਟ ਹੀ ਨਿਭਦਾ ਹੈ। ਕੰਵਲ ਮਲਵਈ ਨਾਇਕਾ ਦੀ ਮਾਨਸਿਕਤਾ ਬਾਰੇ ਵੀ ਜਾਣਦਾ ਸੀ, ਜੋ ਕਹਿੰਦੀ ਹੈ, 'ਯਾਰਾ ਤੇਰਾ ਘੁੱਟ ਭਰ ਲਾਂ, ਤੈਨੂੰ ਦੇਖਿਆਂ ਸਬਰ ਨਾ ਆਵੇ।' ਇਸ ਲਈ ਉਹਨੇ ਪਿਛਲੇ ਨਾਵਲਾਂ ਵਿਚ ਰੂਹਾਨੀ ਪਿਆਰ ਦੀ ਬਹੁਤੀ ਗੱਲ ਨਹੀਂ ਕੀਤੀ, ਹੱਡ-ਮਾਸ ਦੇ ਪਿਆਰ ਨੂੰ ਸਵੀਕਾਰ ਕੀਤਾ ਹੈ, ਜਿਵੇਂ 'ਪੂਰਨਮਾਸ਼ੀ' ਵਿਚ ਨਾਇਕਾ ਚੰਨੋ ਅਤੇ ਨਾਇਕ ਰੂਪ ਅੱਧਖੜ ਉਮਰ ਵਿਚ ਵੀ ਘੁੱਟ ਭਰਨ ਦੀ ਗੱਲ ਕਰਦੇ ਹਨ।

ਇਸ ਤੋਂ ਅੱਗੇ ਜਦੋਂ ਅੱਧਖੜ ਉਮਰ ਵਿਚ ਜਸਵੰਤ ਸਿੰਘ ਕੰਵਲ ਨੂੰ ਆਪ ਇਸ਼ਕ ਹੋਇਆ ਤਾਂ ਇਸ ਨੇ ਰੂਹਾਨੀ ਗੱਲ ਨਹੀਂ ਕੀਤੀ, ਬਲਕਿ ਹੱਡ-ਮਾਸ ਦਾ ਇਸ਼ਕ ਹੰਢਾਇਆ। ਇਸ ਤਰ੍ਹਾਂ ਕੰਵਲ ਦੇ ਨਾਵਲਾਂ ਨੇ ਜਾਗੀਰੂ ਸੰਸਕਾਰਾਂ ਦੇ ਟੁੱਟਣ ਤੇ ਨਵੇਂ ਬੁਰਜਵਾ ਸੰਸਕਾਰ ਉਪਜਣ ਵਿਚ ਮਦਦ ਕੀਤੀ। ਮੇਰੀ ਆਪਣੀ ਸਮਝ ਅਨੁਸਾਰ ਸਾਡੇ ਮਲਵਈਆਂ ਦੀ ਮਾਨਸਿਕਤਾ ਵਿਚ ਬੌਧਿਕਤਾ ਤੇ ਡੂੰਘਾਈ ਕੰਵਲ ਦੇ ਨਾਵਲਾਂ ਨੇ ਲਿਆਂਦੀ ਹੈ। ਉਹਦਾ ਨਾਵਲ 'ਮਿੱਤਰ ਪਿਆਰੇ ਨੂੰ' ਕਿਸੇ ਸਮੇਂ ਰਹੇ ਮੁੰਡੇ-ਕੁੜੀਆਂ ਲਈ ਅੱਜ ਵੀ ਪਿਆਰ ਦੀ ਬਾਈਬਲ ਵਾਂਗ ਹੈ। ਮੈਂ ਮੱਤ ਦੇਣ ਦੀ ਉਮਰ ਵਿਚ ਪੁੱਜੀਆਂ ਕਈ ਉਨ੍ਹਾਂ ਬੀਬੀਆਂ ਨੂੰ ਜਾਣਦਾ ਹਾਂ, ਜੋ ਅੱਜ ਵੀ ਇਸ ਨਾਵਲ ਨੂੰ ਗੁਟਕੇ ਵਾਂਗ ਰੇਸ਼ਮੀ ਰੁਮਾਲ ਵਿਚ ਲਪੇਟ ਕੇ ਗੋਦਰੇਜ ਅਲਮਾਰੀ ਦੇ ਉਸ ਖਾਨੇ ਵਿਚ ਰਖਦੀਆਂ ਹਨ, ਜਿਸ ਦੀ ਚਾਬੀ ਹਰ ਸਮੇਂ ਉਨ੍ਹਾਂ ਦੇ ਪਰਸ ਵਿਚ ਰਹਿੰਦੀ ਹੈ। ਨਾਵਲ ਦੇ ਪਿਆਰੇ ਪਾਤਰਾਂ ਨੂੰ ਉਹ ਭਾਵੁਕ ਹੋ ਕੇ ਯਾਦ ਕਰਦੀਆਂ ਹਨ।

ਜੇ ਇਸ ਨੂੰ ਅਤਿਕਥਨੀ ਨਾ ਸਮਝਿਆ ਜਾਵੇ ਤਾਂ ਮੈਂ ਇਕ ਹੋਰ ਜਜ਼ਬਾਤੀ ਘਟਨਾ ਦਾ ਜ਼ਿਕਰ ਕਰਨ ਲੱਗਾ ਹਾਂ। ਇਕ ਚੰਗੇ ਵੱਡੇ ਘਰ ਦੀ ਬੀਬੀ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਨਾਲ ਸਮੇਂ ਤੋਂ ਪਹਿਲਾਂ ਤੁਰਨ ਲਈ ਮੰਜੇ 'ਤੇ ਪੈ ਗਈ। ਮੇਰੀ ਉਸ ਬੀਬੀ ਨਾਲ ਜਵਾਨੀ ਵਿਚ ਭਾਵੁਕ ਸਾਂਝ ਰਹੀ ਸੀ। ਉਹ ਬੀਬੀ ਇਕ ਕਪਤਾਨ ਨੂੰ ਵਿਆਹੀ ਹੋਈ ਸੀ, ਜੋ ਪਿੱਛੋਂ ਕਰਨਲ ਹੋ ਕੇ ਰਿਟਾਇਰ ਹੋਇਆ। ਮੈਂ ਉਸ ਦੇ ਵਿਆਹ ਵਿਚ ਬਹਿਰਿਆਂ ਦੀ ਨਿਗਰਾਨੀ ਕੀਤੀ ਸੀ ਅਤੇ ਮਹਿੰਗੀ ਕਾਰ ਵਿਚ ਉਸ ਨੂੰ ਜਾਂਦੇ ਵੇਖਿਆ ਸੀ। ਮੈਂ ਹਸਪਤਾਲ ਦੇ ਮਹਿੰਗੇ ਵਾਰਡ ਵਿਚ ਉਹਨੂੰ ਮਿਲਣ ਗਿਆ। ਉਹ ਬੈੱਡ 'ਤੇ ਸੁੱਤੀ ਪਈ ਸੀ। ਮੈਂ ਉਹਨੂੰ ਜਗਾਉਣਾ ਚੰਗਾ ਨਾ ਸਮਝਿਆ ਤੇ ਉਹਦੀ ਸੰਭਾਲ ਕਰਨ ਵਾਲੀ ਮੁਟਿਆਰ ਤੋਂ ਨੀਵੀਂ ਸੁਰ ਵਿਚ ਉਹਦਾ ਹਾਲ ਪੁੱਛਿਆ।

ਮੈਂ ਅਜੇ ਕੁਝ ਗੱਲਾਂ ਹੀ ਕੀਤੀਆਂ ਸਨ ਕਿ ਉਸ ਨੇ ਅੱਖਾਂ ਖੋਲ੍ਹੀਆਂ, ਚਿਹਰੇ 'ਤੇ ਕੁਝ ਰੌਣਕ ਲਿਆ ਕੇ ਕਹਿਣ ਲੱਗੀ, 'ਬਾਈ ਤੂੰ ਆ ਗਿਆ?' ਮੈਂ ਉਹਦੇ ਨੇੜੇ ਹੋ ਕੇ 'ਹਾਂ' ਕਿਹਾ। ਜਦੋਂ ਉਹ ਚਲੀ ਗਈ ਤਾਂ ਉਸ ਬੀਬੀ ਨੇ ਮੈਨੂੰ ਸਿਰਹਾਣੇ ਹੇਠੋਂ ਕੁਝ ਕੱਢਣ ਲਈ ਕਿਹਾ। ਜਦੋਂ ਮੈਂ ਹੱਥ ਮਾਰਿਆ ਤਾਂ ਉਥੇ 'ਮਿੱਤਰ ਪਿਆਰੇ ਨੂੰ' ਨਾਵਲ ਪਿਆ ਸੀ, ਜਿਸ ਦੀ ਲਾਲ ਜਿਲਦ ਕਦੇ ਮੈਂ ਆਪ ਚੜ੍ਹਾ ਕੇ ਲਿਆਇਆਂ ਸਾਂ। ਉਹਨੇ ਮੈਨੂੰ ਕਾਗਜ਼ ਦੇ ਟੁਕੜੇ ਵਾਲੀ ਥਾਂ ਤੋਂ ਪੜ੍ਹਨ ਲਈ ਕਿਹਾ। ਉਹ ਅਤਿ ਦਾ ਜਜ਼ਬਾਤੀ ਕਾਂਡ ਸੀ। ਮੈਂ ਹੌਲੀ-ਹੌਲੀ ਪੜ੍ਹਨਾ ਅਰੰਭ ਕੀਤਾ ਤੇ ਉਸ ਨੇ ਪਾਸਾ ਬਦਲ ਕੇ ਆਪਣਾ ਕੰਨ ਮੇਰੇ ਵੱਲ ਕਰ ਲਿਆ।

ਕੁਝ ਸਮੇਂ ਪਿਛੋਂ ਉਹਦੇ ਨੈਣਾਂ ਵਿਚੋਂ ਦੋ ਨਦੀਆਂ ਵਹਿ ਰਹੀਆਂ ਸਨ। ਮੈਂ ਵੀ ਭਾਵੁਕ ਹੋ ਗਿਆ, ਪਰ ਉਸ ਸਮੇਂ ਮੈਂ ਉਹ ਨਹੀਂ ਰਹਿ ਗਿਆ ਸੀ। ਮੈਂ ਚਾਹ ਪੀ ਕੇ ਕੁਝ ਗੱਲਾਂ ਉਸ ਨਾਲ ਹੋਰ ਕੀਤੀਆਂ, ਜਿਨ੍ਹਾਂ ਤੋਂ ਸਪਸ਼ਟ ਹੋ ਗਿਆ ਕਿ ਉਹ ਬਹੁਤਾ ਚਿਰ ਇਸ ਸੰਸਾਰ ਵਿਚ ਨਹੀਂ ਰਹੇਗੀ। ਉਹਨੂੰ ਮਿਲਣ ਵਾਲੇ ਸਾਰੇ ਉਹਨੂੰ ਮਿਲ ਚੁਕੇ ਸਨ। ਉਸ ਅਨੁਸਾਰ ਮੈਂ ਹੀ ਇਕੱਲਾ ਰਹਿ ਗਿਆ ਸਾਂ। ਉਹਦੀਆਂ ਉਹ ਗੱਲਾਂ ਕੁਝ ਸਮੇਂ ਪਿਛੋਂ ਮੇਰੇ ਵੀ ਬਰਦਾਸ਼ਤ ਤੋਂ ਬਾਹਰ ਹੋ ਗਈਆਂ। ਜਾਣ ਲੱਗੇ ਦੇ ਉਹਨੇ ਇਹ ਨਾਵਲ ਮੇਰੇ ਹੱਥ ਫੜਾ ਦਿੱਤਾ। ਚੌਥੇ ਦਿਨ ਮੈਨੂੰ ਕੈਦ ਹੋ ਗਈ ਤੇ ਮੈਂ ਜੇਲ੍ਹ ਚਲਿਆ ਗਿਆ। ਜੇਲ੍ਹ ਦੇ ਛੋਟੇ ਸੁਪਰਡੈਂਟ ਨੇ ਉਸ ਦੇ ਚਲਾਣੇ ਬਾਰੇ ਦੱਸਿਆ। ਇਹ ਵੀ ਜਸਵੰਤ ਸਿੰਘ ਕੰਵਲ ਦੀ ਕਰਾਮਾਤ ਸੀ।


ਸਮੁੱਚੇ ਸਭਿਆਚਾਰ ਤੋਂ ਬਿਨਾ ਸਾਡੇ ਰਾਜਸੀ ਸਭਿਆਚਾਰ ਨੂੰ ਵੀ ਜਸਵੰਤ ਸਿੰਘ ਕੰਵਲ ਦੀ ਬਹੁਤ ਵੱਡੀ ਦੇਣ ਹੈ। ਜਦੋਂ ਉਸ ਦਾ ਨਾਵਲ 'ਰਾਤ ਬਾਕੀ ਹੈ' ਆਇਆ ਤਾਂ ਉਦੋਂ ਕਮਿਊਨਿਸਟ ਲਹਿਰ ਦੀ ਬਹੁਤ ਚੜ੍ਹਤ ਸੀ। ਰਿਆਸਤਾਂ ਵਿਚ ਕਾਮਰੇਡ ਸੁਤੰਤਰ ਦੀ ਅਗਵਾਈ 'ਚ ਜ਼ਮੀਨੀ ਸੰਘਰਸ਼ ਚੱਲ ਰਿਹਾ ਸੀ। ਨਿਮਨ ਮੱਧਵਰਗੀ ਤੇ ਨਿਮਨ ਕਿਸਾਨੀ ਦੇ ਮੁੰਡੇ-ਕੁੜੀਆਂ ਨੂੰ ਇਸ ਨਾਵਲ ਨੇ ਪ੍ਰਭਾਵਤ ਕੀਤਾ। ਇਕ-ਇਕ ਨਾਵਲ ਕੁੜੀਆਂ-ਮੁੰਡਿਆਂ ਵਿਚ ਗੁਪਤ ਦਸਤਾਵੇਜ਼ ਵਾਂਗ ਘੁੰਮਦਾ। ਕਲਾਸ ਰੂਮ ਤੇ ਖੇਡ ਗਰਾਊਂਡ ਵਿਚ ਉਸ ਦੇ ਪਾਤਰਾਂ ਨਾਲ ਹਮਦਰਦੀ ਜਤਾਈ ਜਾਂਦੀ। ਪਿਛੋਂ ਲਹਿਰ ਵਿਚ ਮੈਨੂੰ ਬਹੁਤੇ ਮੁੰਡੇ ਉਹ ਮਿਲੇ, ਜਿਨ੍ਹਾਂ ਨੇ ਕਦੇ 'ਰਾਤ ਬਾਕੀ ਹੈ' ਪੜ੍ਹਿਆ ਸੀ। ਸਾਡੇ ਪੰਜਾਬ ਦੇ ਸੌੜੇ ਹਾਲਾਤ ਕਾਰਨ ਜੋ ਪੜ੍ਹੀਆਂ ਅੱਧ-ਪੜ੍ਹੀਆਂ ਕੁੜੀਆਂ ਆਮ ਘਰਾਂ ਵਿਚ ਵਿਆਹੀਆਂ ਗਈਆਂ, ਸਮਾਂ ਮਿਲਣ 'ਤੇ ਉਨ੍ਹਾਂ ਨੇ ਵੀ ਦੱਸਿਆ, ਬਾਈ ਅਸੀਂ 'ਰਾਤ ਬਾਕੀ ਹੈ' ਪੜ੍ਹਿਆ ਹੈ। ਉਹ ਕੁੜੀਆਂ ਸਿੱਧੀਆਂ ਲਹਿਰ ਵਿਚ ਭਾਵੇਂ ਨਹੀਂ ਆ ਸਕੀਆਂ, ਪਰ ਸਾਰੀ ਉਮਰ ਲਹਿਰ ਦੀਆਂ ਹਮਦਰਦ ਰਹੀਆਂ। ਕੁਝ ਮੁੰਡੇ ਜੋ ਪੁਲਿਸ ਵਿਚ ਗਏ ਤਾਂ ਇਹ ਨਾਵਲ ਪੜ੍ਹ ਕੇ ਉਹ ਲਹਿਰ ਦੇ ਹਮਦਰਦ ਰਹੇ ਅਤੇ ਲੋੜ ਸਮੇਂ ਸਾਡੇ ਕੰਮ ਆਉਂਦੇ ਰਹੇ।

ਨਕਸਲੀ ਲਹਿਰ ਬਾਰੇ ਲਿਖਿਆ ਉਹਦਾ ਐਪਿਕ ਨਾਵਲ 'ਲਹੂ ਦੀ ਲੋਅ' ਆਪਣੇ ਸਮੇਂ ਵਿਚ ਤਰਥੱਲੀ ਮਚਾਉਣ ਵਾਲਾ ਸੀ। ਉਹਦੀਆਂ ਅਸਲੀ ਕਾਪੀਆਂ ਨਾ ਮਿਲਣ 'ਤੇ ਚੋਰ ਬਾਜ਼ਾਰੀਆਂ ਨੇ ਉਹਦੀਆਂ ਨਕਲੀ ਕਾਪੀਆਂ ਛਾਪ ਕੇ ਹਜ਼ਾਰਾਂ ਦੀ ਗਿਣਤੀ ਵਿਚ ਵੇਚੀਆਂ ਪਰ ਪਾਠਕਾਂ ਦੀ ਮੰਗ ਫਿਰ ਵੀ ਪੂਰੀ ਨਾ ਹੋ ਸਕੀ। ਅੱਜ ਤਕ ਉਹਦੇ ਕਈ ਐਡੀਸ਼ਨ ਛਪ ਚੁਕੇ ਹਨ ਤੇ ਉਸੇ ਤਰ੍ਹਾਂ ਵਿਕ ਰਹੇ ਹਨ। ਇਸ ਨਾਵਲ ਨੇ ਆਪਣੇ ਸਮੇਂ ਵਿਚ ਢਹਿੰਦੀ ਨਕਸਲੀ ਲਹਿਰ ਵਿਚ ਇਕ ਵਾਰ ਫੇਰ ਉਭਾਰ ਲਿਆਂਦਾ।

ਜੇ ਕੰਵਲ ਦੇ ਪਿਛਲੇ ਨਾਵਲਾਂ ਦਾ ਮੁਲੰਕਣ ਕੀਤਾ ਜਾਵੇ ਤਾਂ ਉਸ ਨੇ ਅਤਿਵਾਦੀ ਲਹਿਰ ਬਾਰੇ ਬਹੁਤ ਘਚੋਲੇ ਖੜ੍ਹੇ ਕਰਨ ਦਾ ਕੰਮ ਕੀਤਾ ਹੈ। ਇਸ ਵਿਚ ਬਾਈ ਕੰਵਲ ਦਾ ਕਸੂਰ ਨਹੀਂ ਬਲਕਿ ਖਾਂਦੀ-ਪੀਂਦੀ ਜੱਟ ਜਮਾਤ ਦਾ ਹੀ ਕਸੂਰ ਹੈ, ਜੋ ਸਮੇਂ ਦੇ ਨਾਲ ਖੜ੍ਹਨ ਦੇ ਨਾਂ ਹੇਠ ਡਿਕਮ-ਡੋਲੇ ਖਾ ਜਾਂਦੀ ਹੈ।

ਅੱਜ ਸਾਡੇ ਮਾਲਵੇ ਦਾ ਵਿਕਾਸ ਹੋਇਆ ਹੈ, ਵਿਸ਼ੇਸ਼ ਕਰਕੇ ਕੁੜੀਆਂ ਦੇ ਜੀਵਨ ਵਿਚ ਸੂਰਤ ਤੇ ਸੀਰਤ ਦਾ ਵਿਕਾਸ ਹੋਇਆ ਹੈ। ਇਸ ਵਿਚ ਅਵੱਸ਼ ਕਿਸੇ ਨਾ ਕਿਸੇ ਥਾਂ ਬਾਈ ਕੰਵਲ ਦੀ ਮਿਹਨਤ ਦਾ ਸਿੱਟਾ ਪਿਆ ਹੈ। ਅੱਜ ਸਾਡੀਆਂ ਧੀਆਂ, ਨਾਨੀਆਂ-ਦਾਦੀਆਂ ਦੀਆਂ ਸੂਸੀ ਦੀਆਂ ਸੁੱਥਣਾਂ ਤੋਂ ਤੁਰ ਕੇ ਜੀਨਾਂ ਅਤੇ ਪਟਿਆਲਾਸ਼ਾਹੀ ਤੱਕ ਆ ਗਈਆਂ ਹਨ। ਅੱਜ ਜਦੋਂ ਮੋਗੇ ਦੇ ਭਰੇ ਬਾਜ਼ਾਰ ਵਿਚ ਸਾਡੀਆਂ ਧੀਆਂ ਵਿਚਰਦੀਆਂ ਹਨ ਤਾਂ ਜਾਪਦਾ ਹੈ ਕਿ ਇਕੱਠ ਵਿਚ ਰੰਗ-ਬਰੰਗੇ ਫੁੱਲ ਵੀ ਖਿੜੇ ਹੋਏ ਹਨ। ਅੱਜ ਸਾਡੀਆਂ ਧੀਆਂ ਗੋਹਾ ਹੀ ਨਹੀਂ ਹੁੰਝਦੀਆਂ ਬਲਕਿ ਡਾਕਟਰੀਆਂ, ਨਰਸਾਂ, ਪ੍ਰੋਫੈਸਰ, ਪੁਲਿਸ ਅਫਸਰ, ਆਈ.ਏ.ਐਸ. ਅਧਿਕਾਰੀ ਤੱਕ ਪੁੱਜ ਗਈਆਂ ਹਨ। ਅੱਜ ਜਦੋਂ ਇਹ ਕਾਲਜਾਂ ਤੇ ਸਕੂਲਾਂ ਨੂੰ ਮੋਰਨੀਆਂ ਵਾਂਗ ਤੁਰਦੀਆਂ ਜਾਂਦੀਆਂ ਹਨ ਤਾਂ ਆਤਮਾ ਨੂੰ ਹੁਲਾਰਾ ਆਉਂਦਾ ਹੈ ਤੇ ਮਹਿਸੂਸ ਹੁੰਦਾ ਹੈ ਕਿ ਆਖਰ ਸਾਡੀਆਂ ਧੀਆਂ ਵੀ ਜਾਗੀਰੂ ਸਭਿਆਚਾਰ ਦੇ ਸੰਸਕਾਰ ਤੋੜ ਕੇ ਬਾਹਰ ਆ ਗਈਆਂ ਹਨ। ਕਾਲਜ ਦੀਆਂ ਸਟੇਜਾਂ 'ਤੇ ਆਪਣੀ ਕਲਾ ਤੇ ਪ੍ਰਤਿਭਾ ਦਾ ਪ੍ਰਗਟਾਵਾ ਕਰਦੀਆਂ ਹਨ।

ਹਰ ਪ੍ਰਗਤੀਸ਼ੀਲ ਸ਼ਖਸ ਦਾ ਇਹੋ ਸੁਪਨਾ ਸੀ ਤੇ ਕਦੇ ਬਾਈ ਜਸਵੰਤ ਸਿੰਘ ਕੰਵਲ ਨੇ ਵੀ ਇਸ ਵਿਕਾਸ ਦੀ ਲਿਖਤੀ ਇੱਛਾ ਕੀਤੀ ਸੀ। ਇਸ ਲਈ ਅੱਜ ਬਾਈ ਦੇ ਜਨਮ ਦਿਨ 'ਤੇ ਉਹਨੂੰ ਵਧਾਈ ਦਿੰਦੇ ਹਾਂ ਅਤੇ ਨਾਲ ਹੀ ਯਾਦ ਕਰਦੇ ਹਾਂ ਕਿ ਬਾਈ ਨੇ ਆਪਣੇ 'ਪਾਲੀ' ਨਾਵਲ ਵਿਚ ਬਲਵੀਰ ਅਤੇ ਪਾਲੀ ਨੂੰ ਸੱਥ ਵਿਚ ਅੱਗੇ-ਪਿੱਛੇ ਤੋਰਿਆ ਸੀ ਤੇ ਪਾਲੀ ਨੇ ਬਲਵੀਰ ਨੂੰ ਰੁਕਣ ਲਈ ਕਿਹਾ ਸੀ ਪਰ ਬਲਵੀਰ ਨੇ ਕਿਹਾ ਸੀ ਕਿ ਉਹ ਇਹ ਫਾਸਲਾ ਮੈਨੂੰ ਖੜ੍ਹਾ ਕਰਨ ਦੀ ਥਾਂ ਆਪ




ਪੂਰਾ ਕਰ ਲਵੇ। ਬਲਵੀਰ ਦੀ ਪਾਲੀ ਨੂੰ ਕਹੀ ਇਹ ਗੱਲ ਮਾਲਵੇ ਦੀ ਫਿਜ਼ਾ 'ਚ ਗੂੰਜ ਰਹੀ ਹੈ ਤੇ ਅੱਜ ਕੋਈ ਪਾਲੀ ਕਿਸੇ ਬਲਵੀਰ ਨੂੰ ਰੁਕਣ ਲਈ ਨਹੀਂ ਕਹਿੰਦੀ ਸਗੋਂ ਭੱਜ ਕੇ ਉਹਨੂੰ ਮਿਲਦੀ ਹੈ।

ਆਸ ਹੈ ਕਿ ਸਾਡੀਆਂ ਧੀਆਂ ਇਸੇ ਤਰ੍ਹਾਂ ਅੱਗੇ ਵਧਦੀਆਂ ਜਾਣਗੀਆਂ ਤੇ ਜੀਵਨ ਦੇ ਸਾਰੇ ਪੱਖਾਂ 'ਤੇ ਆਪਣੀ ਸਰਦਾਰੀ ਸਥਾਪਤ ਕਰਨਗੀਆਂ। ਮੈਂ ਅਕਸਰ ਸੁਣਿਆ ਹੈ ਕਿ ਕੋਹ-ਕਾਫ ਦੀਆਂ ਕੁੜੀਆਂ ਪਰੀਆਂ ਵਰਗੀਆਂ ਹਨ... ਹੋਣਗੀਆਂ... ਪਰ ਮੈਂ ਦੇਖੀਆਂ ਨਹੀਂ। ਇਕ ਗੱਲ ਮੈਂ ਹੰਕਾਰ ਨਾਲ ਕਹਿ ਸਕਦਾ ਹਾਂ ਕਿ ਮੇਰੀਆਂ ਧੀਆਂ ਸੂਰਤ ਤੇ ਸੀਰਤ ਪੱਖੋਂ ਸੰਸਾਰ ਦੀਆਂ ਕੁੜੀਆਂ ਨਾਲੋਂ ਘੱਟ ਨਹੀਂ। ਮੈਨੂੰ ਤਾਂ ਇਹ ਉਦੂੰ ਵੀ ਅੱਗੇ ਲੱਗਦੀਆਂ ਹਨ। ਇਸ ਸਭ ਕਾਸੇ ਵਿਚ ਬਾਈ ਦੇ ਯੋਗਦਾਨ ਨੂੰ ਭੁੱਲਿਆ ਨਹੀਂ ਜਾ ਸਕਦਾ। ਅਸੀਂ ਅੱਜ ਬਾਈ ਕੰਵਲ ਦੀ ਇਸ ਦੇਣ ਨੂੰ ਕੋਟਿ-ਕੋਟਿ ਨਮਸਕਾਰ ਕਰਦੇ ਹਾਂ।

# ਜਦੋਂ ਬਲੂ ਸਟਾਰ ਪਿੱਛੋਂ ਪਹਿਲੀ ਵਾਰ ਦਰਬਾਰ ਸਾਹਿਬ ਵੇਖਿਆ

ਸਾਡੇ ਪਿੰਡ ਸੂਰ ਸਿੰਘ ਤੋਂ ਅੰਮ੍ਰਿਤਸਰ ਕਰੀਬ ਵੀਹ ਮੀਲ ਦੂਰ ਹੈ। ਮੇਰਾ ਆਪਣੇ ਮਾਤਾ ਪਿਤਾ ਨਾਲ ਉਥੇ ਜਾਣ ਦਾ ਸਬੱਬ ਮਹੀਨੇ-ਦੋ ਮਹੀਨੇ ਪਿੱਛੋਂ ਬਣਦਾ ਹੀ ਰਹਿੰਦਾ। ਜਦੋਂ ਵੀ ਅਸੀਂ ਅੰਮ੍ਰਿਤਸਰ ਜਾਂਦੇ, ਮੇਰੇ ਡੈਡੀ ਮੈਨੂੰ ਹਰ ਵਾਰ ਦਰਬਾਰ ਸਾਹਿਬ ਲੈ ਕੇ ਜਾਂਦੇ। ਇਸ ਲਈ ਮੇਰਾ ਦਰਬਾਰ ਸਾਹਿਬ ਨਾਲ ਪਿਆਰ ਪੈ ਜਾਣਾ ਸੁਭਾਵਿਕ ਹੀ ਸੀ। ਮੈਨੂੰ ਸੁਨਹਿਰੀ ਸੁਨਹਿਰੀ ਦਰਬਾਰ ਸਾਹਿਬ ਬਹੁਤ ਚੰਗਾ ਅਤੇ ਸਾਫ ਸੁਥਰਾ ਲੱਗਦਾ। ਬਾਣੀ ਦਾ ਕੀਰਤਨ ਮੇਰੇ ਬਾਲ ਮਨ ਵਿਚ ਮਿੱਠੀਆਂ ਤਰੰਗਾਂ ਛੇੜਦਾ। ਸਰੋਵਰ ਦੀ ਝਿਲਮਿਲ ਅਤੇ ਉਸ ਵਿਚ ਤਰਦੀਆਂ ਮੱਛੀਆਂ ਮੇਰੇ ਲਈ ਸਵਰਗੀ ਝਾਕੀ ਹੁੰਦੀਆਂ।

ਪਿਤਾ ਜੀ ਮੈਨੂੰ ਉਥੋਂ ਬਾਰੇ ਮੇਰੀ ਉਮਰ ਦੇ ਹਿਸਾਬ ਨਾਲ ਜਾਣਕਾਰੀ ਦਿੰਦੇ ਰਹਿੰਦੇ। ਇਹ ਸ੍ਰੀ ਅਕਾਲ ਤਖਤ ਹੈ, ਜਿੱਥੇ ਗੁਰੂ ਹਰਗੋਬਿੰਦ ਸਾਹਿਬ ਜੀ ਬੈਠ ਕੇ ਆਪਣੇ ਸਿੱਖਾਂ ਦੇ ਸਰੀਰਕ ਕਰਤਬ ਵੇਖਦੇ। ਉਨ੍ਹਾਂ ਦੱਸਣਾ ਕਿ ਅਕਾਲ ਤਖਤ ਨਾਲ

ਸੁਪਨ ਸੰਧੂ

ਸਾਡਾ ਨਾਤਾ ਗੁਰੂ ਦੇ ਸਿੱਖ ਹੋਣ ਕਰਕੇ ਤਾਂ ਹੈ ਹੀ ਸਗੋਂ ਇਸ ਕਰ ਕੇ ਵੀ ਹੈ ਕਿ ਇਸ ਤਖਤ ਉਤੇ ਜਦੋਂ ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖਾਂ ਵਿਚ ਲੜਨ ਮਰਨ ਦਾ ਜੋਸ਼ ਪੈਦਾ ਕਰਨ ਲਈ ਢਾਡੀ ਵਾਰਾਂ ਦਾ ਗਾਇਨ ਕਰਵਾਇਆ ਸੀ ਤਾਂ ਸਾਡੇ ਪਿੰਡ ਸੂਰ ਸਿੰਘ ਦੇ ਢਾਡੀ ਨੱਥਾ ਅਤੇ ਅਬਦੁੱਲਾ ਨੇ ਸਭ ਤੋਂ ਪਹਿਲਾਂ ਇਥੇ ਵਾਰਾਂ ਦਾ ਗਾਇਨ ਕੀਤਾ ਸੀ। ਜਦੋਂ ਮੈਨੂੰ ਪਿਤਾ ਜੀ ਦੱਸ ਰਹੇ ਸਨ, ਉਦੋਂ ਅਕਾਲ ਤਖਤ ਦੇ ਸਾਹਮਣੇ ਇੱਕ ਢਾਡੀ ਜਥਾ ਜੋਸ਼ੀਲੀਆਂ ਵਾਰਾਂ ਦਾ ਗਾਇਨ ਕਰ ਰਿਹਾ ਸੀ। ਮੈਨੂੰ ਲੱਗਾ ਜਿਵੇਂ ਉਨ੍ਹਾਂ ਵਿਚ ਨੱਥਾ ਅਤੇ ਅਬਦੁੱਲਾ ਹੋਣ। ਅਕਾਲ ਤਖਤ ਮੈਨੂੰ ਹੋਰ ਵੀ ਚੰਗਾ ਅਤੇ ਆਪਣਾ ਆਪਣਾ ਲੱਗਣ ਲੱਗਾ।

ਪਿਤਾ ਜੀ ਨੇ ਹੀ ਮੈਨੂੰ ਦੱਸਿਆ ਕਿ ਇਹ ਲਾਚੀ ਬੇਰ ਹੈ, ਜਿਸ ਨਾਲ ਮੱਸੇ ਰੰਘੜ ਦਾ ਸਿਰ ਵੱਢਣ ਆਏ ਸੂਰਮਿਆਂ-ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਘੋੜੇ ਬੱਧੇ ਸਨ। ਇਹ ਬਾਬਾ ਬੁੱਢਾ ਜੀ ਦੀ ਬੇਰੀ ਹੈ, ਜਿਸ ਹੇਠਾਂ ਬੈਠ ਕੇ ਉਹ ਇਸ ਅਸਥਾਨ ਦੀ ਸੇਵਾ ਕਰਵਾਉਂਦੇ ਸਨ। ਇਹ ਹੈ ਦੁਖਭੰਜਨੀ ਬੇਰੀ, ਜਿੱਥੇ ਰਜਨੀ ਦਾ ਪਿੰਗਲਾ ਪਤੀ ਅੰਮ੍ਰਿਤਮਈ ਛਪੜੀ ਵਿਚ ਇਸ਼ਨਾਨ ਕਰਨ ਤੋਂ ਪਿੱਛੋਂ ਨੌ ਬਰ ਨੌ ਹੋ ਕੇ ਬੈਠਾ ਸੀ। ਇਹ ਹੈ ਬਾਬਾ ਦੀਪ ਸਿੰਘ ਦਾ ਅਸਥਾਨ ਜਿੱਥੇ ਉਸ ਦਾ ਸੀਸ ਪਰਿਕਰਮਾ ਵਿਚ ਆ ਕੇ ਡਿੱਗਾ ਸੀ।

ਸਿੱਖ ਧਰਮ ਨਾਲ ਮੇਰੀ ਜਾਣਕਾਰੀ ਇਥੇ ਆ ਕੇ ਹਰ ਵਾਰ ਨਵਿਆਈ ਜਾਂਦੀ। ਮੇਰਾ ਬਾਲ ਮਨ ਕਲਪਨਾ ਵਿਚ ਇਤਿਹਾਸ ਦੇ ਉਨ੍ਹਾਂ ਪਲਾਂ ਵਿਚ ਵਿਚਰਨ ਲੱਗਦਾ, ਜਿਨ੍ਹਾਂ ਦੇ ਦਰਸ਼ਨ ਕੇਂਦਰੀ ਸਿੱਖ ਅਜਾਇਬ ਘਰ ਦੀਆਂ ਤਸਵੀਰਾਂ ਵੀ ਕਰਵਾਉਂਦੀਆਂ ਸਨ।

ਅਸੀਂ ਕਦੇ ਵੀ ਲੰਗਰ ਛਕੇ ਬਿਨਾ ਵਾਪਸ ਨਾ ਆਉਂਦੇ। ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਪੂਰਾ ਦਬਦਬਾ ਸੀ। ਦਰਬਾਰ ਸਾਹਿਬ ਦੇ ਬਾਹਰ ਹਰ ਦੁਕਾਨ ਤੋਂ ਸੰਤ ਭਿੰਡਰਾਂਵਾਲਿਆਂ ਦੇ ਲੈਕਚਰਾਂ ਦੀਆਂ ਟੇਪਾਂ ਅਤੇ ਕਿਤਾਬਾਂ ਦੀ ਵਿਕਰੀ ਗਰਮ ਪਕੌੜਿਆਂ ਵਾਂਗ ਹੁੰਦੀ ਸੀ। ਪਿਤਾ ਜੀ ਨੇ ਵੀ ਉਸ ਦੀ ਕੋਈ ਨਾ ਕੋਈ ਟੇਪ ਜਾਂ ਕਿਤਾਬ ਜ਼ਰੂਰ ਲੈ ਲੈਣੀ। ਭਾਵੇਂ ਉਹ ਖੁਦ ਸੰਤ ਭਿੰਡਰਾਂਵਾਲਿਆਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਸਨ, ਪਰ ਫਿਰ ਵੀ ਹਰ ਪੱਖ ਦੇ ਆਗੂ ਦੇ ਵਿਚਾਰ ਪੜ੍ਹਦੇ ਅਤੇ ਸੁਣਦੇ ਸਨ। ਘਰ ਜਾ ਕੇ ਜਦੋਂ ਉਨ੍ਹਾਂ ਟੇਪ ਲਾਉਣੀ ਤਾਂ ਨਾਲ ਟਿੱਪਣੀਆਂ ਵੀ ਕਰਨੀਆਂ, "ਵੇਖੋ ਇਹ ਸੰਤ ਜਦੋਂ ਇਹ ਕਹਿੰਦਾ ਹੈ ਕਿ 'ਡੌਲੀ ਰਾਮ ਤੁੱਕੀ ਰਾਮ ਤਾਂ ਸਿੰਘੋ ਤੁਹਾਨੂੰ ਕੱਲ੍ਹੇ ਕੱਲ੍ਹੇ ਨੂੰ ਮਸਾਂ ਤੀਹ ਤੀਹ ਆਉਣੇ ਹਨ' ਤਾਂ ਕੀ ਇਹ ਉਸ ਗੁਰੂ ਦੀ ਸਿੱਖੀ ਦਾ ਸਿਧਾਂਤ ਪੇਸ਼ ਕਰ ਰਿਹਾ ਹੈ, ਜਿਸ ਨੇ ਹਿੰਦੂ ਧਰਮ ਦੀ ਰਾਖੀ ਲਈ ਸੀਸ ਵਾਰ ਦਿੱਤਾ ਸੀ।" ਮੇਰੀ ਮਾਂ ਉਨ੍ਹਾਂ ਨੂੰ ਅਜਿਹੀਆਂ ਗੱਲਾਂ ਕਰਨ ਤੋਂ ਵਰਜਦੀ ਕਿਉਂਕਿ ਉਨ੍ਹਾਂ ਦਿਨਾਂ ਵਿਚ ਸੰਤ ਭਿੰਡਰਾਂਵਾਲਿਆਂ ਦੀ ਬੜੀ ਦਹਿਸ਼ਤ ਸੀ।

ਫਿਰ ਅਚਾਨਕ ਇੱਕ ਦਿਨ ਸਾਡੇ ਪਿੰਡ ਵਿਚ ਕਰਫਿਊ ਲੱਗ ਗਿਆ। ਮੈਨੂੰ ਸਮਝਾਇਆ ਗਿਆ ਕਿ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਵਿਚ ਸੰਤ ਭਿੰਡਰਾਂਵਾਲਿਆਂ ਨੂੰ ਫੜਨ ਲਈ ਹਮਲਾ ਕਰ ਦਿੱਤਾ ਹੈ, ਜਿਸ ਕਰਕੇ ਪੂਰੇ ਪੰਜਾਬ ਵਿਚ ਕਰਫਿਊ ਲੱਗਾ ਹੋਇਆ ਹੈ। ਇਹ ਵੀ ਪਤਾ ਲੱਗਾ ਕਿ ਫੌਜ ਨੇ ਅਕਾਲ ਤਖਤ ਢਾਹ ਦਿੱਤਾ ਹੈ ਅਤੇ ਦਰਬਾਰ ਸਾਹਿਬ ਵਿਚ ਗੋਲੀਆਂ ਲੱਗੀਆਂ ਹਨ। ਮੇਰੀ ਮਾਂ ਵਿਲਕਦੀ ਕਿ ਕਦੋਂ ਦਰਬਾਰ ਸਾਹਿਬ ਦੇ ਦਰਸ਼ਨ ਹੋਣਗੇ। ਮੇਰੇ ਮਨ ਵਿਚ ਵੀ ਸੀ ਕਿ ਵੇਖਾਂ ਤਾਂ ਸਹੀ ਕਿ ਹੁਣ ਉਥੋਂ ਦੀ ਝਾਕੀ ਕਿਹੋ ਜਿਹੀ ਲੱਗਦੀ ਹੈ। ਦਰਬਾਰ ਸਾਹਿਬ ਦੇ ਦਰਸ਼ਨਾਂ ਦੀ ਤਲਬ ਤਾਂ ਪੰਜਾਬ ਦੇ ਬੱਚੇ ਬੱਚੇ ਦੇ ਮਨ 'ਚ ਜਾਗ ਪਈ ਸੀ।

ਇੱਕ ਦਿਨ ਕੁਝ ਚਿਰ ਲਈ ਜਦੋਂ ਕਰਫਿਊ ਹਟਾਇਆ ਗਿਆ ਤਾਂ ਮੈਨੂੰ ਪਿਤਾ ਜੀ ਅੰਮ੍ਰਿਤਸਰ ਲੈ ਕੇ ਗਏ। ਦਰਬਾਰ ਸਾਹਿਬ ਤੋਂ ਕਰਫਿਊ ਹਟੇ ਹੋਣ ਦੀ ਖਬਰ ਬਹੁਤੇ ਲੋਕਾਂ ਨੂੰ ਨਹੀਂ ਸੀ ਮਿਲੀ। ਅਸੀਂ ਕੁਝ ਇੱਕ ਜਣੇ ਹੀ ਸਾਂ। ਮੈਨੂੰ ਸਾਫ ਯਾਦ ਹੈ ਕਿ ਅਸੀਂ ਜਿਨ੍ਹਾਂ ਚਹਿਲ ਪਹਿਲ ਵਾਲੇ ਬਾਜ਼ਾਰਾਂ ਵਿਚੋਂ ਲੰਘ ਕੇ ਦਰਬਾਰ ਸਾਹਿਬ ਜਾਇਆ ਕਰਦੇ ਸਾਂ, ਉਹ ਮਲਬੇ ਦਾ ਢੇਰ ਬਣੇ ਹੋਏ ਸਨ। ਥਾਂ ਥਾਂ 'ਤੇ ਫੌਜੀ ਤਾਇਨਾਤ ਸਨ। ਆਪਣੇ ਮਾਂ ਬਾਪ ਵਾਂਗ ਹੀ ਮੇਰਾ ਮਨ ਦਰਬਾਰ ਸਾਹਿਬ ਦੀ ਝਲਕ ਵੇਖਣ ਲਈ ਬਿਹਬਲ ਸੀ। ਅਸੀਂ ਫੌਜੀਆਂ ਦੀ ਆਗਿਆ ਲੈ ਕੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਾਲੇ ਪਾਸਿਓਂ ਕਿਸੇ ਦੇ ਘਰ ਦੀ ਛੱਤ 'ਤੇ ਚੜ੍ਹੇ ਤਾਂ ਕੀ ਵੇਖਦੇ ਹਾਂ ਅਕਾਲ ਤਖਤ ਮਲਬੇ ਦਾ ਢੇਰ ਬਣਿਆ ਹੋਇਆ ਹੈ। ਦਰਸ਼ਨੀ ਡਿਓਢੀ ਵਿਚ ਵੱਜੇ ਟੈਂਕ ਦੇ ਗੋਲਿਆਂ ਨੇ ਮਘੋਰੇ ਕੀਤੇ ਹੋਏ ਸਨ। ਮੇਰੀ ਮਾਂ ਸਦਾ ਇਥੇ ਆ ਕੇ ਸੁੱਖਣਾ ਸੁੱਖਦੀ। ਉਸ ਦਾ ਯਕੀਨ ਸੀ ਕਿ ਗੁਰੂ ਮਹਾਰਾਜ ਸਰਵ ਸ਼ਕਤੀਮਾਨ ਹਨ ਅਤੇ ਸਭ ਦਾ ਕੰਮ ਸਵਾਰਦੇ ਹਨ। ਮੇਰੇ ਮਨ 'ਚ ਵੀ ਇਹ ਭਾਵ ਬੈਠੇ ਹੋਏ ਸਨ।

ਅੱਜ ਜਦੋਂ ਮੈਂ ਸਦਾ ਸ਼ਰਧਾਲੂਆਂ ਦੀਆਂ ਭੀੜਾਂ ਅਤੇ ਸੰਗੀਤ ਦੀਆਂ ਧੁਨਾਂ ਨਾਲ ਗੂੰਜਦਾ ਰਹਿਣ ਵਾਲਾ ਦਰਬਾਰ ਸਾਹਿਬ ਵੇਖਿਆ ਤਾਂ ਮੇਰੇ ਕਲੇਜੇ ਨੂੰ ਹੌਲ ਜਿਹਾ ਪਿਆ। ਅੱਜ ਦਾ ਦ੍ਰਿਸ਼ ਪਹਿਲਾਂ ਦੇ ਮੇਰੇ ਜ਼ਿਹਨ ਵਿਚਲੇ ਦਰਬਾਰ ਸਾਹਿਬ ਤੋਂ ਬਿਲਕੁਲ ਵੱਖਰਾ ਅਤੇ ਖੌਫਨਾਕ ਸੀ। ਨਾ ਹੀ ਮਧੁਰ ਗੁਰਬਾਣੀ ਦੀਆਂ ਧੁਨਾਂ ਸਨ ਅਤੇ ਨਾ ਹੀ ਪਰਿਕਰਮਾ ਵਿਚ ਸ਼ਰਧਾਲੂਆਂ ਦੀ ਚਹਿਲ ਪਹਿਲ।



ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

ਫੌਜ ਗੁੰਬਦਾਂ ਉਪਰ ਅਤੇ ਹਰ ਕੋਨੇ ਵਿਚ ਕੀੜੀਆਂ ਵਾਂਗ ਮੌਜੂਦ ਸੀ। ਮੈਨੂੰ ਇਹ ਸਭ ਕੁਝ ਬਹੁਤ ਅਜੀਬ ਲੱਗ ਰਿਹਾ ਸੀ। ਮੇਰੇ ਮਨ ਵਿਚ ਇਹ ਵੀ ਆ ਰਿਹਾ ਸੀ ਕਿ ਮੇਰੀ ਮਾਂ ਦੇ ਕਹਿਣ ਮੁਤਾਬਕ ਸਰਵ ਸ਼ਕਤੀਮਾਨ ਗੁਰੂ ਮਹਾਰਾਜ ਨੇ ਆਪਣੀ ਰੱਖਿਆ ਕਿਉਂ ਨਾ ਕੀਤੀ! ਬੱਚਾ ਸਾਂ ਨਾ!

ਮੈਨੂੰ ਮਨ ਹੀ ਮਨ ਵਿਚ ਫੌਜ ਤੋਂ ਡਰ ਲੱਗ ਰਿਹਾ ਸੀ। ਡਰ ਇਸ ਕਰਕੇ ਕਿ ਇਨ੍ਹਾਂ ਫੌਜੀਆਂ ਨੇ ਸੰਤ ਭਿੰਡਰਾਂਵਾਲਿਆਂ ਅਤੇ ਉਸ ਦੇ ਸਾਥੀਆਂ ਨੂੰ ਮਾਰ ਦਿੱਤਾ ਹੈ, ਜਿਸ ਤੋਂ ਅੰਦਰੇ ਅੰਦਰ ਮੈਨੂੰ ਵੀ ਡਰ ਆਉਂਦਾ ਹੁੰਦਾ ਸੀ। ਅੱਜ ਸੋਚਦਾ ਹਾਂ ਕਿ ਜਿਨ੍ਹਾਂ ਤੋਂ ਤੁਹਾਨੂੰ ਡਰ ਆਵੇ, ਕੀ ਉਨ੍ਹਾਂ ਆਗੂਆਂ ਨਾਲ ਤੁਹਾਨੂੰ ਮੁਹੱਬਤ ਹੋ ਸਕਦੀ ਹੈ! ਸੱਚੀ ਗੱਲ ਹੈ, ਉਦੋਂ ਪੁਲਿਸ ਅਤੇ ਫੌਜ ਤੋਂ ਵੀ ਡਰ ਲੱਗਦਾ ਸੀ ਅਤੇ ਸੰਤ ਭਿੰਡਰਾਂਵਾਲਿਆਂ ਤੋਂ ਵੀ। ਅਸੀਂ ਡਰ ਦੀ ਕੁੜਿੱਕੀ ਵਿਚ ਸਾਂ। ਇਹ ਮੈਂ ਆਪਣੀ ਅਤੇ ਆਪਣੇ ਪਰਿਵਾਰ ਦੀ ਉਸ ਵੇਲੇ ਦੀ ਮਾਨਸਿਕਤਾ ਬਿਆਨ ਕਰ ਰਿਹਾ ਹਾਂ। ਹੋਰ ਲੋਕ ਹੋਰ ਤਰ੍ਹਾਂ ਵੀ ਸੋਚਦੇ ਹੋ ਸਕਦੇ ਹਨ।

ਪਿਤਾ ਜੀ ਨੇ ਮੇਰਾ ਡਰ ਭਾਂਪ ਲਿਆ ਸੀ। ਉਨ੍ਹਾਂ ਨੇ ਇਕ ਸਰਦਾਰ ਫੌਜੀ ਨੂੰ ਕਿਹਾ ਕਿ ਮੁੰਡੇ ਨੂੰ ਜ਼ਰਾ ਥਾਪੀ ਦੇ ਦਿਓ, ਫੌਜ ਨੂੰ ਵੇਖ ਕੇ ਜ਼ਰਾ ਡਰਦਾ ਹੈ। ਉਸ ਫੌਜੀ ਨੇ ਡੈਡੀ ਦੀ ਗੱਲ ਸੁਣ ਕੇ ਮੈਨੂੰ ਜੱਫੀ ਵਿਚ ਲੈ ਕੇ ਪਿਆਰ ਕੀਤਾ। ਇਸੇ ਨਾਲ ਮੇਰਾ ਡਰ ਕੁਝ ਹੱਦ ਤੱਕ ਦੂਰ ਵੀ ਹੋ ਗਿਆ।



"ਇਨ੍ਹਾਂ ਦਾ ਆਪਣੇ ਗੁਰੂ ਘਰ ਵੱਲ ਗੋਲੀਆਂ ਚਲਾਉਣ ਦਾ ਕਿਵੇਂ ਹੌਂਸਲਾ ਪਿਆ ਹੋਊ?" ਪਿਤਾ ਜੀ ਨੇ ਹੌਲੀ ਜਿਹੇ ਮਾਂ ਨੂੰ ਕਿਹਾ।

ਮੈਂ ਵੇਖਿਆ, ਪਿਤਾ ਜੀ ਜੋ ਆਪਣੇ ਆਪ ਨੂੰ ਨਾਸਤਿਕ ਆਖਦੇ ਅਤੇ ਸਮਝਦੇ ਹਨ, ਦੇ ਬੋਲ ਭਰੜਾਏ ਹੋਏ ਸਨ। ਉਨ੍ਹਾਂ ਦੀ ਅਵਾਜ਼ ਭਿੱਜੀ ਹੋਈ ਸੀ। ਦੋ ਮੋਟੇ ਅੱਥਰੂ ਉਨ੍ਹਾਂ ਦੀਆਂ ਪਲਕਾਂ ਤੋਂ ਡਿੱਗੂੰ ਡਿੱਗੂੰ ਕਰਦੇ ਸਨ।

"ਲੈ ਵੇਖ ਲੈ ਕਹਿੰਦੀ ਸੈਂ ਮੈਂ ਅਕਾਲ ਤਖਤ ਵੇਖਣਾ ਏਂ। ਵੇਖ ਲੈ ਆਪਣਾ ਅਕਾਲ ਤਖਤ।" ਉਨ੍ਹਾਂ ਨੇ ਜਿਵੇਂ ਮੇਰੀ ਮਾਂ ਨੂੰ ਉਲਾਹਮਾ ਦਿੱਤਾ ਹੋਵੇ। ਉਹ ਰੁਮਾਲ ਨਾਲ ਅੱਥਰੂ ਪੂੰਝਣ ਲੱਗੇ। ਮੇਰਾ ਪਿਤਾ ਰੋ ਵੀ ਸਕਦਾ ਹੈ, ਇਹ ਵੇਖ ਕੇ ਮੇਰੇ ਬਾਲ ਮਨ ਨੂੰ ਕੁਝ ਕੁਝ ਹੋਣ ਲੱਗਾ। ਮੈਂ ਤਾਂ ਸਦਾ ਸਮਝਦਾ ਰਿਹਾ ਸਾਂ ਕਿ ਮੇਰਾ ਪਿਤਾ ਬੜਾ ਬਹਾਦਰ ਹੈ, ਪਰ ਉਹ ਤਾਂ ਇਹ ਦ੍ਰਿਸ਼ ਵੇਖ ਕੇ ਬਾਲਾਂ ਵਾਂਗ ਰੋ ਪਿਆ ਸੀ।

ਪਿਤਾ ਜੀ ਨੇ ਜਦੋਂ ਮੈਨੂੰ ਹੈਰਾਨੀ ਨਾਲ ਆਪਣੇ ਵੱਲ ਵੇਖਦਾ ਤੱਕਿਆ ਤਾਂ ਮੁਸਕਰਾ ਕੇ ਮੈਨੂੰ ਕੁੱਛੜ ਚੁੱਕ ਲਿਆ। ਅਸੀਂ ਸਾਰੇ ਜਣੇ ਉਥੋਂ ਬਹੁਤ ਹੀ ਉਦਾਸ ਪਰਤੇ। ਮੇਰਾ ਮਨ ਦਰਬਾਰ ਸਾਹਿਬ ਕੰਪਲੈਕਸ ਅੰਦਰਲੀ ਝਾਕੀ ਵੇਖਣ ਲਈ ਬਿਹਬਲ ਸੀ। ਕੁਝ ਦਿਨਾਂ ਬਾਅਦ ਇੱਕ ਦਿਨ ਵਾਸਤੇ ਸਭ ਨੂੰ ਦਰਬਾਰ ਸਾਹਿਬ ਜਾਣ ਦੀ ਇਜਾਜ਼ਤ ਮਿਲੀ ਤਾਂ ਲੋਕ ਜਿਵੇਂ ਵਹੀਰਾਂ ਘੱਤ ਕੇ ਦਰਬਾਰ ਸਾਹਿਬ ਵੱਲ ਤੁਰ ਪਏ। ਅਸੀਂ ਵੀ ਪਰਿਵਾਰ ਸਮੇਤ ਉਥੇ ਪਹੁੰਚੇ ਤਾਂ ਭੀੜ ਦਾ ਕੋਈ ਅੰਤ ਹਿਸਾਬ ਹੀ ਨਹੀਂ ਸੀ। ਹਰੇਕ ਦੇ ਚਿਹਰੇ 'ਤੇ ਡੂੰਘੀ ਉਦਾਸੀ ਸੀ। ਜਿਵੇਂ ਉਨ੍ਹਾਂ ਦਾ ਆਪਣਾ ਕੋਈ ਸਭ ਤੋਂ ਪਿਆਰਾ ਜੀ ਮਰ ਗਿਆ ਹੋਵੇ!

ਅਸੀਂ ਘੰਟਾ ਘਰ ਵੱਲੋਂ ਦਾਖਲ ਹੋਏ ਤਾਂ ਲੋਕ ਪੌੜੀਆਂ ਵਿਚ ਹੋਈਆਂ ਮੋਰੀਆਂ ਵੱਲ ਇਸ਼ਾਰਾ ਕਰ ਕੇ ਕਹਿ ਰਹੇ ਸਨ ਕਿ ਇਥੋਂ ਦਰਬਾਰ ਸਾਹਿਬ ਵਿਚ ਬੈਠੇ ਸਿੰਘਾਂ ਨੇ ਗੋਲੀਆਂ ਚਲਾ ਕੇ ਫੌਜ ਨੂੰ ਅੱਗੇ ਵਧਣੋਂ ਰੋਕਿਆ ਸੀ। ਖੱਬੇ ਹੱਥ ਨੂੰ ਤੁਰੇ ਤਾਂ ਫੌਜੀਆਂ ਦੇ ਰਗੜ ਕੇ ਸਾਫ ਕਰਨ ਤੋਂ ਬਾਅਦ ਵੀ ਪਰਿਕਰਮਾ ਵਿਚ ਥਾਂ ਥਾਂ ਖੂਨ ਦੇ ਧੱਬੇ ਨਜ਼ਰ ਆਏ। ਪਤਾ ਨਹੀਂ ਕਿੰਨੇ ਲੋਕ ਸ਼ਹੀਦ ਹੋਏ ਹੋਣਗੇ। ਅਸਮਾਨ ਛੂੰਹਦੇ ਰਾਮਗੜ੍ਹੀਆ ਬੁੰਗੇ ਦੇ ਸਿਰ ਫੇਹ ਦਿੱਤੇ ਗਏ ਸਨ। ਗੁਰੂ ਰਾਮਦਾਸ ਦੀ ਸਰਾਂ ਵਾਲੀ ਟੈਂਕੀ ਦੇ ਮਘੋਰੇ ਦਿਸ ਰਹੇ ਸਨ। ਦਰਬਾਰ ਸਾਹਿਬ ਦੀ ਇਮਾਰਤ ਗੋਲੀਆਂ ਨਾਲ ਵਿੰਨ੍ਹੀ ਪਈ ਸੀ। ਪਰਿਕਰਮਾ ਦੇ ਕਮਰਿਆਂ ਵਿਚੋਂ ਖੂਨ ਦੀ ਅਤੇ ਲਾਸ਼ਾਂ ਦੀ ਸੜਿਆਣ ਦੀ ਬੂ ਆ ਰਹੀ ਸੀ। ਇੱਕ ਕਮਰੇ ਵਿਚ ਖੂਨ ਨਾਲ ਲਿੱਬੜਿਆ ਕੜਿਹਰਾ ਅਤੇ ਪਰਨਾ ਪਿਆ ਸੀ। ਤੇਜਾ ਸਿੰਘ ਸਮੁੰਦਰੀ ਹਾਲ ਗੋਲੇ ਵੱਜ ਕੇ ਲੱਗੀ ਅੱਗ ਨਾਲ ਧੁਆਂਖਿਆ ਪਿਆ ਸੀ। ਗੁਰੂ ਨਾਨਕ ਨਿਵਾਸ ਵਿਚ ਗਏ ਤਾਂ ਕਿਸੇ ਨੇ ਕਿਹਾ, "ਪਹਿਲਾਂ ਭਿੰਡਰਾਂਵਾਲਾ ਇਸ ਕਮਰੇ ਵਿਚ ਹੁੰਦਾ ਸੀ। ਇਥੋਂ ਹੀ ਅਕਾਲ ਤਖਤ 'ਤੇ ਗਿਆ।"

"ਨਾ ਉਹ ਅਕਾਲ ਤਖਤ 'ਤੇ ਜਾਂਦਾ ਤੇ ਨਾ ਸਿੱਖ ਕੌਮ ਨੂੰ ਇਹ ਦਿਨ ਵੇਖਣੇ ਪੈਂਦੇ।" ਕਿਸੇ ਸਿੰਘ ਨੇ ਕਿਹਾ ਤਾਂ ਇੱਕ ਜਣਾ ਤਾਂ ਉਹਦੇ ਗਲ ਨੂੰ ਹੀ ਆ ਪੈਣ ਲੱਗਾ।

"ਤੁਸੀਂ ਲੋਕ ਸਭ ਇੰਦਰਾ ਦੇ ਏਜੰਟ ਓ। ਕੌਮ ਦੇ ਦੁਸ਼ਮਣ। ਏਨੀ ਹੋ ਗਈ ਹੁਣ ਤਾਂ ਕੁਝ ਸ਼ਰਮ ਕਰੋ।" ਪਰ ਆਖਣ ਵਾਲਾ ਆਪਣੀ ਗੱਲ 'ਤੇ ਅੜਿਆ ਹੋਇਆ ਸੀ।

"ਆਪਣਾ ਨਿਵਾਸ ਤਾਂ ਅਕਾਲ ਤਖਤ ਨੂੰ ਗੁਰੂ ਸਾਹਿਬ ਨੇ ਨਹੀਂ ਸੀ ਬਣਾਇਆ!"

ਸਰਕਾਰ ਦੇ ਧੱਕੇ ਤੇ ਜ਼ੁਲਮ ਤੋਂ ਤਾਂ ਸਾਰੇ ਦੁਖੀ ਸਨ। ਕੁਝ ਕਹਿ ਰਹੇ ਸਨ ਕਿ ਭਿੰਡਰਾਂਵਾਲਾ ਬਚ ਕੇ ਨਿਕਲ ਗਿਆ ਹੈ। ਮੇਰਾ ਜੀਅ ਵੀ ਕਰਦਾ ਸੀ ਕਿ ਉਹ ਬਚ ਕੇ ਨਿਕਲ ਹੀ ਗਿਆ ਹੋਵੇ।

"ਮੈਂ ਇਸ ਗੱਲੋਂ ਭਿੰਡਰਾਂਵਾਲਿਆਂ 'ਤੇ ਖੁਸ਼ ਹਾਂ ਕਿ ਉਹ ਜਾਨ ਬਚਾ ਕੇ ਨਹੀਂ ਭੱਜਿਆ, ਜਦ ਕਿ ਉਹ ਅਜਿਹਾ ਕਰ ਸਕਦਾ ਸੀ। ਮੈਦਾਨੇ-ਜੰਗ ਵਿਚ ਜਾਨ ਦੇ ਕੇ ਉਸ ਨੇ ਮਰਦਾਂ ਵਾਲੀ ਕੀਤੀ।"

ਇਹ ਸ਼ਬਦ ਮੇਰੇ ਪਿਤਾ ਦੇ ਮੂੰਹੋਂ ਨਿਕਲੇ, ਜੋ ਸੰਤ ਭਿੰਡਰਾਂਵਾਲਿਆਂ ਦੇ ਵਿਚਾਰਾਂ ਦਾ ਸਦਾ ਵਿਰੋਧੀ ਰਿਹਾ ਸੀ। ਗੁਰੂ ਰਾਮਦਾਸ ਸਰਾਂ ਦਾ ਗੇਟਾ ਕੰਧ ਕੇ ਅਤੇ ਕਮਰਿਆਂ ਵਿਚ ਡੁੱਲਾ ਲਹੂ ਵੇਖ ਕੇ ਅਸੀਂ ਫਿਰ ਪਰਿਕਰਮਾ ਵਿਚ ਪਰਤ ਆਏ। ਪਰਿਕਰਮਾ ਦਾ ਜਮੀਨ ਵਿਚ ਧਸਿਆ ਸੰਗਮਰਮਰ ਵੇਖ ਕੇ ਕਿਸੇ ਨੇ ਦੱਸਿਆ ਕਿ ਇਥੇ ਟੈਂਕ ਖੁਭ ਗਿਆ ਸੀ। ਇਸ ਥਾਂ ਦੀ ਸ਼ਕਤੀ ਨੇ ਉਸ ਨੂੰ ਅੱਗੇ ਨਹੀਂ ਸੀ ਜਾਣ ਦਿੱਤਾ। ਪਰ ਇਥੋਂ ਨਿਕਲੇ ਅਤੇ ਅਕਾਲ ਤਖਤ ਤੇ ਦਰਸ਼ਨੀ ਡਿਓਢੀ 'ਤੇ ਵੱਜਦੇ ਗੋਲਿਆਂ ਨੂੰ ਉਸ ਸ਼ਕਤੀ ਨੇ ਕਿਉਂ ਨਾ ਰੋਕਿਆ? ਮੇਰਾ ਬਾਲ ਮਨ ਸਵਾਲ ਕਰ ਰਿਹਾ ਸੀ।

ਮੈਂ ਬਹੁਤ ਉਦਾਸ ਸਾਂ। ਅਸੀਂ ਸਾਰੇ ਜਦੋਂ ਅਕਾਲ ਤਖਤ ਦੇ ਸਾਹਮਣੇ ਗਏ ਤਾਂ ਢੱਠੇ ਹੋਏ ਅਕਾਲ ਤਖਤ ਵੱਲ ਵੇਖ ਕੇ ਕਈ ਜਣੇ ਭੁੱਬਾਂ ਮਾਰ ਕੇ ਰੋ ਪਏ। ਇਹ ਉਨ੍ਹਾਂ ਦਾ ਕੌਣ ਆਪਣਾ ਏਨਾ ਨਜ਼ਦੀਕੀ ਮਰ ਗਿਆ ਸੀ! ਕੀ ਰਿਸ਼ਤਾ ਸੀ ਇਨ੍ਹਾਂ ਸਾਰੇ ਲੋਕਾਂ ਦਾ ਅਕਾਲ ਤਖਤ ਨਾਲ? ਮੇਰਾ ਕੀ ਰਿਸ਼ਤਾ ਸੀ ਅਕਾਲ ਤਖਤ ਨਾਲ? ਮੈਂ ਕਿਉਂ ਉਦਾਸ ਸਾਂ? ਕੀ ਮੈਂ ਆਪਣੇ ਮਾਪਿਆਂ ਜਾਂ ਲੋਕਾਂ ਦੀ ਉਦਾਸੀ ਵੱਲ ਵੇਖ ਕੇ ਉਦਾਸ ਸਾਂ। ਹੁਣ ਵੀ ਯਾਦ ਹੈ ਕਿ ਮੈਂ ਹੋਰਨਾਂ ਵੱਲ ਵੇਖ ਕੇ ਵੀ ਉਦਾਸ ਹੋਇਆ ਹੋਵਾਂਗਾ, ਪਰ ਬਹੁਤੀ ਉਦਾਸੀ ਮੇਰੀ ਆਪਣੀ ਸੀ, ਨਿਰੋਲ ਮੇਰੀ ਆਪਣੀ ਉਦਾਸੀ।

ਮੈਨੂੰ ਆਪਣੇ ਪਿਤਾ ਦੀ ਆਖੀ ਗੱਲ ਯਾਦ ਆਈ, "ਅਕਾਲ ਤਖਤ ਨਾਲ ਆਪਣਾ ਰਿਸ਼ਤਾ ਗੁਰੂ ਦੇ ਸਿੱਖ ਹੋਣ ਦਾ ਹੀ ਨਹੀਂ ਸਗੋਂ ਇੱਕ ਰਿਸ਼ਤਾ ਇਹ ਵੀ ਹੈ ਕਿ ਇਸੇ ਤਖਤ ਤੋਂ ਪਹਿਲੀ ਵਾਰ ਸਾਡੇ ਪਿੰਡ ਦੇ ਢਾਡੀਆਂ-ਨੱਥਾ ਅਤੇ ਅਬਦੁੱਲਾ ਨੇ ਬਹਾਦਰੀ ਦੀਆਂ ਵਾਰਾਂ ਗਾਈਆਂ ਸਨ।"

ਮੈਨੂੰ ਇਕ ਪਲ ਲਈ ਜਾਪਿਆ ਜਿਵੇਂ ਨੱਥਾ ਅਤੇ ਅਬਦੁੱਲਾ ਵਾਰ ਗਾਉਣ ਲਈ ਉਠੇ ਹੋਣ ਅਤੇ ਉਨ੍ਹਾਂ ਉਤੇ ਅਚਨਚੇਤ ਅਕਾਲ ਤਖਤ ਦਾ ਸਾਰਾ ਮਲਬਾ ਆਣ ਡਿੱਗਾ ਹੋਵੇ!

## ਜੂਨ ਚੁਰਾਸੀ ਦਾ ਕਾਲਾ ਹਫਤਾ

ਤ੍ਰਾਹ ਤ੍ਰਾਹ ਪੰਜਾਬ ਕਰੇ
ਹਰਿਮੰਦਰ ਨੇ ਦੱਬੇ ਆਣ।
ਅਚਾਨਕ ਕਰਫਿਊ ਲਾ
ਲੋਕਾਂ ਦਾ ਕਰ'ਤਾ ਘਾਣ।
ਪੁਰਬ ਪੰਚਮ ਪਾਤਸ਼ਾਹ
ਸ਼ਹੀਦੀ ਦਿਨ ਮਨਾਉਣ।
ਸੰਗਤ ਦੱਬੀ ਅਣਭੋਲ
ਦੇਹ ਤਾਨਾਸ਼ਾਹ ਫੁਰਮਾਣ।

ਜਿਨ੍ਹਾਂ ਨੇ ਫੌਜਾਂ ਚਾੜ੍ਹੀਆਂ
ਉਹ ਵੀ ਸਕੇ ਨਾ ਜਾਣ।
ਮਗਰਮੱਛ ਦੇ ਹੰਝੂ ਰੋਂਦੇ
ਲਾਏ ਲੋਥਾਂ ਢੇਰ ਮਸਾਣ।
ਨਾ ਕੀਤੀ ਦਇਆ ਕੋਈ
ਚਾਹੇ ਬੱਚੇ, ਬੁੱਢੇ, ਜਵਾਨ।
ਕਹਿਰ ਦੀ ਗਰਮੀ ਉਤੋਂ
ਬਾਰੂਦ ਨੇ ਪਾਏ ਘਮਸਾਣ।

ਬੰਨ੍ਹਿਆ ਸਾਰਾ ਪੰਜਾਬ
ਨਾ ਟੈਲੀਫੋਨ ਨਾ ਅਖਬਾਰ।
ਨਾ ਸਾਈਕਲ, ਨਾ ਸਕੂਟਰ
ਮੋਟਰ ਬਾਈਕ ਨਾ ਕਾਰ।
ਬੱਸਾਂ, ਗੱਡੀਆਂ ਬੰਦ ਸਨ
ਨਾ ਲੋਕੀਂ ਦਿਸਦੇ ਬਾਹਰ।
ਦੁਕਾਨਾਂ, ਫੜ੍ਹੀਆਂ ਬੰਦ ਸਭ
ਬੰਦ ਹੋਏ ਕੁੱਲ ਬਾਜ਼ਾਰ।

ਸੜਕਾਂ ਹੋਈਆਂ ਸੁੰਨੀਆਂ
ਨਾ ਦਿਸੇ ਕੋਈ ਵਿਚਕਾਰ।
ਦਨਦਨਾਉਂਦੀ ਪੁਲਿਸ ਸੀ
ਜਾਂ ਫੌਜੀਆਂ ਦੀ ਮੋਟਰਕਾਰ।
ਬਖਤਰਬੰਦ ਸਨ ਗੱਡੀਆਂ
ਤੇ ਹਥਿਆਰਬੰਦ ਸਵਾਰ।
ਲੋਕੀਂ ਇੰਜ ਸਨ ਨੂੜਿਓ
ਜਿਉਂ ਖੁਰੀਆਂ ਲਾਏ ਲੁਹਾਰ।

ਪਹਿਲਾ ਹਫਤਾ ਜੂਨ ਦਾ
ਬਣਿਆ ਪੰਥ ਲਈ ਦੁਰਕਾਰ।
ਹੱਲਾ ਹੋ ਗਿਆ ਤਖਤ 'ਤੇ
ਉਤੋਂ ਹੁਕਮ ਦਿੱਤੇ ਸਰਕਾਰ।
ਖਾੜਕੂ ਤਾਂ ਗਿਣਤੀ ਦੇ ਸਨ
ਫਸੇ ਮੁਸਾਫਿਰ ਵਿਚਕਾਰ।
ਟੈਂਕ, ਤੋਪਾਂ ਤੜ ਤੜ ਚੱਲੀਆਂ
ਲੱਗੇ ਲੋਥਾਂ ਦੇ ਅੰਬਾਰ।

ਢੇਰੀ ਹੋਇਆ ਅਕਾਲ ਤਖਤ
ਸਰੋਵਰ ਹੋ ਗਿਆ ਲਾਲ।
ਛਲਣੀ ਕੀਤਾ ਸ੍ਰੀ ਹਰਿਮੰਦਰ
ਅੰਦਰ ਫੱਟੜ ਸੀ ਬੇਹਾਲ।
ਅੰਕੜੇ ਸਰਕਾਰੀ ਚੁੱਪ ਹਨ
ਕਿੰਨੇ ਮਰੇ, ਕਿੰਨੇ ਫੜੇ ਨਾਲ।
ਤੋਸ਼ਾਖਾਨਾ, ਅਜਾਇਬ ਘਰ
ਸਭ ਲੁੱਟਿਆ ਗਿਆ ਮਾਲ।

ਸੰਗਤ ਸਣੇ ਖਾੜਕੂ ਨੂੜ ਲਏ
ਸੁੱਟ ਦਿੱਤੇ ਜੋਧਪੁਰ ਜੇਲ੍ਹ।
ਸੁਣੀ ਨਾ ਕੋਈ ਦਲੀਲ, ਅਪੀਲ
ਅੰਨ੍ਹੇ ਕਾਨੂੰਨ ਦਾ ਖੇਲ੍ਹ।
ਸੜ ਰਹੇ ਹਨ ਪੈਂਤੀ ਸਾਲ ਤੋਂ
ਨਾ ਹੋਏ ਪਰਿਵਾਰ ਦਾ ਮੇਲ।
ਧੋਖੇਬਾਜ਼ ਨੇਤਾ ਨੇ ਪਾਸ ਹੋਏ
ਮਨੁੱਖਤਾ ਹੋ ਗਈ ਫੇਲ੍ਹ।

–ਸੇਵਾ ਸਿੰਘ ਨੂਰਪੁਰੀ


# ਸ਼ਮਸ਼ੇਰ ਸੰਧੂ ਦਾ ਸਮਾਂ, ਸੁਰਾਂ ਅਤੇ ਸਾਜ਼

## ਸ਼ਖਸੀਅਤਾਂ

***ਸ਼ਮਸ਼ੇਰ ਸੰਧੂ ਨੂੰ ਬਹੁਤੇ ਲੋਕ, ਗੀਤਕਾਰ ਵਜੋਂ ਹੀ ਜਾਣਦੇ ਹਨ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਉਸ ਨੇ ਕਮਾਲ ਦੀਆਂ ਕਹਾਣੀਆਂ ਵੀ ਲਿਖੀਆਂ ਹਨ ਅਤੇ ਉਸ ਦਾ ਰੁਜ਼ਗਾਰ ਮੂਲ ਰੂਪ ਵਿਚ ਪੱਤਰਕਾਰੀ ਸੀ। ਸ਼ਮਸ਼ੇਰ ਸੰਧੂ ਦੇ ਕੁਲੀਗ ਅਤੇ ਯਾਰ ਗੁਰਦਿਆਲ ਸਿੰਘ ਬੱਲ ਨੇ ਆਪਣੇ ਇਸ ਲੰਮੇ ਲੇਖ ਵਿਚ ਉਸ ਬਾਰੇ ਜੋ ਕਥਾ ਸੁਣਾਈ ਹੈ, ਉਹ ਨਿਵੇਕਲੀ ਤਾਂ ਹੈ ਹੀ, ਇਸ ਵਿਚ ਜ਼ਿੰਦਗੀ ਨੂੰ ਸਮਝਣ-ਸਮਝਾਉਣ ਲਈ ਖੋਲ੍ਹੀਆਂ ਘੁੰਡੀਆਂ ਬੜਾ ਦਿਲਚਸਪ ਮੰਜ਼ਰ ਬੰਨ੍ਹਦੀਆਂ ਹਨ। ਲੇਖ ਦੀ ਪਹਿਲੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

ਕੰਵਲਜੀਤ ਸਿੰਘ ਨਾਂ ਦੇ ਸੱਜਣ ਦਾ ਦੋ ਵਾਰੀ ਈ-ਮੇਲ ਸੁਨੇਹਾ ਮਿਲਿਆ। ਉਹ ਸਾਡੇ ਸਾਥੀ ਸ਼ਮਸ਼ੇਰ ਸੰਧੂ ਬਾਰੇ ਯਾਦਾਂ ਦੀ ਪੁਸਤਕ ਤਿਆਰ ਕਰ ਰਿਹਾ ਹੈ। ਉਸ ਦੀ ਚਾਹਤ ਹੈ ਕਿ ਸ਼ਮਸ਼ੇਰ ਨਾਲ 'ਪੰਜਾਬੀ ਟ੍ਰਿਬਿਊਨ' ਵਿਚ ਇਕੱਠਿਆਂ ਗੁਜ਼ਾਰੇ ਕਰੀਬ ਦੋ ਦਹਾਕਿਆਂ ਦੇ ਲੰਮੇ ਸਮੇਂ ਦੌਰਾਨ ਉਸ ਦੀ ਸ਼ਖਸੀਅਤ ਬਾਰੇ ਬਣੇ ਆਪਣੇ ਨਿੱਜੀ ਪ੍ਰਭਾਵਾਂ ਦੇ ਆਧਾਰ 'ਤੇ ਉਸ ਬਾਰੇ ਲਿਖਾਂ। ਮੇਰੇ ਵਲੋਂ ਹਾਂ ਜਾਂ ਨਾਂਹ ਦਾ ਕੋਈ ਵੀ ਹੁੰਗਾਰਾ ਨਾ ਮਿਲਣ 'ਤੇ ਤੀਸਰੀ ਵਾਰ ਉਸ ਨੇ ਈ-ਮੇਲ 'ਤੇ ਆਪਣਾ ਫੋਨ ਨੰਬਰ ਵੀ ਲਿਖ ਭੇਜਿਆ। ਗੱਲ ਕੀਤੀ ਤਾਂ ਉਹ ਮੇਰੇ ਪਿੰਡ ਕੰਮੋਕੇ ਦੇ ਨੇੜੇ ਹੀ ਪਿੰਡ ਬਰਿਆਰਾਂ ਦਾ ਨਿਕਲ ਆਇਆ।

ਹੁਣ ਉਸ ਦੀ ਇੱਛਾ ਸਹਿਜੇ ਕੀਤਿਆਂ ਨਜ਼ਰਅੰਦਾਜ਼ ਕਰਨੀ ਔਖੀ ਸੀ, ਪਰ ਮੈਂ ਝਿਜਕ ਰਿਹਾ ਸਾਂ। ਝਿਜਕ ਇਸ ਕਾਰਨ ਕਿ ਸ਼ਮਸ਼ੇਰ ਵਧੀਆ ਇਨਸਾਨ ਹੈ; ਸਦਾ ਹੀ ਮੋਹ, ਪਿਆਰ, ਅਪਣੱਤ ਦਾ ਉਸ ਨਾਲ ਰਿਸ਼ਤਾ ਰਿਹਾ ਹੈ; ਸਾਡੀਆਂ ਅਨੇਕ ਦਿਲਚਸਪੀਆਂ ਸਾਂਝੀਆਂ ਹਨ। ਉਹ ਸ਼ਾਇਰ ਪਾਸ਼ ਦਾ ਚੜ੍ਹਦੀ ਉਮਰੇ ਨੇੜਲਾ ਮਿੱਤਰ ਰਿਹਾ ਹੈ। ਪਾਸ਼ ਦਾ ਮੈਂ ਵੀ ਸ਼ਰਧਾਲੂ ਹਾਂ। ਪੰਜਾਬ ਦੀ ਕੋਇਲ ਸੁਰਿੰਦਰ ਕੌਰ ਅਤੇ ਯਮਲਾ ਜੱਟ ਉਸ ਨੂੰ ਚੰਗੇ ਲਗਦੇ ਹਨ, ਮੇਰੀ



**ਗੁਰਦਿਆਲ ਸਿੰਘ ਬੱਲ**
ਫੋਨ: 647-982-6091

ਇਨ੍ਹਾਂ ਦੋਹਾਂ ਵਿਚੋਂ ਕਿਸੇ ਇਕ ਦੇ ਬੋਲ ਸੁਣਦਿਆਂ ਅੱਜ ਵੀ ਜਾਨ ਨਿਕਲ ਜਾਂਦੀ ਹੈ। 'ਇਕ ਮੇਰੀ ਅੱਖ ਕਾਸ਼ਨੀ, ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ।' ਕੇਹੇ ਸਸ਼ਕਤ ਬੋਲ ਹਨ ਅਤੇ ਕੇਹੇ ਸ਼ਾਨਾਂਮਤੇ ਅੰਦਾਜ਼ ਵਿਚ ਸੁਰਿੰਦਰ ਕੌਰ ਨੇ ਇਹ ਗੀਤ ਗਾਇਆ ਹੈ। ਮੈਂ ਤੇ ਸ਼ਮਸ਼ੇਰ ਜਦੋਂ ਕਦੀ ਵੀ ਸ਼ਾਮ ਦੀ ਕਿਸੇ ਮਹਿਫਿਲ ਵਿਚ ਇਕੱਠੇ ਹੋਏ, ਆਪਸ ਵਿਚ ਇਸ ਗੀਤ ਦੀ ਜਾਦੂਮਈ ਲੈਅ ਦੀ ਚਰਚਾ ਹੁੰਦੀ ਰਹੀ ਹੈ।

ਸ਼ਮਸ਼ੇਰ ਨੂੰ ਪੰਜਾਬ ਦੇ ਕਰੀਬ ਹਰ ਕਬੱਡੀ ਖਿਡਾਰੀ ਦਾ ਪਤਾ ਹੈ। ਹਰਜੀਤ ਬਾਜਾਖਾਨਾ ਦੇ ਖੇਡਣ ਦੇ ਅੰਦਾਜ਼ ਦੀ ਉਹਨੇ ਜਦੋਂ ਕਦੀ ਵੀ ਗੱਲ ਛੇੜੀ, ਮਜ਼ਾ ਆ ਜਾਂਦਾ ਰਿਹਾ ਹੈ। ਬੇਗੋਵਾਲੀਏ ਪ੍ਰੀਤੇ ਸਮੇਤ ਮੈਂ ਵੀ ਬਹੁਤ ਪੁਰਾਣੇ ਕਬੱਡੀ ਖਿਡਾਰੀਆਂ ਦੇ ਜਲਵੇ ਤੱਕੇ ਹੋਏ ਹਨ। ਸੰਤ ਸਿੰਘ ਸੇਖੋਂ ਦੀਆਂ ਗੱਲਾਂ ਕਰਕੇ ਉਸ ਨੂੰ ਵੀ ਮਜ਼ਾ ਆਉਂਦਾ, ਬਾਬਾ ਬੋਹੜ ਦੀ ਸੰਗਤ ਮੈਂ ਵੀ ਅਨੇਕਾਂ ਵਾਰ ਮਾਣੀ ਹੋਈ ਹੈ। ਜ਼ਿੰਦਗੀ ਉਸ ਨੂੰ ਸੋਹਣੀ ਲਗਦੀ ਹੈ, ਮੈਨੂੰ ਵੀ ਬੇਹੱਦ ਹੁਸੀਨ ਲਗਦੀ ਹੈ। ਸਵੇਰੇ ਉਠਣ ਸਾਰ ਸੁਬਹ ਦਾ ਚਾਨਣ ਵਿੰਹਦਿਆਂ ਅੱਜ ਤੱਕ ਵੀ ਧੰਨ-ਧੰਨ ਹੋ ਜਾਂਦੀ ਹੈ। ਅਜਿਹੀਆਂ ਸਾਂਝਾਂ ਹੋਰ ਵੀ ਬਥੇਰੀਆਂ ਹਨ ਪਰ ਇਨ੍ਹਾਂ ਸਭ ਸਾਂਝਾਂ ਦੇ ਬਾਵਜੂਦ ਸਾਡੇ ਵਿਚਕਾਰ ਕੁਝ ਨੁਕਤਿਆਂ 'ਤੇ ਵਖਰੇਵਾਂ ਵੀ ਹੈ।

ਇਹ ਵਖਰੇਵਾਂ ਬਹੁਤਾ ਬੁਨਿਆਦੀ ਨਹੀਂ ਹੈ ਪਰ ਲਿਖਣ ਤੋਂ ਮੈਨੂੰ ਥੋੜ੍ਹੀ ਝਿਜਕ ਜਿਹੀ ਮਹਿਸੂਸ ਹੋ ਰਹੀ ਸੀ, ਮਤਾਂ 'ਸੰਗਦਿਲ' ਸਾਥੀ ਸ਼ਮਸ਼ੇਰ ਨੂੰ ਕਿਧਰੇ ਸੰਗ ਜਿਹੀ ਨਾ ਆ ਜਾਵੇ। ਫਿਰ ਵੀ ਸ਼ਮਸ਼ੇਰ ਨੂੰ ਜਿਵੇਂ ਮੈਂ ਦੇਖਿਆ ਅਤੇ ਨਿਹਾਰਿਆ ਹੈ, ਉਹ ਦੱਸੇ ਬਿਨਾ ਗੱਲ ਬਣਦੀ ਵੀ ਨਹੀਂ ਸੀ ਲਗਦੀ। ਸ਼ਮਸ਼ੇਰ ਨੂੰ ਸਾਰੀ ਉਮਰ ਦੋਸਤਾਂ-ਮਿੱਤਰਾਂ ਦੀ 'ਐਲਬਮ' ਬਣਾਉਣ ਦਾ ਡਾਢਾ ਸ਼ੌਕ ਰਿਹਾ ਹੈ ਅਤੇ ਮੇਰੀ ਖੁਦ ਦੀ ਹਯਾਤੀ ਵੀ ਇਸੇ ਸ਼ੌਕ ਨੂੰ ਪੂਰੇ ਜੀਅ-ਜਾਨ ਨਾਲ ਮਨਾਉਣ ਦੀ ਕੋਸਿਸ਼ ਕਰਦਿਆਂ ਗੁਜ਼ਰੀ ਹੈ, ਪਰ ਵਖਰੇਵਾਂ ਇਹ ਹੈ ਕਿ ਕੋਈ ਵੀ ਇਨਸਾਨ ਚੰਗਾ ਲਗਦੇ ਸਾਰ ਘਰ ਦਰ ਦੇ ਦਰਵਾਜੇ ਚੌਪਟ ਖੋਲ੍ਹ ਕੇ ਮੈਂ ਉਸ ਨੂੰ ਧੁਰ ਅੰਦਰ ਤੱਕ ਚਲਿਆ ਆਉਣ ਲਈ ਕਹਿੰਦਾ ਰਿਹਾ ਹਾਂ ਜਦੋਂਕਿ ਧੁਰ ਅੰਦਰੋਂ ਜ਼ਰਾ ਕੁ ਸੰਗਾਊ ਹੋਣ ਕਾਰਨ ਸ਼ਾਇਦ ਸ਼ਮਸ਼ੇਰ ਦਾ ਅਜਿਹੇ ਕਿਸੇ ਵੀ ਮੌਕੇ ਅਕਸਰ ਤਕੀਆ ਕਲਾਮ ਇਹ ਰਿਹਾ ਹੈ: ਘਰੇ ਯਾਰ ਘੁਟਣ ਜਿਹੀ ਹੈ, ਚਲੋ ਖੁੱਲ੍ਹੀ ਫਿਜ਼ਾ ਅੰਦਰ, ਬਾਹਰ ਕਿਸੇ ਪਾਰਕ ਵਿਚ ਚੱਲ ਕੇ ਬੈਠਦੇ ਹਾਂ।

ਸੋ, ਆਪਸੀ ਸਾਂਝਾਂ ਅਤੇ ਵਖਰੇਵਿਆਂ ਨੂੰ ਸਮਝਣ ਦੀ ਅਸੀਂ ਕੋਸਿਸ਼ ਕਰਨੀ ਹੈ ਤਾਂ ਕਿ ਸਾਡੇ ਤਸੱਵੁਰ ਦੇ ਸ਼ਮਸ਼ੇਰ ਸੰਧੂ ਦੇ ਨਕਸ਼ ਉਜਾਗਰ ਹੋ ਸਕਣ।

'ਪੰਜਾਬੀ ਟ੍ਰਿਬਿਊਨ' 15 ਜੁਲਾਈ 1978 ਤੋਂ ਸ਼ੁਰੂ ਹੋਈ। ਸ. ਬਰਜਿੰਦਰ ਸਿੰਘ ਹਮਦਰਦ ਸੰਪਾਦਕ ਬਣੇ। ਉਨ੍ਹਾਂ ਦੀ ਮਿਹਰਬਾਨੀ ਸਦਕਾ ਵਰ੍ਹਿਆਂ ਦੀ ਗਰਦਿਸ਼ ਅਤੇ ਮੁਕੰਮਲ ਨਾਉਮੀਦੀ ਦੇ ਦੌਰ ਤੋਂ ਬਾਅਦ ਕਰਮਜੀਤ ਸਿੰਘ ਅਤੇ ਜਗਦੀਸ਼ ਬਾਂਸਲ ਵਰਗੇ ਹੋਣਹਾਰ ਸਾਥੀਆਂ ਨਾਲ ਮੁਢਲੇ ਸਟਾਫ ਮੈਂਬਰ ਵਜੋਂ ਭਰਤੀ ਹੋਣ ਦਾ ਮੇਰਾ ਵੀ ਤੁੱਕਾ ਲੱਗ ਗਿਆ। ਟ੍ਰਿਬਿਊਨ ਵਰਗਾ ਅਦਾਰਾ ਅਤੇ ਚੰਡੀਗੜ੍ਹ ਵਰਗਾ ਸੁੰਦਰ ਸ਼ਹਿਰ! ਬੱਸ ਧੰਨ-ਧੰਨ ਹੋ ਗਈ ਅਤੇ ਉਸ ਦੇ ਨਾਲ ਹੋਈ ਉਸ ਦੀਵਾਲੀ ਜਾਂ ਵਿਸਾਖੀ ਵਰਗੇ ਮੇਲੇ ਵਰਗੇ ਮਾਹੌਲ ਦੀ ਸ਼ੁਰੂਆਤ ਜੋ ਵਰ੍ਹਿਆਂ ਬੱਧੀ ਬਣਿਆ ਰਿਹਾ। ਸ਼ਮਸ਼ੇਰ ਸੰਧੂ 'ਪੰਜਾਬੀ ਟ੍ਰਿਬਿਊਨ' ਪਰਿਵਾਰ ਵਿਚ ਵਰ੍ਹਾ ਕੁ ਪਿਛੋਂ ਸ਼ਾਮਲ ਹੋਇਆ ਅਤੇ ਉਸ ਦੀ ਪਹਿਲੀ ਵਡਿਆਈ ਇਸ ਗੱਲ ਵਿਚ ਸੀ ਕਿ ਉਸ ਨੇ ਹੌਲੀ-ਹੌਲੀ ਜਾਂ ਅਛੋਪਲੇ ਜਿਹੇ ਹੀ ਆਪਣੀ ਅਜਿਹੀ ਜਗ੍ਹਾ ਬਣਾ ਲਈ ਕਿ ਉਸ ਦੇ ਜ਼ਿਕਰ ਬਿਨਾ ਇਸ ਕਾਫਲੇ ਦੀ ਕਥਾ ਕੋਈ ਵੀ ਲਿਖੇ, ਉਹ ਨਿਸਚੇ ਹੀ ਅਧੂਰੀ ਰਹੇਗੀ।

ਸ਼ਮਸ਼ੇਰ ਸੰਧੂ ਬਾਰੇ ਚਰਚਾ ਕਰਦਿਆਂ ਸਾਡੀ ਮਜਬੂਰੀ ਹੈ ਕਿ ਅਸੀਂ ਜ਼ਿਆਦਾਤਰ 'ਪੰਜਾਬੀ ਟ੍ਰਿਬਿਊਨ' ਦੇ ਸਮੇਂ ਅਤੇ ਉਸ ਦੌਰ ਨਾਲ ਜੁੜੀਆਂ ਯਾਦਾਂ, ਦੋਸਤੀਆਂ, ਤਲਖੀਆਂ ਦੇ ਜ਼ਿਕਰ ਤੱਕ ਹੀ ਸੀਮਤ ਰਹਾਂਗੇ। ਸ਼ਮਸ਼ੇਰ ਨੇ ਉਸ ਅਰਸੇ ਅਤੇ ਉਸ ਤੋਂ ਬਾਅਦ ਉਘੇ ਗਾਇਕ ਸੁਰਜੀਤ ਬਿੰਦਰਖੀਏ ਨਾਲ ਮਿਲ ਕੇ ਪੰਜਾਬੀ ਗਾਇਕੀ ਦੇ ਖੇਤਰ ਵਿਚ ਕੀ-ਕੀ ਅਤੇ ਕੈਸੇ ਕੈਸੇ ਕੌਤਕ ਕੀਤੇ, ਉਨ੍ਹਾਂ ਦਾ ਮੈਨੂੰ ਬਹੁਤਾ ਪਤਾ ਨਹੀਂ ਹੈ। ਉਸ ਬਾਰੇ 'ਮਦਾਰਪੁਰੀਆ ਗੀਤਕਾਰ ਸ਼ਮਸ਼ੇਰ ਸੰਧੂ' ਸਿਰਲੇਖ ਹੇਠਲਾ ਸ਼ਬਦ ਚਿੱਤਰ ਵੀ ਮੇਰੀਆਂ ਨਜ਼ਰਾਂ ਵਿਚ ਹੁਣੇ-ਹੁਣੇ ਆਇਆ ਹੈ, ਜਿਸ ਵਿਚ ਪ੍ਰਿੰਸੀਪਲ ਸਰਵਣ ਸਿੰਘ ਨੇ ਉਸ ਨੂੰ 'ਪੰਜਾਬੀ ਗੀਤਕਾਰੀ ਦਾ ਮਿਲਖਾ ਸਿੰਘ' ਦੱਸਿਆ ਹੈ। ਉਸ ਦੇ ਕਾਲਜ ਦੇ ਮੁਢਲੇ ਦਿਨਾਂ ਦੇ ਯਾਰ ਗੁਰਭਜਨ ਗਿੱਲ ਨੇ ਉਸ ਨੂੰ 'ਸ਼ਬਦ, ਸੁਰ ਤੇ ਸਾਜ਼ਾਂ ਦਾ ਗੂੜ੍ਹ ਗਿਆਨੀ' ਆਖ ਕੇ ਉਸ ਦੀ ਸਿਫਤ ਸਲਾਹ ਕੀਤੀ ਹੋਈ ਹੈ। ਗੁਰਭਜਨ ਦੇ ਲੇਖ ਤੋਂ ਹੀ ਮੈਨੂੰ ਪਤਾ ਲੱਗਾ ਕਿ ਬਿੰਦਰਖੀਏ ਨਾਲ ਉਸ ਦੀਆਂ ਇਕ-ਦੋ ਨਹੀਂ ਬਲਕਿ 32 ਕੈਸਿਟਾਂ ਆਈਆਂ। ਇਥੇ ਹੀ ਬਸ ਨਹੀਂ, ਸ਼ਮਸ਼ੇਰ ਦੇ ਗੀਤ 'ਦੁਪੱਟਾ ਤੇਰਾ ਸੱਤ ਰੰਗ ਦਾ' ਨੂੰ 'ਟੌਪ ਟੈਨ' ਵਜੋਂ ਜੇਤੂ ਰਹਿਣ 'ਤੇ ਬਿੰਦਰਖੀਆ, ਅਤੁੱਲ ਸ਼ਰਮਾ ਅਤੇ ਸ਼ਮਸ਼ੇਰ ਨੂੰ ਬੀ.ਬੀ.ਸੀ. ਨੇ ਇੰਗਲੈਂਡ ਬੁਲਾ ਕੇ ਸਨਮਾਨਤ ਕੀਤਾ ਸੀ। ਮੇਰੇ ਲਈ ਇਹ ਦੋਵੇਂ ਹੀ ਹੈਰਤ ਵਾਲੀਆਂ ਗੱਲਾਂ ਹਨ ਹਾਲਾਂਕਿ ਸ਼ਮਸ਼ੇਰ ਦੀ ਸ਼ਖਸੀਅਤ ਦਾ ਜਿਨ੍ਹਾਂ ਗੱਲਾਂ ਕਰਕੇ ਮੇਰੇ ਲਈ ਮੁੱਲ ਹੈ, ਉਹ ਹੋਰ ਹਨ!

'ਪੰਜਾਬੀ ਟ੍ਰਿਬਿਊਨ' ਦੇ ਮੁਢਲੇ ਸਟਾਫ ਦੀ ਭਰਤੀ ਦੇ ਮਹੀਨਾ ਕੁ ਬਾਅਦ ਹੀ ਸ. ਬਰਜਿੰਦਰ ਸਿੰਘ ਨੇ ਅਸਿਸਟੈਂਟ ਐਡੀਟਰ ਵਜੋਂ ਹਰਭਜਨ ਹਲਵਾਰਵੀ ਨੂੰ ਲੈ ਆਂਦਾ ਅਤੇ ਸਾਡੇ ਜ਼ਹੀਨ ਤੇ ਤੇਜ਼-ਤਰਾਰ ਪੁਰਾਣੇ ਮਿੱਤਰ ਦੀ 'ਪੂਛ' ਨੂੰ ਹੱਥ ਪਵਾ ਕੇ ਅਛੋਪਲੇ ਜਿਹੇ ਸ਼ਾਮ ਸਿੰਘ ਨੂੰ ਵੀ 'ਭਵਜਲ' ਪਾਰ ਕਰਵਾ ਲਿਆ, ਜੋ ਨਿਸਚੇ ਹੀ ਪੁੰਨ ਵਾਲੀ ਗੱਲ ਸੀ। 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਦੇ ਅਹੁਦੇ ਤੱਕ ਅੱਪੜਿਆ ਸੁਰਿੰਦਰ ਸਿੰਘ ਤੇਜ ਕਲੈਰੀਕਲ ਵਿੰਗ ਵਿਚ ਇਸ਼ਤਿਹਾਰ ਅਨੁਵਾਦਕ ਸਾਡੇ ਨਾਲ ਹੀ ਆਇਆ ਸੀ। ਉਸ ਦਾ ਮੁੱਢ ਤੋਂ ਹੀ ਕਮਾਲ ਦਾ ਸਿਰੜੀ, ਇਮਾਨਦਾਰ, ਮਿਹਨਤੀ ਸੁਭਾਅ ਸੀ ਜਿਸ ਦਾ ਬਰਜਿੰਦਰ ਸਿੰਘ ਨੇ ਸਹੀ ਮੁੱਲ ਪਾਇਆ ਅਤੇ ਕੁਝ ਸਮੇਂ ਬਾਅਦ ਹੀ ਉਸ ਨੂੰ ਵੀ ਸੰਪਾਦਕੀ ਅਮਲੇ ਵਿਚ ਲੈ ਆਂਦਾ। ਇਸ ਦੌਰ ਵਿਚ ਨਿਊਜ਼ ਰੂਮ ਦਾ ਸਭ ਤੋਂ ਪ੍ਰਤਿਭਾਸ਼ੀਲ ਮੈਂਬਰ ਦਲਬੀਰ ਸਿੰਘ ਸੀ। ਉਸ ਨੂੰ ਬਰਜਿੰਦਰ ਸਿੰਘ ਮੁਢਲੇ ਸਟਾਫ ਦੇ ਇਕੋ-ਇਕ ਚੀਫ ਸਬ ਐਡੀਟਰ ਸੁਰਿੰਦਰ ਸਿੰਘ ਬਾਜਵਾ ਨੂੰ 'ਛਾਂਗਣ' ਤੋਂ ਬਾਅਦ ਉਸ ਦੀ ਜਗ੍ਹਾ ਲੈ ਕੇ ਆਏ। ਖਬਰਾਂ ਦੀ ਕਾਰੀਗਰੀ ਦੇ ਮਾਮਲੇ ਵਿਚ ਉਹ ਕਰਮਜੀਤ ਸਿੰਘ ਅਤੇ ਜਗਦੀਸ਼ ਬਾਂਸਲ ਨੂੰ ਛੱਡ ਕੇ ਬਾਕੀ ਸਾਰੇ ਸਟਾਫ ਤੋਂ ਕੋਹਾਂ ਅੱਗੇ ਸੀ। ਸੰਪਾਦਕ ਨੇ ਜਾਣੇ ਜਾਂ ਅਣਜਾਣੇ 'ਕੋਤਾਹੀ' ਇਹ ਕੀਤੀ ਕਿ ਉਸ ਨੂੰ ਇੰਕਰੀਮੈਂਟਾਂ ਤਾਂ ਸ਼ੁਰੂ ਵਿਚ ਹੀ 10 ਦਿਵਾ ਦਿਤੀਆਂ ਪਰ ਭਰਤੀ ਉਸ ਨੂੰ ਸਬ ਐਡੀਟਰ ਹੀ ਕੀਤਾ।

'ਪੰਜਾਬੀ ਟ੍ਰਿਬਿਊਨ' ਦਾ ਸਾਰਾ ਸਟਾਫ, ਜੋ ਕਿਸੇ ਪੁਰਾਣੇ ਵਿਛੜੇ ਤੇ ਮੁੜ ਮਿਲੇ ਟੱਬਰ ਦੇ ਹਾਰ ਸੀ, ਸਭ ਮੈਂਬਰਾਂ ਦਾ ਆਪਸ ਵਿਚ ਮੋਹ ਪਿਆਰ ਦਾ ਰਿਸ਼ਤਾ ਸੀ ਪਰ ਢਾਈ-ਤਿੰਨ ਵਰ੍ਹਿਆਂ ਪਿਛੋਂ ਅਹੁਦਿਆਂ ਦੀ ਖੋਹਾ-ਖਾਹੀ ਸਮੇਂ ਉਪਰ ਦੱਸੀ ਕੋਤਾਹੀ ਨੂੰ ਦੂਰ ਕਰਨ ਦਾ ਸੰਪਾਦਕ ਨੇ ਜਦੋਂ ਯਤਨ ਕੀਤਾ ਤਾਂ 'ਪੰਜਾਬੀ ਟ੍ਰਿਬਿਊਨ' ਦੇ ਵਿਹੜੇ ਵਿਚ 'ਸੇਹ ਦਾ ਤੱਕਲਾ' ਅਜਿਹਾ ਗੱਡਿਆ ਗਿਆ, ਜੋ ਅਗਲੇ ਵਰ੍ਹਿਆਂ ਦੌਰਾਨ ਹੋਰ ਹੋਰ ਡੂੰਘਾ ਹੁੰਦਾ ਗਿਆ।

ਖੈਰ! ਸ਼ਮਸ਼ੇਰ ਦੀ 'ਪੰਜਾਬੀ ਟ੍ਰਿਬਿਊਨ' ਵਿਚ ਆਮਦ ਅਤੇ ਅੰਦਰ ਦੇ ਉਨ੍ਹਾਂ ਦਿਨਾਂ ਦੇ ਕਲਚਰ ਬਾਰੇ ਦੱਸਣ ਲਈ ਇੰਨੀ ਕੁ ਚਰਚਾ ਜ਼ਰੂਰੀ ਸੀ।



*ਸੁਰਜੀਤ ਬਿੰਦਰਖੀਆ ਅਤੇ ਸ਼ਮਸ਼ੇਰ ਸੰਧੂ*

ਉਹ ਮਾਹੌਲ ਕਿਹੋ ਜਿਹਾ ਸੀ, ਉਸ ਬਾਰੇ ਪ੍ਰਭਾਵ ਸਾਡੇ ਸਾਥੀ ਅਮੋਲਕ ਸਿੰਘ ਨੇ 'ਕਮਲਿਆਂ ਦਾ ਟੱਬਰ' ਸਿਰਲੇਖ ਹੇਠ ਯਾਦਾਂ ਦੀ ਲੜੀ ਵਿਚ ਪਰੋਏ ਹਨ। ਇਨ੍ਹਾਂ ਯਾਦਾਂ ਬਾਰੇ ਟਿਪਣੀ ਪ੍ਰਿੰ. ਅਮਰਜੀਤ ਸਿੰਘ ਪਰਾਗ ਨੇ ਇਉਂ ਕੀਤੀ ਸੀ,

"ਅਮੋਲਕ ਸਿੰਘ ਦੀਆਂ ਯਾਦਾਂ ਦੀ ਲੜੀ ਪੜ੍ਹਦਿਆਂ ਇੰਜ ਲੱਗਾ ਜਿਵੇਂ ਨਾਵਲ 'ਅੱਗ ਦਾ ਦਰਿਆ' ਦਾ ਕੋਈ ਕਾਂਡ ਪੜ੍ਹ ਰਿਹਾ ਹੋਵਾਂ। ਇਸ ਨਾਵਲ ਵਿਚ ਲੇਖਕਾ ਕੁਰਤੁਲ-ਐਨ-ਹੈਦਰ ਨੇ ਸਮੇਂ ਨੂੰ ਅੱਗ ਦੇ ਦਰਿਆ ਵਜੋਂ ਚਿਤਵਿਆ ਹੈ। ਜੁਗਗਰਦੀਆਂ ਦਾ ਸਿਲਸਿਲਾ ਚਲਦਾ ਰਹਿੰਦਾ ਹੈ, ਨਿਜ਼ਾਮ ਬਦਲਦੇ ਰਹਿੰਦੇ ਹਨ, ਪਰ ਅੱਗ ਦੇ ਦਰਿਆ ਦਾ ਵਹਿਣ ਅਵਿਰਲ ਰਹਿੰਦਾ ਹੈ। ਹਰ ਯੁੱਗ ਵਿਚ ਹੋਣਹਾਰ, ਜ਼ਹੀਨ, ਮੁਹੱਬਤੀ, ਸੁਪਨਸਾਜ਼ ਨੌਜਵਾਨ ਜ਼ਿੰਦਗੀ ਦੇ ਮੰਚ 'ਤੇ ਨਮੂਦਾਰ ਹੁੰਦੇ ਰਹਿੰਦੇ ਹਨ, ਪਰ ਦੇਖਦੇ ਹੀ ਦੇਖਦੇ ਇਨ੍ਹਾਂ ਦਿਲਦਾਰਾਂ ਦੀ ਪਹਿਲ-ਤਾਜ਼ਗੀ ਅੱਗ ਦੇ ਦਰਿਆ ਵਿਚ ਗਰਕ ਜਾਂਦੀ ਹੈ।... 'ਪੰਜਾਬੀ ਟ੍ਰਿਬਿਊਨ' ਦੇ ਕਲਾਧਾਰੀ ਪੁਰਖੇ ਮਹਿੰਦਰ ਸਿੰਘ ਰੰਧਾਵਾ ਦਾ ਚੰਡੀਗੜ੍ਹ ਵਿਚ ਲਾਇਆ ਦੂਜਾ 'ਰੋਜ਼ ਗਾਰਡਨ' ਹੈ। ਬਰਜਿੰਦਰ ਹਮਦਰਦ, ਹਰਭਜਨ ਹਲਵਾਰਵੀ, ਗੁਲਜ਼ਾਰ ਸਿੰਘ ਸੰਧੂ ਵਰਗੇ ਸੰਪਾਦਕ, ਦਲਬੀਰ ਸਿੰਘ, ਕਰਮਜੀਤ ਸਿੰਘ, ਸ਼ਾਮ ਸਿੰਘ, ਮੁਹਰਜੀਤ, ਪ੍ਰੇਮ ਗੋਰਖੀ, ਰਜਿੰਦਰ ਸੋਢੀ, ਦਲਜੀਤ ਸਰਾਂ, ਜਗਤਾਰ ਸਿੱਧੂ, ਸ਼ਮਸ਼ੇਰ ਸੰਧੂ, ਅਸ਼ੋਕ ਸ਼ਰਮਾ, ਅਮੋਲਕ ਸਿੰਘ, ਨਰਿੰਦਰ ਭੁੱਲਰ, ਤਰਲੋਚਨ ਸ਼ੇਰਗਿੱਲ, ਰਣਜੀਤ ਰਾਹੀ, ਗੁਰਦਿਆਲ ਬੱਲ ਵਰਗੇ ਕੁਲੀਗ ਜਿਸ ਥਾਂ ਇਕੱਠੇ ਹੋਣ, ਉਹ 'ਲਾਲ ਫੁੱਲਾਂ ਦਾ ਖੇਤ' ਹੀ ਤਾਂ ਹੁੰਦਾ ਹੈ, ਪਰ ਛੇਤੀ ਹੀ ਦਫਤਰੀ ਸਭਿਆਚਾਰ ਨਾਲ ਜੁੜੇ ਮਸਲੇ, ਤਰੱਕੀਆਂ, ਸੀਨੀਅਰਤਾ, ਪ੍ਰਬੰਧਕਾਂ ਦੇ ਹੱਥ-ਕੰਡੇ, ਯੂਨੀਅਨ ਆਗੂਆਂ ਦੇ ਆਪਣੇ ਨਿਜੀ ਮੁਫਾਦਾਂ ਨੂੰ ਪਹਿਲ ਆਦਿ ਗੱਲਾਂ ਨੇ ਇਸ ਹਰਿਆਵਲ ਨੂੰ ਝੁਲਸ ਕੇ ਰਖ ਦਿਤਾ।"

ਇਹ ਸੀ ਉਹ 'ਕਰਾਊਡ' ਅਤੇ 'ਪਹਿਲ-ਤਾਜ਼ਗੀ' ਭਰਿਆ ਮੁਢਲਾ ਮਾਹੌਲ, ਜਿਸ ਵਿਚ ਸ਼ਮਸ਼ੇਰ ਸੰਧੂ ਸਾਡੇ ਨਾਲ ਕੰਮ ਕਰਨ ਲਈ ਆਇਆ। ਇਸ ਤੋਂ ਪਹਿਲਾਂ ਪਿੰਡ ਦੀਆਂ ਮੌਜਾਂ, ਖਾਲਸਾ ਕਾਲਜ ਵਿਚ ਵਿਦਿਆਰਥੀ ਸਮਾਂ, ਫਿਰ ਬੰਗਾ ਕਾਲਜ ਵਿਚ ਅਧਿਆਪਨ ਸਮੇਂ ਦੀਆਂ ਖੁੱਲ੍ਹਾਂ ਅਤੇ ਪਾਸ਼ ਵਰਗੇ ਦਹਿਕਦੇ ਅੰਗਿਆਰ ਵਰਗੇ ਇਨਸਾਨ ਨਾਲ ਯਾਰੀ! ਯਾਨਿ 'ਇਲਾਹੀ ਦੌਰ' ਉਸ ਦਾ ਲੰਘ ਗਿਆ ਹੋਇਆ ਸੀ। 'ਭੂਆ ਖਤਮ ਕੌਰ' ਵਰਗੀ ਯਾਦਗਾਰੀ ਸ਼ਰਾਰਤੀ ਕਹਾਣੀ ਉਸ ਨੇ ਕਈ ਵਰ੍ਹੇ ਪਹਿਲਾਂ ਲਿਖੀ ਸੀ। ਉਸ ਦੇ ਲਿਖੇ 'ਜਾਨੀ ਚੋਰ' ਗੀਤ ਨੂੰ ਸੁਰਿੰਦਰ ਛਿੰਦੇ ਨੇ ਸਾਲ 1976 'ਚ ਰਿਕਾਰਡ ਕਰਵਾ ਦਿਤਾ ਹੋਇਆ ਸੀ।

ਇਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ 'ਪੰਜਾਬੀ ਟ੍ਰਿਬਿਊਨ' ਦਾ ਪਰਿਵਾਰਕ ਮਾਹੌਲ ਅਤੇ ਉਸ ਦਾ ਰੁਮਾਂਸ ਹੋਰ ਗੱਲ ਹੈ, ਨਿਊਜ਼ ਡੈਸਕ 'ਤੇ ਦਿਨ ਭਰ ਸਟਿੰਗਰਾਂ ਦੀਆਂ ਅਕਸਰ ਹੀ ਬੇਸਿਰ-ਪੈਰ ਖਬਰਾਂ ਨੂੰ ਠੀਕ ਕਰਨਾ ਜਾਂ ਏਜੰਸੀਆਂ ਦੀਆਂ ਖਬਰਾਂ ਨੂੰ ਅੰਗਰੇਜ਼ੀ ਤੋਂ ਪੰਜਾਬੀ ਵਿਚ ਤਰਜਮਾਉਣਾ ਜਮਾਂ ਹੀ ਹੋਰ ਗੱਲ ਸੀ; ਸਿਰੇ ਦਾ ਨੀਰਸ ਧੰਦਾ। ਇਸ ਧੰਦੇ ਵਿਚ ਰਚਨਾਤਮਿਕਤਾ ਦਾ ਨਾਮੋ-ਨਿਸ਼ਾਨ ਵੀ ਨਹੀਂ ਸੀ।

ਫਿਰ ਸੰਪਾਦਕ ਦੀ ਕਿਸੇ ਵਿਉਂਤਬੰਦੀ ਤਹਿਤ ਜਾਂ ਸੰਪਾਦਕੀ ਅਮਲੇ ਦੇ ਮੈਂਬਰਾਂ ਦੇ 'ਬੇਅਸੂਲੇ' ਲਾਲਚ ਕਾਰਨ ਅਦਾਰੇ ਵਿਚ 'ਘਰੋਗੀ ਯੁੱਧ' ਜਦੋਂ ਸ਼ੁਰੂ ਹੋਇਆ ਤਾਂ ਗਲਤ ਹੁੰਦੀ ਜਾਂ ਠੀਕ, ਸ਼ਮਸ਼ੇਰ ਨੂੰ ਸੰਪਾਦਕ ਵਾਲੀ ਧਿਰ ਨਾਲ ਖੜ੍ਹਨਾ ਪੈਂਦਾ ਰਿਹਾ। ਇਸ ਬੇਲੋੜੀ ਕਸ਼ਮਕਸ਼ ਨੇ ਖਬਰਾਂ ਘੜਨ ਦਾ ਕੰਮ ਜੋ ਪਹਿਲਾਂ ਹੀ ਨੀਰਸ ਸੀ, ਉਸ ਨੂੰ ਹੋਰ ਨੀਰਸ ਬਣਾ ਦਿਤਾ। ਸਿਆਸਤ ਵਿਚ ਮੱਸ ਰਖਣ ਵਾਲਾ ਬੰਦਾ ਇਸ ਨੀਰਸਤਾ 'ਚੋਂ ਵੀ ਮੈਜਿਕ ਪੈਦਾ ਕਰ ਸਕਦਾ ਸੀ, ਪਰ ਸ਼ਮਸ਼ੇਰ ਦੀ ਮਾੜੀ ਕਿਸਮਤ ਨੂੰ ਉਸ ਦੀ ਸਿਆਸਤ ਦੀਆਂ ਖੇਡਾਂ ਵਿਚ ਉਕਾ ਹੀ ਰੁਚੀ ਨਹੀਂ ਸੀ। ਪਿਛੇ ਜਿਹੇ ਪੀ. ਟੀ. ਸੀ. ਚੈਨਲ ਵਲੋਂ ਜੀਵਨ ਭਰ ਦੀ ਘਾਲ ਕਮਾਈ ਲਈ ਦਿਤੇ ਇਨਾਮ ਮੌਕੇ ਗੁਰਭਜਨ ਗਿੱਲ ਵਲੋਂ ਲਿਖੇ ਉਸ ਦੇ ਸ਼ਬਦ ਚਿਤਰ ਵਿਚ ਉਹ ਪੂਰੀ ਬੇਬਾਕੀ ਨਾਲ ਐਲਾਨ ਕਰਦਾ ਹੈ ਕਿ ਉਸ ਦਾ ਯਾਰ 'ਅੱਜ ਵੀ ਅਖਬਾਰਾਂ ਵਿਚੋਂ ਸਿਆਸੀ ਖਬਰਾਂ ਨਹੀਂ ਪੜ੍ਹਦਾ, ਆਖਦਾ ਹੈ, ਕੌਣ ਵਕਤ ਖਰਾਬ ਕਰੇ?'

ਸਾਨੂੰ ਪਤਾ ਹੈ ਕਿ 'ਪੰਜਾਬੀ ਟ੍ਰਿਬਿਊਨ' ਸ਼ੁਰੂ ਹੋਣ ਤੋਂ ਅਜੇ ਮਹਿਜ ਕੁਝ ਮਹੀਨੇ ਪਹਿਲਾਂ ਅਪਰੈਲ 1978 ਦਾ ਚਰਚਿਤ ਨਿਰੰਕਾਰੀ ਕਾਂਡ ਵਾਪਰਿਆ ਸੀ ਅਤੇ ਫਿਰ ਸਾਲ 1982 ਵਿਚ ਅਕਾਲੀਆਂ ਦੇ ਧਰਮ ਯੁੱਧ ਮੋਰਚੇ ਤੋਂ ਪਿਛੋਂ ਅਗਲੇ ਪੂਰੇ ਦਹਾਕੇ ਦੌਰਾਨ ਪੰਜਾਬ ਦਾ ਸਿਆਸੀ ਮਾਹੌਲ ਲਗਾਤਾਰ ਪ੍ਰਚੰਡ ਰੂਪ ਵਿਚ ਭਖਿਆ ਰਿਹਾ। ਇਸ ਦੌਰ ਦੌਰਾਨ ਦਲਬੀਰ ਸਿੰਘ ਅਤੇ ਕਰਮਜੀਤ ਸਿੰਘ-ਦੋਵੇਂ ਨਿਊਜ਼ ਡੈਕਸ ਦੇ ਥੰਮ੍ਹ ਸਨ, ਭਾਵ ਚੀਫ ਸਬ ਐਡੀਟਰ ਸਨ। ਦਲਬੀਰ ਸਿੰਘ ਖਾੜਕੂ ਲਹਿਰ ਨੂੰ ਪੰਜਾਬ ਦੇ ਸ਼ਾਨਾਂਮੱਤੇ ਸਾਂਝੇ ਸੈਕੂਲਰ ਵਿਰਸੇ ਦਾ ਬਦਤਰੀਨ ਨਿਖੇਧ ਮੰਨਦਾ ਸੀ ਜਦੋਂਕਿ ਕਰਮਜੀਤ ਸਿੰਘ ਦੇ ਵਿਸ਼ਵਾਸ ਅਨੁਸਾਰ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਸੁੱਤੀ ਪਈ ਸਿੱਖ ਕੌਮ ਨੂੰ ਜਗਾ ਦਿੱਤਾ ਸੀ ਅਤੇ 18ਵੀਂ ਸਦੀ ਦੇ ਮਹਾਨ ਸਿੱਖ ਇਤਿਹਾਸ ਦੀਆਂ ਰਵਾਇਤਾਂ ਨੂੰ ਮੁੜ ਉਜਾਗਰ ਕਰ ਦਿੱਤਾ ਸੀ। ਇੰਨਾ ਵੱਡਾ ਅੰਤਰ ਸੀ, ਦੋਹਾਂ ਸੱਜਣਾਂ ਦੀਆਂ ਜੀਵਨ ਦ੍ਰਿਸ਼ਟੀਆਂ ਅੰਦਰ! ਜਾਹਰ ਹੈ ਕਿ ਇਹ ਬੇਹੱਦ ਤਣਾਓ ਭਰਿਆ ਸਮਾਂ ਸੀ।

ਫਿਰ ਸਟਾਫ ਵਿਚ ਤਰੱਕੀਆਂ ਲਈ ਕਸ਼ਮਕਸ਼ ਖਤਮ ਹੋਣ ਤੋਂ ਦੋ ਕੁ ਵਰ੍ਹੇ ਬਾਅਦ ਜਗਤਾਰ ਸਿੰਘ ਸਿੱਧੂ ਅਤੇ ਦਲਜੀਤ ਸਰਾਂ ਵਿਚਾਲੇ ਸਟਾਫ ਰਿਪੋਰਟਰੀ ਦੀ 'ਪ੍ਰਾਈਜ ਪੋਸਟ' ਉਤੇ ਕਾਬਜ਼ ਹੋਣ ਲਈ ਰੱਸਾਕਸ਼ੀ ਸ਼ੁਰੂ ਹੋ ਗਈ, ਜਿਸ ਨੇ ਅਦਾਰੇ ਦੇ ਮਾਹੌਲ ਨੂੰ ਅਜਿਹੀ ਜ਼ਹਿਰੀਲੀ ਕੁੜਿੱਤਣ ਅਤੇ ਆਪਸੀ ਬੇਵਿਸ਼ਵਾਸੀ ਨਾਲ ਡੰਗ ਦਿੱਤਾ, ਜਿਸ ਦੇ ਮਾਰੂ ਅਸਰ ਤੋਂ ਫਿਰ ਅੱਗੇ ਜਾ ਕੇ ਸ਼ਾਇਦ ਕਦੀ ਵੀ ਨਿਜਾਤ ਨਾ ਪਾਈ ਜਾ ਸਕੀ। ਮੈਂ ਦਲਜੀਤ ਦੇ ਨਾਲ ਸਾਂ ਅਤੇ ਉਂਜ ਵੀ ਉਹ ਮੈਨੂੰ ਜਗਤਾਰ ਦੇ ਮੁਕਾਬਲੇ ਹਰ ਪੱਖ ਤੋਂ ਉਸ ਅਸਾਮੀ ਲਈ ਬਿਹਤਰ ਉਮੀਦਵਾਰ ਲਗਦਾ ਸੀ। ਫਿਰ ਦੋਹਾਂ ਉਮੀਦਵਾਰਾਂ ਨੂੰ ਵੀ ਬੜੀ ਅਸਾਨੀ ਨਾਲ ਐਡਜਸਟ ਵੀ ਕੀਤਾ ਜਾ ਸਕਦਾ ਸੀ।

'ਪੰਜਾਬੀ ਟ੍ਰਿਬਿਊਨ' ਦੇ ਇਤਿਹਾਸ ਦੇ ਉਸ ਮੋੜ 'ਤੇ ਸੰਪਾਦਕ ਗੁਲਜ਼ਾਰ ਸਿੰਘ ਸੰਧੂ ਕਲਾਸੀਕਲ ਅੰਦਾਜ਼ ਵਿਚ ਸਹਿਜ ਮਤੇ ਵਾਲਾ ਬੇਹੱਦ ਸ਼ਾਇਸਤਾ ਇਨਸਾਨ ਸੀ। ਸਟਾਫ ਵਿਚ ਉਸ ਵਕਤ ਇਕ ਨਹੀਂ ਸਗੋਂ ਦੋ ਸਬ ਐਡੀਟਰਾਂ ਦੀਆਂ ਅਸਾਮੀਆਂ ਖਾਲੀ ਸਨ। ਉਹ ਪੂਰਾ ਵਰ੍ਹਾ ਇਸ ਦਲੀਲ 'ਤੇ ਪੂਰਨ ਸੁਹਿਰਦਤਾ ਨਾਲ ਜੂਝਦਾ ਰਿਹਾ ਕਿ ਸਬ ਐਡੀਟਰ ਦੀ ਇਕ ਅਸਾਮੀ ਨੂੰ ਸਟਾਫ ਰਿਪੋਰਟਰ ਵਜੋਂ ਪੁਰ ਕਰ ਲਿਆ ਜਾਵੇ। ਅਜਿਹਾ ਨਾ ਕਰਨ ਦੀ ਉਕਾ ਹੀ ਕੋਈ ਵਜ੍ਹਾ ਨਹੀਂ ਸੀ, ਪਰ ਯੂਨੀਅਨ ਦੇ ਦਾਸਤੋਵਸਕੀਅਨ ਬਦੀ ਦੇ ਪ੍ਰਤੀਕ, ਸਕੱਤਰ ਪੰਡਿਤ ਮੋਹਣ ਲਾਲ ਨੇ ਜਨਰਲ ਮੈਨੇਜਰ ਦੀ ਗਰਦਨ 'ਤੇ ਗੋਡਾ ਰੱਖਿਆ ਹੋਇਆ ਸੀ। ਮੈਂ ਇਸ ਪਰਿਵਾਰਕ ਘਮਾਸਾਣ ਦੌਰਾਨ ਦਲਜੀਤ ਦੇ ਹੱਕ ਵਿਚ ਅਜਿਹੇ ਨਾਜ਼ਕ ਅੰਦਾਜ਼ ਵਿਚ, ਜ਼ਿੰਦਗੀ-ਮੌਤ ਦਾ ਸਵਾਲ ਬਣਾ ਕੇ ਅਜਿਹੀ ਪੁਜੀਸ਼ਨ ਲਈ ਹੋਈ ਸੀ ਕਿ ਸੋਚਿਆਂ ਹੁਣ ਵੀ ਤ੍ਰਾਹ ਨਿਕਲ ਜਾਂਦਾ ਹੈ। ਉਸ ਬਾਰੇ 'ਡਰਾਮੇ' ਦੇ ਕਿਸੇ ਵੀ ਮੋੜ 'ਤੇ ਪ੍ਰੈਸ਼ਰ ਕਾਰਨ ਸਹਿਜੇ ਹੀ ਦਿਮਾਗ ਦੀ ਨਸ ਵੀ ਫਟ ਸਕਦੀ ਸੀ। ਫਿਰ 'ਪੰਜਾਬੀ ਟ੍ਰਿਬਿਊਨ' ਪਰਿਵਾਰ ਅੰਦਰ ਜਦੋਂ ਇਹ 'ਘਰੋਗੀ ਜੰਗ' ਚਲ ਰਹੀ ਸੀ ਤਾਂ ਬਾਹਰ ਪੂਰੇ ਪੰਜਾਬ ਅੰਦਰ ਭਰਾ-ਮਾਰੂ ਜੰਗ ਦਾ ਮਾਹੌਲ ਉਸ ਤੋਂ ਵੀ ਕਿਤੇ ਵੱਧ ਪ੍ਰਚੰਡ ਰੂਪ ਵਿਚ ਭਖਿਆ ਹੋਇਆ ਸੀ।

ਆਪਣੀ ਕੁਦਰਤੀ ਸੰਵੇਦਨਾ ਅਤੇ ਸਮਝ ਅਨੁਸਾਰ ਹੋਣਾ ਤਾਂ ਮੈਨੂੰ ਉਸ ਰਾਮ-ਰੌਲੇ ਤੋਂ ਬੇਨਿਆਜ਼ ਚਾਹੀਦਾ ਸੀ; ਪਰ ਮੇਰੀ ਅਕਲ ਕਿਸੇ ਕੰਮ ਨਹੀਂ ਸੀ ਆ ਰਹੀ। ਕਰਮਜੀਤ ਸਿੰਘ ਨਾਲ ਮੇਰੀ ਭਰਾਵਾਂ ਵਰਗੀ ਯਾਰੀ ਪਹਿਲੇ ਦਿਨ ਤੋਂ ਹੀ ਪੈ ਗਈ ਸੀ ਅਤੇ ਖਬਰਾਂ ਦੇ ਮਾਮਲੇ ਵਿਚ ਉਸ ਦੀ ਪੁਜੀਸ਼ਨ ਹੀ ਮੇਰੀ ਪੁਜੀਸ਼ਨ ਸੀ। ਸਾਲ 1985 ਦੇ ਆਰ-ਪਾਰ ਦੇ ਸਮੇਂ ਤੋਂ ਹੋਰ ਵੀ ਕੁਝ ਕਾਰਨ ਸਨ ਕਿ ਖੁਦ ਸੋਚਣ ਦਾ ਕਾਰੋਬਾਰ ਮੈਂ ਛੱਡਿਆ ਹੋਇਆ ਸੀ। ਫਿਰ ਵੀ ਡਿਊਟੀ ਦਾ ਸਾਰਾ ਸਮਾਂ ਖਾਹ-ਮਖਾਹ ਹੀ ਮੇਰੇ ਭਾਅ ਦੀਆਂ ਬਣੀਆਂ ਰਹਿੰਦੀਆਂ ਸਨ।

ਇਹ ਸਾਰੀ ਕਹਾਣੀ ਮੈਂ ਸੁਣਾ ਇਸ ਕਰਕੇ ਰਿਹਾ ਹਾਂ ਕਿਉਂਕਿ ਸ਼ਮਸ਼ੇਰ ਨਾਲ ਸ਼ੁਰੂ ਤੋਂ ਹੀ ਮੈਨੂੰ ਸੰਵੇਦਨਾ ਦੇ ਕਈ ਅਹਿਮ ਨੁਕਤਿਆਂ 'ਤੇ ਗਹਿਰੀ ਸਾਂਝ ਮਹਿਸੂਸ ਹੋਣ ਲੱਗ ਪਈ ਸੀ। ਮੈਨੂੰ ਸ਼ਮਸ਼ੇਰ 'ਤੇ ਅੰਦਰੇ-ਅੰਦਰ ਸਦਾ, ਖਾਹ-ਮਖਾਹ ਖਿੱਝ ਚੜ੍ਹੀ ਰਹਿੰਦੀ ਸੀ ਕਿ ਉਹ ਉਸ ਸਾਰੇ ਹਲਚਲ ਭਰੇ ਮਾਹੌਲ ਵਿਚ ਨਿਰਲੇਪ ਕਿਉਂ ਸੀ; ਹਰ ਵਕਤ ਬਰਫ ਵਾਂਗ ਠੰਢਾ ਯੱਖ ਕਿਉਂ ਸੀ! ਫਿਰ ਯੂਨੀਅਨ ਅਤੇ ਅਦਾਰੇ ਦੀ ਸਥਾਪਤੀ ਆਪਸ ਵਿਚ ਮਿਲੀ ਹੋਈ ਸੀ ਅਤੇ ਉਨ੍ਹਾਂ ਸਮਿਆਂ ਦੀ ਮੇਰੀ ਮੱਤ ਅਨੁਸਾਰ, ਉਤੋਂ ਕਹਿਰ ਇਹ ਸੀ ਕਿ ਸ਼ਮਸ਼ੇਰ ਉਨ੍ਹਾਂ ਦੇ ਨਾਲ ਡਟ ਕੇ ਖੜ੍ਹਾ ਤਾਂ ਨਹੀਂ ਸੀ, ਪਰ ਸ਼ਾਂਤ ਚਿਤ ਬੈਠਾ ਉਨ੍ਹਾਂ ਦੇ ਪਾਲੇ ਅੰਦਰ ਹੀ ਸੀ। ਵਕਤ-ਵਕਤ ਦੀਆਂ ਗੱਲਾਂ ਹਨ; ਕਰਮਜੀਤ ਤੇ ਦਲਜੀਤ ਦੇ ਨਾਲ ਆਪਣਾ ਪੱਖ ਮੈਨੂੰ ਪਾਂਡੋਆਂ ਦੀ ਧਿਰ ਲਗਦੀ ਸੀ ਅਤੇ ਸ਼ਮਸ਼ੇਰ

***(ਅਗਲੇ ਸਫੇ 'ਤੇ ਜਾਰੀ)***

# ਸ਼ਮਸ਼ੇਰ ਸੰਧੂ ਦਾ ਸਮਾਂ, ਸੁਰਾਂ ਅਤੇ ਸਾਜ਼

*(ਪਿਛਲੇ ਸਫੇ ਦੀ ਬਾਕੀ)*

ਨਾਲ ਲਗਾਤਾਰ 'ਤਣਾਓ' ਦਾ ਮਸਲਾ ਇਹ ਸੀ ਕਿ ਉਹ ਸਾਊ ਸੀ ਅਤੇ ਮੇਰੇ ਵਾਲੀ 'ਧਰਮੀ' ਧਿਰ ਨਾਲ ਖੜ੍ਹਦਾ ਕਿਉਂ ਨਹੀਂ ਸੀ!

ਸ਼ਮਸ਼ੇਰ ਦੇਖਣ ਨੂੰ ਜਿੰਨਾ ਸਿਰੇ ਦਾ ਸਾਊ ਅਤੇ ਧੀਮੇ ਬੋਲਾਂ ਵਾਲਾ ਸ਼ਖਸ ਸੀ, ਉਸ ਨਾਲ ਖਾਹ-ਮਖਾਹ ਛੇੜ-ਛਾੜ ਕਰਨੀ ਓਨੀ ਹੀ ਖਤਰਨਾਕ ਸੀ, ਪਰ ਇਕ ਤਰਫਾ ਰਿਸ਼ਤੇ ਦੇ ਮੇਰੇ ਉਪਰ ਦੱਸੇ ਸਵੈ-ਸਿਰਜੇ ਦਾਅਵੇ ਤਹਿਤ ਮੈਥੋਂ ਅਕਸਰ ਹੀ ਦਾਅ-ਦਾਅ ਨਾਲ ਉਸ ਦੀ ਅੰਤਰ-ਆਤਮਾ ਨੂੰ ਪੋਲੀਆਂ-ਪੋਲੀਆਂ ਹੁੱਝਾਂ ਮਾਰੀ ਜਾਣ ਤੋਂ ਰਹਿ ਨਹੀਂ ਸੀ ਹੁੰਦਾ। ਸਾਫ ਜਾਹਰ ਹੈ ਕਿ ਮੈਨੂੰ ਮੂੰਹ ਦੀ ਖਾਣੀ ਪੈਣੀ ਸੀ। ਸੋ, ਸ਼ਮਸ਼ੇਰ ਨੇ ਉਸ ਸਾਰੇ ਸਮੇਂ ਦੌਰਾਨ ਇਕ ਵਾਰ ਨਹੀਂ ਸਗੋਂ ਦੋ ਵਾਰੀ ਮੈਨੂੰ ਇਹ ਕਹਿ ਕੇ ਟੋਕਿਆ ਕਿ ਮੈਂ ਉਸ ਨਾਲ 'ਇਲਹਾਮੀ ਸੁਰ' ਵਿਚ ਗੱਲ ਨਾ ਕਰਿਆ ਕਰਾਂ। ਉਸ ਦੇ ਇਸ ਕੋਰੇ ਸੰਕੇਤ ਨਾਲ ਮੈਨੂੰ ਕੀ ਪ੍ਰੇਸ਼ਾਨੀ ਹੋਈ ਹੋਵੇਗੀ, ਪਾਠਕਾਂ ਨੂੰ ਇਹ ਅੰਦਾਜ਼ਾ ਖੁਦ ਹੀ ਲਾਉਣਾ ਪੈਣਾ ਹੈ।

ਸ਼ਮਸ਼ੇਰ ਨਾਲ ਆਪਣੇ ਵਖਰੇਵੇਂ ਦੀ ਗੱਲ ਕਰਦਿਆਂ ਮੈਨੂੰ 1987 ਦੇ ਅੰਤ ਜਾਂ 1988 ਦੇ ਅਰੰਭਲੇ ਮਹੀਨਿਆਂ ਦੌਰਾਨ ਵਾਪਰੀ ਘਟਨਾ ਯਾਦ ਆ ਗਈ ਹੈ। ਅੰਮ੍ਰਿਤਸਰ ਦੇ ਉਰਵਾਰ ਵਾਲੀ ਸਾਈਡ 'ਤੇ ਸਾਰੇ ਇਲਾਕੇ ਵਿਚ ਬਾਬਾ ਮਾਨੋਚਾਹਲ ਦੀ 'ਭਿੰਡਰਾਂਵਾਲਾ ਟਾਈਗਰਜ਼ ਫੋਰਸ' ਦਾ 'ਲੈਫਟੀਨੈਂਟ ਜਨਰਲ' ਸੁਰਜੀਤ ਸਿੰਘ ਪੈਂਟਾ ਉਨ੍ਹੀਂ ਦਿਨੀਂ ਦਹਿਸ਼ਤ ਦਾ ਰੂਪ ਬਣਿਆ ਹੋਇਆ ਸੀ। ਉਸ ਨੇ ਆਪਣਾ ਹੈਡਕੁਆਰਟਰ ਰਈਆ ਮੰਡੀ ਕੋਲ ਨਗਰ ਬੁਟਾਰੀ ਵਿਚ ਸਾਡੇ ਕਰੀਬੀ ਰਿਸ਼ਤੇਦਾਰਾਂ ਦੇ ਫਾਰਮ ਹਾਊਸ ਨੂੰ ਬਣਾਇਆ ਹੋਇਆ ਸੀ। ਉਥੋਂ ਹੀ ਇਕ ਰਾਤ ਕੂਚ ਕਰਕੇ ਉਸ ਨੇ ਨੇੜੇ ਹੀ ਨਗਰ ਜਮਸ਼ੇਰ ਵਿਚ ਕਾਲਜ ਦੇ ਦਿਨਾਂ ਦੇ ਸਾਡੇ ਮਾਸਟਰ ਚਰਨ ਨਾਂ ਦੇ ਬੇਹੱਦ ਜ਼ਹੀਨ ਸਾਥੀ ਨੂੰ ਮਾਰ-ਮੁਕਾਇਆ। ਚਰਨ ਸਾਇੰਸ ਟੀਚਰ ਸੀ ਅਤੇ ਪਿੰਡ ਵਿਚ ਹੀ ਮਿਡਲ ਸਕੂਲ ਦਾ ਹੈਡਮਾਸਟਰ ਸੀ। ਪਿੰਡ ਵਿਚ ਲਾਗ-ਡਾਟ ਸੀ। ਕਿਹਾ ਇਹ ਗਿਆ ਕਿ ਮਾਸਟਰ ਕਾਮਰੇਡ ਸੀ, ਨਾਸਤਕ ਸੀ ਅਤੇ ਬੱਚਿਆਂ ਨੂੰ ਸਕੂਲ ਵਿਚ ਪਾਠ ਕਰਵਾਉਣ ਦੀ ਇਜਾਜ਼ਤ ਦੇਣ ਤੋਂ ਇਨਕਾਰੀ ਸੀ। ਵਿਆਹ ਤੋਂ 10-12 ਸਾਲ ਬਾਅਦ ਤੱਕ ਚਰਨ ਦੇ ਘਰੇ ਕੋਈ ਬੱਚਾ ਨਹੀਂ ਸੀ ਹੋਇਆ ਅਤੇ ਉਸ ਦੀ ਪਤਨੀ ਪਰਿਵਾਰ ਦੀ ਰਜ਼ਾਮੰਦੀ ਨਾਲ ਆਪਣੀ ਇਕ ਭਾਣਜੀ ਜੋ ਮਾਨਸਿਕ ਤੌਰ 'ਤੇ ਥੋੜ੍ਹੀ ਸਿਧਰੀ ਸੀ, ਨੂੰ ਉਸ ਦੀ ਦੂਸਰੀ ਪਤਨੀ ਵਜੋਂ ਘਰੇ ਲੈ ਆਈ ਹੋਈ ਸੀ। ਘਟਨਾ ਵਾਲੀ ਰਾਤ ਪੈਂਟੇ ਅਤੇ ਉਸ ਦੇ ਸਾਥੀਆਂ ਨੇ ਚਰਨ ਨੂੰ ਉਸ ਦੀ ਬੁਢੜੀ ਮਾਂ ਅਤੇ ਦੋਹਾਂ ਪਤਨੀਆਂ ਦੇ ਸਾਹਮਣੇ ਹੱਥ-ਪੈਰ ਬੰਨ੍ਹ ਕੇ ਰੋਹੀ 'ਤੇ ਪੈਂਦੇ ਫਾਰਮ ਹਾਊਸ 'ਤੇ ਧਰੇਕ ਦੇ ਦਰੱਖਤ 'ਤੇ ਟੰਗਿਆ। ਹੇਠਾਂ ਦੋ ਰਜਾਈਆਂ ਰੱਖੀਆਂ ਅਤੇ ਇੰਜਣ ਵਿਚੋਂ ਮੋਬਿਲ-ਆਇਲ ਲੈ ਕੇ ਰੂੰ ਉਪਰ ਛਿੜਕਾਉ ਕਰਕੇ ਤੀਲੀ ਬਾਲ ਦਿਤੀ। ਸੇਕ ਲੱਗਣ



*(ਖੱਬਿਓਂ) ਪ੍ਰਿੰ. ਸਰਵਣ ਸਿੰਘ, ਗੁਲਜ਼ਾਰ ਸਿੰਘ ਸੰਧ ਅਤੇ ਸ਼ਮਸ਼ੇਰ ਸੰਧੂ*

ਨਾਲ ਮਾਸਟਰ ਚਰਨ ਜਦੋਂ ਚੀਕਿਆ ਤਾਂ ਉਨ੍ਹਾਂ ਨੇ ਏ.ਕੇ. 47 ਦਾ ਬਰਸਟ ਮਾਰ ਕੇ ਉਸ ਨੂੰ ਸ਼ਾਂਤ ਕਰ ਦਿਤਾ।

ਸਾਡੇ ਇਕ ਸਾਥੀ ਸਬ ਐਡੀਟਰ ਨੇ ਚੁਟਕੀ ਪਾਠ ਕਰਦਿਆਂ ਛੋਟੀ ਜਿਹੀ ਖਬਰ ਬਣਾ ਦਿਤੀ। ਮੈਨੂੰ ਸਾਰਾ ਜ਼ੋਰ ਲਾਉਣ ਦੇ ਬਾਵਜੂਦ ਖਬਰ ਨੂੰ ਨਵੇਂ ਸਿਰਿਓਂ ਲਿਖਣ ਦੀ ਇਜਾਜ਼ਤ ਤਾਂ ਕੀ ਮਿਲਣੀ ਸੀ, ਨਿਊਜ਼ ਰੂਮ ਵਿਚ ਘੜੀ-ਪਲ ਲਈ ਰੱਫੜ ਜ਼ਰੂਰ ਪਿਆ ਰਿਹਾ। ਸ਼ਮਸ਼ੇਰ ਮੇਰੇ ਨਾਲ ਬੈਠਾ ਸੀ। ਮੈਂ ਉਸ ਨੂੰ ਹੁੱਝਾਂ ਮਾਰਾਂ ਕਿ ਉਹ ਮੇਰੀ ਪਿੱਠ 'ਤੇ ਆਵੇ ਪਰ ਬਾਈ ਜੀ ਤਾਂ ਉਸ ਪਲ ਮਾਨੋ ਕਿਸੇ ਬੋਧ ਭਿਕਸ਼ੂ ਦੀ ਮਨੋ-ਅਵਸਥਾ ਵਿਚ ਸੀ। ਘੰਟੇ ਕੁ ਬਾਅਦ ਚਰਨ ਦੀ ਹੱਤਿਆ ਜਿੰਨੀਆਂ ਹੀ ਮਨਹੂਸ ਕੁਝ ਹੋਰ ਖਬਰਾਂ ਆ ਗਈਆਂ ਅਤੇ ਸਾਰੇ ਮੈਂਬਰ ਚਰਨ ਵਾਲੀ ਗੱਲ ਭੁੱਲ-ਭੁਲਾ ਗਏ। ਰਾਤ ਦੇ 8 ਕੁ ਵਜੇ ਖਬਰਾਂ ਦਾ ਕੰਮ ਮੁੱਕ ਗਿਆ ਅਤੇ ਸ਼ਮਸ਼ੇਰ ਨੇ ਫੁਰਸਤ ਦੇ ਪਲਾਂ ਦਾ ਲਾਹਾ ਲੈਂਦਿਆਂ ਬੜੇ ਸਹਿਜ ਮਤੇ ਨਾਲ ਕੋਈ ਕਥਾ ਸੁਣਾਉਣੀ ਸ਼ੁਰੂ ਕਰ ਦਿਤੀ।

ਅਫਸੋਸ, ਮੈਨੂੰ ਉਹ ਕਥਾ ਤਾਂ ਯਾਦ ਰਹੀ ਨਹੀਂ ਪਰ ਉਸ ਪਰਥਾਏ ਮੈਂ ਉਸੇ ਭਾਵਨਾ ਵਾਲੀ ਕੋਈ ਹੋਰ ਕਥਾ ਜੋ ਬਿਲਕੁਲ ਉਸ ਦੇ 'ਵੱਡੇ ਭਾਈ' ਗੁਲਜ਼ਾਰ ਸਿੰਘ ਸੰਧੂ ਨੇ ਦੋ ਕੁ ਵਰ੍ਹੇ ਪਹਿਲਾਂ 'ਸਿਰਜਣਾ' ਮੈਗਜ਼ੀਨ ਵਿਚ ਛਪੇ 'ਮੈਂ ਤੇ ਮੇਰੀ ਰਚਨਾਕਾਰੀ' ਵਾਲੇ ਲੰਮੇ ਲੇਖ ਵਿਚ ਸੁਣਾਈ ਹੋਈ ਹੈ, ਜ਼ਰੂਰ ਸ਼ਮਸ਼ੇਰ ਦੀ ਸਹਿਜ ਸ਼ਖਸੀਅਤ ਨੂੰ ਜਾਣਨ ਲਈ ਉਤਸੁਕ ਸੱਜਣਾਂ ਨੂੰ ਸੁਣਾਉਣੀ ਚਾਹਾਂਗਾ। ਸੰਧੂ ਸਾਹਿਬ ਦੱਸਦੇ ਹਨ:

(ਅਖੇ) ਇਕ ਵਾਰੀ ਸਾਹਮਣੇ ਘਰ ਵਿਚੋਂ ਉਚੀ ਅਵਾਜ਼ ਨੇ ਮੈਨੂੰ ਜਗਾ ਦਿਤਾ। ਪਤਾ ਲੱਗਿਆ ਕਿ ਉਸ ਘਰ ਦੇ ਮੁਖੀ ਦੀ ਅਚਾਨਕ ਮੌਤ ਹੋ ਗਈ ਸੀ। ਮੈਂ ਇਕੱਲਾ ਸਾਂ। ਮੇਰੀ ਬੀਵੀ ਸਰਕਾਰੀ ਕੰਮ ਦਿੱਲੀ ਦੌਰੇ 'ਤੇ ਗਈ ਹੋਈ ਸੀ। ਘਰ ਦੇ ਮੁਖੀ ਦੀ ਮੌਤ ਤੋਂ ਪਿੱਛੋਂ ਉਸ ਘਰ ਵਿਚ ਛੋਟੇ ਬੱਚਿਆਂ ਤੋਂ ਬਿਨਾ ਮਰਨ ਵਾਲੇ ਦੀ ਵਿਧਵਾ ਸੀ, ਜਿਸ ਨੂੰ ਮੈਂ ਕਦੀ ਹੈਲੋ ਤਕ ਨਹੀਂ ਸੀ ਕੀਤੀ। ਮੈਂ ਫੈਸਲਾ ਕੀਤਾ ਕਿ ਮੈਨੂੰ ਉਸ ਘਰ ਜਾਣ ਦੀ ਲੋੜ ਨਹੀਂ।

ਮੈਂ ਦਫਤਰ ਜਾਣ ਲਈ ਤਿਆਰ ਹੋ ਰਿਹਾ ਸਾਂ ਕਿ ਮੇਰੇ ਪੈਰਾਂ ਉਤੇ ਸਾਡਾ ਪਾਲਿਆ ਹੋਇਆ ਬਲੂੰਗੜਾ ਆ ਕੇ ਬਹਿ ਗਿਆ। ਉਹ ਬਿਮਾਰ ਤੇ ਥੱਕਿਆ ਹੋਇਆ ਜਾਪਦਾ ਸੀ, ਜਿਵੇਂ ਮਰਨ ਕਿਨਾਰੇ ਹੋਵੇ। ਮੈਂ ਉਸ ਨੂੰ ਚੁੱਕ ਕੇ ਦੇਖਣ ਲਗਿਆ ਤਾਂ ਉਸ ਦੀ ਗਰਦਨ ਲੁੜਕ ਗਈ। ਮੈਨੂੰ ਇਹ ਨਤੀਜਾ ਕੱਢਦਿਆਂ ਦੇਰ ਨਹੀਂ ਲਗੀ ਕਿ ਉਸ ਨੂੰ ਸਾਡੀ ਸਾਂਝੀ ਛੱਤ ਵਾਲਿਆਂ ਨੇ ਮਰਨ ਦੀ ਗੋਲੀ ਖਵਾ ਛੱਡੀ ਸੀ। ਉਨ੍ਹਾਂ ਦੇ ਘਰ ਬੱਚੇ ਨੇ ਜਨਮ ਲਿਆ ਸੀ। ਇਹ ਬੱਚਾ ਦੋ ਭਰੂਣਾਂ ਤੋਂ ਪਿਛੋਂ ਹੋਇਆ ਸੀ। ਉਨ੍ਹਾਂ ਨੂੰ ਸਾਡੇ ਬਲੂੰਗੜੇ ਤੋਂ ਬੜਾ ਡਰ ਲਗਦਾ ਸੀ। ਉਨ੍ਹਾਂ ਨੇ ਕਈ ਵਾਰ ਕਿਹਾ ਵੀ ਸੀ ਕਿ ਅਸੀਂ ਬਲੂੰਗੜੇ ਨੂੰ ਬੰਨ੍ਹ ਕੇ ਰਖਿਆ ਕਰੀਏ। ਸਾਨੂੰ ਬਲੂੰਗੜਾ ਬੰਨ੍ਹਣ ਦੀ ਜਾਚ ਨਹੀਂ ਸੀ। ਮੇਰੇ ਮਨ ਅੰਦਰ ਮਰੇ ਹੋਏ ਬਲੂੰਗੜੇ ਲਈ ਮੋਹ ਜਾਗ ਪਿਆ। ਮੈਂ ਆਪਣੇ ਦਫਤਰ ਜਾਣ ਦੀ ਥਾਂ ਬਲੂੰਗੜੇ ਦੀ ਲਾਸ਼ ਨੂੰ ਕਿਸੇ ਚੱਜ ਦੇ ਥਾਂ ਲਿਜਾ ਕੇ ਦਫਨਾਉਣ ਬਾਰੇ ਸੋਚਣ ਲਗ ਪਿਆ।"

ਮੈਨੂੰ ਅੱਜ ਤੱਕ ਯਾਦ ਹੈ ਕਿ ਸ਼ਮਸ਼ੇਰ ਜਦੋਂ ਪੂਰੀ ਬੇਨਿਆਜ਼ੀ ਨਾਲ ਇਸੇ ਤਰ੍ਹਾਂ ਦੀ ਕੋਈ ਕਥਾ ਸੁਣਾ ਰਿਹਾ ਸੀ ਤਾਂ ਮੈਂ ਉਸ ਨੂੰ ਸੁਣਦਿਆਂ ਲਗਾਤਾਰ ਨਾਲ ਦੀ ਨਾਲ ਮਾਸਟਰ ਚਰਨ ਦੀ ਪੈਂਟੇ ਅਤੇ ਉਸ ਦੇ ਸਾਥੀਆਂ ਹੱਥੋਂ ਬੇਰਹਿਮ ਹੱਤਿਆ ਬਾਰੇ ਸੋਚ ਰਿਹਾ ਸਾਂ।

ਸ਼ਮਸ਼ੇਰ ਨਾਲ ਆਪਣੀ 'ਛੇੜ-ਛਾੜ' ਦੀ ਇਕ ਹੋਰ ਗੱਲ ਸਾਂਝੀ ਕਰਨ ਨੂੰ ਜੀਅ ਕਰਦਾ ਹੈ। ਉਸ ਦੀ 'ਸਹਿਜ ਪੱਕੇ ਸੋ ਮੀਠਾ ਹੋਇ' ਵਾਲੀ ਮਨੋ-ਅਵਸਥਾ ਨੂੰ 'ਆਤੰਕਤ' ਕਰਨ ਲਈ ਅੰਤਿਮ ਹੱਥਕੰਡਾ ਵਰਤਦਿਆਂ ਇਕ ਦਿਨ ਮੈਂ ਉਸ ਨੂੰ ਸਿੱਧਾ ਹੀ ਸਵਾਲ ਕਰ ਦਿਤਾ ਕਿ ਉਹ ਘਰੋਂ ਸੌਖੇ ਪੇਂਡੂ ਪਰਿਵਾਰ ਵਿਚੋਂ ਹੈ ਅਤੇ ਫਿਰ ਸੁਣਿਐ, ਸਹੁਰੇ ਪਰਿਵਾਰ ਵਲੋਂ ਵੀ ਉਸ ਨੂੰ ਤਕੜੀ ਢਾਰਸ ਹੈ। ਉਹ 'ਪੰਜਾਬੀ ਟ੍ਰਿਬਿਊਨ' ਦੀ ਟਕਸਾਲ ਵਿਚ ਨੀਰਸ ਖਬਰਾਂ ਦੀ ਘਾੜਤ ਦੇ ਬੇਰਸ ਧੰਦੇ ਨੂੰ ਛੱਡ ਕੇ ਪਿੰਡ ਆਪਣੇ ਖੇਤਾਂ ਦੀ ਸੁਤੰਤਰ ਆਬੋ-ਹਵਾ ਵਿਚ ਕਿਉਂ ਨਹੀਂ ਚਲਿਆ ਜਾਂਦਾ! ਜਵਾਬ ਬੜਾ ਸੰਖੇਪ ਸੀ: 'ਬੱਲ, ਮੈਥੋਂ ਕਿਸੇ ਸੀਰੀ ਨੂੰ ਨੱਕਾ ਮੋੜਨ ਲਈ ਨਹੀਂ ਕਹਿ ਹੋਣਾ ਅਤੇ ਖੁਦ ਆਪ ਮੈਥੋਂ ਰਾਤ-ਬਰਾਤੇ ਐਦਾਂ ਦਾ ਔਖਾ ਕੰਮ ਹੋਣਾ ਨਹੀਂ।' ਇਹ ਕਹਿ ਕੇ ਮੇਰੇ ਸਭ ਗਿਲੇ-ਸ਼ਿਕਵੇ ਉਹਨੇ ਇਕ ਤਰ੍ਹਾਂ ਨਾਲ ਸਦਾ ਵਾਸਤੇ ਦੂਰ ਕਰ ਦਿਤੇ।

ਸ਼ਮਸ਼ੇਰ ਦੇ ਸਬਰ-ਸੰਤੋਖ ਨੂੰ ਬੂਰ ਪਿਆ। ਸਾਲ 1990 ਜਾਂ 91 ਦੀ ਗੱਲ ਹੈ। ਅਦਾਰੇ ਨੇ 'ਪੰਜਾਬੀ ਟ੍ਰਿਬਿਊਨ' ਦੇ ਪੰਨੇ ਵਧਾਏ ਅਤੇ 'ਫਿਲਮ ਅੰਕ', 'ਖੇਤੀ ਅੰਕ' ਅਤੇ ਹੋਰ ਯਾਦ ਨਹੀਂ, ਕਿਹੜੇ-ਕਿਹੜੇ ਨਵੇਂ ਅੰਕ ਸ਼ੁਰੂ ਕਰ ਦਿਤੇ। ਸਾਡੇ ਸਾਥੀ ਨੂੰ ਆਪਣੀਆਂ ਦਿਲਚਸਪੀਆਂ ਅਨੁਸਾਰ ਮਨਭਾਉਂਦਾ ਕੰਮ ਅਤੇ ਵੱਖਰਾ ਕੈਬਿਨ ਮਿਲ ਗਿਆ। ਨੀਰਸ ਖਬਰਾਂ ਦੀ ਘੈਂਸ-ਘੈਂਸ ਤੋਂ ਮੁਕਤੀ ਮਿਲਦਿਆਂ ਹੀ ਸ਼ਮਸ਼ੇਰ ਦੀ ਸ਼ਖਸੀਅਤ ਵਿਚ ਤੇਜੀ ਨਾਲ ਨਵਾਂ ਤੇ ਅਨੋਖਾ ਨਿਖਾਰ ਆਉਣਾ ਸ਼ੁਰੂ ਹੋ ਗਿਆ। ਸਾਲ 1992 ਦੇ ਅਰੰਭ ਵਿਚ ਹੀ ਖਾੜਕੂ ਧਿਰਾਂ ਨੇ ਚੋਣਾਂ ਦਾ ਬਾਈਕਾਟ ਕਰ ਦਿਤਾ। ਬਾਈਕਾਟ ਵਿਚੋਂ ਸ. ਬੇਅੰਤ ਸਿੰਘ ਨਿਕਲ ਆਇਆ ਅਤੇ ਉਸ ਨੇ ਕੇ. ਪੀ. ਐਸ. ਗਿੱਲ ਨੂੰ ਖੁੱਲ੍ਹੀ ਛੁੱਟੀ ਦੇ ਕੇ 'ਅਮਨ' ਦੀ ਬਹਾਲੀ ਤਾਂ ਕਰਵਾਈ ਹੀ ਕਰਵਾਈ, ਨਾਲ ਹੀ ਅਮਨ-ਸ਼ਾਂਤੀ ਦੇ ਮਾਹੌਲ ਦੀ ਬਹਾਲੀ ਦੇ ਆਪਣੇ ਦਾਅਵੇ ਦੀ ਤਸਦੀਕ ਵਜੋਂ ਪੂਰੇ ਪੰਜਾਬ ਅੰਦਰ ਗਾਇਕੀ ਦੇ ਫਲੱਡ-ਗੇਟ ਖੋਲ੍ਹ ਦਿੱਤੇ।

1990 ਤੋਂ ਬਾਅਦ ਅਗਲੇ ਕਈ ਵਰ੍ਹੇ ਮੇਰਾ ਸਾਰਾ ਧਿਆਨ ਪੰਜਾਬ ਅੰਦਰ ਖਾੜਕੂ ਲਹਿਰ ਦੌਰਾਨ ਆਮ ਲੋਕਾਂ ਵਲੋਂ ਝੱਲੇ ਸੰਤਾਪ ਦੀਆਂ ਕਹਾਣੀਆਂ ਇਕੱਠੀਆਂ ਕਰਨ 'ਤੇ ਲਗਿਆ ਰਿਹਾ। ਸ਼ਮਸ਼ੇਰ ਨੇ ਕੀ ਕੀਤਾ ਤੇ ਕੀ ਨਾ ਕੀਤਾ, ਮੈਨੂੰ ਉਨ੍ਹਾਂ ਸਾਲਾਂ ਦੌਰਾਨ ਕੱਖ ਵੀ ਪਤਾ ਨਾ ਲੱਗਾ। ਦਿਨ-ਰਾਤ ਮਾਰੋ-ਮਾਰ ਕਰਦਿਆਂ ਇਹ 'ਮੁਹਿੰਮ' ਮੈਂ ਸ਼ੁਰੂ ਤਾਂ ਕੀਤੀ ਸੀ ਪੁਲਿਸ ਵਧੀਕੀਆਂ ਅਤੇ ਸਾਧਾਰਨ/ਬੇਵਸ ਲੋਕਾਂ ਦੇ ਸੁਰੱਖਿਆ ਬਲਾਂ ਵਲੋਂ ਕੀਤੇ ਜਾ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਵੇਰਵੇ ਇਕੱਠੇ ਕਰਨ ਖਾਤਰ; ਪਰ ਸਮੁੱਚੇ ਪੰਜਾਬ ਹੀ ਨਹੀਂ ਬਲਕਿ ਦਿੱਲੀ, ਮੁੰਬਈ ਅਤੇ ਤਰਾਈ ਵਿਚ ਵਸੇ ਸਿੱਖ ਕਿਸਾਨਾਂ ਦੇ ਡੇਰਿਆਂ 'ਤੇ ਜਾ ਕੇ ਜੋ ਹਕੀਕਤ ਮੇਰੇ ਸਾਹਮਣੇ ਆਈ, ਉਹ ਇੰਨੀ ਵਿਕਰਾਲ ਤੇ ਗੁੰਝਲਦਾਰ ਸੀ ਕਿ ਮੇਰੀ ਆਤਮਾ ਇਕ ਤਰ੍ਹਾਂ ਨਾਲ ਸੁੰਨ ਹੋ ਕੇ ਰਹਿ ਗਈ। ਕੁਝ ਵੀ ਲਿਖਣ/ਲਿਖਾਉਣ ਦੀ ਹਿੰਮਤ ਜਾਂ ਜੁਰਅਤ ਹੀ ਨਾ ਪਈ। ਇਕੱਠੇ ਕੀਤੇ ਪੰਡਾਂ ਦੀਆਂ ਪੰਡਾਂ ਕਾਗਜ਼ ਪਏ ਹੀ ਰਹਿ ਗਏ।

'ਪੰਜਾਬੀ ਟ੍ਰਿਬਿਊਨ' ਦਾ ਮਾਹੌਲ ਖੁਲ੍ਹ ਗਿਆ ਸੀ। ਸ਼ਮਸ਼ੇਰ ਹੁਣ 'ਨਿਊਜ਼ ਰੂਮ' ਦੇ ਘੁਟਣ ਭਰੇ ਮਾਹੌਲ ਤੋਂ ਪੂਰਨ ਰੂਪ ਵਿਚ ਆਜ਼ਾਦ ਸੀ। ਇਹੀ ਉਹ ਸਮਾਂ ਸੀ, ਜਦੋਂ ਉਸ ਨੂੰ ਸੁਰਜੀਤ ਬਿੰਦਰਖੀਏ ਵਰਗਾ 'ਨਿੱਕਾ ਭਰਾ' ਮਿਲਿਆ ਅਤੇ ਉਸ ਦੇ ਯਾਰ ਗੁਰਭਜਨ ਗਿੱਲ ਦੇ ਕਥਨ ਅਨੁਸਾਰ, "ਬਿੰਦਰਖੀਏ ਨਾਲ ਉਸ ਦੀ ਜੋੜੀ ਵਿਚ ਜਦੋਂ ਅਤੁੱਲ ਸ਼ਰਮਾ ਆਣ ਮਿਲਿਆ ਤਾਂ ਖੂਬਸੂਰਤੀ ਦੀ ਇਸ ਤ੍ਰਿਕੜੀ ਨੇ ਹਰ ਮੈਦਾਨ ਫਤਿਹ ਕੀਤਾ।"

*(ਚਲਦਾ)*

# ਮੁਫਤ ਚੂੜੀਆਂ

"ਅੰਜੂ, ਚੂੜੀਆਂ ਨਹੀਂ ਲਵੇਂਗੀ?" ਰਵੀ ਨੇ ਅਵਾਜ਼ ਦਿਤੀ। ਦੁਕਾਨ ਸਾਹਮਣਿਓਂ ਲੰਘਦੀ ਸਕੂਲ ਨੂੰ ਜਾਂਦੀ ਅੰਜੂ ਰੁਕ ਗਈ। ਫਿਰ ਦੁਕਾਨ ਵਲ ਮੁੜ, ਦੋ ਕਦਮ ਅੱਗੇ ਵਧ ਬੋਲੀ, "ਤੁਹਾਡੀ ਦੁਕਾਨ ਤੋਂ ਚੂੜੀਆਂ ਕੌਣ ਲਵੇ? ਇੰਨਾ ਮਹਿੰਗਾ ਭਾਅ ਤੇ ਘਟੀਆ ਚੂੜੀਆਂ।"

"ਪਰ ਤੈਨੂੰ ਭਾਅ ਨਾਲ ਕੀ? ਤੇਰੇ ਕੋਲੋਂ ਪੈਸੇ ਮੰਗੇ ਕੀਹਨੇ ਨੇ? ਕੱਲ ਤਾਂ ਤੂੰ ਮੇਰੇ ਬਾਪੂ ਦੇ ਹੁੰਦਿਆਂ ਦੁਕਾਨ 'ਤੇ ਆ ਗਈ। ਭਲਾ ਬਾਪੂ ਸਾਹਮਣੇ ਮੈਂ ਕਿਸੇ ਨੂੰ ਘੱਟ ਭਾਅ 'ਤੇ ਕੋਈ ਚੀਜ਼ ਕਿਵੇਂ ਦੇ ਸਕਦਾ ਹਾਂ? ਅੱਜ ਬਾਪੂ ਨਹੀਂ ਹੈ। ਸਾਰੀ ਦੁਕਾਨ ਚੁੱਕ ਲੈ ਭਾਵੇਂ, ਮੁਫਤ ਵਿਚ ਹੀ।"



**ਜੇ. ਬੀ. ਸਿੰਘ, ਕੈਂਟ**
**Email: jupneja@gmail.com**

ਇਕ ਪਲ ਅੰਜੂ ਸ਼ਰਮਾ ਗਈ। ਕੁਝ ਨਾ ਬੋਲੀ। ਰਵੀ ਨੇ ਕੁਝ ਚੂੜੀਆਂ ਹੱਥ ਵਿਚ ਚੁੱਕੀਆਂ ਤੇ ਅੰਜੂ ਦੀ ਬਾਂਹ ਫੜਨ ਲਈ ਹੱਥ ਅੱਗੇ ਵਧਾਇਆ।

"ਨਹੀਂ ਨਹੀਂ, ਹੁਣ ਨਹੀਂ। ਹੁਣ ਮੇਰੇ ਕੋਲ ਪੈਸੇ ਨਹੀਂ ਹਨ।"

"ਫਿਰ ਉਹੀ ਗੱਲ! ਤੈਨੂੰ ਕਿਹਾ ਨਾ, ਬਾਪੂ ਦੀ ਗੈਰ ਹਾਜ਼ਰੀ ਵਿਚ ਤੂੰ ਭਾਵੇਂ ਸਾਰੀ ਦੁਕਾਨ ਵੀ ਚੁੱਕ ਲੈ, ਮੁਫਤ ਵਿਚ। ਤੇ ਹੁਣ ਬਾਪੂ ਨਹੀਂ।"

"ਪਰ ਮੇਰੀ ਮਾਂ ਤਾਂ ਹੈ ਘਰ ਵਿਚ। ਜਾਂਦਿਆਂ ਪੁੱਛੇਗੀ, "ਪੈਸੇ ਕਿਥੋਂ ਲਏ?"

"ਮੈਂ ਕੱਲ ਨੂੰ ਚੂੜੀਆਂ ਲੈਣ ਆਵਾਂਗੀ।"

"ਪਰ ਧਿਆਨ ਰੱਖੀਂ, ਬਾਪੂ ਨਾ ਹੋਵੇ ਦੁਕਾਨ 'ਤੇ।" ਤੇ ਅੰਜੂ ਚਲੀ ਗਈ। ਕਲਾਸ ਵਿਚ ਉਹ ਚੁੱਪ ਚਾਪ ਬੈਠੀ ਰਹੀ। ਕਿਸੇ ਅਲੌਕਿਕ ਸੁਆਦ ਵਿਚ ਗੁੰਮ ਸੁੰਮ। ਰਵੀ ਦਾ ਚਿਹਰਾ ਵਾਰ ਵਾਰ ਉਹਦੇ ਸਾਹਮਣੇ ਆਉਂਦਾ। ਬਾਕੀਆਂ ਨੂੰ ਪੂਰੇ ਭਾਅ 'ਤੇ, ਮੈਨੂੰ ਮੁਫਤ ਵਿਚ ਹੀ। ਇਹ ਸੋਚ ਕੇ ਉਹਦੇ ਮਨ ਵਿਚੋਂ ਖੁਸ਼ੀ ਦੀ ਇਕ ਲਹਿਰ ਉਠਦੀ ਤੇ ਸਾਰੇ ਸਰੀਰ ਨੂੰ ਇਕ ਝਰਨਾਹਟ ਜਿਹੀ ਦੇ ਜਾਂਦੀ। ਸਕੂਲੋਂ ਘਰ ਜਾਂਦਿਆਂ ਉਹਨੇ ਆਪਣੀ ਖਾਸ ਸਹੇਲੀ ਸਵੀਟੀ ਨੂੰ ਦਸਿਆ।

ਅਗਲੇ ਦਿਨ ਉਹ ਦੁਕਾਨ ਮੂਹਰਿਓਂ ਲੰਘੀ। ਰਵੀ ਦਾ ਬਾਪੂ ਵੀ ਉਥੇ ਸੀ। ਰਵੀ ਨੇ ਚੋਰ ਨਜ਼ਰਾਂ ਨਾਲ ਅੰਜੂ ਵਲ ਦੇਖਿਆ। ਜਿਵੇਂ ਸਾਰੇ ਦਾ ਸਾਰਾ ਦੁੱਖ ਵਿਚ ਪਿਘਲ ਗਿਆ ਹੋਵੇ। ਸ਼ਾਮ ਨੂੰ ਵੀ ਰਵੀ ਇੱਕਲਾ ਨਹੀਂ ਸੀ, ਤੇ ਅਗਲੇ ਕਈ ਦਿਨ ਵੀ।

ਇਕ ਦਿਨ ਸਵੀਟੀ ਦੁਕਾਨ 'ਤੇ ਆਈ। ਰਵੀ ਵੀ ਸੀ, ਬਾਪੂ ਵੀ। ਸਵੀਟੀ ਨੇ ਸ਼ਰਾਰਤ ਕੀਤੀ। ਰਵੀ ਤੋਂ ਚੂੜੀਆਂ ਦਾ ਭਾਅ ਪੱਛਿਆ।

"ਰੁਪਏ ਦੀਆਂ ਚਾਰ।" ਰਵੀ ਨੇ ਜਵਾਬ ਦਿਤਾ।

ਭਾਅ ਸੁਣ ਕੇ ਸਵੀਟੀ ਨੂੰ ਅੱਗ ਜਿਹੀ ਲੱਗ ਗਈ, "ਘੱਟ ਤੋਂ ਘੱਟ ਛੇ ਤਾਂ ਇਹ ਹਰ ਗਾਹਕ ਨੂੰ ਦਿੰਦਾ ਹੈ। ਮੈਨੂੰ ਚਾਰ ਕਿਉਂ? ਅੰਜੂ ਨੂੰ ਮੁਫਤ ਤੇ ਮੈਨੂੰ ਠੀਕ ਭਾਅ 'ਤੇ ਵੀ ਨਹੀਂ।"

ਪਤਾ ਨਹੀਂ ਸਵੀਟੀ ਨੂੰ ਕੀ ਹੋਇਆ, ਲੱਗਾ ਜਿਵੇਂ ਅੰਜੂ ਦਾ ਜੇਤੂ ਚਿਹਰਾ, ਉਸ ਦੀਆਂ ਅੱਖਾਂ ਸਾਹਮਣੇ ਆ ਕੇ ਹੱਸ ਰਿਹਾ ਹੋਵੇ ਤੇ ਆਖ ਰਿਹਾ ਹੋਵੇ, "ਮੈਨੂੰ ਮੁਫਤ ਤੇ ਤੈਨੂੰ ਸਭ ਤੋਂ ਮਹਿੰਗੀਆਂ-ਮੈਨੂੰ ਮੁਫਤ ਤੇ ਤੈਨੂੰ ਰੁਪਏ ਦੀਆਂ ਸਿਰਫ ਚਾਰ!"

"ਕੁੜੀਏ ਦਸ ਕਿੰਨੀਆਂ ਲੈਣੀਆਂ ਈ?" ਰਵੀ ਨੇ ਪੁੱਛਿਆ।

"ਭਲਾ ਕੀ ਭਾਅ ਦੱਸਿਆ ਜੇ?" ਸਵੀਟੀ ਨੇ ਫਿਰ ਪੁੱਛਿਆ। ਜਿਵੇਂ ਪਹਿਲੇ ਦੱਸੇ ਭਾਅ 'ਤੇ ਉਹਨੂੰ ਯਕੀਨ ਨਾ ਆਇਆ ਹੋਵੇ।

"ਰੁਪਏ ਦੀਆਂ ਚਾਰ।" ਰਵੀ ਨੇ ਕਿਹਾ।

"ਰੁਪਏ ਦੀਆਂ ਚਾਰ? ਤੁਹਾਡੇ ਕੋਈ ਭਾਅ ਨੇ? ਕਿਸੇ ਨੂੰ ਰੁਪਏ ਦੀਆਂ ਦਸ, ਕਿਸੇ ਨੂੰ ਛੇ ਤੇ ਕਿਸੇ ਨੂੰ ਮੁਫਤ। ਇਹ ਕਿਹੋ ਜਿਹੀ ਦੁਕਾਨਦਾਰੀ ਹੈ?"

"ਮੁਫਤ? ਇਹ ਦੁਕਾਨ ਹੈ, ਕੋਈ ਧਰਮਸ਼ਾਲਾ ਨਹੀਂ।"

"ਹਾਂ ਹਾਂ, ਦੁਕਾਨ ਹੈ। ਅੰਜੂ ਆਵੇ ਤਾਂ ਆਖਦਾ ਏਂ, ਮੁਫਤ ਲੈ ਜਾਵੀਂ, ਪਰ ਬਾਪੂ ਸਾਹਮਣੇ ਨਹੀਂ। ਇੰਦੂ ਆਵੇ ਤਾਂ ਰੁਪਏ ਦੀਆਂ ਛੇ, ਤੇ ਮੈਂ ਆਵਾਂ ਤਾਂ ਰੁਪਏ ਦੀਆਂ ਚਾਰ।"

ਬੋਲਦੀ ਬੋਲਦੀ ਸਵੀਟੀ ਦੁਕਾਨ ਤੋਂ ਉਤਰ ਗਈ। ਇਕ ਕਦਮ ਵੀ ਉਹਨੇ ਮੁੜ ਕੇ ਨਾ ਵੇਖਿਆ।

ਪਰ ਜਿਉਂ ਹੀ ਉਹ ਦੁਕਾਨ ਤੋਂ ਉਤਰੀ, ਰਵੀ ਦੀ ਸ਼ਾਮਤ ਆ ਗਈ। ਉਹਦੀਆਂ ਅੱਖਾਂ ਬਾਪੂ ਸਾਹਮਣੇ ਉਚੀਆਂ ਨਾ ਹੋਣ। ਗੁੱਸੇ 'ਚ ਲਾਲ ਪੀਲਾ ਹੁੰਦਾ ਬਾਪੂ ਬੋਲਿਆ, "ਤੂੰ ਜਰੂਰ ਹੱਟੀ ਚਲਾ ਲਵੇਂਗਾ ਪੁੱਤਰਾ! ਜੇ ਪੜ੍ਹਨੇ ਪਾਇਆ ਤਾਂ ਨਾਲਾਇਕ ਪੜ੍ਹਾਈ ਨਾ ਕਰ ਸਕਿਆ, ਦੁਕਾਨ 'ਤੇ ਬਿਠਾਇਆ ਤਾਂ ਇਸ਼ਕ ਭੋਰਨ ਲਗ ਪਿਐਂ। ਜਾ ਦਫਾ ਹੋ ਜਾ ਦੁਕਾਨ ਤੋਂ! ਘਰ ਬੈਠ ਕੇ ਵਿਹਲਾ ਮੰਨੇ ਛਕ। ਖਬਰਦਾਰ ਜੇ ਦੁਕਾਨ ਵਿਚ ਪੈਰ ਪਾਇਆ ਤਾਂ!"

ਨੀਵੀਂ ਪਾਈ ਰਵੀ ਘਰ ਵੱਲ ਤੁਰ ਪਿਆ ਤੇ ਫਿਰ ਕਦੇ ਦੁਕਾਨ 'ਤੇ ਨਾ ਗਿਆ। ਅੰਜੂ ਹੋਰ ਯਾਦ ਆਉਣ ਲੱਗ ਪਈ। ਉਹਦੀਆਂ ਬਾਹਾਂ, ਲਾਲ ਚੂੜੇ ਨਾਲ ਲੱਦੀਆਂ, ਵਾਰ ਵਾਰ ਨਜ਼ਰ ਆਉਣ। ਕਦੇ ਕਦੇ ਉਹਨੂੰ ਅੰਜੂ 'ਤੇ ਗੁੱਸਾ ਆਉਂਦਾ, "ਭਲਾ ਸਵੀਟੀ ਨੂੰ ਦੱਸਣ ਦੀ ਕੀ ਲੋੜ ਸੀ? ਪਰ ਇਹ ਛਿਣ ਪਲ ਦਾ ਗੁੱਸਾ ਹੁੰਦਾ, ਤੇ ਉਹ ਫਿਰ ਅੰਜੂ ਦੇ ਹੁਸੀਨ ਸੁਪਨਿਆਂ ਵਿਚ ਖੋ ਜਾਂਦਾ।

ਕੁਝ ਦਿਨ ਬੀਤ ਗਏ। ਇਕ ਦਿਨ ਬਾਪੂ ਨੇ ਸ਼ਹਿਰ ਜਾਣਾ ਸੀ। ਬਾਪੂ ਦੇ ਜਾਣ ਬਾਅਦ ਉਹਨੇ ਦੁਕਾਨ ਖੋਲ੍ਹੀ ਤੇ ਬੈਠ ਗਿਆ। ਕਿੰਨਾ ਚਿਰ ਉਹ ਬਾਹਰ ਸਕੂਲ ਨੂੰ ਜਾਂਦੇ ਰਸਤੇ ਵਲ ਇਕ ਟੱਕ ਦੇਖਦਾ ਰਿਹਾ, ਅੰਜੂ ਨੂੰ ਉਡੀਕਦਾ ਰਿਹਾ, ਪਰ ਅਜੇ ਸਵੇਰ ਸੀ ਤੇ ਸਕੂਲ ਜਾਣ ਵਾਲੀਆਂ ਕੁੜੀਆਂ ਘਰੋਂ ਨਹੀਂ ਸਨ ਨਿਕਲੀਆਂ। ਫਿਰ ਹੋਰ ਕੁੜੀਆਂ ਨੇ ਲੰਘਣਾ ਸ਼ੁਰੂ ਕਰ ਦਿਤਾ, ਪਰ ਅੰਜੂ ਨਾ ਦਿਸੀ।

"ਸ਼ਾਇਦ ਅੱਜ ਅੰਜੂ ਲੰਘੇ ਈ ਨਾ।" ਸੋਚ ਕੇ ਉਹਨੂੰ ਡੋਬੇ ਜਿਹੇ ਪੈਣ। ਅੱਜ ਦਾ ਮੌਕਾ ਉਹ ਅਜਾਈਂ ਨਹੀਂ ਸੀ ਗੁਆਉਣਾ ਚਾਹੁੰਦਾ। ਫਿਰ ਵੇਖਿਆ, ਦੂਰ ਸਵੀਟੀ ਆ ਰਹੀ ਸੀ। ਉਹੋ ਹੀ ਸਵੀਟੀ, ਜਿਹਨੇ ਬਾਪੂ ਤੋਂ ਝਿੜਕਾਂ ਪਵਾਈਆਂ ਸਨ। ਬਾਪੂ ਮੂਹਰੇ ਅੰਜੂ ਦਾ ਰਾਜ਼ ਖੋਲ੍ਹਿਆ ਸੀ, ਪਰ ਅੱਜ ਉਹਨੂੰ ਸਵੀਟੀ 'ਤੇ ਗੁੱਸਾ ਨਾ ਆਇਆ। ਜਿਉਂ ਹੀ ਉਹ ਨੇੜੇ ਆਈ, ਰਵੀ ਉਹਦੇ ਵਲ ਵਧਿਆ। ਨਿਝੱਕ ਹੋ ਕੇ ਉਹਦਾ ਰਾਹ ਰੋਕ ਲਿਆ।

"ਸਵੀਟੀ, ਚੂੜੀਆਂ ਲੈ ਜਾਹ, ਬਿਲਕੁਲ ਮੁਫਤ।"

"ਮੈਂ ਨਹੀਂ ਲੈਣੀਆਂ ਚੂੜੀਆਂ, ਮੈਂ ਸਕੂਲ ਜਾਣਾ ਏ।" ਸਵੀਟੀ ਬੋਲੀ।

"ਚਲੀ ਜਾਈਂ ਸਕੂਲ ਵੀ। ਉਸ ਦਿਨ ਤੂੰ ਬਾਪੂ ਸਾਹਮਣੇ ਜੋ ਆਈ ਸੀ, ਮੈਨੂੰ ਵੱਧ ਭਾਅ ਦਸਣਾ ਪਿਆ। ਤੂੰ ਤਾਂ ਬੋਲ ਕੇ ਚਲੀ ਗਈ, ਪਰ ਬਾਪੂ ਨੇ ਮੇਰਾ ਦੁਕਾਨ 'ਤੇ ਆਉਣਾ ਬੰਦ ਕਰ ਦਿੱਤਾ। ਅੱਜ ਬਾਪੂ ਸ਼ਹਿਰ ਗਿਆ ਹੈ, ਮੈ ਦੁਕਾਨ ਖੋਲ੍ਹੀ ਹੈ।"

ਸਵੀਟੀ ਨੂੰ ਪਤਾ ਨਹੀਂ ਕਿਹੜਾ ਜ਼ੋਰ, ਦੁਕਾਨ ਵਲ ਮੋੜ ਕੇ ਲੈ ਗਿਆ। ਉਹ ਦੁਕਾਨ ਦੇ ਅੰਦਰ ਵੜੀ ਤੇ ਰਵੀ ਨੇ ਚੂੜੀਆਂ ਦਾ ਬਕਸਾ ਖੋਲ੍ਹਿਆ। ਬਾਂਹ ਫੜ ਕੇ ਭਾਂਤ ਭਾਂਤ ਦੇ ਸਾਈਜ਼ ਦੀਆਂ ਚੂੜੀਆਂ ਮੇਚਣ ਲੱਗਾ। ਕੋਈ ਮੇਚੇ ਨਾ ਆਵੇ। ਕੋਈ ਵੱਡੀ, ਕੋਈ ਛੋਟੀ। ਸਵੀਟੀ ਨੇ ਦੇਖਿਆ, ਰਵੀ ਦਾ ਧਿਆਨ ਤਾਂ ਸੜਕ ਵਲ ਸੀ।

"ਵੇ ਧਿਆਨ ਤਾਂ ਤੇਰਾ ਬਾਹਰ ਏ। ਚੂੜੀਆਂ ਕਿਵੇਂ ਚੜ੍ਹਨਗੀਆਂ?"

ਰਵੀ ਕਾਫੀ ਵੱਡੇ ਸਾਈਜ਼ ਦੀਆਂ ਚੂੜੀਆਂ ਉਹਦੀ ਬਾਂਹ ਵਿਚ ਪਾਉਂਦਿਆਂ ਬੋਲਿਆ, "ਹਾਂ, ਇਹ ਸ਼ਾਇਦ ਪੂਰੀਆਂ ਨੇ!"

ਸਵੀਟੀ ਹੈਰਾਨ ਸੀ। "ਇੰਨੀਆਂ ਖੁਲ੍ਹੀਆਂ ਚੂੜੀਆਂ ਤੇ ਇਹ ਕਹਿੰਦਾ ਏ, ਪੂਰੀਆਂ ਨੇ।"

"ਹਾਂ ਸਵੀਟੀ ਦਸ, ਅੱਜ ਅੰਜੂ ਕਿਉਂ ਨਹੀਂ ਲੰਘੀ?" ਰਵੀ ਨੇ ਪੁੱਛਿਆ।

ਅੰਜੂ ਦਾ ਨਾਂ ਸੁਣ ਕੇ ਸਵੀਟੀ ਪੱਥਰ ਬਣ ਗਈ।

"ਅੰਜੂ! ਹਾਂ, ਹੁਣ ਸਮਝੀ ਕਿ ਤੂੰ ਮੈਨੂੰ ਮੁਫਤ ਚੂੜੀਆਂ ਕਿਉਂ ਦੇ ਰਿਹਾ ਹੈਂ? ਹੁਣ ਸਮਝੀ ਕਿ ਮੇਰੇ ਮੇਚੇ ਦੀਆਂ ਚੂੜੀਆਂ ਤੈਨੂੰ ਕਿਉਂ ਨਹੀਂ ਸੀ ਲੱਭ ਰਹੀਆਂ? ਧਿਆਨ ਤਾਂ ਤੇਰਾ ਸੜਕ ਵਲ ਹੈ। ਉਡੀਕਦਾ ਏਂ ਤੂੰ ਅੰਜੂ ਨੂੰ, ਤੇ ਖੇਡਦਾ ਹੈਂ ਮੇਰੀਆਂ ਵੀਣੀਆਂ ਨਾਲ।"

ਸਵੀਟੀ ਉਥੋਂ ਜਾਣ ਲੱਗੀ, ਪਰ ਰਵੀ ਨੇ ਉਹਦੀ ਬਾਂਹ ਫੜ ਰੋਕ ਲਿਆ, "ਨਰਾਜ਼ ਨਾ ਹੋ ਸਵੀਟੀ, ਮੈਂ ਅੰਜੂ ਬਿਨਾ ਨਹੀਂ ਰਹਿ ਸਕਦਾ।"

"ਤੈਨੂੰ ਅੰਜੂ ਚਾਹੀਦੀ ਏ ਨਾ, ਮੈਂ ਤਾਂ ਨਹੀਂ?" ਇੰਨਾ ਕਹਿੰਦਿਆਂ ਉਹ ਝਟਕਾ ਮਾਰ ਕੇ, ਬਾਂਹ ਛੁਡਾ ਕੇ ਨੱਠ ਗਈ।

ਰਵੀ ਸਟੂਲ 'ਤੇ ਬਹਿ ਗਿਆ। ਅੱਗੇ ਪਏ ਸ਼ੋਅ-ਕੇਸ 'ਤੇ ਉਹਨੇ ਸਿਰ ਸੁੱਟ ਲਿਆ। ਹੰਝੂ ਉਹਦੀਆਂ ਅੱਖਾਂ 'ਚੋਂ ਵਹਿ ਤੁਰੇ।

ਕੋਈ ਅੱਧੇ ਘੰਟੇ ਪਿਛੋਂ ਉਹਨੂੰ ਕਿਸੇ ਨੇ ਝੰਜੋੜਿਆ। ਉਹਨੇ ਮੁਰਦਿਆਂ ਵਾਂਗ ਗਰਦਨ ਉਤੇ ਚੁੱਕੀ। "ਤੈਨੂੰ ਅੰਜੂ ਚਾਹੀਦੀ ਏ ਨਾ? ਇਹ ਲੈ ਅੰਜੂ।" ਅੰਜੂ ਦੀ ਬਾਂਹ ਅੱਗੇ ਵਧਾਉਂਦਿਆਂ ਸਵੀਟੀ ਬੋਲੀ।

"ਪਾ ਲੈ ਇਹਨੂੰ ਲਾਲ ਚੂੜੀਆਂ, ਭਰ ਦੇ ਇਹਦੀਆਂ ਬਾਂਹਾਂ! ਪਰ ਯਾਦ ਰੱਖ, ਧਿਆਨ ਨਾਲ ਸੁਣ, ਜੇ ਤੂੰ ਅੱਜ ਮੈਨੂੰ ਮੁਫਤ ਚੂੜੀਆਂ ਪਾ ਦਿੰਦਾ ਤਾਂ, ਮੈਂ ਤੇਰੀ ਜਾਨ ਕੱਢ ਦੇਣੀ ਸੀ।" ਇੰਨਾ ਕਹਿ ਕੇ ਸਵੀਟੀ ਉਥੋਂ ਹਨੇਰੀ ਵਾਂਗ ਤੁਰ ਗਈ।

# ਲਾਲੀ ਅੱਖੀਆਂ ਦੀ...

1975 ਵਿਚ ਐਮਰਜੈਂਸੀ ਵੇਲੇ ਆਮ ਗਰੀਬ ਲੋਕਾਂ ਅਤੇ ਬੇ-ਸਹਾਰਾ ਗਰੀਬ ਔਰਤਾਂ ਨੂੰ ਤਾਂ ਸੁੱਖ ਦਾ ਸਾਹ ਜ਼ਰੂਰ ਮਿਲਿਆ ਸੀ, ਕਿਉਂਕਿ ਕਿਸੇ ਨੂੰ ਵੀ ਕੁਝ ਗਲਤ ਕਰਨ 'ਤੇ ਨਵੇਂ ਕਾਨੂੰਨ ਅਨੁਸਾਰ ਹਿਰਾਸਤ ਵਿਚ ਲਿਆ ਜਾ ਸਕਦਾ ਸੀ। ਵੱਡੇ-ਵੱਡੇ ਲੀਡਰਾਂ ਤੇ ਹੋਰ ਨਾਢੂਖਾਨਾਂ ਲਈ ਇਹ ਬਹੁਤ ਘੁਟਣ ਦਾ ਸਮਾਂ ਸੀ, ਜੋ ਉਹ ਬਰਦਾਸ਼ਤ ਨਹੀਂ ਸਨ ਕਰ ਸਕੇ। ਆਖਰ ਐਮਰਜੈਂਸੀ 6 ਮਹੀਨਿਆਂ ਦੇ ਵਿਚ-ਵਿਚ ਹੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਵਾਪਸ ਲੈਣੀ ਪਈ ਸੀ।

ਉਧਰ ਸੰਜੇ ਗਾਂਧੀ ਨੇ ਭਾਵੇਂ ਆਪਣੇ ਵਲੋਂ ਦਿੱਲੀ ਦਾ ਬਹੁਤ ਸੁਧਾਰ ਕੀਤਾ, ਇਕ ਵਾਰੀ ਤਾਂ ਜਾਮਾ ਮਸਜਿਦ ਵਰਗਾ ਪ੍ਰਦੂਸ਼ਿਤ ਏਰੀਆ ਵੀ ਚਮ-ਚਮ ਕਰ ਉਠਿਆ ਸੀ, ਪਰ ਸੀ ਉਹ ਮਨ-ਮਤੀਆ ਹੀ। ਆਪਣੇ ਮਨ ਆਈ ਕਰਦਾ, ਜਿਸ ਕਰਕੇ ਜਨਤਾ ਉਸ ਦੇ ਵਿਰੋਧ ਵਿਚ ਬੋਲਣ ਲੱਗੀ।



**ਬਚਿੰਤ ਕੌਰ**

ਇਉਂ ਭਾਰਤ ਸਰਕਾਰ ਦਾ ਢਾਂਚਾ ਜਵਾਹਰ ਲਾਲ ਨਹਿਰੂ ਅਤੇ ਲਾਲ ਬਹਾਦਰ ਸ਼ਾਸਤਰੀ ਦੇ ਸਮੇਂ ਵਾਲਾ ਨਹੀਂ ਸੀ ਰਿਹਾ।

ਇਨ੍ਹਾਂ ਦੋਹਾਂ ਦੇ ਜਾਣ ਤੋਂ ਪਿਛੋਂ ਸਿਆਸਤ ਵਿਚ ਬਹੁਤ ਉਥਲ-ਪੁਥਲ ਹੋਈ। ਕਈ ਵੱਡੇ-ਵੱਡੇ ਕਹਿੰਦੇ-ਕਹਾਉਂਦੇ ਲੀਡਰਾਂ ਨੂੰ ਮਿੰਟਾਂ ਵਿਚ ਇਧਰ-ਓਧਰ ਬਦਲਿਆ ਗਿਆ, ਜਿਸ ਨਾਲ ਸਿਰਫ ਰਾਜਨੀਤਕ ਢਾਂਚਾ ਹੀ ਨਹੀਂ ਸੀ ਬਦਲਿਆ, ਸਗੋਂ ਸਮਾਜਕ, ਆਰਥਕ ਅਤੇ ਸਭਿਆਚਾਰਕ ਤੌਰ 'ਤੇ ਵੀ ਬਹੁਤ ਵੱਡੇ ਬਦਲਾਓ ਆਏ। ਇਸੇ ਕਰਕੇ ਅਗਾਂਹ ਲੋਕ ਸਭਾ ਚੋਣਾਂ ਵਿਚ ਇੰਦਰਾ ਗਾਂਧੀ ਨੂੰ ਭਾਰੀ ਹਾਰ ਦਾ ਮੂੰਹ ਦੇਖਣਾ ਪਿਆ।

ਇਉਂ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਬਣਾਏ ਗਏ ਸਾਰੇ ਮਨਸੂਬੇ ਧਰੇ-ਧਰਾਏ ਰਹਿ ਗਏ, ਤੇ ਪਾਕਿਸਤਾਨ ਨਾਲ ਵੀ ਸਾਡੇ ਸਬੰਧ ਚੰਗੇ ਨਾ ਰਹੇ।

1980-81 ਵਿਚ ਪਾਕਿਸਤਾਨ ਵਿਚ ਜਨਰਲ ਜ਼ਿਆ-ਉਲ-ਹੱਕ ਦਾ ਰਾਜ ਸੀ। ਉਹ ਵੀ ਆਪਣੀ ਫੌਜੀ ਕਮਾਂਡ ਦੀ ਤਾਕਤ ਨਾਲ ਪਾਕਿਸਤਾਨੀ ਸੱਤਾ ਉਤੇ ਜ਼ੁਲਫਿਕਾਰ ਭੁੱਟੋ ਦਾ ਤਖਤ ਉਲਟ ਕੇ ਕਾਬਜ਼ ਹੋਇਆ ਸੀ, ਪਰ ਉਹ ਪੰਜਾਬੀ ਪੁੱਤਰ ਸੀ। ਇਸੇ ਕਰਕੇ 1981 ਵਿਚ ਪਹਿਲੀ ਵਾਰ ਇਕ ਅਦਬੀ ਅਦਾਰੇ ਨੇ ਭਾਰਤ ਦੇ ਬਹੁਤ ਸਾਰੇ ਪੰਜਾਬੀ ਲੇਖਕਾਂ ਨੂੰ ਪਾਕਿਸਤਾਨ ਆਉਣ ਲਈ ਸੱਦਾ ਪੱਤਰ ਭੇਜੇ। ਪਾਕਿਸਤਾਨ ਦੇ ਵਿਦਵਾਨਾਂ ਨੇ ਸਾਹਿਤਕ ਪੀਰ, ਵਾਰਿਸ ਸ਼ਾਹ ਦਾ ਨਵਾਂ ਮਜ਼ਾਰ ਉਸ ਸਮੇਂ ਚਾਲੀ ਹਜ਼ਾਰ ਰੁਪਏ ਲਾ ਕੇ ਸ਼ੇਖੂਪੁਰਾ ਵਿਚ ਤਿਆਰ ਕਰਵਾਇਆ ਸੀ ਅਤੇ ਸਾਨੂੰ, ਭਾਰਤੀ ਪੰਜਾਬੀ ਲੇਖਕਾਂ ਨੂੰ ਉਸ ਮਜ਼ਾਰ ਉਤੇ ਹੋਣ ਵਾਲੇ ਜਸ਼ਨ ਵਿਚ ਸਤਿਕਾਰ ਸਹਿਤ ਲਾਹੌਰ ਬੁਲਾਇਆ।

ਦਿੱਲੀ ਤੋਂ ਡਾ. ਮਹੀਪ ਸਿੰਘ, ਗੁਰਮੁਖ ਸਿੰਘ ਜੀਤ, ਡਾ. ਸਵਿੰਦਰ ਸਿੰਘ ਉਪਲ, ਮੈਂ ਅਤੇ ਮਿਸਿਜ਼ ਮਹੀਪ ਸਿੰਘ, ਅਸੀਂ ਸਾਰੇ ਹੀ ਹੁੰਮ-ਹੁਮਾ ਕੇ ਦਿੱਲੀਓਂ, ਲਾਹੌਰ ਲਈ ਗੱਡੀ ਰਾਹੀਂ ਰਵਾਨਾ ਹੋਏ। ਉਦੋਂ ਸਮਝੌਤਾ ਟਰੇਨ ਨਹੀਂ ਸੀ ਚੱਲੀ। ਸੋ, ਅਸੀਂ ਪੰਜੇ ਜਣੇ ਪਹਿਲਾਂ ਦਿੱਲੀ ਤੋਂ ਅੰਮ੍ਰਿਤਸਰ ਪਹੁੰਚੇ, ਫਿਰ ਅੰਮ੍ਰਿਤਸਰ ਤੋਂ ਵਾਹਗਾ ਬਾਰਡਰ ਤਕ ਭਾਰਤੀ ਰੇਲ ਰਾਹੀਂ ਗਏ। ਉਥੋਂ ਰੇਲ ਖਾਲੀ ਹੋਣ ਪਿਛੋਂ ਪਾਕਿਸਤਾਨੀ ਰੇਲ ਵਿਚ ਜਾ ਬੈਠੇ।

ਡਾ. ਵਿਸ਼ਵ ਨਾਥ ਤਿਵਾੜੀ ਨੇ ਪਟਿਆਲਿਓਂ ਆਉਣਾ ਸੀ। ਡਾ. ਜਗਤਾਰ ਅਤੇ ਡਾ. ਹਰਨਾਮ ਸਿੰਘ ਸ਼ਾਨ ਪਹਿਲਾਂ ਹੀ ਉਥੇ ਪਹੁੰਚੇ ਹੋਏ ਸਨ। ਦਿੱਲੀ ਤੋਂ ਅਸੀਂ ਪੰਜ ਜਣੇ ਇਕੱਠੇ ਲਾਹੌਰ ਪਹੁੰਚੇ। ਇਸ ਸਾਹਿਤਕ ਗਰੁੱਪ ਦੇ ਲੀਡਰ ਡਾ. ਮਹੀਪ ਸਿੰਘ ਸਨ।

ਬੁੱਧਵਾਰ 22 ਜੁਲਾਈ 1981 ਵਾਲੇ ਦਿਨ ਸਾਡੇ ਪਾਕਿਸਤਾਨ ਪਹੁੰਚਣ ਦੀ ਖਬਰ ਮੋਟੇ-ਮੋਟੇ ਅੱਖਰਾਂ ਵਿਚ ਉਥੋਂ ਦੇ ਕਰੀਬ ਸਾਰੇ ਹੀ ਅਖਬਾਰਾਂ ਦੇ ਮੁੱਖ ਪੰਨੇ ਉਤੇ ਛਪੀ ਸੀ ਤੇ ਨਾਲ ਹੀ ਪਤਾ ਨਹੀਂ ਕਿਵੇਂ ਇਹ ਲਿਖਿਆ ਹੋਇਆ ਸੀ ਕਿ ਇਹ ਸਾਰੇ ਲੇਖਕ 15ਵੀਂ ਸ਼ਤਾਬਦੀ ਦੇ ਮਸ਼ਹੂਰ ਕਿੱਸਾਕਾਰ ਪੀਰ ਵਾਰਿਸ ਸ਼ਾਹ ਦੇ ਮਜ਼ਾਰ ਉਤੇ ਹੋਣ ਵਾਲੇ ਜਸ਼ਨ ਪਿਛੋਂ ਲਾਹੌਰ, ਮੁਲਤਾਨ, ਰਾਵਲਪਿੰਡੀ ਤੇ ਇਸਲਾਮਾਬਾਦ, ਜੋ ਪਾਕਿਸਤਾਨ ਬਣਨ ਪਿਛੋਂ ਉਥੇ ਨਵਾਂ ਸ਼ਹਿਰ ਬਣਿਆ ਸੀ, ਵੀ ਜਾਣਗੇ।

ਸਵੇਰੇ ਸਾਰੇ ਅਖਬਾਰਾਂ ਵਿਚ ਇਹ ਖਬਰ ਅਸੀਂ ਸਾਰਿਆਂ ਨੇ ਪੜ੍ਹੀ। ਜਦੋਂ ਸਾਡੀ ਵਾਹਗਾ ਬਾਰਡਰ ਤੋਂ ਬਦਲੀ ਹੋਈ ਪਾਕਿਸਤਾਨ ਗੱਡੀ ਲਾਹੌਰ ਸਟੇਸ਼ਨ ਉਤੇ ਪਹੁੰਚੀ ਤਾਂ ਉਥੋਂ ਦੀ ਗਹਿਮਾ-ਗਹਿਮੀ ਦੇਖ ਅਸੀਂ ਜਿਵੇਂ ਸਾਰੇ ਹੀ ਖੁਸ਼ੀ ਵਿਚ ਝੂਮ ਉਠੇ।

ਸਾਨੂੰ ਹਿੰਦੋਸਤਾਨੀ ਅਦੀਬਾਂ ਨੂੰ ਲੈਣ ਲਈ ਲਾਹੌਰ ਸਟੇਸ਼ਨ ਉਤੇ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਸੀ; ਖਾਸ ਕਰਕੇ ਉਸ ਵੇਲੇ ਦੇ 'ਮਾਂਜੀ' ਭਾਵ ਸਾਡੇ 'ਹੋਸਟ' ਜਨਾਬ ਸਿਤੁਬਲ ਜੈਗਮ ਸਾਹਿਬ, ਸ਼ਾਹੀਨ ਮਲਿਕ ਸਾਹਿਬ ਤੇ ਹੋਰ ਕਈ ਅਦੀਬ, ਸਾਨੂੰ ਸਟੇਸ਼ਨ 'ਤੇ ਫੁੱਲਾਂ ਦੇ ਹਾਰ ਲੈ ਕੇ 'ਜੀ ਆਇਆਂ' ਕਹਿਣ ਆਏ। ਪਤਾ ਨਹੀਂ ਕਿਵੇਂ ਸਾਡੇ ਮੇਜ਼ਬਾਨਾਂ ਨੇ ਸਾਨੂੰ ਇਕ-ਇਕ ਨੂੰ ਸਹੀ-ਸਹੀ ਪਛਾਣ ਲਿਆ।

ਇਕਹਿਰੀ ਹੱਡੀ ਦੇ ਜਨਾਬ ਸਿਤੁਬਲ ਜੈਗਮ ਸਾਹਿਬ ਨੇ ਲਾਹੌਰ ਸਟੇਸ਼ਨ ਉਤੇ ਉਤਰਦਿਆਂ ਹੀ ਡਾ. ਮਹੀਪ ਸਿੰਘ ਨੂੰ ਆਪਣੀ ਛਾਤੀ ਨਾਲ ਇਉਂ ਘੁੱਟ ਲਿਆ, ਜਿਵੇਂ ਜਨਮਾਂ-ਜਨਮਾਂਤਰਾਂ ਤੋਂ ਵਿਛੜੇ ਮਾਂ ਜਾਏ ਮਿਲੇ ਹੋਣ!

ਤੀਜੀ ਵਾਰੀ ਸ਼ਾਹੀਨ ਮਲਿਕ ਸਾਹਿਬ, ਗੁਰਮੁਖ ਸਿੰਘ ਜੀਤ ਦੇ ਕੋਲ ਨੂੰ ਹੁੰਦੇ ਹੋਏ ਬੋਲੇ, "ਇਹ ਹਨ ਜਨਾਬ ਗੁਰਮੁਖ ਸਿੰਘ ਜੀਤ।"

ਸ਼ਾਹੀਨ ਮਲਿਕ ਦੇ ਮੂੰਹੋਂ ਇਹ ਸ਼ਬਦ ਐਨੇ ਫਖਰ ਅਤੇ ਵਿਸ਼ਵਾਸ ਨਾਲ ਨਿਕਲੇ ਸਨ, ਜਿਵੇਂ ਉਹ ਗੁਰਮੁਖ ਸਿੰਘ ਜੀਤ ਨੂੰ ਪਹਿਲਾਂ ਤੋਂ ਹੀ ਜਾਣਦੇ ਹੋਣ। ਪਿਛੋਂ ਸਿਤੁਬਲ ਜੈਗਮ ਸਾਹਿਬ ਮੇਰਾ ਸਿਰ ਪਲੋਸਦੇ ਬੋਲੇ, "ਇਹੀ ਹਨ ਮੋਹਤਰਮਾ ਬਚਿੰਤ ਕੌਰ ਜੀ, 'ਭੁੱਬਲ ਦੀ ਅੱਗ' ਵਾਲੀ ਲੇਖਿਕਾ।"

ਉਨ੍ਹਾਂ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿਉਂਕਿ ਮਿਸਿਜ਼ ਮਹੀਪ ਸਿੰਘ ਤੇ ਮੈਂ, ਅਸੀਂ ਦੋਹਾਂ ਨੇ ਸਾੜ੍ਹੀਆਂ ਪਹਿਨੀਆਂ ਹੋਈਆਂ ਸਨ। ਅਸੀਂ ਦੋਵੇਂ ਹੀ ਸਿੱਖ ਪਰਿਵਾਰਾਂ ਤੋਂ ਸਾਂ। ਦੋਹਾਂ ਵਿਚੋਂ ਬਚਿੰਤ ਕੌਰ ਕੌਣ ਹੈ, ਇਹ ਗੱਲ ਜੈਗਮ ਸਾਹਿਬ ਨੇ ਕਿਵੇਂ ਬੁੱਝੀ, ਮੈਂ ਸਮਝ ਨਾ ਸਕੀ।

ਓਧਰ ਸਾਡੇ ਪੰਜਾਂ ਵਿਚੋਂ ਜੈਗਮ ਸਾਹਿਬ ਨੂੰ ਲਾਹੌਰ ਸਟੇਸ਼ਨ ਉਤੇ ਕੋਈ ਵੀ ਨਹੀਂ ਸੀ ਪਛਾਣ ਸਕਿਆ। ਅਸੀਂ ਤਾਂ ਅਜੇ ਵੀ ਆਪਣੇ ਮੇਜ਼ਬਾਨ ਸਿਤੁਬਲ ਜੈਗਮ ਨੂੰ ਲੱਭ ਰਹੇ ਸਾਂ ਤੇ ਸੋਚ ਰਹੇ ਸਾਂ ਜੈਗਮ ਸਾਹਿਬ ਕੋਈ ਸੂਟ-ਬੂਟ ਪਾਈ ਸ਼ੁਕੀਨ ਕਿਸਮ ਦੇ ਸੱਜਣ ਹੋਣਗੇ ਪਰ ਉਹ ਤਾਂ ਖੱਦਰ ਦੇ ਕੁੜਤੇ ਤੇ ਚਿੱਟੇ ਸ਼ਮਲੇ ਵਿਚ ਸਨ, ਜਿਨ੍ਹਾਂ ਨੇ ਸਾਨੂੰ ਲਾਹੌਰ ਆਉਣ ਲਈ ਸੱਦਾ ਪੱਤਰ ਭੇਜਿਆ ਸੀ।

ਜਦੋਂ ਸਟੇਸ਼ਨ 'ਤੇ ਗੁਰਮੁਖ ਸਿੰਘ ਜੀਤ ਨੇ ਜੈਗਮ ਸਾਹਿਬ ਬਾਰੇ ਜੈਗਮ ਤੋਂ ਹੀ ਪੁੱਛਿਆ ਤਾਂ ਸ਼ਾਹੀਨ ਮਲਿਕ, ਜੋ ਪੈਂਟ ਕਮੀਜ਼ ਵਿਚ ਸਨ, ਖਿੜ-ਖਿੜ ਕੇ ਹੱਸੇ।

"ਇਹੀ ਸਿਤੁਬਲ ਜੈਗਮ ਹਨ, ਜੋ ਤੁਹਾਨੂੰ ਜੱਫੀਆਂ ਪਾ ਰਹੇ ਹਨ। ਮੇਰੀ ਵਾਰੀ ਆਉਣ ਹੀ ਨਹੀਂ ਦਿੰਦੇ।" ਸ਼ਾਹੀਨ ਮਲਿਕ ਦੇ ਇਹ ਮਿਠੜੇ ਬੋਲ ਸੁਣ ਕੇ ਅਸੀਂ ਖੁਸ਼ੀ ਵਿਚ ਹੋਰ ਵੀ ਮਹਿਕ ਉਠੇ।

ਮੈਂ ਬੜੀ ਹੈਰਾਨੀ ਨਾਲ ਜੈਗਮ ਸਾਹਿਬ ਦੇ ਸੰਧੂਰੀ ਮੁਖੜੇ ਨੂੰ ਨਿਹਾਰਨ ਲੱਗੀ। ਇਹੀ ਉਹ ਜੈਗਮ ਹਨ, ਜਿਨ੍ਹਾਂ ਨੇ ਮੈਨੂੰ ਲਗਾਤਾਰ ਚਾਰ ਚਿੱਠੀਆਂ ਵਾਰਿਸ ਸ਼ਾਹ ਉਰਸ ਉਤੇ ਆਉਣ ਲਈ ਉਰਦੂ ਅੱਖਰਾਂ ਵਰਗੀ ਪੰਜਾਬੀ ਵਿਚ ਲਿਖੀਆਂ ਸਨ। ਮੈਨੂੰ ਹੀ ਨਹੀਂ, ਸਾਨੂੰ ਸਾਰਿਆਂ ਨੂੰ ਜੈਗਮ ਸਾਹਿਬ ਨੇ ਆਪਣੀ ਕਲਮ ਨਾਲ ਇਹ ਚਿੱਠੀਆਂ ਲਿਖੀਆਂ ਸਨ।

ਅਸੀਂ ਚਾਰੇ ਅਦੀਬ (ਮਿਸਿਜ਼ ਮਹੀਪ ਸਿੰਘ ਲਿਖਦੇ ਨਹੀਂ ਸਨ) ਪੰਜਾਬੀ ਕੋਆਪਰੇਟਿਵ ਇੰਡਸਟਰੀਅਲ ਲਿਮਟਿਡ ਸੁਸਾਇਟੀ ਵਲੋਂ ਇਸ ਜਸ਼ਨ ਵਿਚ ਸ਼ਾਮਿਲ ਹੋਣ ਲਈ ਲਾਹੌਰ ਪੁੱਜੇ ਸੀ, ਜਿਥੋਂ ਅਗਾਂਹ ਅਸੀਂ ਵਾਰਿਸ ਸ਼ਾਹ ਉਰਸ ਲਈ ਪੀਰ ਵਾਰਿਸ਼ ਸ਼ਾਹ ਦੇ ਪਿੰਡ ਸ਼ੇਖੂਪੁਰੇ ਉਸ ਦੇ ਨਵੇਂ ਬਣੇ ਮਜ਼ਾਰ ਉਤੇ ਚਾਦਰ ਚੜ੍ਹਾਉਣੀ ਸੀ। ਉਰਸ ਵੀ ਉਥੇ ਹੀ ਦੋ ਰਾਤਾਂ ਤੇ ਤਿੰਨ ਦਿਨ ਹੋਣਾ ਸੀ।

ਹੁਣ ਲਾਹੌਰ ਸਟੇਸ਼ਨ 'ਤੇ ਸਾਡੇ ਦੁਆਲੇ ਕਾਫੀ ਭੀੜ ਜਮ੍ਹਾਂ ਹੋ ਗਈ ਸੀ। ਕਾਰਨ ਇਹ ਕਿ ਸ਼ਾਇਦ 1947 ਤੋਂ ਪਿੱਛੋਂ ਇਥੋਂ ਦੇ ਆਮ ਲੋਕਾਂ ਨੇ ਪਹਿਲੀ ਵਾਰੀ ਪੇਚਵੀਆਂ ਪੱਗਾਂ ਵਾਲੇ ਸਰਦਾਰ ਦੇਖੇ ਸਨ, ਜਿਨ੍ਹਾਂ ਨਾਲ ਸਾੜ੍ਹੀਆਂ ਵਾਲੀ ਦੋ ਸਿੱਖ ਸ਼ੌਕੀਨ ਔਰਤਾਂ ਵੀ ਸਨ। 1981 ਵਿਚ ਅਸੀਂ ਕਿਸੇ ਵੀ ਪਾਕਿਸਤਾਨੀ ਔਰਤ ਨੂੰ ਉਥੇ ਸਾੜ੍ਹੀ ਵਿਚ ਨਹੀਂ ਸੀ ਤੱਕਿਆ।

ਖੈਰ, ਜੈਗਮ ਸਾਹਿਬ ਅਤੇ ਉਥੋਂ ਦੇ ਅਦੀਬਾਂ ਨੇ ਸਾਡਾ ਜੋ ਭਰਵਾਂ ਸੁਆਗਤ ਕੀਤਾ, ਉਸ ਦੀ ਮਿਸਾਲ ਸ਼ਾਇਦ ਹੀ ਪਿਛੋਂ ਕਦੇ ਸਾਹਮਣੇ ਆਈ ਹੋਵੇ। ਲਾਹੌਰ ਸਟੇਸ਼ਨ ਤੋਂ ਹੋਟਲ ਤਕ ਢੋਲ, ਮਜੀਰੇ ਤੇ ਵਾਜੇ ਸਾਡੇ ਅੱਗੇ-ਅੱਗੇ ਇਉਂ ਵੱਜ ਰਹੇ ਸਨ, ਜਿਵੇਂ ਕੋਈ ਦੂਲ੍ਹਾ ਬਰਾਤ ਚੜ੍ਹ ਰਿਹਾ ਹੋਵੇ; ਤੇ ਸਾਡੇ ਮੂਹਰੇ-ਮੂਹਰੇ ਲੋਕੀਂ ਖੁਸ਼ੀ ਵਿਚ ਨਚਦੇ ਗਾਉਂਦੇ ਜਾ ਰਹੇ ਸਨ।

ਮੈਂ ਆਪਣੇ ਮਨ ਨੂੰ ਕਾਬੂ ਵਿਚ ਨਾ ਰੱਖ ਸਕੀ ਤੇ ਭੱਜ ਕੇ ਸਵਾਗਤੀ ਟੋਲੀ ਵਿਚ ਜਾ ਸੜਕ ਉਤੇ ਉਨ੍ਹਾਂ ਨਾਲ ਹੀ ਨੱਚਣ ਲੱਗੀ। ਸਾਨੂੰ ਨੱਚਦਿਆਂ ਦੇਖ ਕੇ ਲੋਕਾਂ ਦੀ ਭੀੜ ਪਲੋ-ਪਲੀ ਵਧਦੀ ਗਈ। ਮੈਨੂੰ ਰੋਕਦੇ-ਰੋਕਦੇ ਡਾ. ਉਪਲ ਵੀ ਪੁੱਠੀਆਂ-ਸਿੱਧੀਆਂ ਛਾਲਾਂ ਮਾਰਦੇ ਸਾਡੇ ਵਿਚ ਸ਼ਾਮਿਲ ਹੋ ਗਏ। ਉਹ ਇਥੋਂ ਦੇ ਪਿੰਡ ਧਮਿਆਲ ਦੇ ਹੀ ਜੰਮਪਲ ਸਨ ਤੇ ਉਨ੍ਹਾਂ ਨੇ ਇਸ ਧਰਤੀ ਉਤੇ ਪੈਰ ਧਰਦਿਆਂ ਹੀ ਧਰਤੀ ਨੂੰ ਇਉਂ ਨਮਸਕਾਰਿਆ ਸੀ, ਜਿਵੇਂ ਅਸੀਂ ਗੁਰਦੁਆਰੇ ਦੀਆਂ ਪੌੜੀਆਂ ਚੜ੍ਹ ਰਹੇ ਹੋਈਏ।



*ਅੱਜ ਦੇ ਵਾਹਗਾ ਬਾਰਡਰ ਉਤੇ ਭਾਰਤੀ ਅਤੇ ਪਾਕਿਸਤਾਨੀ ਝੰਡੇ ਦੀ ਰਸਮ ਦੀ ਝਲਕ*

ਗੁਰਮੁਖ ਸਿੰਘ ਜੀਤ ਵੀ ਪਿੱਛੋਂ ਪਾਕਿਸਤਾਨ ਦੇ ਹੀ ਜੰਮਪਲ ਸਨ ਤੇ ਮਿਸਿਜ਼ ਮਹੀਪ ਸਿੰਘ ਦਾ ਨਾਤਾ ਵੀ ਬਚਪਨ ਵਿਚ ਇਥੋਂ ਦੀ ਧਰਤੀ ਨਾਲ ਰਿਹਾ ਸੀ। ਬਸ ਮੈਂ ਹੀ ਸਾਂ, ਜੋ ਲਹਿੰਦੇ ਪੰਜਾਬ ਦੀ ਧਰਤੀ ਉਤੇ ਪਹਿਲੀ ਵਾਰੀ ਆਈ ਸਾਂ। ਅਸੀਂ ਸਾਰੇ ਖੁਸ਼ੀ ਵਿਚ ਝੂਮ ਉਠੇ। ਹੁਣ ਦੋਹਾਂ ਧਿਰਾਂ ਵਿਚੋਂ ਕਿਸੇ ਨੂੰ ਪਤਾ ਨਹੀਂ ਸੀ, ਕੌਣ ਮਹਿਮਾਨ ਹੈ ਤੇ ਕੌਣ ਮੇਜ਼ਬਾਨ। ਅਸੀਂ ਸਾਰੇ ਇਕੋ ਹੀ ਹੋ ਗਏ ਸਾਂ। ਏਨਾ ਮੋਹ! ਤੌਬਾ!

ਕਿੰਨੇ ਹੀ ਗਹਿਮਾ-ਗਹਿਮੀ ਨਾਲ ਭਰੇ ਬਾਜ਼ਾਰਾਂ ਤੇ ਮੁਹੱਲਿਆਂ ਵਿਚੋਂ ਲੰਘਦੇ ਅਸੀਂ ਪੰਜ ਤਾਰਾ ਹੋਟਲ ਪਹੁੰਚੇ, ਜਿਥੇ ਸਾਨੂੰ ਠਹਿਰਾਇਆ ਗਿਆ ਸੀ। ਸਾਡੇ ਮੇਜ਼ਬਾਨਾਂ ਵਿਚੋਂ ਹੁਣ ਕੋਈ ਵੀ ਸਾਡੇ ਨਾਲ ਨਹੀਂ ਸੀ, ਨਾ ਹੀ ਕਿਸੇ ਨੇ ਸਾਨੂੰ ਚਾਹ-ਪਾਣੀ ਹੀ ਪੁੱਛਿਆ। ਅਸੀਂ ਪੰਜੇ ਬਿਟਰ-ਬਿਟਰ ਇਕ ਦੂਜੇ ਵੱਲ ਝਾਕਣ ਲੱਗੇ। ਆਖਿਰ ਇਹ ਕੀ?

ਅਸੀਂ ਚੁਪਕੇ ਜਿਹੇ ਇਕੋ ਕਮਰੇ ਵਿਚ ਆ ਇਕੱਠੇ ਹੋਏ ਅਤੇ ਘੁਸਰ-ਮੁਸਰ ਹੋਣ ਲੱਗੀ। ਹੁਣ ਤਕ ਤਾਂ ਇਹ ਐਨੇ ਢੋਲ ਢਮੱਕੇ ਕਰ ਰਹੇ ਸਨ, ਹੁਣ ਕੀ ਹੋ ਗਿਆ? ਸਾਨੂੰ ਕਿਸੇ ਨੂੰ ਵੀ ਸਮਝ ਨਹੀਂ ਸੀ ਆ ਰਹੀ। ਉਧਰ ਸ਼ਾਮ ਦੇ ਅਸੀਂ ਦਿੱਲੀਓਂ ਚੱਲੇ ਹੋਏ ਸਾਂ, ਉਤੋਂ ਜੁਲਾਈ ਦੇ ਮਹੀਨੇ ਦੀ ਗਰਮੀ ਤੇ ਲੰਬੇ ਸਫਰ ਦੀ ਪ੍ਰੇਸ਼ਾਨੀ ਨੇ ਸਾਨੂੰ ਅੱਕਲਕਾਨ ਕਰ ਛੱਡਿਆ ਸੀ।

ਅਸੀਂ ਇਕ ਦੂਜੇ ਵੱਲ ਤਕ ਹੀ ਰਹੇ ਸੀ ਕਿ ਜੈਗਮ ਸਾਹਿਬ ਅਤੇ ਜ਼ਿਆ ਸਾਹਿਬ ਅਚਾਨਕ ਹੀ ਵੱਡੇ ਸਾਰੇ ਹਾਲ ਕਮਰੇ ਵਿਚੋਂ ਦੀ ਹੋ ਕੇ ਸਾਡੇ ਕੋਲ ਆਏ। ਜ਼ਿਆ ਸਾਹਿਬ ਲਾਹੌਰ ਸ਼ਹਿਰ ਦੇ ਬਹੁਤ ਵੱਡੇ ਧਨਾਢ ਸਨ। ਉਨ੍ਹਾਂ ਨਾਲ ਜੈਗਮ ਸਾਹਿਬ ਨੇ ਸਾਨੂੰ ਵਾਰੀ-ਵਾਰੀ ਪੰਜਾਂ ਨੂੰ ਮਿਲਾਇਆ, ਨਾਲ ਹੀ ਸਾਨੂੰ ਉਨ੍ਹਾਂ ਦੇ ਵੱਡੇ ਪੈਮਾਨੇ ਦੇ ਵਪਾਰ ਬਾਰੇ ਦੱਸਿਆ ਕਿ ਦੁਨੀਆਂ ਭਰ ਵਿਚ ਇਨ੍ਹਾਂ ਦੇ ਕਾਰਖਾਨੇ ਦੇ ਬਣੇ ਕਾਲੀਨ ਇਥੋਂ, ਲਾਹੌਰੋਂ ਹੀ ਜਾਂਦੇ ਹਨ। ਕਾਲੀਨਾਂ ਦੀਆਂ ਕਿੰਨੀਆਂ ਹੀ ਕਿਸਮਾਂ ਦੇ ਅਣਗਿਣਤ ਨਮੂਨਿਆਂ ਬਾਰੇ ਉਨ੍ਹਾਂ ਸਾਨੂੰ ਦੱਸਿਆ ਪਰ ਜਿਵੇਂ ਉਹ ਸਾਡੀਆਂ ਕਿਤਾਬਾਂ ਬਾਰੇ ਬਹੁਤ ਘੱਟ ਜਾਣਦੇ ਸਨ, ਉਵੇਂ ਹੀ ਉਨ੍ਹਾਂ ਦੇ ਕਾਲੀਨਾਂ ਦੇ ਵਪਾਰ ਬਾਰੇ ਸਾਨੂੰ ਮਾੜੀ-ਮੋਟੀ ਹੀ ਜਾਣਕਾਰੀ ਸੀ।

ਖੈਰ, ਜਲਦੀ ਹੀ ਹੋਟਲ ਦੇ ਦਰਾਂ ਮੂਹਰੇ ਵੱਡੀ ਸਾਰੀ ਜੀਪ ਆ ਖੜ੍ਹੀ ਹੋਈ, ਜਿਸ ਵੱਲ ਇਸ਼ਾਰਾ ਕਰਦਿਆਂ ਸ਼ਾਹੀਨ ਮਲਿਕ ਸਾਨੂੰ ਉਸ ਵਿਚ ਬੈਠਣ ਲਈ ਕਹਿ ਰਹੇ ਸਨ। ਅਸੀਂ ਚੁਪ-ਚਾਪ ਕਾਰ ਵਿਚ ਬੈਠ ਗਏ।

ਕੁਝ ਹੀ ਮਿੰਟਾਂ ਪਿਛੋਂ ਸਾਡੀ ਕਾਰ ਦੇ ਮੂਹਰੇ-ਮੂਹਰੇ ਚਲਦੀ, ਸਾਡੇ ਮੇਜ਼ਬਾਨਾਂ ਦੀ ਦੂਜੀ ਕਾਰ ਇਕ ਹੋਰ ਫਾਈਵ ਸਟਾਰ ਹੋਟਲ ਦੇ ਵੱਡੇ ਸਾਰੇ ਖੂਬਸੂਰਤ ਗੇਟ ਵਿਚੋਂ ਅੰਦਰ ਲੰਘ ਗਈ।

ਫਿਰ ਅਸੀਂ ਐਸੇ ਬੰਦ ਕਮਰੇ ਵਿਚ ਲੰਘ ਗਏ ਜਿਥੇ ਸਾਡੇ ਪੰਜਾਂ ਤੋਂ ਬਗੈਰ ਹੋਰ ਕੋਈ ਵੀ ਨਹੀਂ ਸੀ; ਨਾ ਸ਼ਾਹੀਨ, ਨਾ ਜੈਗਮ ਸਾਹਿਬ ਤੇ ਨਾ ਹੀ ਕੋਈ ਹੋਰ, ਜਿਵੇਂ ਕੋਈ ਕੈਦ ਖਾਨਾ ਹੋਵੇ। ਸਾਰੇ ਹੋਟਲ ਦਾ ਵਾਤਾਵਰਨ ਖਾਲੀ-ਖਾਲੀ, ਉਦਾਸ-ਉਦਾਸ, ਜਿਵੇਂ ਕਦੇ ਕੋਈ ਇਥੇ ਆਉਂਦਾ ਜਾਂਦਾ ਹੀ ਨਾ ਹੋਵੇ। ਸਫੇਦ ਵਰਦੀ ਉਤੇ ਸੁਨਹਿਰੀ ਪੱਟੀ ਵਾਲਾ ਬਹਿਰਾ ਸਾਡੇ ਲਈ ਸ਼ੀਸ਼ੇ ਦੇ ਵੱਡੇ-ਵੱਡੇ ਗਿਲਾਸਾਂ ਵਿਚ ਹਰੇ ਰੰਗ ਦਾ ਸ਼ਰਬਤ ਲੈ ਕੇ ਆ ਹਾਜ਼ਰ ਹੋਇਆ, "ਜਲਦੀ ਸੇ ਪੀ ਲੀਜੀਏ, ਔਰ ਬਤਾਈਏ ਕਿਆ ਖਾਏਂਗੇ? ਕਬਾਬ ਚਿਕਨ ਯਾ ਦਾਲ?"

ਅਸੀਂ ਸਭ ਹੈਰਾਨ ਸੀ ਕਿ ਮੇਜ਼ਬਾਨ ਤਾਂ ਨੇੜੇ-ਤੇੜੇ ਕੋਈ ਦਿਖਾਈ ਨਹੀਂ ਸੀ ਦਿੰਦਾ। ਬਹਿਰੇ ਨੇ ਦੁਬਾਰਾ ਸਾਨੂੰ ਹੌਲੀ ਜਿਹੀ ਪੁੱਛਿਆ, "ਜਨਾਬ ਖਾਨੇ ਕੇ ਲੀਏ ਕਿਆ ਲਾਊਂ, ਜਲਦੀ ਸੇ ਬਤਾਈਏ।"

"ਜਲਦੀ ਸੇ ਕਿਉਂ?" ਡਾ. ਮਹੀਪ ਸਿੰਘ ਬੋਲੇ। ਬਹਿਰੇ ਨੇ ਉਸ ਦੀ ਗੱਲ 'ਤੇ ਕੋਈ ਗੌਰ ਨਾ ਕੀਤੀ। ਗੁਰਮੁਖ ਸਿੰਘ ਜੀਤ ਨੂੰ ਭੁੱਖ ਨੇ ਬੁਰੀ ਤਰ੍ਹਾਂ ਸਤਾਇਆ ਹੋਇਆ ਸੀ, ਉਹ ਝਟ ਬੋਲੇ, "ਬਈ ਦਾਲ ਹੀ ਲੈ ਆਓ, ਹਮਾਰੀ ਤੋਂ ਭੂਖ ਸੇ ਆਂਦਰੇ ਨਿਕਲੀ ਜਾ ਰਹੀ ਹੈਂ।"

"ਸਾਥ ਮੇਂ ਨਾਨ ਲੇ ਆਊਂ?" ਬਹਿਰੇ ਨੇ ਫਿਰ ਪੁੱਛਿਆ।

"ਲੈ ਆਓ ਜੋ ਹੈ ਤੁਮਾਰੇ ਪਾਸ।" ਡਾ. ਉਪਲ ਵੀ ਢਿੱਡ ਸੁੰਗੋੜਦੇ ਬੋਲ ਪਏ ਸਨ।

"ਚੋਰਾਂ ਵਾਂਗ ਸਾਨੂੰ ਇਥੇ ਲਿਆ ਕੇ ਬਿਠਾ ਦਿੱਤਾ। ਇਹ ਵੀ ਕੋਈ ਪ੍ਰਾਹੁਣਾਚਾਰੀ ਹੋਈ ਭਲਾ? ਮੈਂ ਪੁੱਛੂੰਗਾ ਜੈਗਮ ਸਾਹਿਬ ਨੂੰ, ਜ਼ਰਾ ਸਾਹਮਣੇ ਤਾਂ ਆਉਣ।" ਗੁਰਮੁਖ ਸਿੰਘ ਜੀਤ ਬਹੁਤ ਪ੍ਰੇਸ਼ਾਨ ਸਨ। ਮੈਂ ਅਤੇ ਮਿਸਿਜ਼ ਮਹੀਪ ਸਿੰਘ, ਦੋਵੇਂ ਗੁੰਮ-ਸੁੰਮ ਸਾਰੇ ਹਾਲਾਤ ਨੂੰ ਚੁਪ-ਚਾਪ ਭਾਂਪ ਰਹੀਆਂ ਸਾਂ।

ਝੱਟ, ਦੋ ਬਹਿਰੇ ਚੁਪਕੇ-ਚੁਪਕੇ ਨੰਗੇ ਪੈਰੀਂ ਨਾਨ ਅਤੇ ਮਹਾਂ ਦੀ ਦਾਲ ਦੇ ਵੱਡੇ-ਵੱਡੇ ਡੌਂਗੇ ਰੱਖ ਕੇ ਤੇ ਪਲਾਂ ਵਿਚ ਆਪ ਕਿਧਰੇ ਗਾਇਬ ਹੋ ਗਏ।

ਇਹ ਸਭ ਕੀ ਹੈ? ਅਸੀਂ ਅਜੇ ਵੀ ਨਹੀਂ ਸੀ ਸਮਝ ਸਕੇ। ਮੇਜ਼ਬਾਨ ਵੀ ਕੋਈ ਨੇੜੇ-ਤੇੜੇ ਨਜ਼ਰ ਨਹੀਂ ਸੀ ਆ ਰਿਹਾ। ਥੋੜ੍ਹਾ ਚਿਰ ਅਸੀਂ ਪੰਜੇ ਇਧਰ ਉਧਰ ਦੇਖਦੇ ਰਹੇ। ਜਦੋਂ ਕਿਤੇ ਕੋਈ ਨਾ ਦਿਸਿਆ, ਤਾਂ ਆਪੇ ਇਕ ਦੂਜੇ ਵੱਲ ਦੇਖਦੇ ਸਾਹਮਣੇ ਪਈ ਰੋਟੀ ਨੂੰ ਝਪਟ ਪਏ।

ਰੋਟੀ ਟੁਕ ਪਿੱਛੋਂ ਜਦੋਂ ਅਸੀਂ ਉਸ ਡਾਇਨਿੰਗ ਹਾਲ ਨੁਮਾ ਛੋਟੇ ਜਿਹੇ ਕਮਰੇ ਤੋਂ ਬਾਹਰ ਨਿਕਲੇ ਤਾਂ ਸਾਡੀ ਗੱਡੀ ਦੇ ਡਰਾਇਵਰ ਨੇ ਚੁਪਕੇ ਜਿਹੇ ਸਾਨੂੰ ਗੱਡੀ ਵਿਚ ਬੈਠਣ ਦਾ ਇਸ਼ਾਰਾ ਕੀਤਾ; ਤੇ ਅਸੀਂ ਗੱਡੀ ਵਿਚ ਬੈਠ, ਜ਼ਿਆ ਸਾਹਿਬ ਦੀ ਕੋਠੀ ਆ ਗਏ। ਕਹਿਣ ਨੂੰ ਇਹ ਭਾਵੇਂ ਕੋਠੀ ਸੀ ਪਰ ਸੀ ਪੂਰੇ ਦਾ ਪੂਰੇ ਮਹਿਲ। ਅਣਗਿਣਤ ਕਮਰੇ ਤੇ ਹਰ ਕਮਰੇ ਵਿਚ ਬਾਥਰੂਮ ਅਤੇ ਠੰਢੇ ਤੱਤੇ ਪਾਣੀ ਲਈ ਦੋ-ਦੋ ਟੂਟੀਆਂ। ਕਿਤੇ-ਕਿਤੇ ਤਾਂ ਇਕੋ ਟੂਟੀ ਵਿਚੋਂ ਵੀ ਠੰਢਾ ਤੇ ਤੱਤਾ ਪਾਣੀ ਆਉਂਦਾ ਸੀ, ਜਿਵੇਂ ਇਹ ਲਾਹੌਰ ਸ਼ਹਿਰ ਨਾ ਹੋ ਕੇ ਅਮਰੀਕਾ ਹੋਵੇ!

ਕਾਰ ਵਿਚੋਂ ਉਤਰਦਿਆਂ ਹੀ ਡਾ. ਮਹੀਪ ਸਿੰਘ ਜੈਗਮ ਸਾਹਿਬ ਦੇ ਪਿੱਛੇ-ਪਿੱਛੇ ਜ਼ਿਆ ਸਾਹਿਬ ਦੇ ਕਮਰੇ ਵਿਚ ਗਏ ਤੇ ਜਾਂਦਿਆਂ ਹੀ ਬੜੇ ਅਜੀਬ ਜਿਹੇ ਢੰਗ ਨਾਲ ਉਨ੍ਹਾਂ ਨੂੰ ਮੁਖਾਤਿਬ ਹੁੰਦੇ ਹੋਏ ਬੋਲੇ, "ਜੈਗਮ ਸਾਹਿਬ ਇਹ ਘੁਟਨ, ਸਾਨੂੰ ਤਾਂ ਕੈਦ ਜਿਹੀ ਮਹਿਸੂਸ ਹੋ ਰਹੀ ਹੈ। ਸਟੇਸ਼ਨ ਉਤੋਂ ਤਾਂ ਤੁਸੀਂ ਬੜੇ ਚਾਓ ਨਾਲ ਨੱਚਦਿਆਂ ਗਾਉਂਦਿਆਂ ਲਿਆਂਦਾ ਸੀ?"

"ਯਾਰ ਮਹੀਪ ਸਿੰਘ, ਬੁਰਾ ਨਾ ਮਨਾਉਣਾ। ਇਥੇ ਅੱਜ ਕੱਲ੍ਹ 17 ਜੁਲਾਈ ਤੋਂ ਰੋਜ਼ੇ ਚੱਲ ਰਹੇ ਹਨ ਤੇ ਤੁਸੀਂ ਨਹੀਂ ਜਾਣਦੇ, ਰੋਜ਼ਿਆਂ ਵਿਚ ਕਿਸੇ ਨੂੰ ਖਾਣਾ ਖਿਲਾਉਣਾ ਸਮਝ ਲਵੋ, ਸਿੱਧਾ 21-21 ਕੋਰੜੇ, ਭਰੇ ਬਾਜ਼ਾਰ ਖਾਣ ਲਈ ਤਿਆਰ ਰਹਿਣ ਵਾਲੀ ਗੱਲ ਹੈ। ਜਨਰਲ ਜ਼ਿਆ ਬੜੇ ਕੱਟੜ ਮੁਸਲਮਾਨ ਹਨ। ਉਹ ਇਹ ਕਦਾਚਿਤ ਬਰਦਾਸ਼ਤ ਨਹੀਂ ਕਰਦੇ ਕਿ ਰੋਜ਼ਿਆਂ ਵਿਚ ਕੋਈ ਮੂੰਹ ਵੀ ਜੂਠਾ ਕਰੇ, ਜਾਂ ਕਿਸੇ ਨੂੰ ਖਾਣ-ਪੀਣ ਨੂੰ ਕਹੇ। ਸਾਡੇ ਮਜ਼੍ਹਬ ਵਿਚ ਰੋਜ਼ਾ ਤੋੜਨ ਦੀ ਸਖਤ ਸਜ਼ਾ ਹੈ। ਇਸੇ ਡਰੋਂ ਅਸੀਂ ਇਹ ਸਭ ਚੋਰੀ-ਚੋਰੀ ਕੀਤਾ ਹੈ, ਜੋ ਵੀ ਹੋ ਸਕਿਆ। ਅਸੀਂ ਤੁਹਾਡੇ ਕੋਲ ਖੜ੍ਹੇ ਵੀ ਨਹੀਂ ਸੀ ਹੋ ਸਕਦੇ। ਨਹੀਂ ਤਾਂ ਸਾਨੂੰ ਭਰੇ ਬਾਜ਼ਾਰ ਵਿਚ ਕੋਰੜੇ ਖਾਣੇ ਪੈਣੇ ਸਨ।"

"ਐਨਾ ਸਖਤ ਕਾਨੂੰਨ, ਕੋਈ ਬਿਮਾਰ-ਠਿਮਾਰ ਹੋ ਜਾਏ ਰੋਜ਼ਿਆਂ ਵਿਚ, ਫਿਰ?"

"ਬੱਸ ਤੁਸੀਂ ਪੁੱਛੋ ਨਾ। ਐਨੀ 'ਕੱਟੜਤਾ' ਦੁਖਦਾਈ ਹੁੰਦੀ ਹੈ। ਰੋਜ਼ਾ ਤੋੜਨਾ ਤਾਂ ਸਾਡੇ ਇਥੇ ਫਾਂਸੀ ਦੇ ਰੱਸੇ ਨੂੰ ਚੁੰਮਣ ਵਾਲੀ ਗੱਲ ਹੈ।"

ਹੁਣ ਅਸੀਂ ਜੈਗਮ ਸਾਹਿਬ ਦੀ ਮਜਬੂਰੀ ਸਮਝ ਗਏ। ਇਸੇ ਲਈ ਉਨ੍ਹਾਂ ਦੀ ਖਿਦਮਤਗਾਰੀ ਦੀ ਦਾਦ ਦਿੱਤੇ ਬਿਨਾ ਨਾ ਰਹਿ ਸਕੇ।

"ਸਾਡੇ ਲਈ ਤੁਸੀਂ ਏਡਾ ਖਤਰਾ ਮੁੱਲ ਲਿਆ ਜੈਗਮ ਸਾਹਿਬ?" ਡਾ. ਮਹੀਪ ਸਿੰਘ ਬੋਲੇ।

"ਬਈ ਹੁਣ ਆਏ ਮਹਿਮਾਨਾਂ ਲਈ ਰੋਟੀ ਟੁਕਰ ਤਾਂ ਜ਼ਰੂਰੀ ਸੀ। ਥੋਨੂੰ ਕੀ ਪਤਾ ਰੋਜ਼ਿਆਂ ਦਾ, ਭਾਵੇਂ ਹਿੰਦੁਸਤਾਨ ਵਿਚ ਵੀ ਬਹੁਤ ਸਾਰੇ ਮੁਸਲਮਾਨ ਰਹਿੰਦੇ ਹਨ ਪਰ ਐਨੀ ਕੱਟੜਤਾ ਸ਼ਾਇਦ ਉਥੇ ਨਾ ਹੋਵੇ।" ਜੈਗਮ ਸਾਹਿਬ ਨੇ ਆਪਣੇ ਭੈਅ ਨੂੰ ਮੁੜ ਜਾਹਰ ਕੀਤਾ ਤੇ ਅਸੀਂ ਸੋਚਣ ਲਈ ਮਜਬੂਰ ਹੋ ਗਏ ਕਿ ਇਹੋ ਜਿਹੀ ਸਮੱਸਿਆ ਸੀ ਤਾਂ ਇਹ ਜਸ਼ਨ, ਰੋਜ਼ਿਆਂ ਤੋਂ ਪਿੱਛੋਂ ਰੱਖ ਲੈਂਦੇ।

"ਇਹ ਵੀ ਸਾਡੇ ਵੱਸ ਨਹੀਂ ਸੀ।" ਸ਼ਾਹੀਨ ਮਲਿਕ ਦੇ ਇਹ ਬੋਲ ਸੁਣ ਕੇ ਅਸੀਂ ਸਾਰੇ ਚੁੱਪ ਕਰ ਗਏ।

ਹੁਣ ਸ਼ਾਮਾਂ ਪੈ ਚੁਕੀਆਂ ਸਨ। ਬਾਜ਼ਾਰਾਂ ਵਿਚ ਕੁਝ ਰੌਣਕ ਨਜ਼ਰ ਆਉਣ ਲੱਗੀ ਸੀ। ਲਾਹੌਰ ਸ਼ਹਿਰ ਦੀਆਂ ਸੜਕਾਂ ਉਤੇ ਟਾਂਗਿਆਂ ਮੂਹਰੇ ਜੁੜੇ ਘੋੜੇ ਤੇ ਘੋੜੀਆਂ ਦੀਆਂ ਟਾਪਾਂ ਮਨ ਨੂੰ ਆਪਣੀ ਸੰਗੀਤਕ ਲੈਅ ਨਾਲ ਮੋਹ ਰਹੀਆਂ ਸਨ। ਲੋਕਾਂ ਦੇ ਰੋਜ਼ਾ ਖੋਲ੍ਹਣ ਦਾ ਸਮਾਂ ਵੀ ਨੇੜੇ ਆ ਗਿਆ ਸੀ।

ਬਾਜ਼ਾਰ ਵਿਚ ਵੀ ਵੰਨ-ਸੁਵੰਨੇ ਖਾਣਿਆਂ ਦੀ ਖੁਸ਼ਬੋਈ ਭਰੀ ਪਈ ਸੀ; ਖਾਸ ਕਰਕੇ ਬਾਸਮਤੀ ਚੌਲਾਂ ਅਤੇ ਬਰਿਆਨੀਆਂ ਨਾਲ ਭਰੀਆਂ ਪਰਾਤਾਂ। ਸਾਨੂੰ ਸਾਡੇ ਮੇਜ਼ਬਾਨ ਜ਼ਿਆ ਸਾਹਿਬ ਦੀ ਕੋਠੀ ਵਿਚ ਤਿੰਨ ਕਮਰੇ ਮਿਲੇ ਸਨ ਜਿਥੇ ਹਰ ਤਰ੍ਹਾਂ ਨਾਲ ਏਅਰ ਕੰਡੀਸ਼ਨਡ ਤੇ ਹੋਰ ਆਰਾਮ ਦਾਇਕ ਸਾਮਾਨ ਦੀ ਪੂਰੀ ਸਹੂਲਤ ਸੀ।

ਰੋਟੀ ਟੁਕ ਤੋਂ ਅਸੀਂ ਪਹਿਲਾਂ ਹੀ ਵਿਹਲੇ ਹੋ ਚੁਕੇ ਸਾਂ।

ਹੁਣ ਕਈ ਲੰਮੀਆਂ-ਲੰਮੀਆਂ ਕਾਰਾਂ ਜ਼ਿਆ ਸਾਹਿਬ ਦੀ ਕੋਠੀ ਆ-ਜਾ ਰਹੀਆਂ ਸਨ; ਤੇ ਉਧਰ ਮਲਿਕ ਸਾਹਿਬ ਸਾਨੂੰ ਸਭ ਨੂੰ ਜਲਦੀ-ਜਲਦੀ ਤਿਆਰ ਹੋਣ ਲਈ ਕਹਿ ਰਹੇ ਸਨ ਕਿਉਂਕਿ ਲਾਹੌਰ ਵਿਚ ਉਰਦੂ, ਪੰਜਾਬੀ ਸਾਰੇ ਹੀ ਅਦੀਬਾਂ ਨੇ ਸਾਡੇ ਲਈ ਪੰਜ ਤਾਰਾ ਹੋਟਲ ਵਿਚ ਸਾਹਿਤਕ ਮਿਲਣੀ ਦਾ ਪ੍ਰਬੰਧ ਕੀਤਾ ਹੋਇਆ ਸੀ।

*(ਅਗਲੇ ਸਫੇ 'ਤੇ ਜਾਰੀ)*

ਜਦੋਂ ਅਸੀਂ ਉਥੇ ਪਹੁੰਚੇ, ਪੂਰਾ ਹਾਲ ਉਰਦੂ, ਅਰਬੀ, ਫਾਰਸੀ, ਪੰਜਾਬੀ, ਸਾਰੀਆਂ ਹੀ ਜ਼ੁਬਾਨਾਂ ਦੇ ਵਿਦਵਾਨਾਂ ਨਾਲ ਖਚਾ-ਖਚ ਭਰਿਆ ਹੋਇਆ ਸੀ। ਅਣਗਿਣਤ ਅਖ਼ਬਾਰਾਂ ਦੇ ਨੁਮਾਇੰਦੇ ਟੈਲੀਵਿਜ਼ਨ ਅਤੇ ਰੇਡੀਓ ਵਾਲਿਆਂ ਵਲੋਂ ਵੀ ਸਭ ਲੋਕ ਉਥੇ ਪਹੁੰਚੇ ਹੋਏ ਸਨ।

ਜਿਉਂ ਹੀ ਸਾਰੇ ਕਾਰਾਂ ਵਿਚੋਂ ਹੋਟਲ ਦੇ ਗੇਟ ਉਤੇ ਉਤਰੇ, ਉਥੋਂ ਹੀ ਅਖ਼ਬਾਰਾਂ ਅਤੇ ਟੀ. ਵੀ. ਵਾਲਿਆਂ ਨੇ ਸਾਨੂੰ ਘੇਰ ਲਿਆ। ਕਈ ਅਖ਼ਬਾਰਾਂ ਵਾਲਿਆਂ ਨੇ ਤਾਂ ਹਾਲ ਵਿਚ ਸਥੋਂ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ, "ਤੁਸੀਂ ਕੀ ਸਮਝਦੇ ਹੋ ਕਿ ਹੁਣ ਹਿੰਦੁਸਤਾਨੀ ਤੇ ਪਾਕਿਸਤਾਨੀ ਅਦੀਬ, ਦੋਹਾਂ ਦੇਸ਼ਾਂ ਵਿਚ ਬਿਨਾ ਕਿਸੇ ਰੋਕ-ਟੋਕ ਦੇ ਆਉਣ-ਜਾਣ ਲੱਗਣਗੇ?"

ਡਾ. ਮਹੀਪ ਸਿੰਘ ਦਾ ਉਤਰ ਸੀ, "ਆਸ ਤਾਂ ਇਹੋ ਹੈ।"

ਕਮਲ ਇਮਤਿਆਜ਼, ਜੋ ਪੰਜਾਬੀ ਪੱਤਰਕਾਰ ਸੀ, ਵਾਰ-ਵਾਰ ਮੈਨੂੰ ਪ੍ਰਸ਼ਨ ਪੁੱਛ ਰਿਹਾ ਸੀ, "ਮੈਡਮ ਕੀ ਹਿੰਦੁਸਤਾਨ ਵਿਚ ਉਰਦੂ ਤੇ ਫਾਰਸੀ ਐਮ. ਏ. ਤੱਕ ਕਲਾਸਾਂ ਦੇ ਕੋਰਸਾਂ ਵਿਚ ਬਾਕੀ ਵਿਸ਼ਿਆਂ ਵਾਂਗ ਹੀ ਪੜ੍ਹਾਈ ਜਾਂਦੀ ਹੈ?"

"ਹਾਂ, ਹਾਂ! ਉਥੇ ਸਾਡੇ ਭਾਰਤ ਵਿਚ ਪੂਰੀਆਂ 22 ਭਾਸ਼ਾਵਾਂ ਨੂੰ ਸੰਵਿਧਾਨ ਅਨੁਸਾਰ ਇਕੋ ਜਿਹੇ ਹਕੂਕ ਹਾਸਲ ਸਨ।" ਮੈਂ ਕਿਹਾ।

ਇੰਨੇ ਨੂੰ ਸਭ ਵਿਦਵਾਨ ਅਤੇ ਹੋਰ ਕਲਾਕਾਰ ਆਪੋ-ਆਪਣੀਆਂ ਸੀਟਾਂ ਉਤੇ ਬੈਠ ਚੁਕੇ ਸਨ। ਸਟੇਜ ਬੜੀ ਚੰਗੀ ਤਰ੍ਹਾਂ ਸਜਾਈ ਹੋਈ ਸੀ ਤੇ ਉਰਦੂ, ਫਾਰਸੀ ਅਤੇ ਪੰਜਾਬੀ ਦੇ ਵੱਡੇ-ਵੱਡੇ ਲੇਖਕ ਸਾਡੀ ਉਡੀਕ ਵਿਚ ਜੁੜੇ ਹੋਏ ਸਨ।

ਡਾ. ਮਹੀਪ ਸਿੰਘ ਅਤੇ ਡਾ. ਉਪਲ ਸਮੇਤ ਸਾਨੂੰ ਪੰਜਾਂ ਨੂੰ ਸਟੇਜ ਉਤੇ ਬਿਰਾਜਮਾਨ ਹੋਣ ਲਈ ਕਿਹਾ ਗਿਆ ਤੇ ਸਾਡੀ ਜਾਣ-ਪਛਾਣ ਕਰਵਾਈ ਗਈ। ਪਿਛੋਂ ਟੀ. ਵੀ. ਅਤੇ ਰੇਡੀਓ ਵਾਲਿਆਂ ਨੇ ਸਥੋਂ ਬਹੁਤ ਸਾਰੇ ਸਵਾਲ ਪੁਛੇ। ਅਖ਼ਬਾਰਾਂ ਵਾਲੇ ਤਾਂ ਜਿਵੇਂ ਇਕ ਦੂਜੇ ਤੋਂ ਮੂਹਰੇ ਹੋ ਹੋ ਕੇ ਹਿੰਦੁਸਤਾਨ ਤੇ ਪਾਕਿਸਤਾਨ ਦੇ ਸਬੰਧਾਂ ਵਿਚ ਪਏ ਪਾੜੇ ਨੂੰ ਕੁਰੇਦ-ਕੁਰੇਦ ਕੇ ਪੁੱਛ ਰਹੇ ਸਨ।

ਗੁਰਮੁਖ ਸਿੰਘ ਜੀਤ, ਡਾ. ਉਪਲ ਅਤੇ ਡਾ. ਮਹੀਪ ਸਿੰਘ ਨੇ ਸਾਰੇ ਮੀਡੀਏ ਨਾਲ ਪੂਰਾ ਘੰਟਾ ਭਰ ਗੱਲਬਾਤ ਜਾਰੀ ਰੱਖੀ ਪਰ ਮੈਂ ਤਾਂ ਕਿਸੇ ਵੀ ਗੱਲ ਦਾ ਉਤਰ ਨਹੀਂ ਸੀ ਦੇ ਰਹੀ, ਕਿਉਂਕਿ ਮੇਰੇ ਲਈ ਇੰਨੇ ਵੱਡੇ ਪੈਮਾਨੇ ਉਤੇ ਮੀਡੀਏ ਨਾਲ ਗੱਲਬਾਤ ਕਰਨੀ ਉਸ ਵੇਲੇ ਬੜੀ ਔਖੀ ਸੀ। ਉਤੋਂ ਮੈਂ ਸਰਕਾਰੀ ਨੌਕਰੀ ਵਿਚ ਹੋਣ ਕਰਕੇ ਡਰਦੀ ਮਾਰੀ ਵੀ ਕੁਝ ਨਹੀਂ ਸੀ ਬੋਲ ਰਹੀ, ਪਰ ਪਿਛੋਂ ਇਕ ਲੇਡੀ ਪ੍ਰੋਫੈਸਰ ਦਿਲਸ਼ਾਦ ਟਿਵਾਣਾ ਨੇ ਮੈਨੂੰ ਕਾਲਜ ਵਿਚ ਪੜ੍ਹਾਈ ਜਾਂਦੀ ਪੰਜਾਬੀ ਭਾਸ਼ਾ ਬਾਰੇ ਪੁੱਛਿਆ ਤਾਂ ਮੈਂ ਉਸ ਦੇ ਸਵਾਲ ਦਾ ਉਤਰ ਦਿੱਤਾ। ਉਸ ਨੇ ਮੈਨੂੰ ਦਸਿਆ ਕਿ ਉਹ ਲਾਹੌਰ ਦੇ ਇਕ ਕਾਲਜ ਵਿਚ ਪੰਜਾਬੀ ਐਮ. ਏ. ਨੂੰ ਪੜ੍ਹਾਉਂਦੀ ਹੈ ਪਰ ਲਿਪੀ ਫਾਰਸੀ ਹੀ ਵਰਤੀ ਜਾਂਦੀ ਹੈ। ਮੀਡੀਏ ਨਾਲ ਹੋਈ ਇਹ ਗੱਲਬਾਤ ਉਸੇ ਰਾਤ ਖ਼ਬਰਾਂ ਵਿਚ ਟੀ. ਵੀ. ਉਤੇ ਦਿਖਾਈ ਗਈ, ਜੋ ਅਸੀਂ ਦੂਜੇ ਦਿਨ ਜ਼ਿਆ ਸਾਹਿਬ ਦੇ ਘਰ ਦੇਖੀ।


ਅਗਲੇ ਦਿਨ ਸ਼ੇਖ਼ੂਪੁਰਾ ਜ਼ਿਲੇ ਵਿਚ ਵਾਰਿਸ ਸ਼ਾਹ ਦੇ ਪਿੰਡ ਹੀ 'ਵਾਰਿਸ ਸ਼ਾਹ ਉਰਸ' ਬੜੀ ਧੂਮਧਾਮ ਨਾਲ ਸ਼ੁਰੂ ਹੋਇਆ। ਹੁਣ ਸਾਡੇ ਨਾਲ ਡਾ. ਹਰਨਾਮ ਸਿੰਘ ਸ਼ਾਨ, ਡਾ. ਜਗਤਾਰ ਅਤੇ ਡਾ. ਵਿਸ਼ਵ ਨਾਥ ਤਿਵਾੜੀ ਵੀ ਸਨ।

ਸਭ ਤੋਂ ਪਹਿਲਾਂ ਹਿੰਦੁਸਤਾਨ ਤੋਂ ਆਏ ਸਾਰੇ ਹੀ ਲੇਖਕਾਂ ਨੇ ਵਾਰਿਸ ਸ਼ਾਹ ਦੇ ਮਜ਼ਾਰ 'ਤੇ ਚਾਦਰ ਚੜ੍ਹਾਈ। ਰਾਤ ਨੂੰ ਕੋਈ ਸੌ ਕੁ ਫਨਕਾਰਾਂ ਵਿਚਕਾਰ ਹੀਰ ਮੁਕਾਬਲਾ ਹੋਇਆ ਤੇ ਸਾਨੂੰ ਇਸ ਮੁਕਾਬਲੇ ਵਿਚ ਜੱਜਾਂ ਦੇ ਤੌਰ 'ਤੇ ਸ਼ਾਮਿਲ ਕੀਤਾ ਗਿਆ। ਸਾਰੀ ਰਾਤ, ਹੀਰ ਗਾਉਣ ਅਤੇ ਸੁਣਨ ਵਾਲਿਆਂ ਦਾ ਮੇਲਾ ਭਰਿਆ ਰਿਹਾ। ਰਾਤ ਦੇ ਤੀਜੇ ਪਹਿਰ ਜਾ ਕੇ ਇਹ ਮੁਕਾਬਲਾ ਸਮਾਪਤ ਹੋਇਆ। ਪਹਿਲੇ, ਦੂਜੇ ਅਤੇ ਤੀਜੇ ਇਨਾਮਾਂ ਦੇ ਨਤੀਜੇ ਸੁਣਾਏ ਗਏ।

ਦੂਜੇ ਦਿਨ ਕਵਾਲੀਆਂ ਹੋਈਆਂ ਤੇ ਮੁੜ ਰਾਤ ਵੇਲੇ ਲੋਕ ਨਾਚ ਹੁੰਦੇ ਰਹੇ ਜੋ ਮਰਦਾਂ ਦੇ ਹੀ ਸਨ। ਔਰਤਾਂ ਦੇਖਣ ਵਾਸਤੇ ਜ਼ਰੂਰ ਆਈਆਂ ਪਰ ਨਾਚ ਗਾਣੇ ਵਿਚ ਹਿੱਸਾ ਮਰਦਾਂ ਨੇ ਹੀ ਲਿਆ। ਇਹ ਭਾਵੇਂ ਲੋਕ ਨਾਚ ਹੀ ਸਨ, ਪਰ ਹਰ ਇਕ ਅੰਗ ਦਾ ਵੱਖ-ਵੱਖ ਕਲਾਤਮਕ ਢੰਗ ਨਾਲ ਹਰਕਤ ਵਿਚ ਲਿਆਉਣਾ ਦੇਖਿਆਂ ਹੀ ਬਣਦਾ ਸੀ। ਤੀਜੇ ਦਿਨ ਸਮਾਪਤੀ ਸਮੇਂ ਭਾਰਤ ਤੋਂ ਆਏ ਸਾਰੇ ਅਦੀਬਾਂ ਨੂੰ ਸਰਕਾਰੀ ਸਾਹਿਤ ਅਦਾਰੇ ਨੇ ਸਨਮਾਨਿਤ ਕੀਤਾ।

ਡਾ. ਮਹੀਪ ਨੇ ਆਪਣੇ ਭਾਸ਼ਣ ਵਿਚ ਪੂਰੇ ਜ਼ੋਰ ਨਾਲ ਕਿਹਾ ਕਿ ਭਾਰਤ ਅਤੇ ਪਾਕਿਸਤਾਨ, ਦੋਵੇਂ ਸਕੇ ਭਰਾਵਾਂ ਵਾਂਗ ਹਨ। ਆਮ ਜਨਤਾ ਜਾਂ ਪੰਜਾਬੀ ਅਦਾਰਿਆਂ ਨਾਲ ਵੰਡ ਦੀ ਦੀਵਾਰ ਦਾ ਕੋਈ ਸਰੋਕਾਰ ਨਹੀਂ। ਦਰਅਸਲ ਦੋਵੇਂ ਪੰਜਾਬ ਇਕੋ ਹਨ। ਇਕੋ ਇਨ੍ਹਾਂ ਦੀ ਬੋਲੀ। ਇਕੋ ਇਨ੍ਹਾਂ ਦਾ ਖਾਣਾ-ਪੀਣਾ, ਨੱਚਣਾ-ਗਾਉਣਾ ਤੇ ਪਹਿਰਾਵਾ ਹੈ। ਗੁਰਮੁਖ ਸਿੰਘ ਜੀਤ ਨੇ ਵੀ ਪੱਛਮੀ ਪੰਜਾਬ ਨਾਲ ਆਪਣੀ ਅਪਣੱਤ ਬਾਰੇ ਮੋਹ ਭਰੇ ਸ਼ਬਦ ਕਹੇ। ਡਾ. ਉਪਲ ਜੋ ਇਥੋਂ ਦੇ ਪਿੰਡ ਧਮਿਆਲ ਦੇ ਜੰਮਪਲ ਸਨ, ਉਥੋਂ ਦੇ ਬਜ਼ੁਰਗਾਂ ਨਾਲ ਆਪਣੇ ਬਜ਼ੁਰਗਾਂ ਦੀ ਸਾਂਝ ਲੈ ਕੇ ਅਤੀਤ ਵਿਚ ਗੁਆਚ ਗਏ ਸਨ।

ਮੈਂ ਤਾਂ ਸਿਰਫ ਇਹੀ ਕਹਿ ਸਕੀ ਕਿ ਸਾਡੇ ਪਟਿਆਲੇ ਤੋਂ ਜੋ ਮੁਸਲਮਾਨ ਪਰਿਵਾਰ ਸਹੀ ਸਲਾਮਤ ਪਾਕਿਸਤਾਨ ਪਹੁੰਚ ਗਏ ਸਨ, ਉਨ੍ਹਾਂ ਦੀ ਸੁੱਖ-ਸਾਂਦ ਲਈ ਉਥੇ ਅਸੀਂ ਪਟਿਆਲੇ ਆਪਣੇ ਘਰ ਅਖੰਡ ਪਾਠ ਦਾ ਭੋਗ ਪਾ ਕੇ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰਾਨਾ ਕੀਤਾ ਸੀ। ਉਨ੍ਹਾਂ ਦੀ ਸਲਾਮਤੀ ਦੀ ਤਸਦੀਕ ਮੇਰੇ ਪਿਤਾ ਜੀ ਨੇ ਖ਼ੁਦ ਕੀਤੀ ਸੀ ਕਿਉਂਕਿ ਉਹ ਖ਼ੁਦ ਫੌਜੀ ਸਿਪਾਹੀ ਸਨ।



ਵਾਰਿਸ ਸ਼ਾਹ ਦੀ ਮਜ਼ਾਰ

ਅਗਲੇ ਦਿਨ ਪਾਕਿਸਤਾਨੀ ਅਖ਼ਬਾਰਾਂ ਨੇ ਸਾਡੀਆਂ ਤਕਰੀਰਾਂ ਮੋਟੇ-ਮੋਟੇ ਅੱਖਰਾਂ ਵਿਚ ਛਾਪੀਆਂ। ਇਉਂ ਤਿੰਨ ਦਿਨ ਤੇ ਦੋ ਰਾਤਾਂ ਜਸ਼ਨ-ਏ-ਵਾਰਿਸ ਸ਼ਾਹ, ਸ਼ੇਖ਼ੂਪੁਰੇ ਵਿਚ ਬੜੀ ਧੂਮਧਾਮ ਨਾਲ ਹੁੰਦਾ ਰਿਹਾ। ਪਿਛੋਂ ਜਦੋਂ ਇਹ ਉਰਸ ਸਮਾਪਤੀ 'ਤੇ ਆਇਆ ਤਾਂ ਸਾਡਾ ਭਾਰਤ ਤੋਂ ਆਏ ਸਾਰੇ ਹੀ ਲੇਖਕਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਸਾਨੂੰ ਆਪਣੇ ਮਨ ਦੀ ਗੱਲ ਕਹਿਣ ਦਾ ਵੀ ਪੂਰਾ ਮੌਕਾ ਮਿਲਿਆ।

ਜਸ਼ਨ ਸਮਾਪਤ ਹੋਣ ਪਿਛੋਂ ਦੋ ਦਿਨ ਸਾਨੂੰ ਸਾਡੇ ਮੇਜ਼ਬਾਨਾਂ ਨੇ ਰਾਵਲਪਿੰਡੀ, ਇਸਲਾਮਾਬਾਦ, ਲਾਹੌਰ ਦਾ ਕਿਲ੍ਹਾ, ਜਿਥੇ ਮਹਾਰਾਣੀ ਜਿੰਦਾਂ ਦੇ ਖ਼ੂਬਸੂਰਤ ਹੱਥਾਂ ਦੀਆਂ ਅਸਲ ਤਸਵੀਰਾਂ ਪਾਈਆਂ ਹੋਈਆਂ ਸਨ, ਦਿਖਾਈਆਂ। ਉਹ ਖ਼ੂਨੀ ਦਰਵਾਜ਼ਾ ਵੀ ਅਸੀਂ ਦੇਖਿਆ, ਜਿਸ ਦੇ ਹੇਠਾਂ ਡੋਗਰੇ ਭਾਈਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਜਾਨੋਂ-ਮਾਰ ਮੁਕਾਉਣ ਦੀ ਸਾਜ਼ਿਸ਼ ਬਣਾਈ ਸੀ।

ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਾਲੀ ਉਹ ਨਦੀ ਵੀ ਅਸੀਂ ਦੇਖੀ, ਜਿਸ ਵਿਚ ਉਨ੍ਹਾਂ ਨੂੰ ਤੱਤੇ ਤਵਿਆਂ ਉਤੇ ਬਿਠਾ ਕੇ ਡੋਬਿਆ ਜਾਂਦਾ ਸੀ। ਹੁਣ ਇਸ ਨਦੀ ਦਾ ਥੋੜ੍ਹੀ ਜਿਹਾ ਹਿੱਸਾ ਹੀ ਦੇਖਣ ਵਾਸਤੇ ਖੁੱਲ੍ਹਾ ਹੈ। ਸਰਕਾਰਾਂ, ਮਜ਼ਲੂਮਾਂ ਅਤੇ ਸੰਤਾਂ-ਮਹਾਤਮਾਵਾਂ ਉਤੇ ਜ਼ੁਲਮ ਕਰਦੀਆਂ ਆਈਆਂ ਹਨ ਤੇ ਆਪਣੀ ਸੁਆਰਥ ਪੂਰਤੀ ਲਈ ਕਰਦੀਆਂ ਰਹਿਣਗੀਆਂ, ਪਰ ਆਮ ਜਨਤਾ ਨਾ ਇਨ੍ਹਾਂ ਜ਼ੁਲਮੀ ਸਰਕਾਰਾਂ ਨਾਲ ਕਦੇ ਖੜ੍ਹੀ ਹੈ, ਨਾ ਹੀ ਕਦੇ ਖੜ੍ਹੀ ਹੋਵੇਗੀ। ਇਹ ਤਾਂ ਪਿਆਰ ਦੀ ਭੁੱਖੀ ਹੈ; ਤਾਹੀਓਂ ਪਿਆਰ ਹੀ ਵੰਡਦੀ ਹੈ ਤੇ ਪਿਆਰ ਹੀ ਲੈਂਦੀ ਹੈ।

ਇਉਂ ਹਫਤਾ ਭਰ ਪਾਕਿਸਤਾਨ ਦੀ ਧਰਤੀ ਉਤੇ ਵਿਚਰ ਕੇ ਅਸੀਂ ਮੋਟਰਾਂ ਰਾਹੀਂ ਵਾਹਗਾ ਬਾਰਡਰ ਉਤੇ ਆ ਪਹੁੰਚੇ ਜਿਥੋਂ ਅਸੀਂ ਹੁਣ ਆਪਣੇ ਮੇਜ਼ਬਾਨਾਂ ਤੋਂ ਅੱਡ ਹੋਣਾ ਸੀ। ਸਿਰਫ ਦੋ ਗਜ ਜ਼ਮੀਨ ਦਾ ਟੁਕੜਾ ਸੀ, ਜਿਸ ਦੇ ਦੋਹੀਂ ਪਾਸੀਂ ਲੋਹੇ ਦੇ ਮੋਟੇ-ਮੋਟੇ ਸੰਗਲ ਲੱਗੇ ਹੋਏ ਸਨ। ਦੋਹੀਂ ਪਾਸੀਂ ਭਾਰਤੀ ਅਤੇ ਪਾਕਿਸਤਾਨੀ ਸਿਪਾਹੀ ਬੰਦੂਕਾਂ ਤਾਣੀ ਖੜ੍ਹੇ ਸਾਨੂੰ ਦੋਹਾਂ ਪੰਜਾਬਾਂ ਦੇ ਧੀਆਂ-ਪੁੱਤਰਾਂ ਨੂੰ ਜੁਦਾ ਹੁੰਦੇ ਬੇਵਸੀ ਨਾਲ ਦੇਖ ਰਹੇ ਸਨ।

ਮੈਂ ਬਾਰਡਰ ਪਾਰ ਕਰਨ ਪਿਛੋਂ ਮੁੜ ਕੇ ਸ਼ਾਹ ਜੀ ਦੀ ਛਾਤੀ ਨਾਲ ਆ ਲੱਗੀ ਸੀ, ਜਿਵੇਂ ਉਥੇ ਮੈਂ ਆਪਣੀ ਕੋਈ ਕੀਮਤੀ ਚੀਜ਼ ਛੱਡ ਆਈ ਹੋਵਾਂ! ਦੋਹੀਂ ਪਾਸੀਂ ਨੈਣਾਂ ਵਿਚੋਂ ਵਿਛੋੜੇ ਦੇ ਹੰਝੂਆਂ ਦੀਆਂ ਧਾਰਾਂ ਜਾਰੋ-ਜਾਰ ਵਹਿ ਰਹੀਆਂ ਸਨ ਤੇ ਸਮਾਂ ਆਪਣੀ ਚਾਲੇ ਤੁਰਦਾ ਸਭ ਕੁਝ ਚੁਪ-ਚਾਪ ਦੇਖ ਰਿਹਾ ਸੀ:

ਲਾਲੀ ਅੱਖੀਆਂ ਦੀ ਪਈ ਦੱਸਦੀ ਏ
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।

ਇਉਂ 1981 ਵਿਚ ਹੋਈ ਇਹ ਪਾਕਿਸਤਾਨੀ ਸਾਹਿਤਕ ਕਾਨਫਰੰਸ ਮੈਂ ਕਦੇ ਨਹੀਂ ਭੁੱਲ ਸਕਦੀ। ਇਸ ਉਰਸ ਦੀ ਤਸਵੀਰ ਮੇਰੇ ਮਨ ਦੇ ਚਿਤਰਪਟ ਉਤੇ ਅੱਜ ਵੀ ਉਵੇਂ ਉਘੜੀ ਪਈ ਹੈ।

###

# ਔਰੰਗਜ਼ੇਬ ਨੇ ਆਪਣੇ ਭਰਾ ਮੁਰਾਦ ਨੂੰ ਇੰਜ ਟਿਕਾਣੇ ਲਾਇਆ

**ਇਤਿਹਾਸ ਝਰੋਖਾ**

ਸ਼ਾਹਜਹਾਂ ਦੇ ਚਾਰ ਪੁੱਤਰ-ਦਾਰਾ ਸ਼ਿਕੋਹ, ਸੁਜਾਅ, ਔਰੰਗਜ਼ੇਬ ਅਤੇ ਮੁਰਾਦ ਸਨ। ਤਖ਼ਤ ਪ੍ਰਾਪਤ ਕਰਨ ਦੀ ਲੜਾਈ 'ਚ ਦਾਰਾ ਸ਼ਿਕੋਹ ਨਾਲ ਲੜਾਈ ਤੋਂ ਪਹਿਲਾਂ ਔਰੰਗਜ਼ੇਬ ਨੇ ਮੁਰਾਦ ਨੂੰ ਆਪਣੇ ਨਾਲ ਮਿਲਾ ਲਿਆ। ਉਸ ਨਾਲ ਲਿਖਤੀ ਇਕਰਾਰਨਾਮਾ ਕੀਤਾ ਕਿ ਤਖ਼ਤ 'ਤੇ ਕਬਜ਼ੇ ਪਿਛੋਂ ਉਸ ਨੂੰ ਲੁੱਟ ਦੇ ਮਾਲ ਦਾ ਤੀਜਾ ਹਿੱਸਾ ਦਿੱਤਾ ਜਾਵੇਗਾ, ਪਰ ਆਗਰੇ 'ਤੇ ਕਬਜ਼ਾ ਕਰਕੇ ਉਸ ਨੇ ਮੁਰਾਦ ਨੂੰ ਕੁਝ ਨਾ ਦਿੱਤਾ। ਮੁਰਾਦ ਦੇ ਅਹਿਲਕਾਰਾਂ ਨੇ ਉਸ ਨੂੰ ਦੱਸਿਆ ਕਿ ਕਿਵੇਂ ਉਹ ਸਭ ਕੁਝ ਤਾਂ ਔਰੰਗਜ਼ੇਬ ਦੇ ਅਧੀਨ ਹੋ ਗਿਆ ਹੈ ਅਤੇ ਉਹ ਖਾਲੀ ਹੱਥ ਹੀ ਹੈ।



ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਆਗਰੇ 'ਤੇ ਕਬਜ਼ੇ ਤੋਂ ਬਾਅਦ ਔਰੰਗਜ਼ੇਬ ਦਾਰਾ ਸ਼ਿਕੋਹ ਦਾ ਪਿੱਛਾ ਕਰਨ ਲਈ ਦਿੱਲੀ ਲਈ ਰਵਾਨਾ ਹੋਇਆ। ਮੁਰਾਦ ਵੀ ਉਸ ਦੇ ਪਿੱਛੇ-ਪਿੱਛੇ ਚੱਲ ਪਿਆ। ਦੋਹਾਂ ਦੇ ਪੜਾਅ ਇਕ-ਦੂਜੇ ਤੋਂ ਦੋ-ਤਿੰਨ ਮੀਲ ਦੇ ਫਾਸਲੇ 'ਤੇ ਹੁੰਦੇ। ਦੋ ਪੜਾਅ ਚੱਲਣ ਤੋਂ ਬਾਅਦ ਔਰੰਗਜ਼ੇਬ ਨੇ ਮੁਰਾਦ ਨੂੰ 233 ਘੋੜੇ ਤੇ 30 ਲੱਖ ਰੁਪਏ ਦਿੱਤੇ, ਕਿਉਂਕਿ ਉਹ ਸ਼ਿਕਾਇਤ ਕਰਦਾ ਸੀ ਕਿ ਉਸ ਕੋਲ ਆਪਣੀ ਫੌਜ ਕੋਲ ਅੱਗੇ ਚੱਲਣ ਲਈ ਸਾਜ਼ੋ-ਸਾਮਾਨ ਦੀ ਘਾਟ ਹੈ। ਲੁੱਟ ਦੇ ਮਾਲ ਦਾ ਤੀਜਾ ਹਿੱਸਾ ਉਸ ਨੂੰ ਦੇਣ ਦਾ ਵਾਅਦਾ ਦੁਹਰਾਇਆ।

ਦਾਰਾ ਸ਼ਿਕੋਹ ਨਾਲ ਜੰਗ ਵਿਚ ਮੁਰਾਦ ਜ਼ਖ਼ਮੀ ਹੋ ਗਿਆ ਸੀ। ਉਸ ਦੀ ਸਿਹਤਯਾਬੀ ਦੇ ਬਹਾਨੇ ਔਰੰਗਜ਼ੇਬ ਨੇ ਇਕ ਜਸ਼ਨ ਅਤੇ ਅੱਗੇ ਤੋਂ ਦਾਰਾ ਸ਼ਿਕੋਹ ਵਿਰੁਧ ਰਣਨੀਤੀ ਤਿਆਰ ਕਰਨ ਲਈ ਸਲਾਹ-ਮਸ਼ਵਰੇ ਦੇ ਬਹਾਨੇ ਮੁਰਾਦ ਨੂੰ ਆਪਣੇ ਕੈਂਪ ਵਿਚ ਬੁਲਾਇਆ। ਮੁਰਾਦ ਦੇ ਮੁੱਖ ਸਲਾਹਕਾਰਾਂ ਨੇ ਉਸ ਨੂੰ ਔਰੰਗਜ਼ੇਬ ਦੇ ਕੈਂਪ ਵਿਚ ਜਾਣ ਦੇ ਖ਼ਤਰੇ ਤੋਂ ਆਗਾਹ ਕੀਤਾ, ਪਰ ਔਰੰਗਜ਼ੇਬ ਨੇ ਮੁਰਾਦ ਦੇ ਇਕ ਨਿੱਜੀ ਸਹਾਇਕ ਨੂਰ-ਉਦ-ਦੀਨ ਨੂੰ ਕਾਫੀ ਧਨ ਦੇ ਕੇ ਆਪਣੇ ਵੱਲ ਕਰ ਲਿਆ ਤੇ ਉਸ ਦੀ ਡਿਊਟੀ ਲਾਈ ਕਿ ਉਹ ਮੁਰਾਦ ਨੂੰ ਔਰੰਗਜ਼ੇਬ ਪਾਸ ਜਾਣ ਲਈ ਪ੍ਰੇਰੇ। ਮੁਰਾਦ ਸ਼ਿਕਾਰ ਤੋਂ ਵਾਪਸ ਆਇਆ ਤਾਂ ਨੂਰ-ਉਦ-ਦੀਨ ਦੀ ਪ੍ਰੇਰਨਾ ਨਾਲ ਔਰੰਗਜ਼ੇਬ ਪਾਸ ਜਾਣ ਲਈ ਤਿਆਰ ਹੋ ਗਿਆ।

ਆਪਣੇ ਤੰਬੂ ਦੇ ਦਰਵਾਜ਼ੇ 'ਤੇ ਔਰੰਗਜ਼ੇਬ ਨੇ ਮੁਰਾਦ ਦਾ ਸਵਾਗਤ ਕੀਤਾ ਅਤੇ ਉਸ ਨੂੰ ਅੰਦਰ ਲੈ ਗਿਆ। ਉਸ ਦੇ ਨਾਲ ਗਏ ਉਸ ਦੇ ਅਫਸਰਾਂ ਨੂੰ ਵੱਖਰੇ ਤੰਬੂ ਵਿਚ ਬਿਠਾਇਆ ਗਿਆ। ਔਰੰਗਜ਼ੇਬ ਦੇ ਕਮਰੇ ਵਿਚ ਦੋਹਾਂ ਭਰਾਵਾਂ ਤੋਂ ਇਲਾਵਾ ਕੇਵਲ ਬਸ਼ਰਤ ਨਾਂ ਦਾ ਖਵਾਜਾ ਸਰਾ (ਖੁਸਰਾ) ਸੀ। ਦੋਵੇਂ ਭਰਾ ਇਕੋ ਹੀ ਦਰੀ 'ਤੇ ਬੈਠ ਗਏ। ਔਰੰਗਜ਼ੇਬ ਨੇ ਮਿੱਠੀਆਂ-ਮਿੱਠੀਆਂ ਗੱਲਾਂ ਅਤੇ ਮੁਰਾਦ ਦੀ ਸਿਹਤਯਾਬੀ ਦੀ ਖੁਸ਼ੀ ਪ੍ਰਗਟਾਈ। ਉਸ ਨੂੰ ਪੀਣ ਨੂੰ ਸ਼ਰਾਬ ਦਿੱਤੀ। ਮੁਰਾਦ ਵੱਡੇ ਭਰਾ ਅੱਗੇ ਪੀਣ ਤੋਂ ਝਿਜਕਦਾ ਸੀ ਪਰ ਔਰੰਗਜ਼ੇਬ ਨੇ ਕਿਹਾ, "ਪੀਓ, ਮੇਰੀ ਹਾਜ਼ਰੀ ਵਿਚ, ਕਿਉਂਕਿ ਮੈਂ ਤੈਨੂੰ ਬਹੁਤ ਤਕਲੀਫਾਂ ਝੱਲਣ ਤੋਂ ਬਾਅਦ ਖੁਸ਼ੀ ਵਿਚ ਦੇਖਣਾ ਚਾਹੁੰਦਾ ਹਾਂ।"

ਸ਼ਿਕਾਰ ਦੀ ਥਕਾਵਟ ਕਾਰਨ ਮੁਰਾਦ ਨੂੰ ਜਲਦੀ ਹੀ ਨੀਂਦ ਆਉਣ ਲੱਗੀ ਤਾਂ ਔਰੰਗਜ਼ੇਬ ਨੇ ਕਿਹਾ ਕਿ ਤੁਸੀਂ ਥੋੜ੍ਹਾ ਅਰਾਮ ਕਰ ਲਵੋ, ਅਗਲੀ ਮੁਹਿੰਮ ਬਾਰੇ ਬਾਕੀ ਗੱਲਾਂ ਤੁਹਾਡੇ ਉਠਣ 'ਤੇ ਕਰਾਂਗੇ। ਨਾਲ ਹੀ ਪਲੰਘ ਸਜਾਇਆ ਹੋਇਆ ਸੀ। ਮੁਰਾਦ ਆਪਣੀ ਤਲਵਾਰ ਅਤੇ ਹੋਰ ਹਥਿਆਰ ਆਪਣੇ ਸਿਰਹਾਣੇ ਹੇਠ ਰੱਖ ਕੇ ਲੇਟ ਗਿਆ। ਬਸ਼ਰਤ ਉਸ ਦੀਆਂ ਲੱਤਾਂ ਘੁੱਟਣ ਲੱਗ ਪਈ। ਛੇਤੀ ਹੀ ਇਕ ਹੋਰ ਪਰੀ-ਚਿਹਰਾ ਲੜਕੀ ਆਈ ਤੇ ਉਸ ਨੇ ਖਵਾਜਾ ਸਰਾ ਨੂੰ ਅੱਖ ਦੇ ਇਸ਼ਾਰੇ ਨਾਲ ਜਾਣ ਦਾ ਇਸ਼ਾਰਾ ਕੀਤਾ ਅਤੇ ਆਪ ਉਸ ਦੀ ਥਾਂ ਲੈ ਲਈ ਅਤੇ ਮੁਰਾਦ ਦੇ ਪੈਰਾਂ 'ਤੇ ਖੁਸ਼ਬੂਦਾਰ ਤੇਲ ਦੀ ਮਾਲਿਸ਼ ਕਰਨ ਲੱਗੀ। ਉਸ ਹਸੀਨਾ ਦੇ ਨਰਮ ਹੱਥਾਂ ਦੀ ਛੋਹ ਨਾਲ ਮੁਰਾਦ ਨੂੰ ਅਨੰਦਮਈ ਨੀਂਦ ਆ ਗਈ। ਉਹ ਲੜਕੀ ਜਾਣ ਲੱਗੀ ਮੁਰਾਦ ਦੇ ਸਿਰਹਾਣੇ ਹੇਠੋਂ ਉਸ ਦੇ ਹਥਿਆਰ ਚੁੱਕ ਕੇ ਲੈ ਗਈ।



ਔਰੰਗਜ਼ੇਬ

ਤੁਰੰਤ ਹੀ ਸ਼ੇਖ ਮੀਰ ਆਪਣੇ ਇਕ ਦਰਜਨ ਭਰੋਸੇਯੋਗ ਨੌਕਰਾਂ ਨਾਲ ਦਾਖਲ ਹੋਇਆ। ਤਾੜੀ ਮਾਰ ਕੇ ਉਸ ਨੇ ਮੁਰਾਦ ਨੂੰ ਜਗਾਇਆ। ਮੁਰਾਦ ਨੇ ਜਾਗਦੇ ਸਾਰ ਆਪਣੇ ਸਿਰਹਾਣੇ ਹੇਠ ਹੱਥ ਮਾਰਿਆ। ਹੈਰਾਨੀ ਵਿਚ ਉਸ ਨੇ ਔਰੰਗਜ਼ੇਬ ਨੂੰ ਧੋਖਾ ਕਰਨ ਬਾਰੇ ਕਿਹਾ। ਔਰੰਗਜ਼ੇਬ ਨੇ ਪਰਦੇ ਪਿਛੋਂ ਜਵਾਬ ਦਿੱਤਾ, "ਕਿਉਂਕਿ ਤੁਸੀਂ ਆਪਣੇ ਸਲਾਹਕਾਰਾਂ ਦੀ ਚੁੱਕ ਵਿਚ ਆ ਕੇ ਗੜਬੜ ਕਰਕੇ ਦੇਸ਼ ਨੂੰ ਬਰਬਾਦ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਤੇਰੇ 'ਤੇ ਘੁਮੰਡ ਦਾ ਭੂਤ ਸਵਾਰ ਹੈ, ਤੇਰੇ ਸੁਭਾਅ ਵਿਚ ਸੁਧਾਰ ਲਿਆਉਣ ਲਈ ਇਹ ਜ਼ਰੂਰੀ ਹੈ ਕਿ ਤੈਨੂੰ ਕੁਝ ਦਿਨ ਸਬਰ ਅਤੇ ਅਰਾਮ ਲਈ ਮੇਰੀ ਨਿਗਰਾਨੀ ਵਿਚ ਰੱਖਿਆ ਜਾਵੇ। ਇਸ ਨਜ਼ਰਬੰਦੀ ਨੂੰ ਆਪਣੀ ਬਿਹਤਰੀ ਸਮਝੋ, ਤੁਹਾਡੇ ਨਾਲ ਕੀਤੇ ਵਾਅਦਿਆਂ 'ਤੇ ਮੈਂ ਅੱਜ ਵੀ ਕਾਇਮ ਹਾਂ।"

ਸ਼ੇਖ ਮੀਰ ਨੇ ਉਸ ਦੇ ਅੱਗੇ ਸੋਨੇ ਦੀ ਬੇੜੀ ਰੱਖੀ ਅਤੇ ਸਲਾਮ ਕਰਕੇ ਸਹਿਜ਼ਾਦੇ ਦੇ ਪੈਰਾਂ ਵਿਚ ਕੱਸ ਦਿੱਤੀ। ਉਸ ਨੂੰ ਰਾਤ ਨੂੰ ਹੀ ਦਿੱਲੀ ਦੇ ਸਲੀਮਗੜ੍ਹ ਕਿਲ੍ਹੇ ਵੱਲ ਹਾਥੀ 'ਤੇ ਬਿਠਾ ਕੇ ਚੱਲ ਪਏ। ਇਸੇ ਤਰ੍ਹਾਂ ਢਕੇ ਹੋਏ ਹੌਦਿਆਂ ਵਾਲੇ ਤਿੰਨ ਹੋਰ ਹਾਥੀ ਪੂਰਬ, ਦੱਖਣ ਅਤੇ ਪੱਛਮ ਦਿਸ਼ਾਵਾਂ ਵੱਲ ਵੀ ਭੇਜੇ ਗਏ ਤਾਂ ਕਿ ਮੁਰਾਦ ਦੇ ਸਾਥੀਆਂ ਨੂੰ ਪਤਾ ਨਾ ਲੱਗੇ ਕਿ ਉਸ ਨੂੰ ਕਿਧਰ ਭੇਜਿਆ ਗਿਆ ਹੈ। ਮੁਰਾਦ ਦੇ ਪੁੱਤਰ ਇਜ਼ਤ ਬਖ਼ਸ਼ ਨੂੰ ਉਸੇ ਜੇਲ੍ਹ ਵਿਚ ਭੇਜ ਦਿੱਤਾ ਗਿਆ।

ਜਨਵਰੀ 1659 ਵਿਚ ਮੁਰਾਦ ਅਤੇ ਉਸ ਦੇ ਪੁੱਤਰ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ ਗਿਆ, ਜਿਥੇ ਉਹ ਤਿੰਨ ਕੁ ਸਾਲ ਰਿਹਾ। ਮੁਰਾਦ ਆਪਣੇ ਦਾਨੀ ਸੁਭਾਅ ਕਰਕੇ ਮਸ਼ਹੂਰ ਸੀ। ਕੈਦ ਦੇ ਦਿਨਾਂ ਵਿਚ ਵੀ ਉਹ ਆਪਣੇ ਖਰਚ ਲਈ ਮਿਲੇ ਧਨ ਵਿਚੋਂ ਅੱਧਾ ਹਿੱਸਾ ਗਰੀਬਾਂ ਅਤੇ ਫਕੀਰਾਂ ਵਿਚ ਵੰਡ ਦਿੰਦਾ। ਗਵਾਲੀਅਰ ਦੇ ਕਿਲ੍ਹੇ ਦੇ ਹੇਠਾਂ ਫਕੀਰਾਂ ਦੀ ਬਸਤੀ ਸੀ। ਪ੍ਰਸਿੱਧ ਇਤਿਹਾਸਕਾਰ ਖਾਫੀ ਖਾਂ ਦਾ ਪਿਤਾ ਵੀ ਫਕੀਰੀ ਭੇਸ ਵਿਚ ਇਸੇ ਬਸਤੀ ਵਿਚ ਰਹਿੰਦਾ ਸੀ। ਇਕ ਦਿਨ ਮੁਰਾਦ ਨੂੰ ਛੁਡਾਉਣ ਦੀ ਸਕੀਮ ਬਣਾਈ ਅਤੇ ਕਿਲ੍ਹੇ ਤੋਂ ਰੱਸਿਆਂ ਦੀ ਪੌੜੀ ਵੀ ਹੇਠਾਂ ਲਟਕਾਈ ਗਈ।

ਮੁਰਾਦ ਨੇ ਆਪਣੀ ਸੇਵਾ ਲਈ ਸਰਸਵਤੀ ਬਾਲੀ ਨਾਂ ਦੀ ਖ਼ੂਬਸੂਰਤ ਰਖੇਲ ਰੱਖੀ ਹੋਈ ਸੀ। ਜਦੋਂ ਉਸ ਨੂੰ ਮੁਰਾਦ ਦੇ ਭੱਜਣ ਦੀ ਸਕੀਮ ਦਾ ਪਤਾ ਲੱਗਾ ਤਾਂ ਉਹ ਉਚੀ-ਉਚੀ ਰੋਣ ਪਿੱਟਣ ਲੱਗ ਪਈ। ਰੌਲਾ ਸੁਣ ਕੇ ਪਹਿਰੇਦਾਰ ਜਾਗ ਪਏ, ਮਸ਼ਾਲਾਂ ਜਗਾ ਕੇ ਸਾਰੇ ਪਾਸੇ ਦੌੜਨ-ਭੱਜਣ ਲੱਗੇ ਅਤੇ ਰੱਸੇ ਦੀ ਪੌੜੀ ਉਨ੍ਹਾਂ ਨੂੰ ਮਿਲ ਗਈ।

ਇਸ ਖ਼ਬਰ ਤੋਂ ਬਾਅਦ ਔਰੰਗਜ਼ੇਬ ਨੇ ਮੁਰਾਦ ਦੀ ਅਲਖ ਮੁਕਾਉਣ ਦਾ ਮਨ ਬਣਾਇਆ। ਅਲੀ ਨਕੀ, ਜਿਸ ਨੂੰ ਮੁਰਾਦ ਨੇ ਅਹਿਮਦਾਬਾਦ ਵਿਚ ਕਈ ਸਾਲ ਪਹਿਲਾਂ ਕਤਲ ਕੀਤਾ ਸੀ, ਦੇ ਪੁੱਤਰ ਨੇ ਇਨਸਾਫ ਦੀ ਅਪੀਲ ਕੀਤੀ। ਔਰੰਗਜ਼ੇਬ ਨੇ ਗਵਾਲੀਅਰ ਦੇ ਕਾਜ਼ੀ ਨੂੰ ਇਸ ਅਪੀਲ ਦਾ ਫੈਸਲਾ ਇਸਲਾਮੀ ਕਾਨੂੰਨ ਅਨੁਸਾਰ ਕਰਨ ਦਾ ਆਦੇਸ਼ ਦਿੱਤਾ। ਫਰਿਆਦੀ ਨੂੰ ਔਰੰਗਜ਼ੇਬ ਦਾ ਇਕ ਖਵਾਜਾ ਸਰਾ (ਖੁਸਰਾ) ਨਾਲ ਲੈ ਕੇ ਗਵਾਲੀਅਰ ਘਰ ਪਹੁੰਚਿਆ। ਇਸ ਖਵਾਜਾ ਸਰਾ ਨੇ ਕਾਜ਼ੀ ਨੂੰ ਸ਼ਹਿਨਸ਼ਾਹ ਦਾ ਜੋ ਸੁਨੇਹਾ ਦਿੱਤਾ, ਉਸ ਬਾਰੇ ਕੋਈ ਸ਼ੱਕ ਨਹੀਂ। ਕਾਜ਼ੀ ਨੇ ਮੁਰਾਦ ਨੂੰ ਦੋਸ਼ੀ ਕਰਾਰ ਦਿੱਤਾ। ਫਰਿਆਦੀ ਨੇ ਕੋਈ ਵੀ ਮੁਆਵਜ਼ਾ ਆਪਣੇ ਪਿਤਾ ਦੀ ਮੌਤ ਬਦਲੇ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਹੁਣ ਸਿਵਾਏ ਮੌਤ ਤੋਂ ਇਸਲਾਮੀ ਕਾਨੂੰਨ ਅਨੁਸਾਰ ਹੋਰ ਕੋਈ ਚਾਰਾ ਨਹੀਂ ਸੀ।

4 ਦਸੰਬਰ 1668 ਨੂੰ ਬੁੱਧਵਾਰ ਦੇ ਦਿਨ ਦੋ ਗੁਲਾਮਾਂ ਨੇ ਤਲਵਾਰਾਂ ਨਾਲ ਜੇਲ੍ਹ ਦੀ ਛੋਟੀ ਜਿਹੀ ਕੋਠੜੀ ਵਿਚ ਮੁਰਾਦ ਦਾ ਅੰਤ ਕਰ ਦਿੱਤਾ। ਗਵਾਲੀਅਰ ਦੇ ਕਿਲ੍ਹੇ ਅੰਦਰ 'ਗੱਦਾਰਾਂ ਦੇ ਕਬਰਸਤਾਨ' ਵਿਚ ਮੁਰਾਦ ਦੀ ਲਾਸ਼ ਨੂੰ ਦਫਨਾਇਆ ਗਿਆ। ਇਸ ਘਟਨਾ ਤੋਂ ਕਰੀਬ ਚਾਲੀ ਸਾਲ ਬਾਅਦ ਔਰੰਗਜ਼ੇਬ ਜਦੋਂ ਬੁੱਢਾ ਹੋ ਗਿਆ ਸੀ, ਆਪਣੇ ਭਰਾ ਦੀ ਕਬਰ ਬਾਰੇ ਜ਼ਿਕਰ ਤਾਂ ਕਰਦਾ ਹੈ ਪਰ ਉਸ ਲਈ ਕੋਈ ਹਮਦਰਦੀ ਭਰੇ ਲਫ਼ਜ਼ ਨਹੀਂ ਵਰਤਦਾ।

# ਬਲਵਿੰਦਰ ਫਿੱਡਾ ਡਰੱਗ ਬਿਨਾ ਸਿਰੇ ਦੀ ਕਬੱਡੀ ਖੇਡਿਆ

ਅੱਜ ਕੱਲ੍ਹ ਬਹੁਤ ਸਾਰੇ ਖਿਡਾਰੀ ਡਰੱਗ ਦੇ ਸਹਾਰੇ ਕਬੱਡੀ ਖੇਡਣ ਲੱਗ ਪਏ ਹਨ। ਉਹੀ ਡਰੱਗ ਉਨ੍ਹਾਂ ਲਈ ਘਾਤਕ ਸਿੱਧ ਹੋ ਰਹੀ ਹੈ। ਡਰੱਗੀ ਖਿਡਾਰੀਆਂ ਦਾ ਖੇਡ-ਕਾਲ ਘਟ ਰਿਹੈ, ਕੁਝ ਅਪਾਹਜ ਤੇ ਨਿਪੁੰਸਕ ਹੋ ਰਹੇ ਹਨ ਤੇ ਕਈ ਮੌਤ ਦੇ ਮੂੰਹ ਵੀ ਜਾ ਪਏ ਹਨ। ਬਲਵਿੰਦਰ ਫਿੱਡਾ ਆਪਣੇ ਸਮੇਂ ਦਾ ਨਾਮੀ ਖਿਡਾਰੀ ਸੀ। ਉਹ ਪੱਚੀ ਵਰ੍ਹੇ ਉੱਚ ਪਾਏ ਦੀ ਕਬੱਡੀ ਖੇਡਿਆ। ਉਸ ਨੇ ਕਬੱਡੀ ਦੇ ਸਿਰੋਂ ਲੱਖਾਂ-ਕਰੋੜਾਂ ਕਮਾਏ ਤੇ ਨਾਮਣਾ ਉਸ ਤੋਂ ਵੀ ਵੱਧ। ਉਹਦਾ ਨਾਂ ਲੱਖਾਂ ਵਾਰ ਹਵਾ 'ਚ ਗੂੰਜਿਆ ਤੇ ਹਜ਼ਾਰਾਂ ਵਾਰ ਲਿਖਿਆ ਗਿਆ। ਕਬੱਡੀ ਜਗਤ ਵਿਚ ਉਹਦੀ ਮਸ਼ਹੂਰੀ ਦਾ ਕੋਈ ਹੱਦ-ਬੰਨਾ ਨਾ ਰਿਹਾ। ਉਸ ਨੇ ਧਨੰਤਰ ਧਾਵੀ ਦਾ ਮੁਕਾਮ ਹਾਸਲ ਕੀਤਾ ਹੋਇਆ ਸੀ। ਉਹ ਲੱਖਾਂ ਦਿਲਾਂ ਦੀ ਧੜਕਣ ਸੀ। ਉਹ ਪਹਿਲਾ ਖਿਡਾਰੀ ਸੀ, ਜਿਸ ਨੇ ਕਬੱਡੀ ਨੂੰ ਪੌਂਡਾਂ ਤੇ ਡਾਲਰਾਂ ਦੇ ਰਾਹ ਪਾਇਆ। ਅੱਜ ਜੋ ਵੱਡੇ ਵੱਡੇ ਇਨਾਮ ਕਬੱਡੀ ਖਿਡਾਰੀਆਂ ਨੂੰ ਮਿਲ ਰਹੇ ਹਨ, ਉਹਦਾ ਤੋਰਾ ਫਿੱਡੂ ਨੇ ਤੋਰਿਆ ਸੀ।



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਫਿੱਡੂ ਦਾ ਜਨਮ 23 ਮਾਰਚ 1956 ਨੂੰ ਪਿੰਡ ਟਾਂਡੀ ਜਿਲਾ ਕਪੂਰਥਲਾ ਵਿਚ ਸਾਧਾਰਨ ਕਿਸਾਨ ਬੰਤਾ ਸਿੰਘ ਦੇ ਘਰ ਮਾਤਾ ਚਰਨ ਕੌਰ ਦੀ ਕੁੱਖੋਂ ਹੋਇਆ। ਪਿੱਛੇ ਜਿਹੇ ਉਹ ਐਸ. ਪੀ. ਪੰਜਾਬ ਪੁਲਿਸ ਦੇ ਅਹੁਦੇ ਤੋਂ ਰਿਟਾਇਰ ਹੋਇਆ ਅਤੇ ਅੱਜ ਕੱਲ੍ਹ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਰਹਿੰਦਾ ਹੈ। ਸੈਰ ਕਰਦਿਆਂ ਸਾਡਾ ਅਕਸਰ ਮੇਲ ਹੋ ਜਾਂਦੈ। ਉਸ ਨੂੰ ਸੈਂਕੜੇ ਇਨਾਮਾਂ ਸਨਮਾਨਾਂ ਦੇ ਨਾਲ ਭਾਰਤ ਸਰਕਾਰ ਦਾ ਖੇਡ ਪੁਰਸਕਾਰ ਅਰਜਨ ਅਵਾਰਡ ਵੀ ਮਿਲ ਚੁਕੈ।

ਫਿੱਡੂ ਪੱਚੀ ਸਾਲ ਖੇਡ ਮੇਲਿਆਂ 'ਤੇ ਜਾਂਦਾ ਰਿਹਾ। ਕਈ ਥਾਂਈਂ ਉਸ ਨੂੰ ਸਿੱਕਿਆਂ ਨਾਲ ਤੋਲਿਆ ਜਾਂਦਾ। ਗਲ ਵਿਚ ਫੁੱਲਾਂ ਤੇ ਨੋਟਾਂ ਦੇ ਹਾਰ ਪੈਂਦੇ। 2006 'ਚ ਕਪੂਰਥਲੇ ਦੇ ਕਬੱਡੀ ਟੂਰਨਾਮੈਂਟ ਵਿਚ ਉਸ ਨੂੰ ਮਹਿੰਗੀ ਕਾਰ ਨਾਲ ਸਨਮਾਨਿਆ ਗਿਆ। ਪੁਲਿਸ ਵਿਚ ਭਰਤੀ ਹੋਣ ਵੇਲੇ ਉਹ ਕਾਂਸਟੇਬਲ ਸੀ। ਕਬੱਡੀ ਦੇ ਸਿਰ 'ਤੇ ਉਹ ਐਸ. ਪੀ. ਬਣ ਕੇ ਰਿਟਾਇਰ ਹੋਇਆ।

ਕਬੱਡੀ ਤੇ ਫਿੱਡਾ ਹੀਰ-ਰਾਂਝੇ ਵਾਂਗ ਜੁੜੇ ਨਾਂ ਹਨ। ਫਿੱਡੇ ਨੇ ਕਬੱਡੀ ਨੂੰ ਕੱਲਰਾਂ ਦੀ ਖੇਡ ਤੋਂ ਖੇਡ ਭਵਨਾ ਦੀ ਖੇਡ ਬਣਾਇਆ ਤੇ ਕਬੱਡੀ ਨੇ ਵੀ ਉਸ ਨੂੰ ਮਾਲਾ ਮਾਲ ਕੀਤਾ। ਉਹ ਲੰਮਾ ਸਮਾਂ ਉੱਚ ਪੱਧਰੀ ਕਬੱਡੀ ਖੇਡਣ ਦੇ ਬਾਵਜੂਦ ਇਕ ਵਾਰ ਵੀ ਡਰੱਗ ਦੇ ਨਸ਼ੇ ਵਿਚ ਨਹੀਂ ਸੀ ਖੇਡਿਆ। ਉਸ ਨੇ ਆਪਣੀ ਜ਼ੋਰਦਾਰ ਖੇਡ ਨਾਲ ਹੀ ਲੱਖਾਂ ਫੈਨ ਬਣਾਏ। ਇਹ ਸਤਰਾਂ ਲਿਖਦਿਆਂ ਮੈਨੂੰ ਉਹਦੀ ਖੇਡ ਤੇ ਉਹਦੇ ਵਿਹਾਰ ਦੇ ਅਨੇਕਾਂ ਦ੍ਰਿਸ਼ ਯਾਦ ਆ ਰਹੇ ਹਨ, ਜਿਨ੍ਹਾਂ 'ਚੋਂ ਕੁਝ ਇਕਨਾਂ ਦਾ ਜ਼ਿਕਰ ਕਰਨਾ ਵਾਜਬ ਹੋਵੇਗਾ।

ਫਿੱਡੂ ਦੱਸਦਾ ਹੈ ਕਿ 1976-77 'ਚ ਉਹਦੀ ਟੀਮ ਨੂੰ ਪੰਜ ਹਜ਼ਾਰ ਰੁਪਏ ਦਾ ਪਹਿਲਾ ਵੱਡਾ ਇਨਾਮ ਮਹਿਦੀਆਣਾ ਸਾਹਿਬ ਤੋਂ ਮਿਲਿਆ ਸੀ। ਗੁਰਦੁਆਰਾ ਮਹਿਦੀਆਣਾ ਸਾਡੇ ਪਿੰਡ ਚਕਰ, ਲੱਖੇ, ਮਾਣੂੰਕੇ ਤੇ ਮੱਲ੍ਹੇ ਦੇ ਵਿਚਕਾਰ ਹੈ। ਉਥੇ ਮਾਈਕ ਮੇਰੇ ਹੱਥ 'ਚ ਸੀ। ਇਕ ਪਾਸੇ ਕਪੂਰਥਲੇ ਦੀ ਟੀਮ ਸੀ ਤੇ ਦੂਜੇ ਪਾਸੇ ਲੁਧਿਆਣੇ ਦੀ। ਅਸੀਂ ਫਿੱਡੂ ਨੂੰ ਪੰਜ ਸੌ ਦੀ ਸਾਈ ਦੇ ਕੇ ਪੰਜ ਹਜ਼ਾਰੀ ਮੈਚ ਖੇਡਣ ਲਈ ਲਿਆਏ ਸਾਂ। ਫਿੱਡੂ ਤੇ ਉਹਦੇ ਸਾਥੀਆਂ ਨੂੰ ਸੱਚ ਨਹੀਂ ਸੀ ਆ ਰਿਹਾ ਕਿ ਕਬੱਡੀ ਖੇਡਣ ਦੇ ਸੱਚਮੁੱਚ ਪੰਜ ਹਜ਼ਾਰ ਮਿਲਣਗੇ! ਮਿਲੇ ਤਾਂ ਵੱਡੇ ਇਨਾਮਾਂ ਦਾ ਤੋਰਾ ਤੁਰ ਪਿਆ। ਇਉਂ ਕਬੱਡੀ ਮਹਿਦੀਆਣੇ ਦੇ ਮੈਚ ਤੋਂ ਪੇਸ਼ੇਵਰ ਖੇਡ ਬਣਨ ਦੇ ਰਾਹ ਪਈ। ਫਿੱਡੂ ਦਾ ਭਾਅ ਪੰਜ ਹਜ਼ਾਰ ਤੋਂ ਵਧਦਾ ਵਧਦਾ ਵੈਨਕੂਵਰ ਵਿਚ ਇਕ ਪੁਆਇੰਟ ਉਤੇ ਇਕ ਲੱਖ ਰੁਪਏ ਤਕ ਜਾ ਪੁੱਜਾ।

ਲੱਖ ਰੁਪਏ ਦੀ ਗੱਲ ਵੀ ਸੁਣ ਲਓ। 6 ਅਗਸਤ 1995 ਨੂੰ ਵੈਨਕੂਵਰ ਦੇ ਬੀ. ਸੀ. ਪਲੇਸ ਵਿਚ ਕਬੱਡੀ ਦਾ ਵਰਲਡ ਕੱਪ ਸੀ। ਪੰਦਰਾਂ ਹਜ਼ਾਰ ਦਰਸ਼ਕਾਂ ਦਾ 'ਕੱਠ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਦਾ ਫਾਈਨਲ ਮੈਚ ਵੇਖਣ ਢੁੱਕਾ ਸੀ। ਜਦੋਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਜੁਆਨ ਮੈਦਾਨ ਵਿਚ ਨਿੱਤਰੇ ਤਾਂ ਮੈਂ ਮਾਈਕ ਤੋਂ ਭੂਮਿਕਾ ਬੰਨ੍ਹੀ, "ਲਓ ਆ ਗਏ ਪੰਜਾਬ ਦੇ ਬੱਬਰ ਸ਼ੇਰ। ਮਾਂਵਾਂ ਦੇ ਬਲੀ ਪੁੱਤਰ। ਬਾਘੀਆਂ ਪਾਉਂਦੇ ਤੇ ਥਾਪੀਆਂ ਮਾਰਦੇ।



ਸੋਹਣੇ ਸਡੌਲ ਜੁੱਸੇ, ਮੇਹਲਦੇ ਤੇ ਮਚਲਦੇ। ਨਿਗਾਹਾਂ ਤਿਲ੍ਹਕ ਤਿਲ੍ਹਕ ਪੈਂਦੀਆਂ। ਇਨ੍ਹਾਂ ਦੀ ਚੜ੍ਹਤ ਵੇਖੋ ਤੇ ਵੇਖਿਓ ਇਨ੍ਹਾਂ ਦੀਆਂ ਪਕੜਾਂ। ਇਕ ਇਕ ਕਬੱਡੀ ਲੱਖ-ਲੱਖ ਦੀ ਪਊ, ਜੋ ਸੇਰ-ਸੇਰ ਲਹੂ ਵਧਾਊ। ਲਓ ਟੇਕ'ਤਾ ਧਰਤੀ ਮਾਂ ਨੂੰ ਮੱਥਾ ਤੇ ਹੋਣ ਲੱਗੇ ਆ ਨਿਤਾਰੇ...।"

ਮੈਚ ਸ਼ੁਰੂ ਹੋਇਆ ਤਾਂ ਇਕ ਪਾਕਿਸਤਾਨੀ ਸੱਜਣ ਨੇ ਮੈਨੂੰ ਕਿਹਾ, ਪਈ ਐਲਾਨ ਕਰ ਦਿਓ ਕਿ ਪਾਕਿਸਤਾਨ ਦਾ ਜਿਹੜਾ ਜਾਫੀ ਇੰਡੀਆ ਦੇ ਫਿੱਡੂ ਜਾਂ ਹਰਜੀਤ ਨੂੰ ਡੱਕ ਗਿਆ, ਉਹਨੂੰ ਪਾਕਿਸਤਾਨੀ ਕਰੰਸੀ ਵਿਚ ਇਕ ਲੱਖ ਰੁਪਿਆ ਇਨਾਮ ਦਿੱਤਾ ਜਾਵੇਗਾ, ਪਰ ਨਾ ਫਿੱਡੂ ਡੱਕਿਆ ਗਿਆ ਤੇ ਨਾ ਹੀ ਹਰਜੀਤ ਬਾਜਾਖਾਨਾ। ਟੋਰਾਂਟੋ ਵਿਚ ਫਿੱਡੂ ਦੀ ਇਕ ਰੇਡ ਉਤੇ ਤਿੰਨ ਹਜ਼ਾਰ ਡਾਲਰ ਇਨਾਮ ਲੱਗ ਗਿਆ ਸੀ। ਟੋਰਾਂਟੋ ਦੇ ਇਕ ਮੈਚ ਵਿਚ ਸਰੀਰ ਕਸਰਿਆ ਹੋਣ ਕਰਕੇ ਫਿੱਡੂ ਕਬੱਡੀ ਨਹੀਂ ਸੀ ਪਾ ਰਿਹਾ। ਇਕ ਸਰਦਾਰ ਨੇ ਪੰਜ ਸੌ ਡਾਲਰ ਫੜਾਉਂਦਿਆਂ ਮੈਨੂੰ ਕਿਹਾ ਕਿ ਫਿੱਡੂ ਤੋਂ ਕਬੱਡੀ ਪੁਆ ਦਿਓ ਤਾਂ ਇਹ ਇਨਾਮ ਉਹਦਾ। ਫਿੱਡੂ ਕੱਛਾਂ 'ਚ ਹੱਥ ਦੇਈ ਖੜ੍ਹਾ ਸੀ। ਜਦੋਂ ਮੈਂ ਮਾਈਕ ਤੋਂ ਪੰਜ ਸੌ ਡਾਲਰਾਂ ਦਾ ਐਲਾਨ ਕੀਤਾ ਤਾਂ ਫਿੱਡੂ ਨੇ ਖੜ੍ਹੇ ਖੜੋਤੇ ਛਾਲ ਮਾਰੀ ਤੇ ਥਾਪੀ ਮਾਰ ਕੇ ਕਬੱਡੀ ਪਾਉਣ ਲੱਗਾ। ਫਿੱਡੂ ਪੈਸੇ ਦਾ ਪੀਰ ਸੀ ਤੇ ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਸੀ।

1990 ਦੀ ਗੱਲ ਹੈ। ਅਮਰੀਕਾ ਵਿਚ ਪੰਜਾਬੀਆਂ ਦੇ ਗੜ੍ਹ ਯੂਬਾ ਸਿਟੀ 'ਚ ਦੀਦਾਰ ਸਿੰਘ ਬੈਂਸ ਹੋਰਾਂ ਨੇ ਮੈਨੂੰ ਮਾਈਕ ਦੀ ਥਾਂ ਵਿਸਲ ਫੜਾ ਦਿੱਤੀ। ਮੇਰੇ ਹੱਥ ਵਿਸਲ ਫੜੀ ਵੇਖ ਕੇ ਫਿੱਡੂ ਕਹਿਣ ਲੱਗਾ, "ਭਾਅ ਜੀ ਮੇਰੀ ਬਾਹਰ ਬੜੀ ਬਣੀ ਹੋਈ ਜੇ, ਮੇਰਾ ਖਿਆਲ ਰੱਖਣਾ।"

ਮੈਂ ਆਖਿਆ, "ਮੈਂ ਸਭ ਦਾ ਖਿਆਲ ਰੱਖਾਂਗਾ। ਜੇ ਤੈਂ ਕਿਸੇ ਦੇ ਮੂੰਹ 'ਤੇ ਹੱਥੜ ਮਾਰਿਆ ਤਾਂ ਤੇਰੇ ਖਿਲਾਫ ਵੀ 'ਪੈਂਟ' ਦੇਵਾਂਗਾ।"

ਫਿੱਡੂ ਸਾਫ ਸੁਥਰੀ ਖੇਡ ਖੇਡਿਆ। ਜਦੋਂ ਉਹ ਕਬੱਡੀ ਪਾਉਣ ਜਾਂਦਾ ਤਾਂ ਦਰਸ਼ਕ ਕੂਕਦੇ, "ਫੜ-ਲੋ ਇਹਨੂੰ, ਪੈ-ਜੋ ਲੱਤੀਂ। ਜਾਵੇ ਨਾ ਐਤਕੀਂ, ਰੱਖ-ਲੋ 'ਕੇਰਾਂ...।"

ਪਰ ਉਹ ਕਿਸੇ ਤੋਂ ਡੱਕਿਆ ਨਹੀਂ ਸੀ ਜਾ ਰਿਹਾ। ਮੈਚ ਦੇ ਅੰਤ 'ਚ ਉਹ ਇਕ ਵਾਰ ਡੱਕਿਆ ਗਿਆ ਤਾਂ ਦਰਸ਼ਕ ਬੇਹੱਦ ਖੁਸ਼ ਹੋਏ। ਉਨ੍ਹਾਂ ਨੇ ਬੀਅਰ ਦੀਆਂ ਡੱਬੀਆਂ ਹਵਾ 'ਚ ਚਲਾ ਮਾਰੀਆਂ ਤੇ ਪਾਣੀ ਪਿਆਉਣ ਵਾਲਿਆਂ ਨੇ ਜੱਗ ਉਛਾਲ ਦਿੱਤੇ। ਹਾਤ-ਹੂਤ ਕਰਦੇ ਕਈ ਛੋਕਰੇ ਚੀਕਾਂ ਮਾਰਨ ਲੱਗੇ ਜਿਵੇਂ ਦੋਗਲੇ ਵਛੜੇ ਰੰਭਦੇ ਹੋਣ!

ਯੂਬਾ ਸਿਟੀ ਪਿੱਛੋਂ ਵੈਨਕੂਵਰ ਦਾ ਖੇਡ ਮੇਲਾ ਭਰਿਆ। ਉਥੇ ਫਿੱਡੂ ਇਕ ਵਾਰ ਵੀ ਨਾ ਡੱਕ ਹੋਇਆ। ਮੈਚ ਮੁੱਕੇ ਤਾਂ ਅਸੀਂ ਵੇਖਿਆ, ਇਕ ਸ਼ਰਾਬੀ ਬਾਬਾ ਰੁੱਖ ਨੂੰ ਜੱਫੇ ਮਾਰਦਾ ਆਖੀ ਜਾਵੇ, "ਮੈਂ ਮਣ ਘਿਓ ਖੁਆ ਦੇਣਾ ਆਵਦੇ ਮੁੰਡੇ ਨੂੰ, ਅਗਲੇ ਸਾਲ ਫਿੱਡੂ ਨੂੰ ਜੱਫਾ ਲੁਆਉਣਾ!"

ਫਿੱਡੂ ਨੂੰ ਲੋਕਾਂ ਨੇ ਪਿੰਡਾਂ ਦੇ ਟੂਰਨਾਮੈਂਟਾਂ 'ਚ ਵੀ ਖੇਡਦੇ ਵੇਖਿਆ ਤੇ ਦੇਸਾਂ-ਪਰਦੇਸਾਂ ਦੇ ਵੱਡੇ ਖੇਡ ਮੇਲਿਆਂ ਵਿਚ ਵੀ। ਉਹ ਮੋਢਿਆਂ 'ਤੇ ਚੁੱਕਿਆ ਜਾਂਦਾ ਤੇ ਉਹਦੇ ਬੋਝੇ ਡਾਲਰਾਂ-ਪੌਂਡਾਂ ਨਾਲ ਭਰ ਦਿੱਤੇ ਜਾਂਦੇ। ਕਬੱਡੀ ਪ੍ਰੇਮੀ ਉਹਦੇ ਨਾਲ ਹੱਥ ਮਿਲਾਉਣ ਤੇ ਫੋਟੋ ਖਿਚਾਉਣ ਨੂੰ ਧੰਨਭਾਗ ਸਮਝਦੇ। ਉਹਦੀ ਖੇਡ ਉਤੇ ਡਾਲਰਾਂ ਤੇ ਪੌਂਡਾਂ ਦਾ ਮੀਂਹ ਵਰ੍ਹਦਾ। ਕੋਈ ਉਹਨੂੰ 'ਪੰਜਾਬ ਦਾ ਟਰੱਕ' ਕਹਿੰਦਾ ਤੇ ਕੋਈ 'ਹੀਰੋ ਆਫ ਫਾਈਵ ਰਿਵਰਜ਼।' ਉਸ ਨੂੰ 'ਕਬੱਡੀ ਦਾ ਰੁਸਤਮੇ ਹਿੰਦ' ਵੀ ਕਿਹਾ ਜਾਂਦਾ। ਦਾਇਰੇ ਵਾਲੀ ਕਬੱਡੀ ਤੋਂ ਬਿਨਾ ਉਸ ਨੇ ਕਬੱਡੀ ਨੈਸ਼ਨਲ ਸਟਾਈਲ ਵਿਚ ਵੀ ਧੁੰਮਾਂ ਪਾਈਆਂ ਤੇ ਪੰਜਾਬ ਲਈ ਅਨੇਕਾਂ ਵਾਰ ਕਬੱਡੀ ਦੀ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ। ਪੁਲਿਸ ਖੇਡਾਂ ਵਿਚ ਤਾਂ ਉਹ ਹਮੇਸ਼ਾ ਹੀ ਨੈਸ਼ਨਲ ਕਬੱਡੀ ਦਾ ਸਰਵੋਤਮ ਖਿਡਾਰੀ ਸਿੱਧ ਹੁੰਦਾ ਸੀ।

ਉਹ ਜਦੋਂ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਲੱਗਾ ਤਾਂ ਸਭ ਤੋਂ ਨਿੱਕੇ ਕੱਦ ਵਾਲਾ ਬੱਚਾ ਸੀ। ਇਕ ਮਾਸਟਰ ਨੇ ਉਸ ਨੂੰ ਵੈਸੇ ਹੀ 'ਮਿੱਡਾ ਜਿਹਾ' ਕਹਿ ਦਿੱਤਾ। ਉਹਦੇ ਜਮਾਤੀ ਉਸ ਨੂੰ ਮਿੱਡੇ ਤੋਂ ਫਿੱਡਾ ਕਹਿਣ ਲੱਗ ਪਏ ਤੇ ਉਹਦਾ ਨਾਂ ਹੀ ਫਿੱਡਾ ਪੱਕ ਗਿਆ। ਕੋਈ ਫਿੱਡਾ ਕਹਿੰਦਾ, ਕੋਈ ਫਿੱਡੂ। ਜੇ ਬਲਵਿੰਦਰ ਫਿੱਡਾ ਡਰੱਗ ਲਏ ਬਿਨਾ ਪੱਚੀ ਸਾਲ ਸਿਰੇ ਦੀ ਕਬੱਡੀ ਖੇਡ ਗਿਆ ਤਾਂ ਅਜੋਕੇ ਖਿਡਾਰੀ ਡਰੱਗ ਦੇ ਟੀਕੇ ਲੁਆਉਣ ਤੋਂ ਬਿਨਾ ਲੰਮਾ ਸਮਾਂ ਕਿਉਂ ਨਹੀਂ ਖੇਡ ਸਕਦੇ?

---

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

# ਦਮਨ ਜੋੜੀ ਦੀ ਤਿਆਰ ਕੀਤੀ ਅੰਗਰੇਜ਼ੀ ਫਿਲਮ

ਜਸਵੰਤ ਤੇ ਦਵਿੰਦਰ ਦਮਨ ਪੰਜਾਬੀ ਰੰਗਮੰਚ ਦੇ ਜਾਣੇ-ਪਛਾਣੇ ਨਾਂ ਹਨ। ਲੰਮੇ ਸਮੇਂ ਤੋਂ ਉਨ੍ਹਾਂ ਦੀ ਬੇਟੀ ਅਰਵਿੰਦ ਟੈਕਸਸ ਰਹਿੰਦੀ ਹੈ। ਉਸ ਨੇ ਖੁਦ ਤੋਂ ਬਿਨਾ ਆਪਣੀ ਬੇਟੀ ਮਹਿਕ ਨੂੰ ਅਦਾਕਾਰੀ ਵਿਚ ਪੂਰੀ ਤਰ੍ਹਾਂ ਢਾਲ ਲਿਆ ਹੈ। ਪਿਛਲੇ ਦਿਨੀਂ ਪੰਜਾਬ ਕਲਾ ਭਵਨ, ਚੰਡੀਗੜ੍ਹ ਦੇ ਰੰਧਾਵਾ ਆਡੀਟੋਰੀਅਮ ਵਿਚ ਪਰਿਵਾਰ ਨੇ ਰਲ ਕੇ ਤਿਆਰ ਕੀਤੀ 'ਜਨਵਰੀ' ਨਾਂ ਦੀ ਅੰਗਰੇਜ਼ੀ ਫਿਲਮ ਪੇਸ਼ ਕੀਤੀ, ਜਿਸ ਦੇ ਲਗਭਗ ਸਾਰੇ ਅਦਾਕਾਰ ਪਰਿਵਾਰ ਦੇ ਮੈਂਬਰ ਹੀ ਹਨ।

ਫਿਲਮ ਵਿਚ ਜਵਾਨ ਹੋ ਰਹੀ ਪੰਜਾਬੀ ਕੁੜੀ ਆਪਣੇ ਆਪ ਨੂੰ ਅਮਰੀਕਾ ਦੇ ਓਪਰੇ ਮਾਹੌਲ 'ਚ ਘਿਰਿਆ ਵੇਖ ਇੱਕ ਗੁੰਝਲਦਾਰ ਰੋਗ ਦਾ ਸ਼ਿਕਾਰ ਹੋ ਜਾਂਦੀ ਹੈ, ਜਿਸ ਦੇ ਮਾਪਿਆਂ ਨੂੰ ਸਮਝ ਨਹੀਂ ਪੈਂਦੀ ਤੇ ਉਹ ਪ੍ਰੇਸ਼ਾਨ ਹਨ। ਖਾਸ ਕਰ ਪਿਤਾ, ਜੋ ਉਹਨੂੰ ਵੀ ਕੁੱਟਦਾ ਮਾਰਦਾ ਹੈ ਤੇ ਉਹਦੇ ਨਾਲ ਹਮਦਰਦੀ ਕਰਨ ਵਾਲੀ ਆਪਣੀ ਪਤਨੀ ਨੂੰ ਵੀ। ਰੋਗੀ ਲੜਕੀ ਇਸ ਮਾਹੌਲ ਤੋਂ ਹੀ ਨਹੀਂ, ਦੁਨੀਆਂ ਤੋਂ ਉਚਾਟ ਹੋ ਜਾਂਦੀ ਹੈ। ਇਥੋਂ ਤੱਕ ਕਿ ਆਪਣੇ ਸਰੀਰ ਨੂੰ ਤਿੱਖੇ ਬਲੇਡ ਨਾਲ ਥਾਂ ਥਾਂ 'ਤੇ ਕੱਟਣ ਲੱਗ ਜਾਂਦੀ ਹੈ। ਜਦੋਂ ਮਾਪਿਆਂ ਦੀ ਝਾੜਝੰਬ ਤੇ ਟੂਣਾ ਟਾਮਣ ਵੀ ਅਸਰ ਨਹੀਂ ਕਰਦੇ ਤਾਂ ਉਹ ਮਨੋਵਿਗਿਆਨ ਦੇ ਡਾਕਟਰ ਨੂੰ ਬੁਲਾਉਂਦੇ ਹਨ। ਡਾਕਟਰ ਸਮਝ ਜਾਂਦਾ ਹੈ ਕਿ ਕੁੜੀ ਕਟਰ (cutter) ਰੋਗ ਦਾ ਸ਼ਿਕਾਰ ਹੈ, ਜਿਸ ਦੇ ਰੋਗੀ ਉਹ ਹਰਕਤਾਂ ਕਰਦੇ ਹਨ, ਜੋ ਲੜਕੀ ਕਰ ਰਹੀ ਹੈ।

ਡਾਕਟਰ ਨੇ ਰੋਗੀ ਕੁੜੀ ਦੇ ਨੇੜੇ ਤੇੜੇ ਅੰਗਰੇਜ਼ੀ ਬੋਲਣ ਉਤੇ ਪਾਬੰਦੀ ਲਾ ਕੇ ਉਸ ਨੂੰ ਪੰਜਾਬੀ ਗੀਤਾਂ ਤੇ ਗਾਣਿਆਂ ਦੀ ਦੁਨੀਆਂ ਵਿਚ ਲੈ ਜਾਣ ਦਾ ਯਤਨ ਕੀਤਾ। ਕਿਸੇ ਹੱਦ ਤੱਕ ਇਸ ਦਾ ਅਸਰ ਤਾਂ ਹੋਇਆ, ਪਰ ਰੋਗੀ ਕੁੜੀ ਨੂੰ ਉਸ ਦਾ ਅੰਦਰਲਾ ਵਲੂੰਧਰੀ ਜਾ ਰਿਹਾ ਸੀ। ਲੜਕੀ ਦਾ ਪਿਤਾ ਤੁਰੰਤ ਨਤੀਜੇ ਚਾਹੁੰਦਾ ਹੈ, ਜੋ ਸੰਭਵ ਨਹੀਂ। ਉਹ ਡਾਕਟਰ ਨੂੰ ਵੀ ਕੋਸਣ ਲਗਦਾ ਹੈ।

ਡਾਕਟਰ ਫੌਰੀ ਇਲਾਜ ਵਜੋਂ ਰੋਗੀ ਕੁੜੀ ਨੂੰ ਇਕ ਵੱਡੀ ਸਾਰੀ ਗੁੱਡੀ ਖਰੀਦ ਦਿੰਦਾ ਹੈ, ਜੋ ਨਾ ਬੋਲਦੀ ਹੈ ਤੇ ਨਾ ਹੀ ਅਮਰੀਕਨ ਕੁੜੀਆਂ ਵਾਂਗ ਗਿਟ ਮਿਟ ਕਰਦੀ ਹੈ। ਲੜਕੀ ਕਾਫੀ ਸੰਭਲ ਜਾਂਦੀ ਹੈ। ਰੋਗੀ ਕੁੜੀ ਉਸ ਗੁੱਡੀ ਦਾ ਨਾਂ ਜਨਵਰੀ ਰੱਖ ਦਿੰਦੀ ਹੈ-ਨਵਾਂ ਮਹੀਨਾ ਤੇ ਨਵਾਂ ਜੀਵਨ। ਗੁੰਝਲ ਪੂਰੀ ਤਰ੍ਹਾਂ ਹੱਲ ਨਹੀਂ ਹੁੰਦੀ। ਲੜਕੀ ਗੁੱਡੀ ਨਾਲ ਗੱਲਾਂ ਕਰਨਾ ਚਾਹੁੰਦੀ ਹੈ, ਪਰ ਉਹ ਬੋਲਦੀ ਨਹੀਂ। ਡਾਕਟਰ ਸਮਝ ਜਾਂਦਾ ਹੈ ਕਿ ਰੋਗੀ ਕੁੜੀ ਨੂੰ ਅਮਰੀਕਾ ਤੋਂ ਵਖਰੇ ਮਾਹੌਲ ਦੀ ਲੋੜ ਹੈ, ਜੋ ਉਸ ਦੇ ਜੀਨਜ਼ ਵਿਚ ਹੈ। ਉਹ ਮਾਪਿਆਂ ਨੂੰ ਸਲਾਹ ਦਿੰਦਾ ਹੈ ਕਿ ਕੁੜੀ ਨੂੰ ਪੰਜਾਬ ਭੇਜ ਦੇਣ। ਉਹ ਮੰਨ ਜਾਂਦੇ ਹਨ। ਇਥੇ ਫਿਲਮ ਦਾ ਅੰਤ ਹੋ ਜਾਂਦਾ ਹੈ।

ਫਿਲਮ ਵਿਚ ਦਵਿੰਦਰ ਦਮਨ ਮਨੋਵਿਗਿਆਨੀ ਨਰਿੰਦਰ ਨਾਥ ਦਾ ਰੋਲ ਕਰਦਾ ਹੈ। ਜਸਵੰਤ ਦਮਨ ਰੋਗੀ ਕੁੜੀ ਦੀ ਦਾਦੀ ਦਾ, ਦੋਹਾਂ ਦੀ ਬੇਟੀ ਅਰਵਿੰਦ ਰੋਗੀ ਦੀ ਮਾਂ ਸੁਨੀਤਾ ਦਾ ਤੇ ਪਰਿਵਾਰ ਦੀ ਦੋਹਤਰੀ ਮਹਿਕ ਰੋਗੀ ਕੁੜੀ ਜਾਨਕੀ ਦਾ। ਜਾਨਕੀ ਦਾ ਮਨ ਬਹਿਲਾਉਣ ਲਈ ਉਸ ਨੂੰ ਜਿਹੜੀ ਗੁੱਡੀ ਦਿੱਤੀ ਜਾਂਦੀ ਹੈ, ਉਸ ਨੂੰ ਰੋਗੀ ਕੁੜੀ 'ਜਨਵਰੀ' ਕਹਿੰਦੀ ਹੈ। ਇਹੀਓ ਫਿਲਮ ਦਾ ਨਾਂ ਹੈ। ਮੇਰੇ ਵਰਗਿਆਂ ਲਈ ਇੱਕ ਹੋਰ ਨਵੀਂ ਗੱਲ ਇਹ ਕਿ ਇਸ ਅੰਗਰੇਜ਼ੀ ਫਿਲਮ ਵਿਚ ਬੋਲੇ ਗਏ ਸ਼ਬਦ, ਵਾਰਤਾਲਾਪ ਤੇ ਗੀਤ ਅੰਗਰੇਜ਼ੀ ਵਿਚ ਡਬ ਕਰਕੇ ਦਿਖਾਏ ਗਏ ਹਨ।

ਵਿਸ਼ਾ ਮਨੋਵਿਗਿਆਨ ਹੋਣ ਕਾਰਨ ਸਮਝਣਾ ਸੌਖਾ ਤਾਂ ਨਹੀਂ, ਪਰ ਦਮਨ ਪਰਿਵਾਰ ਵਧਾਈ ਦਾ ਪਾਤਰ ਹੈ ਕਿ ਉਨ੍ਹਾਂ ਆਪਣੇ ਬਲਬੂਤੇ 'ਤੇ ਅੰਗਰੇਜ਼ੀ ਫਿਲਮ ਜਗਤ ਨੂੰ ਸੰਨ੍ਹ ਲਾਈ ਹੈ। ਇਹ ਫਿਲਮ ਫਰਾਂਸ ਦੀ ਕੈਨਸ ਨਗਰੀ ਵਿਚ ਹੋਣ ਵਾਲੇ ਫਿਲਮ ਮੇਲੇ ਲਈ ਤਿਆਰ ਕੀਤੀ ਗਈ ਹੈ, ਤੇ ਸਾਰੇ ਪੰਜਾਬੀਆਂ ਤੋਂ ਸ਼ੁਭ ਕਾਮਨਾਵਾਂ ਦੀ ਹੱਕਦਾਰ ਹੈ।

**ਅੰਮ੍ਰਿਤਾ ਪ੍ਰੀਤਮ ਇਕ ਸਦਾ ਦਾ ਨਾਂ:** ਪੀਪਲਜ਼ ਕਨਵੈਨਸ਼ਨ ਸੈਂਟਰ, ਚੰਡੀਗੜ੍ਹ ਦੇ ਵਿਹੜੇ ਪਿਛਲੇ ਦਿਨੀਂ ਚੰਡੀਗੜ੍ਹ ਸਾਹਿਤ ਅਕਾਡਮੀ ਨੇ ਪੰਜਾਬੀ ਦੀ ਜਗਤ ਪ੍ਰਸਿੱਧ ਕਵਿਤਰੀ ਅੰਮ੍ਰਿਤਾ ਪ੍ਰੀਤਮ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਇੱਕ ਯਾਦਗਾਰੀ ਪ੍ਰੋਗਰਾਮ ਕਰਵਾਇਆ। ਇਸ ਵਿਚ ਸਰਬਜੀਤ ਸਿੰਘ (ਚੰਡੀਗੜ੍ਹ), ਵਨੀਤਾ (ਦਿੱਲੀ) ਤੇ ਹਰਭਜਨ ਸਿੰਘ ਭਾਟੀਆ (ਅੰਮ੍ਰਿਤਸਰ) ਨੇ ਅੰਮ੍ਰਿਤਾ ਪ੍ਰੀਤਮ ਦੇ ਕਾਵਿਕ ਤੇ ਰਚਨਾਤਮਕ ਗੁਣਾਂ ਦਾ ਗੁਣਗਾਇਨ ਤੇ ਭਰਵਾਂ ਵਿਸ਼ਲੇਸ਼ਣ ਕੀਤਾ। ਉਸ ਦੀ ਸ਼ਖਸੀਅਤ ਤੇ ਕਲਾਕਾਰੀ ਦੀਆਂ ਅੰਦਰੂਨੀ ਪਰਤਾਂ ਨੂੰ ਉਘਾੜਦਿਆਂ ਸਰੋਤਿਆਂ ਵਿਚ ਅੰਮ੍ਰਿਤਾ ਪ੍ਰੀਤਮ ਨਾਲ ਵਾਹ ਵਾਸਤਾ ਰੱਖਣ ਵਾਲੇ ਅੱਧੀ ਦਰਜਨ ਲੇਖਕਾਂ ਨੇ ਲੇਖਿਕਾ ਨਾਲ ਬਿਤਾਏ ਨਿੱਜੀ ਪਲਾਂ ਦਾ ਜ਼ਿਕਰ ਕੀਤਾ।

ਪ੍ਰੋਗਰਾਮ ਦਾ ਅੰਤ ਅੰਮ੍ਰਿਤਾ ਦੀਆਂ ਚੋਣਵੀਆਂ ਕਵਿਤਾਵਾਂ ਦੀ ਪੇਸ਼ਕਾਰੀ ਨਾਲ ਹੋਇਆ, ਜਿਸ ਵਿਚ ਐਸ. ਡੀ. ਸ਼ਰਮਾ (ਚੰਡੀਗੜ੍ਹ), ਜਸਬੀਰ ਕੌਰ (ਪਟਿਆਲਾ) ਤੇ ਅਜੀਤ (ਲੰਗੇਰੀ) ਨੇ ਅੱਧੀ ਦਰਜਨ ਕਵਿਤਾਵਾਂ ਗਾ ਕੇ ਸੁਰੀਲੀ ਅਵਾਜ਼ ਵਿਚ ਪੇਸ਼ ਕੀਤੀਆਂ, ਜੋ ਸਰੋਤਿਆਂ ਦੇ ਕਹਿਣ ਅਨੁਸਾਰ, ਉਨ੍ਹਾਂ ਨੇ ਪਹਿਲਾਂ ਨਹੀਂ ਸਨ ਪੜ੍ਹੀਆਂ। ਗਾ ਕੇ ਪੇਸ਼ ਕਰਨ ਵਾਲਿਆਂ ਨੇ ਉਨ੍ਹਾਂ ਨੂੰ ਬੇਹਦ ਭਾਵਪੂਰਤ ਬਣਾ ਦਿੱਤਾ। ਸਾਰਾ ਪ੍ਰੋਗਰਾਮ ਲਾਮਿਸਾਲ ਹੋ ਗੁਜ਼ਰਿਆ।

**ਵਿਦੇਸ਼ੀ ਚਿੱਤਰਕਾਰਾਂ ਦੀ ਨਜ਼ਰ ਵਿਚ ਸਿੱਖ ਇਤਿਹਾਸ:** ਮਈ ਮਹੀਨੇ ਦੇ ਅਖੀਰਲੇ ਹਫਤੇ ਚਾਰ ਰੋਜ਼ਾ ਚਿੱਤਰ ਪ੍ਰਦਰਸ਼ਨੀ ਸਮੇਂ ਪੰਜਾਬ ਕਲਾ ਭਵਨ ਦੀ ਆਰਟ ਗੈਲਰੀ ਵਿਚ ਸਿੱਖ ਇਤਿਹਾਸ ਨੂੰ ਪੇਸ਼ ਕਰਦੇ ਉਹ ਚਿੱਤਰ ਵੇਖਣ ਨੂੰ ਮਿਲੇ, ਜੋ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਨੂੰ ਹੀ ਨਹੀਂ, ਪ੍ਰਸਿੱਧ ਸਿੰਘਾਂ-ਸਿੰਘਣੀਆਂ ਦੀ ਅੜਕ-ਮੜਕ ਦੀਆਂ ਬੁਲੰਦੀਆਂ ਛੂਹੰਦੇ ਹਨ। ਸਿੱਖਾਂ ਦੀ ਪਗੜੀ, ਦਾਹੜੀ ਤੇ ਦਿੱਖ ਵਿਦੇਸ਼ੀ ਕਲਾਕਾਰਾਂ ਲਈ ਏਨੀ ਪ੍ਰਭਾਵੀ ਸੀ ਕਿ ਬਰਤਾਨੀਆ, ਫਰਾਂਸ, ਆਸਟਰੀਆ, ਜਰਮਨੀ, ਜਪਾਨ ਤੇ ਪਰਸ਼ੀਆ ਦੇ ਕਲਾਕਾਰ ਉਨ੍ਹਾਂ ਦੀ ਆਨ ਤੇ ਸ਼ਾਨ ਨੂੰ ਚਿੱਤਰਾਂ ਰਾਹੀਂ ਪੇਸ਼ ਕਰਨ ਲਈ ਉਤਸ਼ਾਹਿਤ ਹੋ ਗਏ। ਚਿੱਤਰਕਾਰਾਂ ਨੇ ਆਪਣੇ ਰੰਗਾਂ ਤੇ ਬੁਰਸ਼ਾਂ ਨੂੰ ਸਿੱਖ ਰਾਜਿਆਂ ਤੇ ਰਾਣੀਆਂ ਤੱਕ ਹੀ ਸੀਮਤ ਨਹੀਂ ਰੱਖਿਆ, ਜਲ੍ਹਿਆਂਵਾਲਾ ਬਾਗ ਦੇ ਸਾਕੇ ਨੂੰ ਵੀ ਚੋਣਵੇਂ ਰੰਗਾਂ ਵਿਚ ਪੇਸ਼ ਕੀਤਾ ਹੈ।



ਪ੍ਰਦਰਸ਼ਨੀ ਵਿਚ ਲਾਈ ਗਈ ਮਹਾਰਾਜਾ ਰਣਜੀਤ ਸਿੰਘ ਦੀ ਪੇਂਟਿੰਗ।

ਵੱਡੀ ਗੱਲ ਇਹ ਵੀ ਕਿ ਗਰੇਟਰ ਕੈਲਾਸ਼, ਨਵੀਂ ਦਿੱਲੀ ਰਹਿੰਦੇ ਗੌਤਮ ਸ੍ਰੀਵਾਸਤਵ ਨੇ ਇਹ ਕੀਮਤੀ ਚਿੱਤਰ ਵੀਹ ਵੱਖ-ਵੱਖ ਦੇਸ਼ਾਂ ਵਿਚੋਂ ਲਿਆ ਕੇ ਆਪਣੀ ਰਿਹਾਇਸ਼ ਵਿਚ ਸੰਭਾਲ ਰੱਖੇ ਹਨ, ਜਿਨ੍ਹਾਂ ਦੀ ਸਾਂਭ-ਸੰਭਾਲ ਲੈਲਾ ਸਿੰਘ ਮਜੀਠੀਆ ਪੂਰੀ ਲਗਨ ਤੇ ਪਿਆਰ ਨਾਲ ਕਰ ਰਹੀ ਹੈ। ਜਾਪਦਾ ਇਹ ਹੈ ਕਿ ਸਾਂਭ-ਸੰਭਾਲ ਲਈ ਮਾਇਕ ਮਦਦ ਜੁਟਾਉਣ ਵਿਚ ਵੀ ਮਜੀਠੀਆ ਦਾ ਕਾਫੀ ਹੱਥ ਹੈ।

**ਨਰਿੰਦਰ ਮੋਦੀ ਦਾ ਕ੍ਰਿਸ਼ਮਾ:** ਨਰਿੰਦਰ ਮੋਦੀ ਦੀ ਲੋਕ ਸਭਾ ਚੋਣਾਂ ਵਾਲੀ ਜਿੱਤ ਨੂੰ ਮੇਰੇ ਕੁਲੀਗ ਤੇ ਮਿੱਤਰ ਮਾਧਵ ਕੌਸ਼ਿਕ ਨੇ ਉਰਦੂ ਦੇ ਹੇਠ ਲਿਖੇ ਸ਼ਿਅਰ ਰਾਹੀਂ ਚੇਤੇ ਕੀਤਾ ਹੈ, ਖਾਸ ਕਰਕੇ ਮੋਦੀ ਦਾ ਜੇਤੂ ਭਾਸ਼ਣ ਸੁਣਨ ਤੋਂ ਪਿਛੋਂ,

ਜਾਦੂ ਹੈ ਯਾ ਤਲਿਸਮ ਤੁਮ੍ਹਾਰੀ ਜ਼ੁਬਾਨ ਮੇਂ
ਤੁਮ ਝੂਠ ਕਹਿ ਰਹੇ ਥੇ ਹਮੇਂ ਇਅਤਬਾਰ ਥਾ।

**ਅੰਤਿਕਾ: ਅੰਮ੍ਰਿਤਾ ਪ੍ਰੀਤਮ**

ਇਸ਼ਕ ਦੀ ਦਹਿਲੀਜ਼ 'ਤੇ
ਸਿਜਦਾ ਕਰੇਗਾ ਜਦ ਕੋਈ
ਯਾਦ ਫਿਰ ਦਹਿਲੀਜ਼ ਨੂੰ ਮੇਰਾ ਜ਼ਮਾਨਾ ਆਏਗਾ।

PUNJAB SPORTS & CULTURAL ASSOCIATION PSCA Punjabi Khed Mela MICHIGAN

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖ਼ੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 12ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

## 3 ਅਗਸਤ 2019

*(ਸਨਿਚਰਵਾਰ, ਸਵੇਰੇ 9 ਤੋਂ ਸ਼ਾਮ 8 ਵਜੇ ਤੱਕ)*

**Heritage Park**
46202 Heritage Park Dr., Canton Twp, MI 48188
Behind Canton Library
Address: 1150 S Canton Center Toad, Canton Twp, MI 48188

## ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $15,000
ਦੂਜਾ ਇਨਾਮ $12,000
ਤੀਜਾ ਇਨਾਮ $9,000
ਚੌਥਾ ਇਨਾਮ $7,000

**ਕਬੱਡੀ ਅੰਡਰ-21**
ਪਹਿਲਾ ਇਨਾਮ $3500
ਦੂਜਾ ਇਨਾਮ $2500
ਤੀਜਾ ਇਨਾਮ $1,000

**ਸੌਕਰ**
ਪਹਿਲਾ ਇਨਾਮ $3500
ਦੂਜਾ ਇਨਾਮ $2500

**ਵਾਲੀਬਾਲ (ਓਪਨ)**
ਪਹਿਲਾ ਇਨਾਮ $3100
ਦੂਜਾ ਇਨਾਮ $2100



ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

## ਸਭਨਾਂ ਨੂੰ ਖੁੱਲ੍ਹਾ ਸੱਦਾ

ਲੰਗਰ ਦਾ ਖਰਚਾ ਤੇ ਸੇਵਾ ਆਰਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

**Free Entry Free Food & Free Entertainment**

ਨਾਮੀ ਗਾਇਕ ਆਪਣੀ ਗਾਇਕੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰਨਗੇ

Charger logistics inc

Radio Chann Pardesi ਰੇਡੀਓ ਚੰਨ ਪ੍ਰਦੇਸੀ

GN TRUCK SALES
TRUCK & TRAILER SALES
WE SELL ALL MAKES & MODELS
905-291-0210

AUTOBAHN FREIGHT LINES LTD.
ਸਾਰੇ ਟਰੱਕ
Under Warranty
800,000
kilometers



WORLD WIDE CARRIERS US INC.
SERVING NORTH AMERICA
Troy, MI
Sukhi Dhariwal
Ph: 416-213-1334

## PSCA Committee Members and Gold Sponsors



ਸੁੱਖਾ ਸੇਖੋਂ | ਕੇਵਲ ਗਿੱਲ | ਮਨਪ੍ਰੀਤ ਗਿੱਲ | ਕੁਲਬੀਰ ਗਿੱਲ | ਅਮਰਜੀਤ ਗਿੱਲ | ਰਵਿੰਦਰ ਥਿੰਦ | ਜਸਵਿੰਦਰ ਧਾਲੀਵਾਲ



ਸੁਖਵੰਤ ਸਿੰਘ ਗਿੱਲ | ਰਾਜ ਨਿੱਜਰ | ਰਾਜ ਜਾਮਾਰਾਏ | ਅਰਜੁਨ ਗਿੱਲ | ਸੁਖਦੇਵ ਸੇਖੋਂ | ਕਰਮਬੀਰ ਸਿੰਘ | ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON Cruze tv CHANNEL 422 | Real tv CHANNEL 136 | f LIVE /LIVEKABADDI | LIVE KABADDI | jadoo tv | YouTube LIVE KABADDI | IPTV | jus punjabi

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ
ਅਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ

# ਮਹਾਨ ਆਤਮ ਰਸ ਕੀਰਤਨ ਦਰਬਾਰ

## ਸੈਨ ਹੋਜ਼ੇ ਗੁਰਦੁਆਰਾ ਸਾਹਿਬ, June 14 - 16, 2019

*Mahaan Atam Ras Kirtan Darbar*

*Sikh Gurdwara - San Jose*



ਭਾਈ ਨਿਰਮਲ ਸਿੰਘ ਜੀ ਨਾਗਪੁਰੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ



ਭਾਈ ਨਿਰੰਜਨ ਸਿੰਘ ਜੀ
ਜਵੱਦੀ ਕਲਾਂ ਵਾਲੇ



ਭਾਈ ਸਰਬਜੀਤ ਸਿੰਘ ਜੀ ਰੰਗੀਲਾ
ਦੁਰਗ ਵਾਲੇ



ਭਾਈ ਸਰਬਜੀਤ ਸਿੰਘ ਜੀ ਲਾਡੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ



ਭਾਈ ਇੰਦਰਜੀਤ ਸਿੰਘ ਜੀ ਖਾਲਸਾ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ



ਭਾਈ ਹਰਚਰਨ ਸਿੰਘ ਜੀ ਖਾਲਸਾ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ



ਭਾਈ ਅੰਮ੍ਰਿਤਪਾਲ ਸਿੰਘ ਜੀ
ਸੰਗਰੂਰ ਵਾਲੇ

ਇਸ ਤਿੰਨ ਦਿਨਾਂ ਸਮਾਗਮ ਵਿਚ
ਸਾਰੇ ਜਥੇ ਇਕੱਠੇ ਹੀ
ਕੀਰਤਨ ਕਰਨਗੇ।
ਸ਼ਨੀਵਾਰ ਅਤੇ ਐਤਵਾਰ
ਨੂੰ ਆਸਾ ਦੀ ਵਾਰ ਦੇ ਵੀ
ਵਿਸ਼ੇਸ਼ ਕੀਰਤਨ ਹੋਣਗੇ।



ਭਾਈ ਤਾਜਵਿੰਦਰ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ



ਭਾਈ ਆਤਮਜੋਤ ਸਿੰਘ ਜੀ
ਯੂਬਾ ਸਿਟੀ ਵਾਲੇ

### ਜੂਨ 14 ਸ਼ੁਕਰਵਾਰ

ਸ਼ਾਮ ਦਾ ਦੀਵਾਨ 6:30-9:30

**FRIDAY JUNE 14**

EVENING KIRTAN 6:30PM - 9:30PM

### ਜੂਨ 15 ਸ਼ਨੀਵਾਰ

ਆਸਾ ਦੀ ਵਾਰ ਸਵੇਰੇ 7:00-9:00
ਸ਼ਾਮ ਦਾ ਦੀਵਾਨ 6:30-9:30

**SATURDAY JUNE 15**

ASA DI VAAR 7:00AM - 9:00AM
EVENING KIRTAN 6:30PM - 9:30PM

### ਜੂਨ 16 ਐਤਵਾਰ

ਆਸਾ ਦੀ ਵਾਰ ਸਵੇਰੇ 7:00-9:00
ਦਿਨ ਦਾ ਦੀਵਾਨ ਸਵੇਰੇ 11:30-2:00

**SUNDAY JUNE 16**

ASA DI VAAR 7:00AM - 9:00AM
DAY KIRTAN 11:30AM - 2:00PM

SIKH GURDWARA - SAN JOSE | 3636 GURDWARA AVENUE, SAN JOSE CA 95148 | (408) 274-9373